ਕੌਮਾਂਤਰੀ
ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 10 | Issue 12 | 15 April 2020 to 21 April 2020 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

# ਕੋਰੋਨਾ ਵਾਇਰਸ ਸੰਕਟ ਨਿਪਟਾਰੇ ਦੌਰਾਨ ਪੰਜਾਬ ਦੀਆਂ ਤਿਆਰੀਆਂ ਢਿੱਲੀਆਂ

**- ਪ੍ਰੋ. ਬਲਵਿੰਦਰਪਾਲ ਸਿੰਘ**

ਕੋਰੋਨਾ ਵਾਇਰਸ ਕਰਕੇ ਹਰ ਪਾਸੇ ਕਾਫੀ ਤਬਾਹੀ ਮੱਚੀ ਹੋਈ ਹੈ। ਇਸ ਕਰਕੇ ਸੂਬਾ ਸਰਕਾਰ ਨੇ 23 ਮਾਰਚ ਤੋਂ ਸੂਬੇ ਵਿਚ ਕਰਫਿਊ ਲਾਇਆ ਹੋਇਆ ਹੈ। ਇਸ ਦੌਰਾਨ 10 ਅਪਰੈਲ ਨੂੰ ਹੋਈ ਮੀਟਿੰਗ ਵਿਚ ਇੱਕ ਮਈ ਤਕ ਦਾ ਵਾਧਾ ਕੀਤਾ ਗਿਆ ਸੀ। ਹੁਣ ਤੱਕ ਪੰਜਾਬ ਵਿਚ ਮੰਗਲਵਾਰ ਸਵੇਰੇ ਦੋ ਅਤੇ ਬਾਅਦ ਵਿਚ ਇੱਕ ਹੋਰ ਭਾਵ ਕੁੱਲ ਤਿੰਨ ਨਵੇਂ ਕੋਰੋਨਾ-ਪਾਜ਼ਿਟਿਵ ਕੇਸ ਪਾਏ ਗਏ ਹਨ। ਇੰਝ ਸੂਬੇ ਵਿਚ ਕੁੱਲ ਕੋਰੋਨਾ-ਪਾਜ਼ਿਟਿਵ ਮਰੀਜ਼ਾਂ ਦੀ ਗਿਣਤੀ ਵਧ ਕੇ 182 ਹੋ ਗਈ ਹੈ ਤੇ 12 ਮਰੀਜ਼ਾਂ ਦੀ ਮੌਤ ਹੋ ਚੁੱਕੀ ਹੈ।



ਪੰਜਾਬ ਸਕੂਲ ਸਿੱਖਿਆ ਬੋਰਡ ਨੇ ਇਸ ਮਹਾਂਮਾਰੀ ਕਾਰਨ ਦਸਵੀਂ ਅਤੇ ਬਾਰਵੀਂ ਜਮਾਤ ਦੀਆਂ ਬੋਰਡ ਪ੍ਰੀਖਿਆਵਾਂ ਮੁਲਤਵੀ ਕਰ ਦਿੱਤੀਆਂ ਹਨ। ਕਿਸਾਨ ਫਸਲਾਂ ਪ੍ਰਤੀ ਚਿੰਤਤ ਹਨ। ਗਰੀਬ ਮਜ਼ਦੂਰਾਂ ਦੇ ਚੁੱਲੇ ਠੰਡੇ ਹੋ ਗਏ ਹਨ। ਕਾਰੋਬਾਰ ਰੁੱਕੇ ਹੋਏ ਹਨ। ਬਹੁਤ ਸਾਰੀਆਂ ਥਾਵਾਂ 'ਤੇ ਖਾਣ ਪੀਣ ਦੀਆਂ ਚੀਜ਼ਾਂ ਦੀ ਘਾਟ ਹੈ।

ਕੋਰੋਨਾ ਵਾਇਰਸ ਦੇ ਮਾਮਲੇ ਵੱਡੀ ਪੱਧਰ 'ਤੇ ਸਾਹਮਣੇ ਆਉਣ ਕਰਕੇ ਪੰਜਾਬ ਸਰਕਾਰ ਦੀਆਂ ਸਿਹਤ ਸਹੂਲਤਾਂ 'ਤੇ ਵੀ ਸਵਾਲ ਖੜੇ ਹੋ ਰਹੇ ਹਨ। ਰਾਜ ਵਿਚ 4400 ਮਾਹਿਰ ਡਾਕਟਰ ਅਸਾਮੀਆਂ ਵਿਚੋਂ 1200 ਤੋਂ ਵੱਧ ਖਾਲੀ ਹਨ। ਸਿਹਤ ਵਿਭਾਗ ਕੋਲ ਕੋਰੋਨਾ ਵਾਇਰਸ ਨਾਲ ਨਜਿੱਠਣ ਲਈ ਕੋਈ ਖਾਸ ਪ੍ਰਬੰਧ ਨਹੀਂ ਹਨ। ਹਸਪਤਾਲਾਂ ਵਿੱਚ ਡਾਕਟਰਾਂ ਦੀਆਂ ਕਿੱਟਾਂ ਦੀ ਘਾਟ ਹੈ। ਰਾਜ ਦੇ ਵੱਖ ਵੱਖ ਹਸਪਤਾਲਾਂ ਵਿੱਚ 2200 ਬੈੱਡ ਤਿਆਰ ਕੀਤੇ ਗਏ ਹਨ। ਇਸ ਤੋਂ ਇਲਾਵਾ ਨਿੱਜੀ ਹਸਪਤਾਲਾਂ ਵਿਚ 250 ਵੈਂਟੀਲੇਟਰ, ਅੰਮ੍ਰਿਤਸਰ ਤੇ ਪਟਿਆਲਾ ਦੇ ਸਰਕਾਰੀ ਮੈਡੀਕਲ ਕਾਲਜਾਂ ਵਿਚ 20-20 ਵੈਂਟੀਲੇਟਰ ਤਿਆਰ ਕੀਤੇ ਗਏ ਹਨ।

ਬਾਕੀ ਸਫ਼ਾ 31 'ਤੇ

# ਲੌਕਡਾਊਨ 3 ਮਈ ਤਕ ਵਧਾਇਆ

**ਨਵੀਂ ਦਿੱਲੀ /ਏ.ਟੀ.ਨਿਊਜ਼:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਖ਼ਤਮ ਹੋਏ ਦੇਸ਼ਵਿਆਪੀ ਲੌਕਡਾਊਨ ਦੀ ਮਿਆਦ ਅਗਲੇ 19 ਦਿਨਾਂ ਭਾਵ 3 ਮਈ ਤਕ ਵਧਾ ਦਿੱਤੀ ਹੈ। ਪ੍ਰਧਾਨ ਮੰਤਰੀ ਨੇ 20 ਅਪਰੈਲ ਤੋਂ ਸ਼ਰਤਾਂ ਸਹਿਤ ਲੌਕਡਾਊਨ ਵਿੱਚ ਕੁਝ ਰਾਹਤਾਂ ਦੇਣ ਦੀ ਗੱਲ ਆਖਦਿਆਂ ਕਿਹਾ ਕਿ ਅਜਿਹੀਆਂ ਥਾਵਾਂ ਜਿੱਥੇ 'ਹੌਟਸਪੌਟ' ਨਹੀਂ ਹਨ ਤੇ ਜਿਨਾਂ ਦੇ 'ਹੌਟਸਪੌਟ' ਬਣਨ ਦੇ ਕੋਈ ਆਸਾਰ ਨਹੀਂ ਹਨ, ਉਥੇ ਸ਼ਰਤਾਂ ਨਾਲ ਸੀਮਤ ਖੇਤੀ ਤੇ ਆਰਥਿਕ ਸਰਗਰਮੀਆਂ ਦੀ ਇਜ਼ਾਜਤ ਦਿੱਤੀ ਜਾ ਸਕਦੀ ਹੈ। ਉਨਾਂ ਸੱਤ ਨੁਕਤੇ ਗਿਣਾਉਂਦਿਆਂ ਦੇਸ਼ ਵਾਸੀਆਂ ਤੋਂ ਕਰੋਨਾਵਾਇਰਸ ਖ਼ਿਲਾਫ਼ ਜੰਗ ਵਿੱਚ ਸਹਿਯੋਗ ਮੰਗਿਆ। ਪ੍ਰਧਾਨ ਮੰਤਰੀ ਨੇ ਕਿਹਾ ਕਿ ਲੌਕਡਾਊਨ ਦੇ ਦੂਜੇ ਗੇੜ ਲਈ ਵਿਆਪਕ ਦਿਸ਼ਾ-ਨਿਰਦੇਸ਼ ਬੁੱਧਵਾਰ ਤਕ ਜਾਰੀ ਕਰ ਦਿੱਤੇ ਜਾਣਗੇ। ਪ੍ਰਧਾਨ ਮੰਤਰੀ ਨੇ ਕਿਹਾ ਕਿ ਉਨਾਂ ਦੀ ਸਭ ਤੋਂ ਵੱਡੀ ਤਰਜੀਹ ਜਾਨਾਂ ਬਚਾਉਣਾ ਅਤੇ ਦਿਹਾੜੀਦਾਰ ਮਜ਼ਦੂਰਾਂ ਤੇ ਕਿਰਸਾਨੀ ਨੂੰ ਦਰਪੇਸ਼ ਮੁਸ਼ਕਲਾਂ ਨੂੰ ਘਟਾਉਣਾ ਹੈ। ਸ੍ਰੀ ਮੋਦੀ ਨੇ ਮੰਨਿਆ ਕਿ ਲੌਕਡਾਊਨ ਕਰਕੇ ਵੱਡੀ ਆਰਥਿਕ ਕੀਮਤ ਤਾਰਨੀ ਪੈ ਰਹੀ ਹੈ, ਪਰ ਉਨਾਂ ਜ਼ੋਰ ਦੇ ਕੇ ਆਖਿਆ ਕਿ ਭਾਰਤ ਸਹੀ ਰਾਹ 'ਤੇ ਹੈ ਤੇ ਮਹਾਮਾਰੀ ਕਰਕੇ ਹੋਣ ਵਾਲੇ ਵੱਡੇ ਨੁਕਸਾਨ ਨੂੰ (ਹੋਰਨਾਂ ਕਈ ਮੁਲਕਾਂ ਦੇ ਮੁਕਾਬਲੇ) ਟਾਲਣ ਵਿੱਚ ਸਫ਼ਲ ਰਿਹਾ ਹੈ।

ਸ੍ਰੀ ਮੋਦੀ ਨੇ ਰਾਸ਼ਟਰ ਦੇ ਨਾਂ ਆਪਣੇ ਸੰਬੋਧਨ ਦੌਰਾਨ ਲੌਕਡਾਊਨ ਨੂੰ ਵਧਾਉਣਾ ਜ਼ਰੂਰੀ ਕਰਾਰ ਦਿੰਦੇ ਹੋਏ ਕਿਹਾ ਕਿ 20 ਅਪਰੈਲ ਤਕ ਸਾਰੇ ਰਾਜਾਂ, ਜ਼ਿਲਿਆਂ ਤੇ ਇਲਾਕਿਆਂ 'ਤੇ ਨਜ਼ਰ ਰੱਖੀ ਜਾਵੇਗੀ ਕਿ ਕਿੰਨੀ ਸਖ਼ਤੀ ਨਾਲ ਲੌਕਡਾਊਨ ਦੇ ਨਿਯਮ ਲਾਗੂ ਕੀਤੇ ਜਾਂਦੇ ਹਨ। ਉਨਾਂ ਕਿਹਾ ਕਿ ਜਿੱਥੇ 'ਹੌਟਸਪੌਟ' ਨਹੀਂ ਵਧਦੇ, ਉੱਥੇ ਅਹਿਮ ਸਰਗਰਮੀਆਂ ਮੁੜ ਸ਼ੁਰੂ ਹੋ ਸਕਦੀਆਂ ਹਨ। ਉਨਾਂ ਚੇਤਾਵਨੀ ਦਿੱਤੀ ਕਿ ਜੇਕਰ ਖੇਤਰਾਂ ਵਿੱਚ ਨਵੇਂ 'ਹੌਟਸਪੌਟ' ਬਣਦੇ ਹਨ ਤਾਂ ਦਿੱਤੀ ਢਿੱਲ ਤੁਰੰਤ ਵਾਪਸ ਲੈ ਲਈ ਜਾਵੇਗੀ। ਅਸਮੀ ਸਾਫ਼ਾ ਪਹਿਨ ਕੇ ਉਨਾਂ ਪਿਛਲੇ ਇਕ ਮਹੀਨੇ ਵਿੱਚ ਤੀਜੀ ਵਾਰ ਦੇਸ਼ ਵਾਸੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਨਵੇਂ ਦਿਸ਼ਾ-ਨਿਰਦੇਸ਼ ਜਾਰੀ ਕਰਨ ਮੌਕੇ ਗ਼ਰੀਬਾਂ ਤੇ ਦਿਹਾੜੀਦਾਰ ਮਜ਼ਦੂਰਾਂ ਦੇ ਹਿੱਤਾਂ ਦਾ ਵਿਸ਼ੇਸ਼ ਖਿਆਲ ਰੱਖਿਆ ਜਾਵੇਗਾ।

ਬਾਕੀ ਸਫ਼ਾ 31 'ਤੇ

# ਕਰੋਨਾ ਦੇ ਨਾਂ 'ਤੇ ਕਿਸੇ ਧਰਮ ਨੂੰ ਨਿਸ਼ਾਨਾ ਨਾ ਬਣਾਇਆ ਜਾਵੇ

**ਤਲਵੰਡੀ ਸਾਬੋ/ਜਗਜੀਤ ਸਿੰਘ ਸਿੱਧੂ:** ਸਿੱਖ ਕੌਮ ਦੇ ਚੌਥੇ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿੱਚ ਬਿਨਾਂ ਇਕੱਠ ਤੋਂ ਸਾਦੇ ਢੰਗ ਨਾਲ ਮਨਾਏ ਗਏ ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੇ ਦਿਹਾੜੇ ਮੌਕੇ ਅਕਾਲ ਤਖ਼ਤ ਦੇ ਕਾਰਜਕਾਰੀ ਤੇ ਤਖ਼ਤ ਦਮਦਮਾ ਸਾਹਿਬ ਦੇ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਕੌਮ ਦੇ ਨਾਂ ਸੰਦੇਸ਼ ਜਾਰੀ ਕਰਦਿਆਂ ਸਰਕਾਰਾਂ ਤੇ ਲੋਕਾਂ ਨੂੰ ਅਪੀਲ ਕੀਤੀ ਕਿ ਕਰੋਨਾ ਦੇ ਨਾਂ 'ਤੇ ਕਿਸੇ ਵਿਸ਼ੇਸ ਧਰਮ ਨੂੰ ਨਿਸ਼ਾਨਾ ਨਾ ਬਣਾਇਆ ਜਾਵੇ। ਸਗੋਂ ਇਨਸਾਨੀਅਤ ਦੇ ਨਾਤੇ ਹਰੇਕ ਦੀ ਮਦਦ ਕੀਤੀ ਜਾਵੇ। ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਬਹੁਤ ਹੀ ਸ਼ਰਮ ਵਾਲੀ ਗੱਲ ਹੈ ਕਿ ਗੁਰੂ ਸਾਹਿਬਾਨ ਦੀ ਚਰਨਛੋਹ ਪੰਜਾਬ ਦੀ ਧਰਤੀ 'ਤੇ ਕਰੋਨਾਵਾਇਰਸ ਦੇ ਮ੍ਰਿਤਕਾਂ ਦਾ ਸਸਕਾਰ ਕਰਨ ਤੋਂ ਲੋਕ ਪਿੱਛੇ ਹਟ ਰਹੇ ਹਨ। ਉਨਾਂ ਕਿਹਾ, "ਕਦੇ ਕਰੋਨਾ ਫੈਲਾਉਣ ਦੇ ਲਈ ਇੱਕ ਧਰਮ ਵਿਸ਼ੇਸ 'ਤੇ ਨਿਸ਼ਾਨੇ ਸਾਧੇ ਜਾ ਰਹੇ ਹਨ ਤੇ ਕਦੇ ਗੁੱਜਰਾਂ ਤੋਂ ਦੁੱਧ ਨਾ ਲੈਣ ਦੀਆਂ ਅਪੀਲਾਂ ਜਾਰੀ ਹੁੰਦੀਆਂ ਹਨ। ਜਦਕਿ ਚਾਹੀਦਾ ਇਹ ਹੈ ਕਿ ਸਾਨੂੰ ਆਪਣੇ ਫਰਜ਼ ਸਮਝਦੇ ਹੋਏ ਇਸ ਮਾੜੇ ਸਮੇਂ ਵਿੱਚ ਬਿਨਾਂ ਕਿਸੇ ਭੇਦ-ਭਾਵ ਦੇ ਹਰੇਕ ਇਨਸਾਨ ਦੀ ਮਦਦ ਕਰਨੀ ਚਾਹੀਦੀ ਹੈ।"



ਸਿੰਘ ਸਾਹਿਬ ਨੇ ਕਈ ਥਾਂ 'ਤੇ ਸਿੱਖਾਂ ਨੂੰ ਨਿਸ਼ਾਨਾ ਬਣਾਉਣ ਦੀ ਨਿਖੇਧੀ ਕੀਤੀ। ਉਨਾਂ ਕਿਹਾ ਕਿ ਪਟਿਆਲਾ ਵਿੱਚ ਵਾਪਰੀ ਘਟਨਾ ਸਬੰਧੀ ਮੀਡੀਆ ਦੇ ਇੱਕ ਹਿੱਸੇ ਨੇ ਸਿੱਖਾਂ ਨੂੰ ਬਦਨਾਮ ਕਰਨ 'ਚ ਕੋਈ ਕਸਰ ਨਹੀਂ ਛੱਡੀ, ਜਦਕਿ ਸਿੱਖ ਜਥੇਬੰਦੀਆਂ, ਗੁਰਦੁਆਰਾ ਕਮੇਟੀਆਂ ਦੇਸ਼-ਵਿਦੇਸ਼ ਵਿੱਚ ਬਿਨਾਂ ਧਾਰਮਿਕ ਪੱਖਪਾਤ ਦੇ ਲੋੜਵੰਦਾਂ ਦੀ ਮਦਦ ਕਰ ਰਹੀਆਂ ਹਨ।

ਜਥੇਦਾਰ ਹਰਪ੍ਰੀਤ ਸਿੰਘ ਨੇ ਇਸ ਮੌਕੇ ਰਾਸ਼ਨ ਦੀ ਕਾਣੀ ਵੰਡ ਲਈ ਸੂਬਾ ਅਤੇ ਕੇਂਦਰ ਸਰਕਾਰ ਨੂੰ ਕਰੜੇ ਹੱਥੀਂ ਲਿਆ। ਉਨਾਂ ਸਿੱਖਾਂ ਨੂੰ ਸਰਕਾਰਾਂ ਅਤੇ ਸਿਹਤ ਮਹਿਕਮੇ ਵੱਲੋਂ ਜਾਰੀ ਹਦਾਇਤਾਂ ਦੀ ਪਾਲਣਾ ਕਰਨ ਲਈ ਕਿਹਾ। ਗਿਆਨੀ ਹਰਪ੍ਰੀਤ ਸਿੰਘ ਨੇ ਸਿੱਖਾਂ ਨੂੰ ਅਪੀਲ ਕੀਤੀ ਕਿ ਕਰੋਨਾਵਾਇਰਸ ਮਹਾਮਾਰੀ ਦੇ ਮੱਦੇਨਜ਼ਰ ਭਵਿੱਖ ਵਿੱਚ ਆਰਥਿਕ ਮੰਦੀ ਦੇ ਆਸਾਰ ਹਨ। ਮੰਦੀ ਆਉਣ ਦੀ ਸੂਰਤ ਸਾਰੇ ਸਿੱਖ ਭੈਣਾਂ-ਭਰਾਵਾਂ ਨੂੰ ਇੱਕ-ਦੂਜੇ ਦੀ ਮਦਦ ਲਈ ਤਿਆਰ ਰਹਿਣਾ ਚਾਹੀਦਾ ਹੈ।

# ਅਮਰੀਕਾ ਨੇ ਐਚ1ਬੀ ਵੀਜ਼ਾ ਧਾਰਕਾਂ ਨੂੰ ਦਿੱਤੀ ਰਾਹਤ

**ਵਾਸ਼ਿੰਗਟਨ/ ਏ.ਟੀ.ਨਿਊਜ਼:** ਅਮਰੀਕਾ ਨੇ ਕਰੋਨਾਵਾਇਰਸ ਮਹਾਂਮਾਰੀ ਕਰਕੇ ਮੁਲਕ ਵਿੱਚ ਫ਼ਸੇ ਹਜ਼ਾਰਾਂ ਭਾਰਤੀ ਪੇਸ਼ੇਵਰਾਂ ਨੂੰ ਵੱਡੀ ਰਾਹਤ ਦਿੰਦਿਆਂ ਐੱਚ-1ਬੀ ਵੀਜ਼ਾ ਧਾਰਕਾਂ ਦੇ ਵੀਜ਼ਿਆਂ ਦੀ ਮਿਆਦ ਵਧਾਉਣ ਨੂੰ ਹਰੀ ਝੰਡੀ ਦੇ ਦਿੱਤੀ ਹੈ। ਇਨ੍ਹਾਂ ਵਿੱਚੋਂ ਵੱਡੀ ਗਿਣਤੀ ਭਾਰਤੀ ਪੇਸ਼ੇਵਰਾਂ ਨੇ ਅਮਰੀਕਾ ਵਿੱਚ ਉਨ੍ਹਾਂ ਦੀ ਠਹਿਰ ਦੀ ਮਿਆਦ ਵਧਾਉਣ ਸਬੰਧੀ ਅਰਜ਼ੀ ਦਿੱਤੀ ਸੀ।

ਐੱਚ-1ਬੀ ਵੀਜ਼ਾ ਗੈਰ-ਪਰਵਾਸੀ ਵੀਜ਼ਾ ਹੈ, ਜਿਸ ਤਹਿਤ ਵਿਦੇਸ਼ੀ ਮੂਲ ਦੇ ਇਨ੍ਹਾਂ ਵੀਜ਼ਾ ਧਾਰਕਾਂ ਨੂੰ ਅਮਰੀਕੀ ਕੰਪਨੀਆਂ ਵਿੱਚ ਕੰਮ ਕਰਨ ਦੀ ਖੁੱਲ੍ਹ ਦਿੱਤੀ ਜਾਂਦੀ ਹੈ। ਉਂਝ ਐੱਚ-1ਬੀ ਵੀਜ਼ੇ ਲਈ ਸਿਧਾਂਤਕ ਜਾਂ ਤਕਨੀਕੀ ਮਾਹਿਰ ਹੋਣ ਦੀ ਸ਼ਰਤ ਲਾਜ਼ਮੀ ਹੈ।

ਬਾਕੀ ਸਫ਼ਾ 31 'ਤੇ

ਇਥੇ ਇਸ਼ਤਿਹਾਰ ਲਗਾਉਣ ਲਈ ਕਾਲ ਕਰੋ:
510-240-5949
Email: asrtimes.gmail.com












# ਜਾਹਨ ਗੈਰਾਮੈਂਡੀ ਅਤੇ ਸੈਨੇਟਰ ਪੈਟ ਟੂਮੀ ਵੱਲੋਂ ਖਾਲਸੇ ਦੇ ਸਾਜਨਾ ਦਿਵਸ ਦੀਆਂ ਮੁਬਾਰਕਾਂ

**ਵਾਸ਼ਿੰਗਟਨ ਡੀ.ਸੀ./ਬਲਵਿੰਦਰਪਾਲ ਸਿੰਘ ਖਾਲਸਾ:** ਅਮਰੀਕਨ ਸਿੱਖ ਕੰਗਰੈਸ਼ਨਲ ਕਾਕਸ ਦੇ ਸਹਿ-ਚੇਅਰਮੈਨ ਕਾਂਗਰਸਮੈਨ ਜਾਹਨ ਗੈਰੀਮੈਂਡੀ ਅਤੇ ਅਮਰੀਕਨ ਕੰਗਰੈਸ਼ਨਲ ਸਿੱਖ ਕਾਕਸ ਕਮੇਟੀ ਦੇ ਹੋਰ ਕਾਂਗਰਸਮੈਨਾਂ ਜਿਮ ਕੋਸਟਾ, ਟੀ.ਜੇ. ਕਾਕਸ ਤੇ ਅਮਰੀਕੀ ਸੈਨੇਟਰ ਪੈਟ ਟੂਮੀ ਨੇ ਅਮਰੀਕੀ ਸੈਨੇਟ ਵੱਲੋਂ ਵਿਸਾਖੀ ਨੂੰ ਸਲਾਨਾ ਮਾਨਤਾ ਪੇਸ਼ ਕਰਨ ਵਾਸਤੇ ਲੀਡ ਲੈਂਦਿਆਂ ਸਿੱਖ ਕੌਮ ਨੂੰ ਖਾਲਸੇ ਦੇ 321ਵੇਂ ਸਾਜਨਾ ਦਿਵਸ ਦੀ ਲੱਖ ਲੱਖ ਮੁਬਾਰਕ ਪੇਸ਼ ਕੀਤੀ ਹੈ।

ਜਾਹਨ ਗੈਰੀਮੈਂਡੀ ਨੇ ਕਿਹਾ ਕਿ ਸਿੱਖ ਕੈਲੇਫੋਰਨੀਆ, ਅਮਰੀਕਾ ਤੇ ਸੰਸਾਰ ਭਰ ਵਿਚ ਵਿਸਾਖੀ ਭਾਵ ਖਾਲਸੇ ਦਾ ਸਾਜਨਾ ਦਿਵਸ ਸੇਵਾ ਦੇ ਰੂਪ ਵਿਚ ਮਨਾ ਰਿਹਾ ਹੈ, ਪਰ ਇਸ ਵਾਰ ਕੋਵਿਡ 19 ਕਰਕੇ ਗੁਰਦੁਆਰਾ ਸਾਹਿਬਾਨਾਂ ਵਿਚ ਭਾਰੀ ਇਕੱਠ ਨਹੀਂ ਹੋ ਪਾਉਣੇ, ਨਗਰ ਕੀਰਤਨ ਨਹੀਂ ਸਜਾ ਹੋਣੇ। ਇਸ ਵਾਸਤੇ ਸਿੱਖ ਕੋਵਿਡ 19 ਤੋਂ ਪ੍ਰਭਾਵਤ ਅਮਰੀਕੀਆਂ ਨੂੰ ਬਿਨਾ ਕਿਸੇ ਭੇਤ ਭਾਵ ਤੇ ਊਚ ਨੀਚ ਦੇ ਲੰਗਰ ਵੰਡਕੇ ਸੇਵਾ ਕਰ ਰਹੇ ਹਨ ਜੋ ਕਿ ਸਿੱਖ ਧਰਮ ਦੀ ਬੁਨਿਆਦ ਹੈ. ਜਿਸ ਵਾਸਤੇ ਪੂਰਾ ਅਮਰੀਕੀ ਪ੍ਰਸ਼ਾਸ਼ਨ ਸਿੱਖਾਂ ਦਾ ਰਿਣੀ ਹੈ। ਖਾਸ ਤੌਰ ਉਤੇ ਨਿਊਯਾਰਕ ਵਿਚ ਸਿੱਖਾਂ ਵੱਲੋਂ 50 ਹਜਾਰ ਖਾਣੇ ਵੰਡੇ ਗਏ ਹਨ, ਜੋ ਕਿ ਸੇਵਾ ਦਾ ਬਹੁਤ ਵਡਾ ਕਾਰਜ ਹੈ। ਸਿੱਖ ਡਾਕਟਰਾਂ, ਨਰਸਾਂ ਤੇ ਹੋਰ ਮੈਡੀਕਲ ਸੇਵਾਵਾਂ ਕਰ ਰਹੇ ਸਿੱਖਾਂ ਨੇ ਪੂਰੀ ਤਨਦੇਹੀ ਨਾਲ ਆਪਣੀ ਜਾਨ ਦੀ ਪਰਵਾਹ ਨਾ ਕਰਦਿਆਂ ਕਰੋਨਾ ਵਾਇਰਸ ਤੋਂ ਪਰਭਾਵਤ ਮਰੀਜਾਂ ਦੀ ਸੇਵਾ ਕੀਤੀ ਹੈ।

ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਸਵੰਤ ਸਿੰਘ ਹੋਠੀ, ਕੋਆਰਡੀਨੇਟਰ ਡਾਕਟਰ ਪ੍ਰਿਤਪਾਲ ਸਿੰਘ, ਅਮਰੀਕਨ ਸਿੱਖ ਕਾਕਸ ਕਮੇਟੀ ਦੇ ਡਾਇਰੈਕਟਰ ਹਰਪਰੀਤ ਸਿੰਘ ਸੰਧੂ ਤੇ ਅਮਰੀਕਨ ਸਿੱਖ ਕੋਆਰਡੀਨੇਸ਼ਨ ਕਮੇਟੀ ਪੂਰਬੀ ਤੱਟ ਦੇ ਭਾਇ ਹਿੰਮਤ ਸਿੰਘ ਤੇ ਸਪੋਕਸਪਰਸਨ ਹਰਜਿੰਦਰ ਸਿੰਘ ਨੇ ਅਮਰੀਕੀ ਸਿੱਖ ਕੰਗਰੈਸ਼ਨਲ ਕਾਕਸ ਦੇ ਸਹਿ ਚੇਅਰਮੈਨ ਜਾਹਨ ਗੈਰੀਮੈਂਡੀ ਤੇ ਦੂਜੇ ਕਾਂਗਰਸਮੈਨਾ ਤੇ ਸੈਨੇਟਰਾਂ ਦਾ ਖਾਲਸੇ ਦੇ ਸਾਜਨਾ ਦਿਵਸ ਵਿਸਾਖੀ ਦੀ ਮੁਬਾਰਕਬਾਦ ਦੇਣ ਵਾਸਤੇ ਧੰਨਵਾਦ ਕੀਤਾ ਹੈ।

# ਕੋਰੋਨਾਵਾਇਰਸ ਵਾਲਾ ਰਿਟਾ: ਸਾਰਜੈਂਟ ਮਨਹਾਟਨ ਸਟ੍ਰੀਟ ਨਿਊਯਾਰਕ ਚ ਮ੍ਰਿਤਕ ਮਿਲਿਆ

**ਨਿਊਯਾਰਕ/ਰਾਜ ਗੋਗਨਾ** :ਬੀਤੇ ਦਿਨ ਪੁਲਿਸ ਸੂਤਰਾਂ ਨੇ ਦੱਸਿਆ ਕਿ ਨਿਊਯਾਰਕ ਦਾ ਇੱਕ ਸੇਵਾ ਮੁਕਤ ਐਨ.ਵਾਈ. ਪੀ. ਡੀ ਪੁਲਿਸ ਦਾ ਸਾਰਜੈਂਟ ਨੇ ਕੋਵੀਡ -19 ਦਾ ਟਰੀਟਮੈਂਟ ਜੋ ਅੱਪਰ ਈਸਟ ਸਾਈਡ ਹਸਪਤਾਲ ਨਿਊਯਾਰਕ ਤੋ ਜਿਸ ਨੂੰ ਉਪਰੰਤ ਛੁੱਟੀ ਦਿੱਤੀ ਗਈ ਸੀ ਅਤੇ ਇੱਕ ਘੰਟੇ ਬਾਅਦ ਉਸ ਨੂੰ ਬਾਹਰ ਸੜਕ 'ਤੇ ਉਸ ਦੀ ਲਾਸ਼ ਮਿਲੀ ਹੈ।ਮ੍ਰਿਤਕ ਯੋਨ ਚਾਂਗ ( 56) ਲੰਘੇਂ ਤੜਕੇ ਲੈਨੋਕਸ ਹਿੱਲ ਹਸਪਤਾਲ ਵਿਖੇ ਸੀ ਜੋ ਇਕ ਪੁਲਿਸ ਅਧਿਕਾਰੀ ਸੀ ਉਸ ਦੀ ਹਾਲ ਹੀ ਵਿੱਚ ਸੰਭਾਵੀ ਮਾਰੂ ਕੋਰੋਨਾਵਾਇਰਸ ਹੋਣ ਦੀ ਪਛਾਣ ਕੀਤੀ ਗਈ ਸੀ ਅਤੇ ਛੁੱਟੀ ਉਪਰੰਤ ਉਸ ਨੂੰ ਥੋੜੇ ਸਮੇਂ ਬਾਅਦ ਪਾਰਕ ਐਵਿਨਊ ਨਿਊਯਾਰਕ ਵਿਖੇ ਟ੍ਰੈਫਿਕ ਟਾਪੂ ਨੇੜੇ ਸਵੇਰੇ ਤਕਰੀਬਨ 6:05 ਤੇ ਉਸ ਨੂੰ ਮ੍ਰਿਤਕ ਪਾਇਆ। ਸੂਤਰਾਂ ਮੁਤਾਬਕ ਚਾਂਗ ਨੇ ਮਹਿਸੂਸ ਕਰਨਾ ਸ਼ੁਰੂ ਕੀਤਾ ਕਿ ਉਹ ਲਗਭਗ ਪੰਜ ਦਿਨ ਪਹਿਲਾਂ ਠੰਡ ਮਹਿਸੂਸ ਕਰ ਰਿਹਾ ਸੀ। ਸਾਰਜੈਂਟਸ ਬੈਨੀਵੋਲੈਂਟ ਐਸੋਸੀਏਸ਼ਨ ਦੇ ਪ੍ਰਧਾਨ ਐਡ ਮੁਲਿਨਜ਼ ਨੇ ਕਿਹਾ, ਇਹ ਲਗਭਗ ਇਕ ਵਿਗਿਆਨਕ ਕਲਪਨਾ ਇਕ ਫਿਲਮ ਵਰਗਾ ਦ੍ਰਿਸ਼ ਹੈ।ਜੋ ਖ਼ਤਮ ਨਹੀਂ ਹੋ ਰਿਹਾ ਹੈ, ਅਤੇ ਇਸ ਦਾ ਪ੍ਰਭਾਵ ਉਨਾਂ ਲੋਕਾਂ ਨੂੰ ਮਾਰ ਰਿਹਾ ਹੈ ਜੋ ਸਾਡੇ ਸਭ ਤੋਂ ਨੇੜਲੇ ਹਨ। ਮ੍ਰਿਤਕ ਇਕ ਨਿਊਯਾਰਕ ਪੁਲਿਸ ਦਾ ਸਾਰਜੈਂਟ ਹੈ ਜੋ ਸੇਵਾ ਮੁਕਤ ਹੋ ਗਿਆ ਸੀ, ਅਤੇ ਉਸ ਨੂੰ ਆਪਣੀ ਜਿੰਦਗੀ ਦਾ ਅਨੰਦ ਲੈਣਾ ਸੀ ਪਰ ਇਸ ਨ-ਮੁਰਾਦ ਬਿਮਾਰੀ ਨੇ ਉਸ ਨੂੰ ਮੌਤ ਦੇ ਘਾਟ ਉਤਾਰ ਕੇ ਹੀ ਛੱਡਿਆ ਜੋ ਬਹੁਤ ਹੀ ਦੁੱਖਦਾਈ ਹੈ।

# ਕੋਰੋਨਾ ਵਾਇਰਸ ਦੀ ਜੰਗ ਜਿੱਤ ਕੇ ਡਾਕਟਰ ਮਰੀਜ਼ਾਂ ਦੀ ਸੇਵਾ 'ਚ ਫਿਰ ਜੁਟ ਗਿਆ

## ਡਾ. ਹਰਮਨਦੀਪ ਸਿੰਘ ਨੇ ਕਿਹਾ ਕਿ ਮੈਂ ਆਪਣੇ ਗੁਰੂ ਨੂੰ ਸਮਰਪਿਤ ਹਾਂ ਤੇ ਲੋਕਾਂ ਦੀ ਸੇਵਾ 'ਚ ਡਟਿਆ ਰਹਾਂਗਾ

**ਲੰਡਨ/ ਏ.ਟੀ.ਨਿਊਜ਼:**ਕੋਰੋਨਾਵਾਇਰਸ ਮਹਾਮਾਰੀ ਦੇ ਲਪੇਟੇ ਵਿਚ ਆਏ ਲੰਡਨ ਵਿਚ ਦਿਲ ਦੇ ਰੋਗਾਂ ਦੇ ਮਾਹਿਰ ਇਕ ਬਰਤਾਨਵੀ ਸਿੱਖ ਡਾਕਟਰ ਸਿੱਖ ਡਾ. ਹਰਮਨਦੀਪ ਸਿੰਘ (36) ਤੇ ਉਸ ਦੀ ਪਤਨੀ ਰਵਦੀਪ ਕੌਰ ਨੇ ਕੋਰੋਨਾ ਦੀ ਜੰਗ ਜਿੱਤ ਲਈ ਹੈ। ਉਨਾਂ ਨੇ ਠੀਕ ਹੋਣ ਦੇ ਤੁਰੰਤ ਪਿੱਛੋਂ ਪੱਛਮੀ ਲੰਡਨ ਦੇ ਇਕ ਈਲਿੰਗ ਹਸਪਤਾਲ ਵਿੱਚ ਡਿਊਟੀ ਜੁਆਇਨ ਕਰ ਲਈ ਹੈ। ਹਰਮਨਦੀਪ ਸਿੰਘ ਮੂਲ ਰੂਪ ਵਿਚ ਕਾਦੀਆ ਦੇ ਪ੍ਰਸਿੱਧ ਭਾਟੀਆ ਚੈਰੀਟੇਬਲ ਹਸਪਤਾਲ ਚਲਾਉਣ ਵਾਲੇ ਡਾ. ਬਲਚਰਨ ਸਿੰਘ ਦੇ ਬੇਟੇ ਹਨ। ਦਾਸ ਹਸਪਤਾਲ ਅੰਮ੍ਰਿਤਸਰ ਤੋਂ ਐਮਬੀਬੀਐਸ ਕਰਨ ਦੇ ਬਾਅਦ ਤਕਰੀਬਨ ਇਕ ਸਾਲ ਲੰਡਨ ਵਿਚ ਈਲਿੰਗ ਹਸਪਤਾਲ ਵਿਚ ਐਮਡੀ ਕੀਤੀ ਤੇ ਬਾਅਦ ਵਿਚ ਕਾਰਡੀਓਲੋਜੀ ਵਿਚ ਮੁਹਾਰਤ ਹਾਸਲ ਕਰਕੇ ਹੁਣ ਕਨਸਲੇਂਟ ਦੇ ਅਹੁਦੇ 'ਤੇ ਤੈਨਾਤ ਹਨ। ਹਰਮਨਦੀਪ ਦਾ ਵਿਆਹ ਪੰਜ ਸਾਲ ਪਹਿਲਾਂ ਜਲੰਧਰ ਨਿਵਾਸੀ ਰਵਦੀਪ ਕੌਰ ਨਾਲ ਹੋਇਆ ਸੀ। ਦੋਨੋਂ ਇੰਗਲੈਂਡ ਵਿਚ ਬਤੌਰ ਡਾਕਟਰ ਵਜੋਂ ਸੇਵਾ ਨਿਭਾਅ ਰਹੇ ਹਨ। ਕੋਰੋਨਾ ਦੇ ਮਰੀਜ਼ਾਂ ਦੇ ਇਲਾਜ ਦੌਰਾਨ ਹਰਮਨਦੀਪ ਦੀ ਪਤਨੀ ਰਵਪ੍ਰੀਤ ਕੌਰ ਨੂੰ ਕੋਰਨਾ ਦੇ ਲੱਛਣ ਨਜ਼ਰ ਆਏ ਤੇ ਉਸ ਦੇ ਬਾਅਦ ਹਰਮਨਦੀਪ ਦਾ ਟੈਸਟ ਹੋਇਆ ਉਸ ਦਾ ਵੀ ਪਾਜ਼ਿਟਵ ਆਇਆ। ਇਸ ਦੇ ਬਾਅਦ ਡਾਕਟਰ ਜੋੜਾਂ 10-12 ਦਿਨ ਇਕਾਂਤਵਾਸ ਵਿਚ ਰਿਹਾ। ਦਿਲ ਦੇ ਰੋਗਾਂ ਦੇ ਮਾਹਿਰ ਡਾ.




ਹਰਮਨਦੀਪ ਸਿੰਘ ਦਾ ਕਹਿਣਾ ਹੈ ਕਿ ਪਿਛਲੇ ਮਹੀਨੇ ਕੋਰੋਨਾਵਾਇਰਸ ਦੇ ਲੱਛਣ ਮਹਿਸੂਸ ਕਰਨ ਤੋਂ ਬਾਅਦ ਕਿਵੇਂ ਉਸ ਨੇ ਅਤੇ ਉਸ ਦੀ ਪਤਨੀ ਨੇ ਆਪਣੇ-ਆਪ ਨੂੰ ਸਾਮਾਜਿਕ ਸੰਪਰਕ ਵਾਲਿਆਂ ਤੋਂ ਦੂਰ ਕਰ ਲਿਆ। ਉਨਾਂ ਦੋਹਾਂ ਨੇ ਬਿਮਾਰੀ ਦੀ ਗੰਭੀਰਤਾ ਦਾ ਪਤਾ ਲਗਾਉਣ ਲਈ ਇਕ-ਦੂਜੇ ਦੇ ਸਾਹਾਂ ਦੀ ਨਿਗਰਾਨੀ ਕੀਤੀ। ਕੋਵਿਡ-19 ਨਾਲ 12 ਦਿਨਾਂ ਤੱਕ ਲੜਨ ਮਗਰੋਂ ਹੁਣ ਉਹ ਈਲਿੰਗ ਹਸਪਤਾਲ ਵਿੱਚ ਮੁੜ ਆਪਣੀ ਡਿਊਟੀ 'ਤੇ ਪਰਤ ਆਇਆ ਹੈ, ਉਸ ਦਾ ਕਹਿਣਾ ਹੈ ਕਿ ਉਹ ਗੁਰੂ ਨੂੰ ਸਮਰਪਿਤ ਹੈ ਤੇ ਲੋਕਾਂ ਦੀ ਸੇਵਾ ਲਈ ਡਟਿਆ ਰਹੇਗਾ।

ਡਾ. ਹਰਮਨਦੀਪ ਸਿੰਘ ਨੇ ਆਪਣੇ 12 ਸਾਲਾਂ ਦੇ ਤਜਰਬੇ ਦੇ ਆਧਾਰ 'ਤੇ ਕਿਹਾ, "ਮੈਨੂੰ ਪਤਾ ਹੈ ਕਿ ਜ਼ਿਆਦਾਤਰ ਲੋਕਾਂ ਨੂੰ ਬਿਮਾਰੀ ਮਾਮੂਲੀ ਹੋਵੇਗੀ ਤੇ ਉਹ ਠੀਕ ਹੋ ਜਾਣਗੇ ਪਰ ਗੰਭੀਰ ਬਿਮਾਰੀ ਵਾਲੇ ਲੋਕਾਂ ਦੇ ਪਰਿਵਾਰਾਂ ਲਈ ਇਹ ਜ਼ਿੰਦਗੀ ਬਦਲਣ ਵਾਲੀ ਹੋ ਸਕਦੀ ਹੈ ਅਤੇ ਉਨਾਂ ਲੋਕਾਂ ਦਾ ਦਰਦ ਦੇਖਣਾ ਸਾਡੇ ਲਈ ਕਾਫੀ ਮੁਸ਼ਕਲ ਹੈ। ਡਾਕਟਰ ਦਾ ਕਹਿਣਾ ਹੈ ਕਿ ਜੇਕਰ ਤੁਸੀਂ ਪੂਰੇ ਵਾਕਾਂ ਨਾਲ ਗੱਲ ਨਹੀਂ ਕਰ ਸਕਦੇ ਜਦੋਂ ਤੁਹਾਡੇ ਫੇਫੜਿਆਂ 'ਤੇ ਅਸਰ ਹੋ ਰਿਹਾ ਹੈ, ਤਾਂ ਤੁਹਾਨੂੰ ਤੁਰੰਤ ਹਸਪਤਾਲ ਵਿਖੇ ਡਾਕਟਰੀ ਸਹਾਇਤਾ ਲੈਣੀ ਚਾਹੀਦੀ ਹੈ। ਉਨਾਂ ਕਿਹਾ ਕਿ ਕੋਰੋਨਾ ਵਾਇਰਸ ਦਾ ਕੋਈ ਇਲਾਜ ਨਹੀਂ, ਕੋਈ ਟੀਕਾਕਰਨ ਨਹੀਂ ਹੈ। ਇਸ ਲਈ ਇਸ ਵਾਇਰਸ ਤੋਂ ਬਚਣ ਦਾ ਇਕੋ ਇਕ ਢੰਗ ਡਾਕਟਰ ਦੀ ਹਦਾਇਤਾਂ ਮੰਨੋ। ਸਾਮਾਜਿਕ ਦੂਰੀਆਂ ਅਪਨਾਓ। 'ਇਹ ਲਾਜ਼ਮੀ ਤੌਰ' ਤੇ ਇਕ ਗੰਭੀਰ ਬਿਮਾਰੀ ਵਿਰੁੱਧ ਲੜਾਈ ਹੈ। ਇਸ ਲਈ ਲੋਕਾਂ ਨੂੰ ਇਸ ਨੂੰ ਸਮਝਣ ਅਤੇ ਗੰਭੀਰਤਾ ਨਾਲ ਲੈਣ ਦੀ ਲੋੜ ਹੈ।




Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:
Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

Raja™ Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja™ Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

1-866-FOR-RAJA (367-7252)
www.RajaSweets.com

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com www.paradiseballrooms.com

SERVICES INCLUDE
- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.

# ਸੋਸ਼ਲ ਮੀਡੀਆ 'ਤੇ ਗੁੰਮਰਾਹਕੁੰਨ ਪ੍ਰਚਾਰ ਦਾ ਸ਼੍ਰੋਮਣੀ ਕਮੇਟੀ ਨੇ ਲਿਆ ਨੋਟਿਸ

**ਅੰਮ੍ਰਿਤਸਰ/ਏ.ਟੀ.ਨਿਊਜ਼:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੂਬੇ ਅੰਦਰ ਵੈਂਟੀਲੇਟਰ ਅਤੇ ਪੀ.ਪੀ.ਈ. ਕਿੱਟਾਂ ਮੁਹੱਈਆ ਕਰਵਾਉਣ ਸਬੰਧੀ ਸੋਸ਼ਲ ਮੀਡੀਆ 'ਤੇ ਫੈਲਾਏ ਜਾ ਰਹੇ ਇੱਕ ਸੁਨੇਹੇ ਦਾ ਕਮੇਟੀ ਬੁਲਾਰੇ ਨੇ ਖੰਡਨ ਕੀਤਾ ਹੈ। ਸ਼੍ਰੋਮਣੀ ਕਮੇਟੀ ਦੇ ਬੁਲਾਰੇ ਸ. ਕੁਲਵਿੰਦਰ ਸਿੰਘ ਰਮਦਾਸ ਨੇ ਸਪੱਸ਼ਟ ਕੀਤਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਅਜਿਹਾ ਕੋਈ ਵੀ ਅਧਿਕਾਰਤ ਬਿਆਨ ਜਾਂ ਜਾਣਕਾਰੀ ਨਸ਼ਰ ਨਹੀਂ ਕੀਤੀ ਗਈ। ਸ਼੍ਰੋਮਣੀ ਕਮੇਟੀ ਜੋ ਵੀ ਲੋਕ ਭਲਾਈ ਲਈ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ ਉਸ ਬਾਰੇ ਸਮੇਂ ਸਮੇਂ ਮੀਡੀਆ ਤੱਕ ਜਾਣਕਾਰੀ ਭੇਜੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਕੁਝ ਲੋਕ ਜਾਣਬੁਝ ਕੇ ਝੂਠੀਆਂ ਅਫਵਾਹਾਂ ਫੈਲਾਅ ਰਹੇ ਹਨ, ਜਿਸ ਦਾ ਗਲਤ ਅਸਰ ਪੈ



ਰਿਹਾ ਹੈ। ਇਸ ਦੇ ਨਾਲ ਹੀ ਸ਼੍ਰੋਮਣੀ ਕਮੇਟੀ ਬੁਲਾਰੇ ਨੇ ਕਿਹਾ ਕਿ ਮੌਜੂਦਾ ਸੰਕਟ ਸਮੇਂ ਸ਼੍ਰੋਮਣੀ ਕਮੇਟੀ ਹਰ ਤਰ੍ਹਾਂ ਸਰਕਾਰ ਦੇ ਨਾਲ ਹੈ ਅਤੇ ਪ੍ਰਬੰਧਕੀ ਸਹਿਯੋਗ ਦੇ ਰਹੀ ਹੈ। ਸ਼੍ਰੋਮਣੀ ਕਮੇਟੀ ਵੱਲੋਂ ਆਪਣੇ ਪ੍ਰਬੰਧ ਵਾਲੇ ਸ੍ਰੀ ਗੁਰੂ ਰਾਮਦਾਸ ਹਸਪਤਾਲ ਅੰਮ੍ਰਿਤਸਰ, ਮੀਰੀ ਪੀਰੀ ਮੈਡੀਕਲ ਕਾਲਜ ਹਰਿਆਣਾ ਸਮੇਤ ਹੋਰਨਾਂ ਥਾਵਾਂ 'ਤੇ ਮਰੀਜ਼ਾਂ ਲਈ ਹਰ ਤਰ੍ਹਾਂ ਦੇ ਪ੍ਰਬੰਧ ਕੀਤੇ ਹੋਏ ਹਨ। ਸ੍ਰੀ ਗੁਰੂ ਰਾਮਦਾਸ ਹਸਪਤਾਲ ਵਿਚ ਸੈਂਕੜੇ ਬੈੱਡ ਤੇ 10 ਵੈਂਟੀਲੇਟਰ ਮੌਜੂਦ ਹਨ। ਇਸੇ ਤਰ੍ਹਾਂ ਗੁਰੂ ਘਰਾਂ ਦੀਆਂ ਸਰਾਂਵਾਂ ਵੀ ਇਕਾਂਤਵਾਸ ਲਈ ਰੱਖੀਆਂ ਗਈਆਂ ਹਨ। ਸ਼੍ਰੋਮਣੀ ਕਮੇਟੀ ਵੱਲੋਂ ਵੱਖ ਵੱਖ ਗੁਰੂ ਘਰਾਂ ਤੋਂ ਰੋਜ਼ਾਨਾਂ ਲੱਖਾਂ ਲੋੜਵੰਦਾਂ ਤੱਕ ਲੰਗਰ ਸੇਵਾ ਵੀ ਲਗਾਤਾਰ ਭੇਜੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਲੋਕਾਂ ਲਈ ਜੋ ਵੀ ਸੇਵਾਵਾਂ ਦਿੱਤੀਆਂ ਜਾਂਦੀਆਂ ਹਨ ਉਨ੍ਹਾਂ ਬਾਰੇ ਬਾਕਾਇਦਾ ਤੌਰ 'ਤੇ ਮੀਡੀਆ ਤੱਕ ਜਾਣਕਾਰੀ ਭੇਜੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਹਾਲਾਤ ਦੇ ਮੱਦੇਨਜ਼ਰ ਲੋਕਾਂ ਨੂੰ ਅਫਵਾਹਾਂ ਫੈਲਾਉਣ ਤੋਂ ਗੁਰੇਜ ਕਰਨਾ ਚਾਹੀਦਾ ਹੈ। ਮੌਜੂਦਾ ਸਮਾਂ ਜ਼ੁੰਮੇਵਾਰੀ ਦੀ ਭਾਵਨਾਂ ਨਾਲ ਚੱਲਣ ਦਾ ਹੈ।

# ਗੁਰਦੁਆਰਾ ਸਾਹਿਬ ਮਿਲਪੀਟਸ ਵਿਖੇ ਖਾਲਸਾ ਸਾਜਨਾ ਦਿਵਸ ਮੌਕੇ ਵਿਸ਼ੇਸ਼ ਦਿਵਾਨ

**ਮਿਲਪੀਟਸ/ਏ.ਟੀ.ਨਿਊਜ਼:** ਵਿਸਾਖੀ ਦਿਹਾੜੇ ਨੂੰ ਸਮਰਪਿਤ ਗੁਰਦੁਆਰਾ ਸਾਹਿਬ ਮਿਲਪੀਟਸ ਵਿਖੇ ਖਾਲਸਾ ਸਾਜਨਾ ਦਿਵਸ ਮੌਕੇ ਵਿਸ਼ੇਸ਼ ਦਿਵਾਨ ਸਜਾਏ ਗਏ। ਇਸ ਪਾਵਨ ਦਿਹਾੜੇ ਦੇ ਸੰਬੰਧ ਵਿਚ ਸਮੂਹ ਸਾਧ ਸੰਗਤ ਮਿਲਪੀਟਸ ਵਲੋਂ ਇਲਾਹੀ ਬਾਣੀ ਦੇ ਸਹਿਜ ਪਾਠ ਰੱਖੇ ਗਏ ਸਨ। ਜਿਸ ਦੇ ਭੋਗ ਪਾਉਣ ਉਪਰੰਤ ਹਜ਼ੂਰੀ ਰਾਗੀ ਜਥਾ ਗੁਰਦੁਆਰਾ ਸਾਹਿਬ ਮਿਲਪੀਟਸ ਵਲੋਂ ਵਿਸਾਖੀ ਦਿਹਾੜੇ ਨੂੰ ਸਮਰਪਿਤ ਅੰਮ੍ਰਿਤਮਈ ਬਾਣੀ ਦੇ ਕੀਰਤਨ ਕੀਤੇ ਗਏ। ਉਪਰੰਤ ਸਰਬੱਤ ਦੇ ਭਲੇ ਦੀ ਅਰਦਾਸ ਕਰਦਿਆਂ ਪਾਵਨ ਹੁਕਮ ਸਰਵਣ ਕਰਵਾਏ ਗਏ। ਉਪਰੋਕਤ ਸਮੁਚਾ ਸਮਾਗਮ ਸਮੂਹ ਸਾਧ ਸੰਗਤ ਨੂੰ ਅਨਲਾਈਨ ਪਰਸਾਰਿਤ ਕੀਤਾ ਗਿਆ। ਸਮਾਗਮ ਉਪਰੰਤ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸ. ਜਸਵੰਤ ਸਿੰਘ ਹੋਠੀ ਨੇ ਸਮੂਹ ਸਾਧ ਸੰਗਤ ਨੂੰ ਵਿਸਾਖੀ ਦੇ ਇਸ




ਸ਼ੁਭ ਦਿਹਾੜੇ ਦੀ ਵਧਾਈ ਦਿੱਤੀ ਅਤੇ ਸਮੂਹ ਸਾਧ ਸੰਗਤ ਨੂੰ ਆਪਣੇ ਘਰ ਰਹਿ ਕੇ ਗੁਰਬਾਣੀ ਦੇ ਪਾਠ ਅਤੇ ਸਿਮਰਨ ਕਰਨ ਦੀ ਬੇਨਤੀ ਕੀਤੀ। ਨਾਲ ਹੀ ਉਹਨਾਂ ਨੇ ਅਮਰੀਕਾ ਵਿਚ ਹੋ ਰਹੀ ਮਰਦਮਸ਼ੁਮਾਰੀ ਬਾਰੇ ਸਮੂਹ ਸਿੱਖ ਸੰਗਤ ਨੂੰ ਜਾਣੂ ਕਰਵਾਉਂਦਿਆਂ ਆਪਣਾ ਨਾਮ ਦਰਜ ਕਰਨ ਤੇ ਆਪਣਾ ਧਰਮ ਸਿੱਖ ਧਰਮ ਵਜੋਂ ਲਿਖਣ ਲਈ ਬੇਨਤੀ ਕੀਤੀ।

# ਪੰਜਾਬ ਦੇ 18 ਜ਼ਿਲੇ ਕਰੋਨਾ ਦੀ ਲਪੇਟ 'ਚ

**ਚੰਡੀਗੜ੍ਹ/ਦਵਿੰਦਰਪਾਲ:** ਕਰੋਨਾਵਾਇਰਸ ਨੇ ਅੱਜ ਗੁਰਦਾਸਪੁਰ ਵਿੱਚ ਦਸਤਕ ਦਿੰਦਿਆਂ ਪੰਜਾਬ ਦੇ 18 ਜ਼ਿਲਿਆਂ ਤੱਕ ਪੈਰ ਪਸਾਰ ਲਏ ਹਨ। ਕਰੋਨਾਵਾਇਰਸ ਨੇ ਜਲੰਧਰ ਵਿੱਚ ਅੱਜ ਇੱਕ ਹੋਰ ਵਿਅਕਤੀ ਦੀ ਜਾਨ ਲੈ ਲਈ ਹੈ। ਇਸ ਤਰਾਂ ਨਾਲ ਹੁਣ ਤੱਕ ਸੂਬੇ ਵਿੱਚ ਕੁੱਲ 13 ਵਿਅਕਤੀ ਵਾਇਰਸ ਦੀ ਭੇਟ ਚੜ ਚੁੱਕੇ ਹਨ। ਸੂਬੇ ਵਿੱਚ ਇਸ ਖ਼ਤਰਨਾਕ ਵਾਇਰਸ ਦੀ ਲਪੇਟ ਵਿੱਚ ਆਉਣ ਵਾਲੇ ਵਿਅਕਤੀਆਂ ਦੀ ਗਿਣਤੀ ਵੀ 184 ਤੱਕ ਪਹੁੰਚ ਗਈ ਹੈ। ਸਿਹਤ ਵਿਭਾਗ ਵੱਲੋਂ ਜਾਰੀ ਅੰਕੜਿਆਂ ਮੁਤਾਬਕ ਹੁਣ ਤੱਕ 27 ਵਿਅਕਤੀ ਇਸ ਵਾਇਰਸ ਤੋਂ ਨਿਜਾਤ ਪਾ ਚੁੱਕੇ ਹਨ ਜਦੋਂਕਿ ਪੰਜ ਵਿਅਕਤੀਆਂ ਦੀ ਹਾਲਤ ਗੰਭੀਰ ਦੱਸੀ ਜਾਂਦੀ ਹੈ। ਵਾਇਰਸ ਦੀ ਲਾਗ ਨਾਲ ਪੀੜਤ ਇੱਕ ਵਿਅਕਤੀ ਨੂੰ ਵੈਂਟੀਲੇਟਰ ਲਾਉਣ ਤੱਕ ਦੀ ਨੌਬਤ ਆ ਗਈ ਹੈ।

ਕਰੋਨਾਵਾਇਰਸ ਦੀ ਲਾਗ ਲੱਗਣ ਦੇ ਤਾਜ਼ਾ ਮਾਮਲੇ ਪਠਾਨਕੋਟ, ਜਲੰਧਰ ਅਤੇ ਮੁਹਾਲੀ ਵਿੱਚ ਸਾਹਮਣੇ ਆਏ ਹਨ। ਨਵੇਂ ਕੇਸਾਂ ਦੀ ਗਿਣਤੀ 8 ਦੱਸੀ ਗਈ ਹੈ। ਗੁਰਦਾਸਪੁਰ ਜ਼ਿਲੇ ਵਿੱਚ ਇੱਕ ਵਿਅਕਤੀ ਵਿੱਚ ਇਸ ਵਾਇਰਸ ਦੇ ਲੱਛਣ ਸਾਹਮਣੇ ਆਉਣ ਤੋਂ ਬਾਅਦ ਸੂਬੇ ਦਾ ਇਹ 18ਵਾਂ ਜ਼ਿਲਾ ਹੈ, ਜਿੱਥੇ ਕਰੋਨਾ ਨੇ ਮਾਰ ਕੀਤੀ ਹੈ। ਮੁਹਾਲੀ ਹਾਲ ਦੀ ਘੜੀ ਸੂਬੇ ਵਿੱਚ ਅਜਿਹਾ ਜ਼ਿਲਾ ਹੈ, ਜਿੱਥੇ ਇਸ ਵਾਇਰਸ ਦੀ ਲਾਗ ਲੱਗਣ ਵਾਲੇ ਵਿਅਕਤੀਆਂ ਦੀ



ਗਿਣਤੀ 56 ਤੱਕ ਪਹੁੰਚ ਗਈ ਹੈ ਤੇ ਅੱਜ ਵੀ ਦੋ ਕੇਸ ਦਰਜ ਕੀਤੇ ਗਏ ਹਨ। ਇਸੇ ਤਰਾਂ ਜਲੰਧਰ ਵਿੱਚ ਵੀ ਇੱਕ ਨਵਾਂ ਮਰੀਜ਼ ਆਉਣ ਨਾਲ ਇਸ ਜ਼ਿਲੇ ਵਿੱਚ ਪੀੜਤਾਂ ਦੀ ਕੁੱਲ ਗਿਣਤੀ 25 ਹੋ ਗਈ ਹੈ। ਨਵਾਂ ਸ਼ਹਿਰ ਜ਼ਿਲੇ ਵਿੱਚ ਸਭ ਤੋਂ ਪਹਿਲਾਂ ਬਲਦੇਵ ਸਿੰਘ ਨਾਮੀ ਵਿਅਕਤੀ ਦੀ ਮੌਤ ਨਾਲ ਇਸ ਵਾਇਰਸ ਨੇ ਪੰਜਾਬ ਵਿੱਚ ਦਸਤਕ ਦਿੱਤੀ ਸੀ। ਇਸ ਮਗਰੋਂ ਜ਼ਿਲੇ 'ਚੋਂ ਵੱਡੀ ਗਿਣਤੀ ਮਾਮਲੇ ਸਾਹਮਣੇ ਆਏ ਸਨ। ਸਿਹਤ ਵਿਭਾਗ ਮੁਤਾਬਕ ਪਿਛਲੇ ਇੱਕ ਹਫ਼ਤੇ ਤੋਂ ਇਸ ਜ਼ਿਲੇ ਵਿੱਚ ਕੋਈ ਨਵਾਂ ਮਾਮਲਾ ਸਾਹਮਣੇ ਨਹੀਂ ਆਇਆ ਬਲਕਿ ਜਿਹੜੇ 18 ਵਿਅਕਤੀ ਜ਼ੇਰੇ ਇਲਾਜ ਸਨ, ਉਨਾਂ ਵਿੱਚੋਂ ਵੀ 15 ਪੂਰੀ ਤਰਾਂ ਸਿਹਤਯਾਬ ਹੋ ਗਏ ਹਨ। ਹੁਣ ਤੱਕ 4844 ਨਮੂਨੇ ਲਏ ਗਏ ਹਨ, ਜਿਨਾਂ ਵਿੱਚੋਂ 4047 ਨੈਗੇਟਿਵ ਆਏ ਹਨ ਤੇ 613 ਦੇ ਨਤੀਜਿਆਂ ਦੀ ਉਡੀਕ ਹੈ। ਪਾਜ਼ੇਟਿਵ ਮਾਮਲਿਆਂ ਵਿੱਚ ਭਾਵੇਂ ਕਈ ਮਰੀਜ਼ਾਂ ਨੂੰ ਲਾਗ ਲੱਗਣ ਦੇ ਸਰੋਤ ਦਾ ਪਤਾ ਨਹੀਂ ਲੱਗਾ, ਪਰ ਫਿਰ ਵੀ ਵਧੇਰੇ ਕੇਸ ਪਾਜ਼ੇਟਿਵ ਵਿਅਕਤੀਆਂ ਦੇ ਸੰਪਰਕ ਵਿੱਚ ਆਉਣ ਕਾਰਨ ਹੀ ਸਾਹਮਣੇ ਆਏ ਹਨ। ਸਿਹਤ ਵਿਭਾਗ ਦਾ ਦਾਅਵਾ ਹੈ ਕਿ ਕਰਫਿਊ ਦੀਆਂ ਪਾਬੰਦੀਆਂ ਕਾਰਨ ਲਾਗ ਜ਼ਿਆਦਾ ਨਹੀਂ ਫੈਲੀ ਅਤੇ ਜੇਕਰ ਪਾਬੰਦੀਆਂ ਨਾ ਹੁੰਦੀਆਂ ਤਾਂ ਪੰਜਾਬ ਵਿੱਚ ਵਾਇਰਸ ਦੀ ਲਪੇਟ ਵਿੱਚ ਆਉਣ ਵਾਲੇ ਵਿਅਕਤੀਆਂ ਦੀ ਗਿਣਤੀ ਵਧੇਰੇ ਹੋਣੀ ਸੀ।

# ਕਰੋਨਾਵਾਇਰਸ ਵਿਰੁੱਧ ਲੜਾਈ ਵਿਚ ਸਾਧਾਰਨ ਪੰਜਾਬੀ ਹਾਰੇ

**ਚੰਡੀਗੜ੍ਹ/ ਏ.ਟੀ.ਨਿਊਜ਼:** ਕਰੋਨਾਵਾਇਰਸ ਨਾਲ ਲੜਾਈ ਲਈ ਜਿੱਥੇ ਕਰਫਿਊ ਇੱਕ ਮਈ ਤੱਕ ਵਧਾ ਦਿੱਤਾ ਗਿਆ ਹੈ, ਉੱਥੇ ਹੀ ਇਸ ਦੌਰਾਨ ਹੋਰਨਾਂ ਰੋਗਾਂ ਦੇ ਮਰੀਜ਼ ਤਕਲੀਫ਼ ਸਹਿਣ ਲਈ ਮਜਬੂਰ ਹਨ। ਸਰਕਾਰ ਵੱਲੋਂ ਕੋਈ ਸਪੱਸ਼ਟ ਨੀਤੀ ਨਾ ਹੋਣ ਕਰਕੇ ਹਸਪਤਾਲ ਖ਼ਾਸ ਤੌਰ ਉੱਤੇ ਪ੍ਰਾਈਵੇਟ ਹਸਪਤਾਲ ਮਰੀਜ਼ਾਂ ਦੇ ਇਲਾਜ ਤੋਂ ਕੰਨੀ ਕਤਰਾ ਰਹੇ ਹਨ। ਪੰਜਾਬ ਸਰਕਾਰ ਨੇ ਭਾਵੇਂ ਆਰਡੀਨੈਂਸ ਜਾਰੀ ਕਰ ਕੇ ਵੱਡੇ ਨਿੱਜੀ ਹਸਪਤਾਲਾਂ ਵਿਚ ਕੋਵਿਡ-19 ਦੇ ਇਲਾਜ ਦਾ ਰਾਹ ਸਾਫ਼ ਕਰਨ ਦੀ ਕੋਸ਼ਿਸ਼ ਕੀਤੀ ਹੈ ਪਰ ਅਜੇ ਇਸ ਦੇ ਨੋਟੀਫਿਕੇਸ਼ਨ ਨੂੰ ਇੱਕ ਹਫ਼ਤਾ ਲੱਗਣ ਦੀ ਸੰਭਾਵਨਾ ਹੈ। ਅੰਮ੍ਰਿਤਸਰ ਦੀ ਇੱਕ ਗਰਭਵਤੀ ਔਰਤ ਨੂੰ ਮੋਟਰਸਾਈਕਲ ਉੱਤੇ ਹਸਪਤਾਲ ਲਿਜਾਣ ਸਮੇਂ ਪੁਲੀਸ ਵੱਲੋਂ ਉਸ ਦੇ ਪਤੀ ਦੀ ਕੀਤੀ ਕੁੱਟਮਾਰ ਕਰਨਾ, ਲੁਧਿਆਣਾ ਦੇ ਹਸਪਤਾਲ ਵਿੱਚ ਪੈਦਲ ਲਿਜਾਏ ਜਾ ਰਹੇ ਬੱਚੇ ਦੀ ਮੌਤ ਵਰਗੀਆਂ ਘਟਨਾਵਾਂ ਨਿੰਦਣਯੋਗ ਹਨ। ਬਾਬਾ ਫ਼ਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼ ਦੇ ਸਾਬਕਾ ਵਾਈਸ ਚਾਂਸਲਰ ਤੇ ਮੌਜੂਦਾ ਸਮੇਂ ਮੁਹਾਲੀ ਦੇ ਇਕ ਵੱਡੇ ਪ੍ਰਾਈਵੇਟ ਹਸਪਤਾਲ ਦੇ ਡਾਇਰੈਕਟਰ ਡਾ. ਸ਼ਵਿੰਦਰ ਸਿੰਘ ਨੇ ਕਿਹਾ ਕਿ ਅਸਲ ਵਿੱਚ ਸਰਕਾਰ ਦੀ ਨੀਤੀ ਵਿੱਚ ਅਸਪੱਸ਼ਟਤਾ ਹੈ। ਜਿਹੜੇ ਹਸਪਤਾਲ ਕਰੋਨਾ ਲਈ ਰਾਖਵੇਂ ਹਨ, ਉਹ ਐਲਾਨੇ ਜਾਣੇ ਚਾਹੀਦੇ ਹਨ ਅਤੇ ਦੂਸਰੇ ਹਸਪਤਾਲਾਂ ਦੇ ਐਮਰਜੈਂਸੀ ਵਾਰਡ ਅਤੇ ਓਪੀਡੀ ਹੋਰਨਾਂ ਰੋਗਾਂ ਦੇ ਇਲਾਜ ਲਈ ਖੋਲ੍ਹੇ ਜਾਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਇਹ ਨਹੀਂ ਦੱਸ ਰਹੀ ਕਿ ਪ੍ਰਾਈਵੇਟ ਹਸਪਤਾਲਾਂ ਵਿੱਚ ਕਰੋਨਾ ਦੇ ਮਰੀਜ਼ ਭੇਜਣ 'ਤੇ ਉਨ੍ਹਾਂ ਦਾ ਖ਼ਰਚ ਕੌਣ ਦੇਵੇਗਾ?

ਬਾਬਾ ਫ਼ਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼ ਦੇ ਸਾਬਕਾ ਰਜਿਸਟਰਾਰ ਡਾ. ਪੀ.ਐੱਲ. ਗਰਗ ਨੇ ਕਿਹਾ ਕਿ ਕਰੋਨਾਵਾਇਰਸ ਨਾਲ ਲੜਨ ਲਈ ਸਰਕਾਰ ਸਿਰਫ਼ ਪੁਲੀਸ ਨੂੰ ਅਧਿਕਾਰ ਦੇਣ ਦੇ ਰਾਹ ਉੱਤੇ ਚੱਲਦੀ ਦਿਖਾਈ ਦੇ ਰਹੀ ਹੈ। ਅਗਲੇ ਦਿਨਾਂ ਵਿੱਚ ਪੁਲੀਸ ਰਾਜ ਬਣ ਜਾਣ ਦਾ ਖ਼ਤਰਾ ਮੰਡਰਾ ਰਿਹਾ ਹੈ। ਡਾਕਟਰਾਂ ਅਤੇ ਸਿਹਤ ਸਟਾਫ ਲਈ ਲੋੜੀਂਦਾ ਸਾਮਾਨ ਦੇਣਾ ਅਤੇ ਟੈਸਟ ਪ੍ਰਣਾਲੀ ਵਿੱਚ ਤੇਜ਼ੀ ਲਿਆਉਣੀ ਜ਼ਰੂਰੀ ਹੈ। ਗ਼ਰੀਬ ਅਤੇ ਸਾਧਨ ਵਿਹੂਣੇ ਲੋਕ ਇਸ ਸਮੇਂ ਸਭ ਤੋਂ ਵੱਧ ਪੀੜਤ ਹਨ, ਉਨ੍ਹਾਂ ਦੀ ਕਿਤੇ ਸੁਣਵਾਈ ਨਹੀਂ ਹੈ। ਉਨ੍ਹਾਂ ਨੂੰ ਸਾਧਨ ਮੁਹੱਈਆ ਕਰਵਾਉਣ ਦੀ ਜ਼ਿੰਮੇਵਾਰੀ ਸਰਕਾਰ ਦੀ ਹੋਣੀ ਚਾਹੀਦੀ ਹੈ। ਅੰਮ੍ਰਿਤਸਰ ਮੈਡੀਕਲ ਕਾਲਜ ਦੇ ਡਾ. ਸ਼ਾਮ ਸੁੰਦਰ ਦੀਪਤੀ ਦਾ ਕਹਿਣਾ ਹੈ ਕਿ ਸਰਕਾਰ ਵੱਲੋਂ ਨਸ਼ਿਆਂ ਨੂੰ ਰੋਕਣ ਲਈ ਬਣਾਏ ਓਟ ਕੇਂਦਰ ਖ਼ਤਮ ਹੋ ਚੁੱਕੇ ਹਨ। ਹੁਣ ਨਸ਼ਾ ਕਰਨ ਵਾਲੇ ਨੌਜਵਾਨ ਜਾਂ ਤਾਂ ਘਰਾਂ ਵਿੱਚ ਬਿਨਾਂ ਦਵਾਈ ਦੇ ਤੜਫ਼ ਰਹੇ ਹੋਣਗੇ। ਪੰਜਾਬ ਦੇ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਅਨੁਸਾਰ ਸਰਕਾਰ ਨੇ 50 ਬੈੱਡਾਂ ਤੋਂ ਵੱਧ ਵਾਲੇ ਨਿੱਜੀ ਹਸਪਤਾਲਾਂ ਨੂੰ ਕੋਵਿਡ-19 ਲੜਾਈ ਵਿੱਚ ਸ਼ਾਮਿਲ ਕਰਨ ਲਈ ਆਰਡੀਨੈਂਸ ਲਿਆਂਦਾ ਹੈ। ਹਫ਼ਤੇ ਤੱਕ ਇਸ ਦਾ ਨੋਟੀਫਿਕੇਸ਼ਨ ਕਰ ਦਿੱਤਾ ਜਾਵੇਗਾ। ਇਸ ਨਾਲ ਇਹ ਹਸਪਤਾਲ ਮਰੀਜ਼ਾਂ ਦੇ ਇਲਾਜ ਤੋਂ ਜਵਾਬ ਨਹੀਂ ਦੇ ਸਕਣਗੇ। ਉਨ੍ਹਾਂ ਕਿਹਾ ਕਿ ਸਰਕਾਰ ਨੇ ਇਨ੍ਹਾਂ ਹਸਪਤਾਲਾਂ ਨੂੰ ਕਿੰਨਾ ਪੈਸਾ ਦੇਣਾ ਹੈ, ਇਸ ਬਾਰੇ ਵੀ ਨੀਤੀ ਬਣਾਈ ਜਾਵੇਗੀ। ਕਰੋਨਾਵਾਇਰਸ ਤੋਂ ਪੰਜਾਬ ਦੇ ਡਾਕਟਰ ਤੇ ਪੈਰਾ ਮੈਡੀਕਲ ਮੁਲਾਜ਼ਮ ਵੀ ਡਰੇ ਹੋਏ ਹਨ ਜੋ ਕਰੋਨਾਵਾਇਰਸ ਖ਼ਿਲਾਫ਼ ਲੜਾਈ ਵਿੱਚੋਂ ਭੱਜਣ ਲਈ ਡਿਊਟੀ ਤੋਂ ਛੋਟ ਲੈਣਾ ਚਾਹੁੰਦੇ ਹਨ। ਸਿਵਲ ਸਰਜਨ ਪਟਿਆਲਾ ਡਾ. ਹਰੀਸ਼ ਮਲਹੋਤਰਾ ਨੇ ਦੱਸਿਆ ਕਿ ਸੰਕਟ ਦੀ ਇਸ ਘੜੀ ਵਿੱਚ ਸਭ ਮੈਦਾਨ ਵਿਚ ਡੱਟੇ ਹੋਏ ਹਨ। ਇਸ ਦੇ ਨਾਲ ਹੀ ਇੱਕ ਡਾਕਟਰ ਦੀ ਛੁੱਟੀ ਦੀ ਅਰਜ਼ੀ ਰੱਦ ਕੀਤੀ ਗਈ ਹੈ। ਪਿਛਲੇ ਦਿਨਾਂ ਵਿੱਚ ਜਿਨ੍ਹਾਂ ਡਾਕਟਰਾਂ ਨੇ ਕੁਤਾਹੀ ਵਰਤੀ ਸੀ, ਉਨ੍ਹਾਂ ਵੱਲੋਂ ਮੁਆਫ਼ੀ ਮੰਗੇ ਜਾਣ ਮਗਰੋਂ ਮਾਮਲਾ ਖ਼ਤਮ ਹੋ ਗਿਆ ਹੈ। ਸਿਵਲ ਸਰਜਨ ਮੁਹਾਲੀ ਡਾ. ਮਨਜੀਤ ਸਿੰਘ ਆਖਦੇ ਹਨ ਕਿ ਮਹਿਕਮੇ ਦੀ ਫ਼ੌਜ ਪੂਰੀ ਤਰਾਂ ਚੜ੍ਹਦੀ ਕਲਾ ਵਿੱਚ ਹੈ। ਸੂਤਰਾਂ ਅਨੁਸਾਰ ਬਰਨਾਲਾ ਵਿੱਚ ਤਿੰਨ ਸਟਾਫ਼ ਮੈਂਬਰਾਂ ਨੇ ਸਿਫਾਰਿਸ਼ ਲਗਾ ਕੇ ਡਿਊਟੀ ਤੋਂ ਛੋਟ ਮੰਗੀ ਸੀ ਪ੍ਰੰਤੂ ਸਿਵਲ ਸਰਜਨ ਬਰਨਾਲਾ ਡਾ. ਜੀ.ਬੀ. ਸਿੰਘ ਨੇ ਅਜਿਹੀ ਕੋਈ ਗੱਲ ਹੋਣ ਤੋਂ ਇਨਕਾਰ ਕੀਤਾ ਹੈ। ਸਿਹਤ ਮੰਤਰੀ ਬਲਵੀਰ ਸਿੰਘ ਸਿੱਧੂ ਨੇ ਕਿਹਾ ਕਿ ਸਮੁੱਚਾ ਸਿਹਤ ਅਮਲਾ ਇਕਜੁੱਟ ਹੋ ਕੇ ਕਰੋਨਾਵਾਇਰਸ ਤੋਂ ਨਜਿੱਠਣ ਵਿਚ ਲੱਗਿਆ ਹੈ। ਕੁਝ ਖ਼ਾਸ ਕੇਸਾਂ ਵਿਚ ਡਿਊਟੀ ਤੋਂ ਛੋਟ ਦਿੱਤੀ ਜਾਂਦੀ ਹੈ ਜਿਵੇਂ ਕਿ ਕਿਸੇ ਮਹਿਲਾ ਡਾਕਟਰ/ਮੁਲਾਜ਼ਮ ਦਾ ਬੱਚਾ ਬਿਲਕੁਲ ਛੋਟਾ ਹੈ ਜਾਂ ਫਿਰ ਮਾਮਲੇ ਦੀ ਸੰਜੀਦਗੀ ਦੇ ਹਿਸਾਬ ਨਾਲ ਛੋਟ ਦਿੱਤੀ ਜਾਂਦੀ ਹੈ। ਬਾਕੀ ਕਿਸੇ ਨੂੰ ਕੋਈ ਛੋਟ ਨਹੀਂ ਹੈ।

# ਸਿੱਖ ਮੋਟਰਸਾਈਕਲ ਕਲੱਬ ਨੇ ਓਂਟਾਰੀਓ 'ਚ ਭੋਜਨ ਵਰਤਾਉਣ ਦੀ ਸੇਵਾ ਕਰਨ ਦਾ ਲਿਆ ਫੈਸਲਾ

**ਓਨਟਾਰੀਓ/ ਏ.ਟੀ.ਨਿਊਜ਼:** ਸਿੱਖ ਮੋਟਰਸਾਈਕਲ ਕਲੱਬ ਓਨਟਾਰੀਓ ਵਲੋਂ ਕੈਨੇਡਾ ਵਿਚ ਰਾਸ਼ਟਰ ਪੱਧਰੀ ਰਾਈਡ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਸਨ ਪਰ ਕੋਵਿਡ-19 ਦੀ ਮਹਾਂਮਾਰੀ ਕਰਕੇ ਇਸਨੂੰ ਰੱਦ ਕਰ ਦਿੱਤਾ ਗਿਆ ਹੈ। ਕਲੱਬ ਦੇ ਨੁਮਾਇੰਦਿਆਂ ਨੇ ਦੱਸਿਆ ਕਿ ਬ੍ਰਿਟਿਸ਼ ਕੋਲੰਬੀਆ, ਮੈਨੀਟੋਬਾ, ਅਲਬਰਟਾ, ਨੋਵਾ ਸਕੋਸ਼ੀਆ ਅਤੇ ਹੋਰ ਸਿੱਖ ਮੋਟਰਸਾਈਕਲ ਕਲੱਬ ਦੀਆਂ ਇਕਾਈਆਂ ਨਾਲ ਸਲਾਹ ਮਸ਼ਵਰਾ ਕਰਕੇ ਦੁਬਾਰਾ ਇਸ ਰਾਈਡ ਬਾਰੇ ਫੈਸਲਾ ਕੀਤਾ ਜਾਵੇਗਾ। ਨਾਲ ਹੀ ਨੁਮਾਇੰਦਿਆਂ ਨੇ ਦੱਸਿਆ ਕਿ ਕਵਿਡ-19 ਦੇ ਕਹਿਰ ਦੌਰਾਨ ਲੋੜਵੰਦਾਂ ਦੀ ਸਹਾਇਤਾ ਲਈ ਸਿੱਖ ਮੋਟਰਸਾਈਕਲ ਕਲੱਬ ਓਨਟਾਰੀਓ ਸਮਾਜ ਸੇਵੀ ਸੰਸਥਾ ਯੂਨਾਈਟਿਡ ਸਿੱਖਸ ਨਾਲ ਮਿਲ ਕੇ ਓਨਟਾਰੀਓ ਵਿਚ ਭੋਜਨ ਵਰਤਾਉਣ



ਦੀ ਸੇਵਾ ਸ਼ੁਰੂ ਕਰਨ ਜਾ ਰਿਹਾ ਹੈ। ਉਨਾਂ ਕਿਹਾ ਕਿ ਜਿਸ ਕਿਸੇ ਨੂੰ ਇਸ ਸੇਵਾ ਦੀ ਲੋੜ ਹੋਵੇ ਤਾਂ ਉਹ ਸਿੱਖ ਮੋਟਰਸਾਈਕਲ ਕਲੱਬ ਜਾਂ ਯੂਨਾਈਟਿਡ ਸਿੱਖਸ ਨਾਲ ਸੰਪਰਕ ਕਰ ਸਕਦਾ ਹੈ ਦੂਜੇ ਪਾਸੇ ਯੂਨਾਈਟਿਡ ਸਿੱਖਸ ਦੇ ਸਮੂਹ ਨੁਮਾਇੰਦਿਆਂ ਨੇ ਸਿੱਖ ਮੋਟਰਸਾਈਕਲ ਕਲੱਬ ਓਨਟਾਰੀਓ ਵਲੋਂ ਵਧਾਏ ਗਏ ਇਸ ਹੱਥ ਲਈ ਧੰਨਵਾਦ ਕਰਦਿਆਂ ਕਿਹਾ ਕਿ ਸੇਵਾ ਦੇ ਖੇਤਰ ਵਿਚ ਇਹ ਇਕ ਮੀਲ ਪੱਥਰ ਹੋਵੇਗਾ।

# ਸ਼ੋਸ਼ਲ ਮੀਡੀਆ ’ਤੇ 5 ਜੀ ਟੇਕ ਨੂੰ ਮਹਾਂਮਾਰੀ ਫੈਲਾਉਣ ਦਾ ਦੋਸ਼ੀ ਠਹਿਰਾਇਆ

**ਐਡਮਸੇਟਾਰਿਆਨੋ, ਡੇਵੀ ਅਲਬਾ ਦਾ ਨਿਊਯਾਰਕ ਟਾਈਮਜ਼**

ਲੰਡਨ: ਜਾਨਲੇਵਾ ਕੋਰੋਨਾ ਵਾਇਰਸ ਦੇ ਸੰਕਟ ਨੂੰ ਆਧਾਰ ਬਣਾ ਕੇ ਸ਼ੋਸ਼ਲ ਮੀਡੀਆ ’ਤੇ 5ਜੀ ਟੈਕਨਾਲੋਜੀ ਦੇ ਖਿਲਾਫ਼ ਤਿੱਖੀ ਮੁਹਿੰਮ ਚਲ ਰਹੀ ਹੈ। ਦਰਅਸਲ ਇਥੇ ਇਹ ਖਬਰ ਫੈਲ ਗਈ ਹੈ ਕਿ ਕੋਰੋਨਾ ਵਾਇਰਸ ਵਰਗੀ ਮਹਾਮਾਰੀ 5ਜੀ ਇਨਫ੍ਰਾਸਟਰਕਚਰ ਦੇ ਕਾਰਣ ਫੈਲ ਰਹੀ ਹੈ। ਫੇਸਬੁੱਕ ਗਰੁੱਪ, ਵਟਸਐਪ ਸੁਨੇਹਿਆ ਅਤੇ ਯੂ-ਟਿਊਬ ਰਾਹੀਂ ਗਲਤ ਪ੍ਰਚਾਰ ਹੋ ਰਿਹਾ ਹੈ ਕਿ 5ਜੀ ਟੈਕਨਾਲੋਜੀ ਦੀਆਂ ਰੇਡੀਓ ਤਰੰਗਾਂ ਨਾਲ ਲੋਕਾਂ ਦੇ ਸਰੀਰ ਵਿਚ ਖਤਰਨਾਕ ਪਰਿਵਰਤਨ ਹੁੰਦੇ ਹਨ, ਇਸ ਲਈ ਉਹ ਵਾਇਰਸ ਦਾ ਸ਼ਿਕਾਰ ਹੋ ਜਾਂਦੇ ਹਨ। ਬ੍ਰਿਟਿਸ਼ ਅਧਿਕਾਰੀਆਂ ਨੇ ਦੱਸਿਆ ਕਿ ਦੇਸ ਵਿਚ ਇਸ ਮਹੀਨੇ ਵਾਇਰਲੈਸ ਟਾਵਰ ਸਾੜਨ ਦੀਆਂ 30 ਤੋਂ ਜ਼ਿਆਦਾ ਘਟਨਾਵਾਂ ਹੋ ਚੁੱਕੀਆਂ ਹਨ। ਟੈਲੀਕਾਮ ਟੈਕਨੀਸ਼ੀਅਨ ਨੂੰ ਪਰੇਸ਼ਾਨ ਕਰਨ ਵਾਲੀਆਂ 80 ਤੋਂ ਜ਼ਿਆਦਾ ਘਟਨਾਵਾਂ ਹੋ ਚੁੱਕੀਆਂ ਹਨ। ਬ੍ਰਿਟੇਨ ਦੇ ਬਰਮਿੰਘਮ, ਲਿਵਰਪੂਲ ਦੇ ਬੇਲਾਫਾਸਟ ਵਿਚ ਅਜਿਹੀਆਂ ਘਟਨਾਵਾਂ ਵਾਪਰੀਆਂ ਹਨ।23 ਮਾਰਚ ਨੂੰ ਬ੍ਰਿਟਿਸ਼ ਸਰਕਾਰ ਨੇ 5ਜੀ ਉਪਕਰਨਾਂ ਦੀ ਖਾਸ ਸੁਰੱਖਿਆ ਦੇ ਲਈ ਹੁਕਮ ਜਾਰੀ ਕਰ ਦਿੱਤੇ ਹਨ। ਇਨਾਂ ਘਟਨਾਵਾਂ ਤੋਂ ਪਤਾ ਲੱਗਦਾ ਹੈ ਕਿ ਅਸਲ ਦੁਨੀਆਂ ਵਿਚ ਕੋਰੋਨਾ ਵਾਇਰਸ ਦਾ ਸਾਜ਼ਿਸ਼ੀ ਅੰਨਾ ਪ੍ਰਚਾਰ ਕਿਵੇਂ ਕੀਤਾ ਜਾ ਰਿਹਾ ਹੈ? ਗਲਤ ਪ੍ਰਚਾਰ ਮੁਹਿੰਮ ’ਤੇ ਰਿਸਰਚ ਕਰਨ ਵਾਲੇ ਮਾਹਿਰਾਂ ਦਾ ਕਹਿਣਾ ਹੈ ਕਿ ਕੋਰੋਨਾ ਵਾਇਰਸ ਤੋਂ ਪਹਿਲਾਂ ਕਦੀ ਅਜਿਹੀ ਮੁਹਿੰਮ ਨੇ ਏਨੀ ਜ਼ਲਦੀ ਬਹੁਤ ਨੁਕਸਾਨ ਨਹੀਂ ਪਹੁੰਚਾਇਆ ਹੈ। ਬਰੂਸੇਲਸ ਸਥਿਤ ਯੂਰਪੀਅਨ ਯੂਨੀਅਨ ਡਿਸਇੰਫੋ ਲੈਬ ਦੇ ਡਾਇਰੈਕਟਰ ਅਲੇਕ ਸਾਂਡਰੇ ਅਲਾਫਿਲਪੇ ਕਹਿੰਦੇ ਹਨ ਕਿ ਸਾਜ਼ਿਸ਼ ਰਚਣ ਵਾਲੇ ਅਜਿਹੇ ਲੋਕਾਂ ਦੀ ਜ਼ਿਆਦਾਤਰ ਮੁਹਿੰਮ ਆਨਲਾਈਨ ਤੱਕ ਸੀਮਤ ਰਹਿੰਦੀ ਹੈ। ਪਰ ਹੁਣ ਇਹ ਵਾਸਤਵਿਕ ਦੁਨੀਆਂ ਵਿਚ ਪਹੁੰਚ ਗਈ ਹੈ। ਉਨਾਂ ਨੇ ਇਸ ਨੂੰ ਨਵੀਂ ਸਮੱਸਿਆ ਦੱਸਿਆ ਹੈ। 5ਜੀ ਕੋਰੋਨਾ ਵਾਇਰਸ ਪ੍ਰਚਾਰ ਦੇ 10 ਸਭ ਤੋਂ ਵੱਧ ਹਰਮਨ ਪਿਆਰੇ ਵੀਡੀਓ ਯੂ-ਟਿਊਬ ’ਤੇ 58 ਲੱਖ ਵਾਰ ਦੇਖੇ ਗਏ। ਸਵਿਟਜ਼ਰਲੈਂਡ, ਉਰਗਵੇ, ਜਾਪਾਨ ਸਹਿਤ 30 ਦੇਸਾਂ ਵਿਚ ਫੇਸਬੁੱਕ ’ਤੇ ਇਸ ਮੁਹਿੰਮ ਨੂੰ ਦੇਖਿਆ ਜਾ ਸਕਦਾ ਹੈ।

ਕੋਰੋਨਾ ਵਾਇਰਸ ਨਾਲ ਸੰਬੰਧਿਤ ਆਨਲਾਈਨ ਗਲਤ ਸੂਚਨਾਵਾਂ ਦੀ ਜਾਂਚ ਕਰਨ ਵਾਲੀ ਕਮੇਟੀ ਦੀ ਮੈਂਬਰ ਬ੍ਰਿਟਿਸ਼ ਸਾਂਸਦ ਜੂਲੀਅਨ ਨਾਈਟ ਦਾ ਕਹਿਣਾ ਹੈ ਕਿ ਫੇਸਬੁੱਕ, ਯੂ-ਟਿਊਬ ਨੂੰ ਸਥਿਤੀ ’ਤੇ ਕੰਟਰੋਲ ਕਰਨ ਲਈ ਕੋਸ਼ਿਸ਼ ਕਰਨੀ ਚਾਹੀਦੀ ਹੈ। 5ਜੀ ਟਾਵਰ ਸਾੜੇ ਜਾਣ ਦੀਆਂ ਘਟਨਾਵਾਂ ਸਾਹਮਣੇ ਆਉਣ ਤੋਂ ਬਾਅਦ ਯੂ.ਕੇ. ਸਰਕਾਰ ਦੇ ਡਿਜ਼ੀਟਲ, ਕਲਚਰ, ਮੀਡੀਆ ਅਤੇ ਸਪੋਰਟਸ ਵਿਭਾਗ ਨੇ ਇਸ ’ਤੇ ਟਵੀਟ ਕਰਕੇ ਪ੍ਰਤੀਕਿਰਿਆ ਦਿੱਤੀ ਹੈ। ਵਿਭਾਗ ਨੇ ਕਿਹਾ ਕਿ ਕੋਰੋਨਾ ਵਾਇਰਸ ਦੇ ਫੈਲਣ ਅਤੇ 5ਜੀ ਤਕਨਾਲੋਜੀ ਵਿਚਾਲੇ ਕਿਸ ਤਰਾਂ ਦੇ ਸਬੰਧ ਵਿਚ ਕੋਈ ਸਬੂਤ ਨਹੀਂ ਮਿਲਿਆ ਹੈ। ਇਹ ਦਾਅਵਾ ਇਸ ਲਈ ਹੀ ਸਹੀ ਸਾਬਤ ਨਹੀਂ ਹੁੰਦਾ ਕਿਉਂਕਿ ਕੋਰੋਨਾ ਭਾਰਤ, ਈਰਾਨ ਅਤੇ ਜਾਪਾਨ ਵਰਗੇ ਦੇਸ਼ਾਂ ਵਿਚ ਵੀ ਫੈਲਿਆ ਹੈ ਜਿਥੇ ਅਜੇ 5ਜੀ ਤਕਨੀਕ ਦੀ ਸ਼ੁਰੂਆਤ ਤਕ ਨਹੀਂ ਹੋਈ।

ਇੰਸਟਾਗ੍ਰਾਮ, ਵਟਸਐਪ ਦੀ ਮਾਲਕ ਫੇਸਬੁੱਕ ਦਾ ਕਹਿਣਾ ਹੈ ਕਿ ਉਸ ਨੇ ਕੋਵਿਡ-19 ਨੂੰ ਫੈਲਾਉਣ ਵਿਚ 5ਜੀ ਟੈਕਨਾਲੋਜੀ ਦੀ ਭੂਮਿਕਾ ਦੇ ਹੋਣ ਦੇ ਦਾਅਵਿਆਂ ਨੂੰ ਹਟਾਉਣਾ ਸ਼ੁਰੂ ਕਰ ਦਿੱਤਾ ਹੈ। ਯੂ-ਟਿਊਬ ਨੇ ਕਿਹਾ ਕਿ ਉਹ ਅਜਿਹੇ ਵੀਡੀਓ ਡਿਲੀਟ ਕਰੇਗਾ। ਟਵਿੱਟਰ ਦਾ ਕਹਿਣਾ ਹੈ ਕਿ ਉਸ ਨੇ ਕੋਰੋਨਾ ਵਾਇਰਸ ਸੰਬੰਧੀ ਅਫਵਾਹ ਫੈਲਾਉਣ ਬਾਰੇ ਕੰਟੈਂਟ ਦੇ ਖਿਲਾਫ਼ ਕਾਰਵਾਈ ਕੀਤੀ ਹੈ। 5ਜੀ ਟੈਕਨਾਲੋਜੀ ਦੇ ਖਿਲਾਫ਼ ਰਾਜਨੀਤਕ ਪੱਧਰ ’ਤੇ ਚੱਲੀ ਮੁਹਿੰਮ ਨੂੰ ਇੰਟਰਨੈਟ ਟਰੋਲਰਜ਼ ਨੇ ਪਕੜ ਲਿਆ ਹੈ। ਜਨਵਰੀ ਵਿਚ ਵੁਹਾਨ ਚੀਨ ਵਿਚ ਵਾਇਰਸ ਵੱਡੀ ਪੱਧਰ ’ਤੇ ਫੈਲਣ ਦੇ ਨਾਲ 5ਜੀ ਵਿਰੋਧੀ ਟਰੋਲ ਸ਼ੁਰੂ ਹੋ ਗਏ ਸਨ। ਇਨਾਂ ਸੋਸ਼ਲ ਮੀਡੀਆ ਪੋਸਟ ਵਿਚ ਦਾਅਵਾ ਕੀਤਾ ਗਿਆ ਹੈ ਕਿ ਕੋਵਿਡ-19 ਦਾ ਕਾਰਣ 5ਜੀ ਹੈ ਅਤੇ ਵੁਹਾਨ ਵਿਚ ਇਹ ਮਹਾਮਾਰੀ ਇਸ ਲਈ ਫੈਲੀ ਕਿਉਂਕਿ ਉੱਥੇ ਹਾਲ ਹੀ ਵਿਚ 5ਜੀ ਨੈੱਟਵਰਕ ਦੀ ਸ਼ੁਰੂਆਤ ਕੀਤੀ ਗਈ ਸੀ। ਕਿਹਾ ਜਾ ਰਿਹਾ ਹੈ ਕਿ ਹੋਰ ਇਲਾਕਿਆਂ ਵਿਚ ਵੀ 5ਜੀ ਸ਼ੁਰੂ ਹੋ ਗਿਆ ਹੈ ਉੱਥੇ ਵੀ ਇਸ ਮਹਾਮਾਰੀ ਦਾ ਕਹਿਰ ਇਸ ਕਾਰਣ ਹੀ ਫੈਲ ਰਿਹਾ ਹੈ।

19 ਜਨਵਰੀ 1 ਟਵਿੱਟਰ ’ਤੇ ਇਕ ਪੋਸਟ ਵਿਚ ਬਿਮਾਰੀ ਨੂੰ 5ਜੀ ਨਾਲ ਜੋੜਨ ਦੀ ਅਫਵਾਹ ਛੱਡੀ ਸੀ। ਮੀਡੀਆ ਇਨਸਾਈਟ ਕੰਪਨੀ ਜਿਗਨਲ ਲੈਬਜ਼ ਦੇ ਅਨੁਸਾਰ ਇਸ ਸਾਲ 7 ਅਪ੍ਰੈਲ ਤੱਕ ਅਜਿਹਾ ਪ੍ਰਚਾਰ 6 ਲੱਖ 99 ਹਜ਼ਾਰ ਵਾਰ ਕੀਤਾ ਗਿਆ। ਟਵੀਟ ਵਿਚ ਕਿਹਾ ਗਿਆ ਕਿ ਵੁਹਾਨ ਵਿਚ 5 ਹਜ਼ਾਰ ਤੋਂ ਜ਼ਿਆਦਾ 5ਜੀ ਦੇ ਬੇਸ ਸਟੇਸ਼ਨ ਹਨ। 2021 ਤੱਕ 50 ਹਜ਼ਾਰ ਹੋ ਜਾਣਗੇ। ਇਹ ਬਿਮਾਰੀ ਹੈ ਜਾਂ 5ਜੀ ਬੈਲਜੀਅਮ ਨਿਊਜ਼ ਸਾਈਟ ਦੇ ਇਕ ਡਾਕਟਰ ਦੇ ਹਵਾਲੇ ਨਾਲ ਦੱਸਿਆ ਗਿਆ ਕਿ 5ਜੀ ਜਨਤਾ ਦੀ ਸਿਹਤ ਨੂੰ ਨੁਕਸਾਨ ਪਹੁੰਚਾਉਂਦਾ ਹੈ।

ਬ੍ਰਿਟੇਨ ਦੀ ਨੈਸ਼ਨਲ ਹੈਲਥ ਸਰਵਿਸ ਦੇ ਡਾਇਰੈਕਟਰ ਸਟੀਫਨ ਪੋਵਿਸ ਨੇ ਇਕ ਬਿਆਨ ਵਿਚ ਕਿਹਾ ਹੈ ਕਿ 57 ਟੈਕਨਾਲੋਜੀ ਨੂੰ ਕੋਰੋਨਾ ਖਬਰ ਨੂੰ ਪੂਰੀ ਤਰਾਂ ਗਲਤ ਦੱਸਿਆ ਹੈ। ਉਨਾਂ ਕਿਹਾ ਕਿ ਇਹ ਝੂਠੀ ਖ਼ਬਰ ਹੈ। ਅਸਲੀਅਤ ਇਹ ਹੈ ਕਿ ਮੌਜੂਦਾ ਸਮੇਂ ਵਿੱਚ ਸਾਡੇ ਸਾਰਿਆਂ ਲਈ ਮੋਬਾਈਲ ਫੋਨ ਨੈਟਵਰਕ ਜ਼ਰੂਰੀ ਹੈ। ਇਸ ਨੂੰ ਨੁਕਸਾਨ ਪਹੁੰਚਾਉਣ ਨਾਲ ਸਿਹਤ ਸੇਵਾਵਾਂ ਪ੍ਰਭਾਵਤ ਹੋ ਸਕਦੀ ਹੈ।

# ਪਹਿਲੀ ਵਾਰ ਸਮੁੱਚੇ ਅਮਰੀਕਾ ਵਿਚ ਹੰਗਾਮੀ ਸਥਿੱਤੀ ਐਲਾਨੀ

## ਅਮਰੀਕਾ ਵਿੱਚ ਹੁਣ ਤੱਕ 20580 ਤੋਂ ਵਧ ਮੌਤਾਂ



**ਕੈਲੀਫੋਰਨੀਆ/ਹੁਸਨ ਲੜੋਆ ਬੰਗਾ:** ਅਮਰੀਕਾ ਦੇ ਇਤਿਹਾਸ ਵਿਚ ਪਹਿਲੀ ਵਾਰ ਸਾਰੇ 50 ਰਾਜਾਂ ਵਿਚ ਹੰਗਾਮੀ ਸਥਿੱਤੀ ਐਲਾਨੀ ਗਈ ਹੈ। ਇਹ ਪ੍ਰਗਟਾਵਾ ਵਾਈਟ ਹਾਊਸ ਦੇ ਡਿਪਟੀ ਪ੍ਰੈਸ ਸਕੱਤਰ ਜੂਡ ਡੀਰ ਨੇ ਕੀਤਾ ਹੈ। ਇਹ ਖਬਰ ਦੇਸ਼ ਭਰ ਵਿਚ ਕੋਰੋਨਾਵਾਇਰਸ ਨਾਲ ਰੋਜਾਨਾ 2000 ਦੇ ਕਰੀਬ ਮੌਤਾਂ ਹੋਣ ਤੇ ਮੌਤਾਂ ਦੇ ਮਾਮਲੇ ਵਿਚ ਵਿਸ਼ਵ ਵਿਚ ਅਮਰੀਕਾ ਪਹਿਲੇ ਸਥਾਨ ‘ਤੇ ਪੁੱਜ ਜਾਣ ਦੇ ਦਰਮਿਆਨ ਆਈ ਹੈ। ਮੌਤਾਂ ਦੀ ਗਿਣਤੀ 20580 ਹੋ ਗਈ ਹੈ ਜਦ ਕਿ ਕੋਰੋਨਾਵਾਇਰਸ ਨਾਲ ਪੀੜਤ ਲੋਕਾਂ ਦੀ ਗਿਣਤੀ 533,111 ਹੋ ਗਈ ਹੈ। ਪਿਛਲੇ 4 ਦਿਨਾਂ ਦੌਰਾਨ ਤਕਰੀਬਨ 2000 ਮੌਤਾਂ ਰੋਜਾਨਾ ਹੋਈਆਂ ਹਨ। ਇਕੱਲੇ ਨਿਊਯਾਰਕ ਵਿਚ 8627 ਮੌਤਾਂ ਹੋ ਚੁੱਕੀਆਂ ਹਨ ਜਦ ਕਿ ਪੀੜਤਾਂ ਦੀ ਗਿਣਤੀ 1,81,144 ਹੈ।

ਪੁਲਿਸ ਅਧਿਕਾਰੀ ਪ੍ਰਭਾਵਿਤ-

ਪੱਛਮੀ ਮਿਸ਼ੀਗਨ ਦੇ 6000 ਦੀ ਆਬਾਦੀ ਵਾਲੇ ਮਨੀਸਟੀ ਕਸਬੇ ਵਿਚ 6 ਪੁਲਿਸ ਅਧਿਕਾਰੀ ਵੀ ਕੋਰੋਨਾਵਾਇਰਸ ਦੀ ਲਪੇਟ ਵਿਚ ਆ ਗਏ ਹਨ। 3 ਪੁਲਿਸ ਅਧਿਕਾਰੀਆਂ ਦਾ ਟੈਸਟ ਪੌਜ਼ਟਿਵ ਆਇਆ ਹੈ ਜਦ ਕਿ 3 ਹੋਰ ਸ਼ੱਕੀ ਅਧਿਕਾਰੀਆਂ ਨੂੰ ਇਕਾਂਤਵਾਸ ਵਿਚ ਭੇਜ ਦਿੱਤਾ ਹੈ। ਕਸਬੇ ਵਿਚ ਇਕੱਲਾ ਕਾਰਜਕਾਰੀ ਪੁਲਿਸ ਮੁਖੀ ਟਿਮੋਥੀ ਕੋਜ਼ਲ ਹੀ ਰਹਿ ਗਿਆ ਹੈ ਜਿਸ ਨੇ ਦਸਿਆ ਕਿ ਮੈ ਪਿਛਲੇ 31 ਸਾਲ ਤੋਂ ਲਾਅ ਇਨਫੋਰਸਮੈਂਟ ਨਾਲ ਜੁੜਿਆ ਹੋਇਆ ਹਾਂ। ਮੈ ਹਰ ਸੰਭਵ ਤਰੀਕੇ ਨਾਲ ਲੋਕਾਂ ਦੀ ਮੱਦਦ ਕਰ ਰਿਹਾ ਹਾਂ। ਉਨਾਂ ਕਿਹਾ ਕਿ ਪੁਲਿਸ ਲੋਕਾਂ ਦੇ ਫੋਨਾਂ ਦਾ ਜਵਾਬ ਦੇ ਰਹੀ ਹੈ ਤੇ ਪੁਲਿਸ ਅਧਿਕਾਰੀ ਵੀ ਹੋਰਨਾਂ ਲੋਕਾਂ ਵਾਂਗ ਖਤਰੇ ਦੇ ਸਾਏ ਹੇਠ ਹਨ। ਸ਼ਹਿਰਾਂ ਵਾਂਗ ਦਿਹਾਤੀ ਖੇਤਰਾਂ ਵਿਚ ਪੁਲਿਸ ਨੂੰ ਆਪਣੀ ਹਿਫ਼ਾਜਤ ਲਈ ਮਾਸਕ ਤੇ ਹੋਰ ਸਮਾਨ ਨਹੀਂ ਮਿਲ ਰਿਹਾ। ਕੋਜ਼ਲ ਅਨੁਸਾਰ ਮਨੀਸਟੀ ਪੁਲਿਸ ਵਿਭਾਗ ਕੋਲ ਇਕ ਪੁਲਿਸ ਅਧਿਕਾਰੀ ਲਈ ਕੇਵਲ ਇਕ ਐਨ 95 ਮਾਸਕ ਹੈ ਇਸ ਲਈ ਉਹ ਸਧਾਰਨ ਸਰਜੀਕਲ ਮਾਸਕ ਨਾਲ ਬੁਤਾ ਸਾਰ ਰਹੇ ਹਨ। ਇਹ ਹੀ ਹਾਲ ਬਾਕੀ ਥਾਵਾਂ ‘ਤੇ ਹੈ।

ਕੈਦੀਆਂ ਨੂੰ ਰਿਹਾਅ ਕਰਨ ਦੀ ਮੰਗ ਨੂੰ ਲੈ ਕੇ ਪ੍ਰਦਰਸ਼ਨ-

ਈਲੋਏ ਐਰੀਜ਼ੋਨਾ ਵਿਚ ਦੋ ਬੰਦੀ ਕੇਂਦਰਾਂ ਦੇ ਬਾਹਰਵਾਰ ਮਨੁੱਖੀ ਅਧਿਕਾਰਾਂ ਪਖੀ ਕਾਰਕੁੰਨਾ ਨੇ ਪ੍ਰਦਰਸ਼ਨ ਕੀਤਾ ਤੇ ਇਮੀਗ੍ਰੇਸ਼ਨ ਅਧਿਕਾਰੀਆਂ ਕੋਲੋਂ ਮੰਗ ਕੀਤੀ ਕਿ ਕੋਰੋਨਾਵਾਇਰਸ ਦੇ ਪ੍ਰਕੋਪ ਕਾਰਨ ਡਿਟੈਨਸ਼ਨ ਸੈਂਟਰਾਂ ਵਿਚ ਬੰਦ ਲੋਕਾਂ ਨੂੰ ਰਿਹਾਅ ਕੀਤਾ ਜਾਵੇ। 100 ਕਾਰਾਂ ਦੇ ਕਾਫ਼ਲੇ ਵਿਚ ਆਏ ਪ੍ਰਦਰਸ਼ਨਕਾਰੀਆਂ ਨੇ ਕਿਹਾ ਕਿ ਕੈਦੀਆਂ ਵਿਚ ਕੋਰੋਨਾਵਾਇਰਸ ਫੈਲ ਜਾਣ ਦਾ ਖਤਰਾ ਹੈ। ਕੈਦੀ ਇਕ ਦੂਸਰੇ ਤੋਂ ਫਾਸਲਾ ਬਣਾਕੇ ਨਹੀਂ ਰਹਿ ਸਕਦੇ। ਐਰੀਜ਼ੋਨਾ ਵਿਚ ਕੋਰੋਨਾਵਾਇਰਸ ਤੋਂ ਪ੍ਰਭਾਵਿਤ ਕੈਦੀਆਂ ਦੀ ਗਿਣਤੀ ਨਿਰੰਤਰ ਵਧ ਰਹੀ ਹੈ। ਕੈਦੀਆਂ ਵੱਲੋਂ ਸਾਬਣ, ਮਾਸਕ ਤੇ ਦਸਤਾਨੇ ਆਦਿ ਨਾ ਮਿਲਣ ਦੀਆਂ ਸ਼ਿਕਾਇਤਾਂ ਵੀ ਕੀਤੀਆਂ ਗਈਆਂ ਹਨ।

# ਕੋਰੋਨਾ ਵਾਇਰਸ ਸੰਕਟ : 10 ਲੱਖ ਤੋਂ ਵੱਧ ਕੈਨੇਡੀਅਨ ਹੋਏ ਬੇਰੁਜ਼ਗਾਰ

**ਵਿਨੀਪੈਗ/ਏ.ਟੀ.ਨਿਊਜ਼ :** ਸਟੈਟਿਸਟਿਕਸ ਕੈਨੇਡਾ ਨੇ ਇਕ ਅੰਕੜਾ ਜਾਰੀ ਕਰਦਿਆਂ ਕਿਹਾ ਹੈ ਕਿ ਸਿਰਫ ਮਾਰਚ ਮਹੀਨੇ ਦੌਰਾਨ ਹੀ 10 ਲੱਖ ਤੋਂ ਵੱਧ ਕੈਨੇਡੀਅਨ ਵਾਸੀਆਂ ਨੂੰ ਆਪਣੀਆਂ ਨੌਕਰੀਆਂ ਤੋਂ ਹੱਥ ਧੋਣਾ ਪਿਆ ਅਤੇ ਬੇਰੁਜ਼ਗਾਰੀ ਦੀ ਦਰ ਵਿਚ ਵੀ 7.8 ਪ੍ਰਤੀਸ਼ਤ ਵਾਧਾ ਹੋਇਆ ਹੈ, ਜਦ ਕਿ ਅਰਥ ਸ਼ਾਸਤਰੀ ਇਹ ਉਮੀਦ ਕਰ ਰਹੇ ਸਨ ਕਿ ਇਹ ਅੰਕੜਾ 5 ਲੱਖ ਨੌਕਰੀਆਂ ਤੱਕ ਹੀ ਸਿਮਟ ਜਾਵੇਗਾ। ਕੈਨੇਡਾ ਵਿਚ ਹਰ ਮਹੀਨੇ, ਡਾਟਾ ਏਜੰਸੀ ਇਕ ਹਫਤੇ ਦੇ ਦੌਰਾਨ ਕੈਨੇਡੀਅਨ ਦਾ ਸਰਵੇਖਣ ਕਰਦੀ ਹੈ ਤੇ ਉਸ ਮਹੀਨੇ ਦੀ ਆਪਣੀ ਰੁਜ਼ਗਾਰ ਦਰ ਦੱਸਦੀ ਹੈ ਅਤੇ ਮਾਰਚ ਦੇ ਅੰਕੜੇ 15 ਮਾਰਚ ਤੋਂ ਸ਼ੁਰੂ ਹੋਏ ਹਫਤੇ ਦੇ ਸਰਵੇਖਣ ਤੋਂ ਮਿਲਦੇ ਹਨ। ਮਾਹਿਰ ਮੰਨਦੇ ਹਨ ਕਿ 1976 ਤੋਂ ਬਾਅਦ ਕੈਨੇਡਾ ਵਿਚ ਇਹ ਬੇਰੁਜ਼ਗਾਰੀ ਦੀ ਦਰ ਵਿਚ ਸਭ ਤੋਂ ਵੱਡਾ ਮਹੀਨਾਵਾਰ ਵਾਧਾ ਹੈ। ਸਟੈਟਿਸਟਿਕਸ ਕੈਨੇਡਾ ਅਨੁਸਾਰ ਮਾਰਚ ਮਹੀਨੇ ਦੇ ਇਨਾਂ ਅੰਕੜਿਆਂ ਤੋਂ ਪਹਿਲਾਂ ਕੈਨੇਡੀਅਨ ਨੌਕਰੀਆਂ ਲਈ ਸਭ ਤੋਂ ਭੈੜਾ ਮਹੀਨਾ ਜਨਵਰੀ 2009 ਸੀ ਜਦੋਂ ਲੋਕਾਂ ਨੇ 1,24,400 ਨੌਕਰੀਆਂ ਗੁਆ ਦਿੱਤੀਆਂ ਸਨ, ਮਾਰਚ 2020 ਦੇ ਅੰਕੜਿਆਂ ਨੇ ਇਹ ਅੰਕੜਾ ਵੀ ਮਿਟਾ ਦਿੱਤਾ ਹੈ। ਨੌਕਰੀਆਂ ਦੇ ਘਾਟੇ ਦਾ ਸਭ ਤੋਂ ਵੱਡਾ ਹਿੱਸਾ ਰਿਹਾਇਸ਼ੀ ਤੇ ਭੋਜਨ ਸੇਵਾਵਾਂ ਦੇ ਖ਼ੇਤਰ ਵਿਚ ਆਇਆ ਹੈ ਜੋ ਕਿ ਤਕਰੀਬਨ ਇਕ ਚੌਥਾਈ ਰਹਿ ਗਿਆ, ਅਗਲਾ ਮੁਸ਼ਕਲ ਖੇਤਰ ਆਈ.ਟੀ., ਕਲਾ ਤੇ ਸੱਭਿਆਚਾਰ ਹੈ, ਜਿਸ ਵਿਚ 13 ਪ੍ਰਤੀਸ਼ਤ ਗਿਰਾਵਟ ਹੋਈ ਹੈ। ਸਿੱਖਿਆ ਖੇਤਰ ਵਿਚ ਨੌਂ ਪ੍ਰਤੀਸ਼ਤ ਜਦਕਿ ਥੋਕ ਤੇ ਪ੍ਰਚੂਨ ਦੇ ਵਪਾਰ ਵਿਚ ਸੱਤ ਪ੍ਰਤੀਸ਼ਤ ਦੀ ਗਿਰਾਵਟ ਹੋਈ ਹੈ। ਕੁਦਰਤੀ ਸਰੋਤਾਂ ਤੇ ਖੇਤੀਬਾੜੀ ਨੂੰ ਛੱਡ ਕੇ ਸਿਰਫ਼ ਹਰ ਖੇਤਰ ਦੀਆਂ ਨੌਕਰੀਆਂ ਖ਼ਤਮ ਹੋ ਗਈਆਂ ਹਨ, ਜਿਨਾਂ ਨੇ ਕੈਨੇਡਾ ਦੀ ਭੋਜਨ ਸਪਲਾਈ ਲੜੀ ਨੂੰ ਮਜ਼ਬੂਤ ਰੱਖਣ ਲਈ ਸਰਗਰਮੀਆਂ ਵਧਾਉਂਦਿਆਂ ਤਕਰੀਬਨ 7,000 ਨੌਕਰੀਆਂ ਜੋੜੀਆਂ। ਕੋਵਿਡ-19 ਕਾਰਨ ਕੈਨੇਡਾ ਦੇ ਹਰ ਸੂਬੇ ਵਿਚ ਹੀ ਲੋਕਾਂ ਨੂੰ ਨੌਕਰੀਆਂ ਤੋਂ ਹੱਥ ਧੋਣਾ ਪਿਆ ਹੈ, ਪਰ ਲਗਪਗ ਦੋ-ਤਿਹਾਈ ਨੁਕਸਾਨ ਓਨਟਾਰੀਓ ਅਤੇ ਕਿਊਬਕ ਵਿਚ ਹੋਇਆ ਹੈ, ਜਿਨਾਂ ਨੇ ਕ੍ਰਮਵਾਰ 403,000 ਅਤੇ 264,000 ਨੌਕਰੀਆਂ ਗੁਆਈਆਂ ਹਨ। ਮੈਨੀਟੋਬਾ ਨੇ ਵੀ ਪਿਛਲੇ ਚਾਰ ਦਹਾਕਿਆਂ ਵਿਚ ਕਿਸੇ ਵੀ ਮਹੀਨੇ ਦੇ ਮੁਕਾਬਲੇ ਮਾਰਚ ਵਿਚ ਵਧੇਰੇ ਨੌਕਰੀਆਂ ਗੁਆਈਆਂ ਹਨ, ਪਿਛਲੇ ਮਹੀਨੇ ਲਗਪਗ 25,300 ਲੋਕਾਂ ਨੇ ਆਪਣੀਆਂ ਨੌਕਰੀਆਂ ਗੁਆ ਦਿੱਤੀਆਂ, ਜਿਨਾਂ ਵਿਚ 11,900 ਉਹ ਲੋਕ ਸ਼ਾਮਿਲ ਹਨ। ਅਰਥ ਸ਼ਾਸਤਰੀਆਂ ਨੇ ਕਿਹਾ ਹੈ ਕਿ ਅਗਲੇ ਮਹੀਨੇ ਇਹ ਗਿਰਾਵਟ ਹੋਰ ਵੀ ਵੱਡੀ ਹੋ ਸਕਦੀ ਹੈ ਤੇ ਇਹ ਸਭ ਇਸ ’ਤੇ ਨਿਰਭਰ ਕਰਦਾ ਹੈ ਕਿ ਤਾਲਾਬੰਦੀ ਦਾ ਇਹ ਸਮਾਂ ਕਿੰਨਾ ਲੰਬਾ ਚੱਲਦਾ ਹੈ।

ਵਿਦੇਸ਼ੀ ਵਿਦਿਆਰਥੀਆਂ ਨੂੰ ਸਹੂਲਤਾਂ

ਕੋਵਿਡ-19 ਕਾਰਨ ਲੌਕਡਾਊਨ ਕਰਕੇ ਆਪਣੇ ਨਾਗਰਿਕਾਂ ਦੇ ਬੇਰੁਜ਼ਗਾਰ ਹੋਣ ਤੋਂ ਇਲਾਵਾ, ਕੈਨੇਡੀਅਨ ਸਰਕਾਰ ਨੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਭਲਾਈ ਫੰਡ ਤਹਿਤ ਹਰ ਮਹੀਨੇ 2000 ਡਾਲਰ ਦੇਣ ਦਾ ਫੈਸਲਾ ਕੀਤਾ ਹੈ। ਇਸ ਨਾਲ ਕੈਨੇਡਾ ਵਿੱਚ ਪੜ ਰਹੇ ਪੰਜਾਬ ਦੇ ਲਗਪਗ ਪੰਜ ਲੱਖ ਵਿਦਿਆਰਥੀਆਂ ਨੂੰ ਲਾਭ ਹੋਵੇਗਾ। ਕੈਨੇਡੀਅਨ ਲਾਅ ਐਕਸਪਰਟ ਸਤਵੰਤ ਸਿੰਘ ਤਲਵੰਡੀ ਨੇ ਕਿਹਾ ਕਿ ਟਰੂਡੋ ਸਰਕਾਰ ਨੇ ਬੇਰੁਜ਼ਗਾਰ ਵਿਦੇਸ਼ੀ ਵਿਦਿਆਰਥੀਆਂ ਨੂੰ ਕੋਵਿਡ-19 ਲਈ ਬਣਾਏ ਕੈਨੇਡੀਅਨ ਐਮਰਜੈਂਸੀ ਰਿਸਪਾਂਸ ਬੈਨੀਫਿਟਸ (ਸਰਬ) ਤਹਿਤ 16 ਮਹੀਨਿਆਂ ਯਾਨੀ ਚਾਰ ਮਹੀਨੇ ਅੱਠ ਹਜ਼ਾਰ ਡਾਲਰ ਪ੍ਰਤੀ ਵਿਦਿਆਰਥੀ ਭਲਾਈ ਫੰਡ ਦੇਣ ਦਾ ਫੈਸਲਾ ਕੀਤਾ ਹੈ। ਜੇ ਮੁਸ਼ਕਲ ਦੌਰ ਜਾਰੀ ਰਿਹਾ, ਤਾਂ ਵੈਲਫੇਅਰ ਫੰਡ ਵੀ ਅੱਗੇ ਵਧ ਸਕਦਾ ਹੈ। ਉਨਾਂ ਕਿਹਾ ਕਿ ਇਹ ਸਹੂਲਤ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਹੈ ਜਿਨਾਂ ਨੇ ਮਾਰਚ 2019 ਤੋਂ ਮਾਰਚ 2020 ਤੱਕ ਪਿਛਲੇ 52 ਹਫ਼ਤਿਆਂ ਵਿੱਚ ਪੰਜ ਹਜ਼ਾਰ ਜਾਂ ਵਧੇਰੇ ਡਾਲਰ ਕਮਾਏ ਹਨ। ਜਿਹੜੇ ਵਿਦਿਆਰਥੀ ਸਤੰਬਰ 2019, ਜਨਵਰੀ 2020 ਦੇ ਸੈਸ਼ਨ ਵਿਚ ਕੈਨੇਡਾ ਗਏ ਹੋਏ ਹਨ, ਉਨਾਂ ਨੂੰ ਇਹ ਸਹੂਲਤ ਨਹੀਂ ਮਿਲੇਗੀ ਕਿਉਂਕਿ ਉਨਾਂ ਨੇ ਅਜੇ ਤਕ ਜੀਆਈਸੀ ਖਾਤੇ ਵਿਚ ਜਮਾਂ ਆਪਣੇ ਦਸ ਹਜ਼ਾਰ ਡਾਲਰ ਖਰਚ ਨਹੀਂ ਕੀਤੇ। ਨਾਲ ਹੀ ਜਿਹੜੇ ਵਿਦਿਆਰਥੀ ਇਸ ਸਮੇਂ ਕੰਮ ਕਰ ਰਹੇ ਹਨ ਉਹ ਇਸ ਸਹੂਲਤ ਦੇ ਯੋਗ ਨਹੀਂ ਹੋਣਗੇ। ਤਲਵੰਡੀ ਨੇ ਦੱਸਿਆ ਕਿ ਜੇ ਨੌਕਰੀ ’ਤੇ ਜਾ ਰਹੇ ਵਿਦਿਆਰਥੀ ਇਸ ਸਹੂਲਤ ਲਈ ਅਪਲਾਈ ਕਰਦੇ ਹਨ ਤਾਂ ਉਨਾਂ ਨੂੰ 250 ਪ੍ਰਤੀਸ਼ਤ ਜ਼ੁਰਮਾਨਾ ਅਤੇ ਇੱਕ ਸਾਲ ਦੀ ਸਜਾ ਦੇ ਤੌਰ ’ਤੇ ਡਿਪੋਰਟ ਵੀ ਕੀਤਾ ਜਾ ਸਕਦਾ ਹੈ। ਉਨਾਂ ਦੱਸਿਆ ਕਿ ਕੋਵਿਡ-19 ਦੀ ਸਮੱਸਿਆ ਤੋਂ ਤੁਰੰਤ ਬਾਅਦ ਕੈਨੇਡਾ ਸਰਕਾਰ ਆਡਿਟ ਕਰੇਗੀ, ਜਿਸ ਵਿੱਚ ਗਲਤ ਢੰਗ ਨਾਲ ਸਹੂਲਤਾਂ ਲੈਣ ਵਾਲਿਆਂ ਖਿਲਾਫ ਸਖ਼ਤ ਕਾਰਵਾਈ ਕੀਤੀ ਜਾਵੇਗੀ। ਵਿਦਿਆਰਥੀ ਜਿੱਥੇ ਕੰਮ ਕਰਦੇ ਹਨ, ਉਸ ਸੰਸਥਾ ਦੇ ਮਾਲਕ ਤੋਂ ਆਪਣਾ ਟੀ-4 ਪੱਤਰ ਲੈਣ। ਇਸ ਪੱਤਰ ਵਿਚ ਉਸ ਦੁਆਰਾ ਕੀਤੇ ਗਏ ਕੰਮ ਅਤੇ ਭੁਗਤਾਨ ਕੀਤੇ ਟੈਕਸ ਦਾ ਵੇਰਵਾ ਹੁੰਦਾ ਹੈ। ਉਸ ਤੋਂ ਬਾਅਦ ਆਪਣੇ ਕਾਲਜ ਜਾਂ ਯੂਨੀਵਰਸਿਟੀ ਤੋਂ ਇੱਕ ਟੀ-2 ਪੱਤਰ ਪ੍ਰਾਪਤ ਕਰੋ। ਇਸ ਵਿਚ ਉਨਾਂ ਦੇ ਅਧਿਐਨ ’ਤੇ ਹੋਏ ਸਾਰੇ ਖ਼ਰਚਿਆਂ ਦਾ ਵੇਰਵਾ ਸ਼ਾਮਲ ਹੁੰਦਾ ਹੈ। ਇਸ ਤੋਂ ਬਾਅਦ ਅਧਿਕਾਰਤ ਵੈੱਬਸਾਈਟ ’ਤੇ ਜਾਣਕਾਰੀ ਅਪਲੋਡ ਕਰਨ। ਡਾਟਾ ਅਪਲੋਡ ਕਰਨ ਦੇ ਦੋ ਜਾਂ ਤਿੰਨ ਦਿਨਾਂ ਦੇ ਅੰਦਰ ਪੈਸੇ ਵਿਦਿਆਰਥੀਆਂ ਦੇ ਖਾਤੇ ਵਿੱਚ ਆ ਜਾਣਗੇ।

# ਯੂਨਾਈਟਿਡ ਖਾਲਸਾ ਦਲ ਯੂ ਕੇ ਵਲੋਂ ਸ਼ਹੀਦ ਭਾਈ ਸੁਰਿੰਦਰ ਸਿੰਘ ਸੋਢੀ ਨੂੰ ਪ੍ਰਣਾਮ



ਲੰਡਨ - ਯੂਨਾਈਟਿਡ ਖਾਲਸਾ ਦਲ ਯੂ,ਕੇ ਵਲੋਂ ਜਨਰਲ ਸਕੱਤਰ ਲਵਸ਼ਿੰਦਰ ਸਿੰਘ ਡੱਲੇਵਾਲ ਵਲੋਂ ਭਾਈ ਸੁਰਿੰਦਰ ਸਿੰਘ ਸੋਢੀ ਦੀ ਸਹਾਦਤ ਤੇ ਹਾਰਦਿਕ ਪ੍ਰਣਾਮ ਕੀਤਾ ਗਿਆ। ਜਿਹਨਾਂ ਦੀ ਸਿੱਖ ਕੌਮ ਪ੍ਰਤੀ ਬੇਮਿਸਾਲ ਅਤੇ ਅਥਾਹ ਸੇਵਾਵਾਂ ਹਨ ।14 ਐਪਰੈਲ ਨੂੰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵਲੋਂ ਚਲਾਈ ਹੋਈ ਦਮਦਮੀ ਟਕਸਾਲ ਦੇ ਚੌਧਵੇਂ ਮੁਖੀ ,ਸੰਤਾਂ ਦੇ ਸੰਤ ਅਤੇ ਜਰਨੈਲਾਂ ਦੇ ਜਰਨੈਲ ਸਤਿਕਾਰਯੋਗ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲਿਆਂ ਦੇ ਨਜ਼ਦੀਕੀ ਸਾਥੀ ਅਤੇ ਸੂਰਬੀਰ ਯੋਧੇ ਭਾਈ ਸੁਰਿੰਦਰ ਸਿੰਘ ਸੋਢੀ ਦੀ ਸ਼ਹਾਦਤ ਦੀ 36 ਵੀਂ ਵਰੇ ਗੰਢ ਹੈ । ਉਸ ਵਕਤ ਦੇ ਕੁੱਝ ਦਰਦਨਾਕ ਪਲ ਸਾਂਝੇ ਕਰਦਿਆਂ ਆਖਿਆ ਗਿਆ ਕਿ 14 ਅਪ੍ਰੈਲ 1984 ਵਾਲੇ ਦਿਨ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿੱਚ ਵੀਹਵੀਂ ਸਦੀ ਦੇ ਮਹਾਨ ਸ਼ਹੀਦ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਨਜ਼ਦੀਕੀ ਅਤੇ ਵਿਸ਼ਵਾਸ਼ਪਾਤਰ ਜੂਝਾਰੂ ਭਾਈ ਸੁਰਿੰਦਰ ਸਿੰਘ ਸੋਢੀ ਨੂੰ ਜਗਪਾਲ ਪੁਰੀਏ ਛਿੰਦੇ ਬਦਮਾਸ਼ ਵਲੋਂ ਸ਼ਹੀਦ ਕਰ ਦਿੱਤਾ ਜਾਂਦਾ ਹੈ । ਉਪਰੰਤ ਕੰਪਲੈਕਸ ਸਮੇਤ ਪੰਜਾਬ ਭਰ ਦੇ ਸਿੱਖ ਨੌਜਵਾਨਾਂ ਖਾਸ ਕਰ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਵਿੱਚ ਭਾਰੀ ਬੇਚੈਨੀ ਅਤੇ ਗੁੱਸੇ ਦੀ ਲਹਿਰ ਪੈਦਾ ਹੋ ਜਾਂਦੀ ਹੈ। ਛਿੰਦੇ ਬਦਮਾਸ਼ ਨੇ ਬਲਜੀਤ ਕੌਰ ਨੂੰ ਸੋਢੀ ਦੇ ਕਤਲ ਨੂੰ ਜ਼ਾਇਜ਼ ਠਹਿਰਾਉਣ ਅੱਗੇ ਕਰ ਦਿੱਤਾ । ਸਿੰਧੀ ਹੋਟਲ ਵਿੱਚ ਭਾਈ ਸੁਰਿੰਦਰ ਸਿੰਘ ਸੋਢੀ ਨੂੰ ਛਿੰਦੇ ਦੁਸ਼ਟ ਨੇ ਚਾਹ ਪੀਣ ਦੇ ਬਹਾਨੇ ਬੁਲਾਇਆ, ਜਦੋਂ ਉਹ ਆਪਣੀ ਭੈਣ ਅਤੇ ਭਣੋਈਏ ਨੂੰ ਪਿੰਡ ਵਲ ਰਵਾਨਾ ਕਰਕੇ ਵਾਪਸ ਆ ਰਿਹਾ ਸੀ । ਇੱਥੇ ਧੋਖੇ ਨਾਲ ਉਸ ਨੂੰ ਛਿੰਦੇ ਨੇ ਆਪਣੇ ਰਿਵਾਲਵਰ ਨਾਲ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ । ਖਾਲਿਸਤਾਨ ਕਮਾਂਡੋ ਫੋਰਸ ਦੇ ਪਹਿਲੇ ਮੁਖੀ ਭਾਈ ਮਨਬੀਰ ਸਿੰਘ ਚਹੇੜੂ ਉਰਫ ਜਨਰਲ ਹਰੀ ਸਿੰਘ ਅਤੇ ਜਨਰਲ ਲਾਭ ਸਿੰਘ ਜੀ ਨਾਲ ਆਪਦਾ ਬੜਾ ਹੀ ਪਿਆਰ ਸੀ । ਉਸ ਮਹਾਨ ਯੋਧੇ ਭਾਈ ਸੁਰਿੰਦਰ ਸਿੰਘ ਸੋਢੀ ਦੀ ਸਾਲਾਨਾ ਸ਼ਹੀਦੀ ਦਿਹਾੜੇ ਤੇ ਤਹਿ ਦਿਲੋਂ ਪ੍ਰਣਾਮ ਹੈ?

# ਆਸਟ੍ਰੇਲੀਆ ਸਰਕਾਰ ਨੇ ਪਿਛਾਂਹ ਖਿੱਚੇ ਹੱਥ

**ਕੈਨਬਰਾ/ਏ.ਟੀ.ਨਿਊਜ਼** : ਆਸਟਰੇਲੀਆ ਦੇ ਪ੍ਰਧਾਨ ਮੰਤਰੀ ਸਕੌਟ ਮੌਰੀਸਨ ਨੇ ਬੀਤੇ ਦਿਨੀਂ ਸਪੱਸ਼ਟ ਆਖ ਦਿੱਤਾ ਹੈ ਕਿ ਉਨਾਂ ਦੇ ਦੇਸ਼ ਵਿੱਚ ਜਿੰਨੇ ਵੀ ਵਿਦੇਸ਼ੀ ਵਿਦਿਆਰਥੀ ਤੇ ਸੈਲਾਨੀ ਹਨ, ਉਹ ਹੁਣ ਆਪੋ-ਆਪਣੇ ਦੇਸ਼ਾਂ ਨੂੰ ਪਰਤ ਜਾਣ। ਕੋਰੋਨਾ-ਸੰਕਟ ਦੌਰਾਨ ਜਿਹੜੀਆਂ ਵੀ ਸਰਕਾਰੀ ਗ੍ਰਾਂਟਾਂ ਜਾਰੀ ਕੀਤੀਆਂ ਜਾ ਰਹੀਆਂ ਹਨ; ਉਨਾਂ ਵਿੱਚੋਂ ਇੱਕ ਡਾਲਰ ਵੀ ਅਸਥਾਈ ਪ੍ਰਵਾਸੀਆਂ ਭਾਵ ਸੈਲਾਨੀਆਂ ਜਾਂ ਵਿਦੇਸ਼ੀ ਵਿਦਿਆਰਥੀਆਂ ਲਈ ਨਹੀਂ ਦਿੱਤਾ ਗਿਆ। ਆਸਟ੍ਰੇਲੀਆ ਵਿਚ ਇਸ ਵੇਲੇ ਪੰਜਾਬੀ ਵਿਦਿਆਰਥੀਆਂ ਦੀ ਗਿਣਤੀ ਕਈ ਹਜ਼ਾਰਾਂ ਵਿਚ ਹੈ। ਗੁਆਂਢੀ ਦੇਸ਼ ਨਿਊਜ਼ੀਲੈਂਡ ਵਿਚ ਵੀ ਇਹੋ ਹਾਲ ਹੈ। ਇੰਝ ਹਜ਼ਾਰਾਂ ਪੰਜਾਬੀ ਵਿਦਿਆਰਥੀਆਂ ਨੂੰ ਹੁਣ ਆਸਟ੍ਰੇਲੀਆ ਵਿਚ ਰਹਿਣਾ ਔਖਾ ਹੋ ਗਿਆ ਹੈ। ਉਨਾਂ ਦੀਆਂ ਦਿਹਾੜੀਆਂ ਲੱਗਣੀਆਂ ਬੰਦ ਹੋ ਗਈਆਂ ਹਨ। ਇਸ ਲਈ ਖ਼ਰਚੇ ਚਲਾਉਣੇ ਔਖੇ ਹੋ ਗਏ ਹਨ।

ਲੌਕਡਾਊਨ ਕਾਰਨ ਅੱਧੀ ਤੋਂ ਵੀ ਵੱਧ ਦੁਨੀਆ ਦੇ ਕੰਮਕਾਜ ਠੱਪ ਪਏ ਹਨ। ਬਿਨਾ ਕੰਮ ਦੇ ਪੰਜਾਬੀ ਵਿਦਿਆਰਥੀ ਹੁਣ ਨਾ ਤਾਂ ਇੱਥੇ ਰਹਿਣ ਜੋਗੇ ਰਹੇ ਹਨ ਅਤੇ ਨਾ ਹੀ ਉਹ ਪੰਜਾਬ ਪਰਤ ਸਕਦੇ ਹਨ।

ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਸਕੌਟ ਮੌਰੀਸਨ ਨੇ ਤਾਂ ਸਪੱਸ਼ਟ ਆਖ ਦਿੱਤਾ ਹੈ ਕਿ ਵਿਦੇਸ਼ੀ ਵਿਦਿਆਰਥੀ ਆਪੋ-ਆਪਣੇ ਇੰਤਜ਼ਾਮ ਖੁਦ ਕਰ ਲੈਣ - ਸਰਕਾਰ ਦੀ ਤਰਫ਼ੋਂ ਉਨਾਂ ਨੂੰ ਕੋਈ ਮਦਦ ਨਹੀਂ ਮਿਲੇਗੀ। ਮੌਰੀਸਨ ਨੇ ਅਜਿਹਾ ਐਲਾਨ ਸ਼ੁੱਕਰਵਾਰ ਨੂੰ ਰਾਸ਼ਟਰੀ ਕੈਬਿਨੇਟ ਦੀ ਮੀਟਿੰਗ ਤੋਂ ਬਾਅਦ ਕੀਤਾ ਸੀ।

ਮੌਰੀਸਨ ਨੇ ਕਿਹਾ ਕਿ ਸਰਕਾਰ ਨੂੰ ਆਪਣੇ ਆਸਟ੍ਰੇਲੀਆਈ ਨਾਗਰਿਕਾਂ ਦੀ ਆਰਥਿਕ ਮਦਦ ਪਹਿਲਾਂ ਕਰਨੀ ਹੋਵੇਗੀ। ਉਨਾਂ ਕਿਹਾ ਕਿ ਸਿਰਫ਼ ਨਰਸਾਂ ਤੇ ਡਾਕਟਰ ਜਿਹੇ ਵਿਦੇਸ਼ੀ ਹੀ ਦੇਸ਼ ਵਿਚ ਰਹਿਣ, ਜਿਹੜੇ ਇਸ ਕੋਰੋਨਾ-ਸੰਕਟ ਵੇਲੇ ਉਨਾਂ ਦੇ ਕੰਮ ਆ ਸਕਦੇ ਹਨ। ਆਸਟ੍ਰੇਲੀਆ ਵਿਚ ਇਸ ਵੇਲੇ ਵਿਦੇਸ਼ੀ ਵਿਦਿਆਰਥੀਆਂ ਦੀ ਗਿਣਤੀ 5 ਲੱਖ ਹੈ ਤੇ ਜਿਨਾਂ ਵਿੱਚੋਂ ਪੰਜਾਬੀ ਵਿਦਿਆਰਥੀਆਂ ਤੇ ਵਿਦਿਆਰਥਣਾਂ ਦੀ ਚੋਖੀ ਗਿਣਤੀ ਹੈ।

ਕੀ ਕਹਿੰਦੇ ਹਨ ਰਵੀ ਸਿੰਘ

ਖਾਲਸਾ ਏਡ ਦੇ ਬਾਨੀ ਰਵੀ ਸਿੰਘ ਖਾਲਸਾ ਨੇ ਅਸਟਰੇਲੀਆ ਪ੍ਰਧਾਨ ਮੰਤਰੀ ਸਕੌਟ ਮੌਰੀਸਨ ਦੇ ਉਸ ਬਿਆਨ ਨੂੰ ਚੁਣੌਤੀ ਦਿੰਦਿਆਂ ਕਿਹਾ ਕਿ ਸਾਨੂੰ ਸਿੱਖਾਂ ਨੂੰ ਤੇਰੀ ਖੈਰਾਤ ਨਹੀਂ ਚਾਹੀਦੀ ਨਾ ਹੀ ਅਸੀਂ ਮੰਗੀ ਹੈ। ਸਾਨੂੰ ਗੁਰੂ ਨੇ ਦਾਨੀ ਬਣਾਇਆ ਹੈ। ਜੇ ਯਕੀਨ ਨਾ ਹੋਵੇ ਤਾਂ ਗੂਗਲ ਵਿਚ ਲੰਗਰ ਸਰਚ ਕਰਕੇ ਪੜ ਲਵੀ। ਜੇ ਅਸੀਂ ਦੁਨੀਆਂ ਦੀ ਸੇਵਾ ਕਰ ਸਕਦੇ ਹਾਂ ਤਾਂ ਆਪਣਿਆਂ ਦਾ ਖਿਆਲ ਰਖ ਸਕਦੇ ਹਾਂ। ਅਸੀਂ ਸਾਰੇ ਭਾਰਤੀ ਵਿਦਿਆਰਥੀਆਂ ਲਈ ਸੇਵਾ ਨਿਭਾਵਾਂਗੇ, ਜੋ ਜ਼ਰੂਰਤਾਂ ਹੋਣਗੀਆਂ ਅਸੀਂ ਪੂਰਾ ਕਰਾਂਗੇ। ਅਸੀਂ ਤੇਰੇ ਟੱਬਰ ਨੂੰ ਵੀ ਰੋਟੀ ਖੁਆ ਸਕਦੇ ਹਾਂ। ਜੇਕਰ ਤੇਰੇ 'ਤੇ ਸੰਕਟ ਆਇਆ। ਪਰ ਸ਼ਰਮ ਦੀ ਗੱਲ ਇਹ ਹੈ ਕਿ ਤੁਹਾਡੇ ਵਰਗੇ ਲੋਕਾਂ ਨੇ ਮਨੁੱਖਤਾ ਨੂੰ ਸੰਕਟ ਦੌਰਾਨ ਤਿਆਗ ਦਿੱਤਾ ਹੈ। ਉਨਾਂ ਕਿਹਾ ਕਿ ਖਾਲਸਾ ਏਡ ਵਿਸ਼ਵ ਭਰ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਮਨੁੱਖਤਾ ਤੇ ਆਪਣੇ ਲੋਕਾਂ ਦੇ ਲਈ ਸੇਵਾ ਨਿਭਾਅ ਰਿਹਾ ਹੈ। ਜਿੱਥੇ ਵੀ ਸੰਗਤ ਨੇ ਲੋੜ ਮਹਿਸੂਸ ਕੀਤੀ, ਅਸੀਂ ਪਹੁੰਚਾਂਗੇ। ਸਾਡਾ ਕਰਮ ਸਿੱਖ ਪੰਥ ਨੂੰ ਸੇਵਾ ਦੇ ਨਾਮ 'ਤੇ ਅੱਗੇ ਲਿਜਾ ਕੇ ਖਾਲਸਾ ਪੰਥ ਨੂੰ ਵਿਸ਼ਵ ਪੱਧਰ 'ਤੇ ਰੌਸ਼ਨ ਕਰਨਾ ਹੈ। ਅੱਜ ਸਮੂਹ ਸਿੱਖ ਸੰਗਤਾਂ ਦੀ ਬਦੌਲਤ ਹੈ ਕਿ ਅਸੀਂ ਗੁਰੂ ਨਾਨਕ ਦੇ ਮਿਸ਼ਨ ਨੂੰ ਅੱਗੇ ਲਿਜਾਣ ਵਿਚ ਸਫਲ ਹੋਏ ਹਾਂ। ਹੁਣ ਵਿਸ਼ਵ ਦੀਆਂ ਸਰਕਾਰਾਂ ਵੀ ਸਿੱਖ ਪੰਥ ਦੀ ਬਖਸ਼ਿਸ਼ ਵਲ ਤੱਕਣ ਲੱਗ ਪਈਆਂ ਹਨ।

# ਖਾਲਸਾ ਸਾਜਨਾ ਦਿਵਸ ਤੇ ਖ਼ਾਲਸਾਈ ਝੰਡਿਆਂ ਨੂੰ ਮਿਲਿਆ ਭਰਵਾਂ ਹੁੰਗਾਰਾ

**ਅੰਮ੍ਰਿਤਸਰ/ਏ.ਟੀ.ਨਿਊਜ਼** : ਸਰਬੱਤ ਖਾਲਸਾ ਵੱਲੋਂ ਸਥਾਪਿਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਵੱਲੋਂ ਕਰੋਨਾ ਮਹਾਂਮਾਰੀ ਦੇ ਮੱਦੇਨਜ਼ਰ ਦੇਸ਼ ਵਿਦੇਸ਼ ਦੀਆਂ ਸਿੱਖ ਸੰਗਤਾਂ ਨੂੰ ਖਾਲਸਾ ਸਾਜਨਾ ਦਿਵਸ ਤੇ ਖਾਲਸਾਈ ਝੰਡੇ ਆਪਣੇ ਘਰਾਂ ਤੇ ਝੁਲਾਉਣ ਅਤੇ ਸਮੁੱਚੀ ਲੋਕਾਈ ਨੂੰ ਕਰੋਨਾ ਤੋਂ ਨਿਜਾਤ ਦਿਵਾਉਣ ਲਈ ਅਰਦਾਸ ਕਰਨ ਦੇ ਨਿਰਦੇਸ਼ਾਂ ਨੂੰ ਭਰਵਾਂ ਹੁੰਗਾਰਾ ਮਿਲਿਆ ਹੈ।

ਜਥੇਦਾਰ ਹਵਾਰਾ ਵੱਲੋਂ ਧੰਨਵਾਦ ਕਰਦਿਆਂ ਐਡਵੋਕੇਟ ਅਮਰ ਸਿੰਘ ਚਾਹਲ, ਬਾਪੂ ਗੁਰਚਰਨ ਸਿੰਘ ਅਤੇ ਪ੍ਰੋ. ਬਲਜਿੰਦਰ ਸਿੰਘ ਨੇ ਸਾਂਝੇ ਤੌਰ ਤੇ ਕਿਹਾ ਕਿ ਖਾਲਸੇ ਦੀ ਨਿਆਰੀ ਹੋਂਦ ਦਾ ਪ੍ਰਤੀਕ ਖਾਲਸਾਈ ਝੰਡੇ ਝੁਲਾਕੇ ਸਿੱਖ ਸੰਗਤਾਂ ਨੇ ਜਿੱਥੇ ਖਾਲਸਾ ਪੰਥ ਦੇ ਸਿਰਜਣਹਾਰ ਗੁਰੂ ਗੋਬਿੰਦ ਸਿੰਘ ਜੀ ਪ੍ਰਤੀ ਆਪਣਾ ਸਤਿਕਾਰ ਅਤੇ ਸ਼ਰਧਾ ਵਿਖਾਈ ਹੈ ਉੱਥੇ ਪੰਥਕ ਏਕਤਾ ਦਾ ਵੀ ਸਬੂਤ ਦਿੱਤਾ ਹੈ। ਉਨਾਂ ਕਿਹਾ ਕਿ ਖਾਲਸਾ ਆਪਣੇ ਆਪ ਦੇ ਵਿੱਚ ਖੁਦ ਮੁਖਤਿਆਰ ਹੈ ਅਤੇ ਇਸਦੀ ਬ੍ਰਹਿਮੰਡੀ ਸੋਚ ਸਮੁੱਚੀ ਮਨੁੱਖਤਾ ਨੂੰ ਆਪਣੇ ਕਲਾਵੇ ਵਿੱਚ ਲੈਂਦੀ ਹੈ। ਇਸੇ ਲਈ ਵਿਸਾਖੀ ਵਾਲੇ ਦਿਨ ਸੰਗਤਾਂ ਨੇ ਗੁਰਬਾਣੀ ਦਾ ਜਾਪ ਕਰਕੇ ਸਮੁੱਚੀ ਮਾਨਵਤਾ ਦੇ ਭਲੇ ਲਈ ਅਰਦਾਸ ਕੀਤੀ ਹੈ। ਕਮੇਟੀ ਆਗੂਆਂ ਨੇ ਕਿਹਾ ਕਿ ਅਸੀਂ ਧੰਨਵਾਦੀ ਹਾਂ ਦੇਸ਼ ਵਿਦੇਸ਼ ਦੀਆਂ ਸਮੂਹ ਪੰਥਕ ਜਥੇਬੰਦੀਆਂ, ਸਿੱਖ ਸੰਗਤਾਂ, ਨੌਜਵਾਨਾਂ ਅਤੇ ਵਿਸ਼ੇਸ਼ ਤੌਰ ਤੇ ਸਿੱਖ ਬੀਬੀਆਂ ਦਾ ਜਿਨਾਂ ਨੇ ਦਿਨ ਰਾਤ ਮਿਹਨਤ ਨਾਲ ਝੰਡੀਆਂ ਤਿਆਰ ਕਰਕੇ ਕੌਮੀ ਕਾਰਜ ਨੂੰ ਸਫਲ ਕੀਤਾ ਹੈ। ਉਨਾਂ ਕਿਹਾ ਕਿ ਇਸ ਮੁਸ਼ਕਲ ਦੀ ਘੜੀ ਵਿੱਚ ਅਸੀਂ ਕੌਮੀ ਪਿਆਰ ਵੰਡੀਏ ਅਤੇ ਇਸ ਮਹਾਂਮਾਰੀ ਤੋਂ ਪੀੜਤ ਵਿਅਕਤੀਆਂ ਦੀ ਮਦਦ ਕਰੀਏ।

# ਵਿਨੋਦ ਕੁਮਾਰ ਚੁੰਬਰ ਨੂੰ ਸਦਮਾ

**ਫਰੀਮਾਂਟ/ਏ.ਟੀ.ਨਿਊਜ਼** : ਸ੍ਰੀ ਗੁਰੂ ਰਵਿਦਾਸ ਸਭਾ ਬੇ ਏਰੀਆ ਦੇ ਚੇਅਰਮੈਨ ਅਤੇ ਸਮਾਜਿਕ ਸੇਵਾਵਾਂ ਵਿਚ ਅੱਗੇ ਹੋ ਕੇ ਕੰਮ ਕਰਨ ਵਾਲੇ ਵਿਨੋਦ ਕੁਮਾਰ ਚੁੰਬਰ ਤੇ ਚੁੰਬਰ ਪਰਿਵਾਰ ਨੂੰ ਉਸ ਵੇਲੇ ਵੱਡਾ ਸਦਮਾ ਲੱਗਾ ਜਦੋਂ ਉਨਾਂ ਦੇ ਪਿਤਾ ਸ੍ਰੀ ਸਰਵਣ ਦਾਸ (80) ਇਕ ਸੰਖੇਪ ਬਿਮਾਰੀ ਪਿੱਛੋਂ ਜਲੰਧਰ 'ਚ ਆਪਣੀ ਨਿੱਜੀ ਰਿਹਾਇਸ਼ 'ਤੇ ਅਕਾਲ ਚਲਾਣਾ ਕਰ ਗਏ। ਲਾਇਲਪੁਰ (ਪਾਕਿਸਤਾਨ) 'ਚ ਜਨਮੇ ਸ੍ਰੀ ਸਰਵਣ ਦਾਸ ਨੇ ਭਾਰਤੀ ਡਾਕ ਤੇ ਤਾਰ ਵਿਭਾਗ ਵਿਚ ਲੰਮਾ ਸਮਾ ਸੇਵਾ ਕੀਤੀ ਅਤੇ ਉਹ 1997 'ਚ ਇਸ ਵਿਭਾਗ ਵਿੱਚੋਂ ਸੇਵਾ ਮੁਕਤ ਹੋਏ। ਉਨਾਂ ਨੇ ਵੀ ਆਪਣੇ ਪੁੱਤਰਾਂ ਵਾਂਗ ਰਵਿਦਾਸੀਆ ਕੌਮ ਅਤੇ ਹੋਰ ਸਮਾਜਿਕ ਖੇਤਰਾਂ ਵਿਚ ਹਮੇਸ਼ਾ ਅੱਗੇ ਹੋ ਕੇ ਸੇਵਾਵਾਂ ਨਿਭਾਈਆਂ ਅਤੇ ਇਹੀ ਸੇਵਾ ਭਾਵਨਾ ਉਨਾਂ ਨੇ ਆਪਣੇ ਪੁੱਤਰਾਂ ਸੁਰਿੰਦਰਪਾਲ, ਵਿਨੋਦ ਕੁਮਾਰ ਚੁੰਬਰ ਅਤੇ ਹਰੀਸ਼ ਚੰਦਰ ਚੁੰਬਰ ਦਿਆਂ ਮਨਾਂ ਵਿਚ ਵੀ ਪੈਦਾ ਕੀਤੀ।



ਮੌਜੂਦਾ ਹਾਲਾਤਾਂ ਵਿਚ ਸੀਮਤ ਪਰਿਵਾਰਕ ਮੈਂਬਰਾਂ 'ਚ ਉਨਾਂ ਦਾ ਜਲੰਧਰ 'ਚ ਬੀਤੇ ਦਿਨੀਂ ਅੰਤਿਮ ਸਸਕਾਰ ਕਰ ਦਿੱਤਾ ਗਿਆ। ਉਹ ਆਪਣੇ ਪਿੱਛੇ ਪਤਨੀ ਮਹਿੰਦਰ ਕੌਰ, ਤਿੰਨ ਪੁੱਤਰ ਅਤੇ ਦੋਹਤਿਆਂ, ਪੋਤਰਿਆਂ ਵਾਲਾ ਵੱਡਾ ਪਰਿਵਾਰ ਛੱਡ ਗਏ ਹਨ। ਵੱਖ ਵੱਖ ਸਖਸ਼ੀਅਤਾਂ, ਸਮਾਜ ਸੇਵੀ ਜਥੇਬੰਦੀਆਂ ਅਤੇ ਰਵਿਦਾਸੀਆ ਕੌਮ ਦੇ ਨੁਮਾਇੰਦਿਆਂ ਵਲੋਂ ਸ੍ਰੀ ਵਿਨੋਦ ਕੁਮਾਰ ਚੁੰਬਰ ਅਤੇ ਚੁੰਬਰ ਪਰਿਵਾਰ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ 510 953 9800 'ਤੇ ਕਾਲ ਕੀਤੀ ਜਾ ਸਕਦੀ ਹੈ।



# ਕਰੋਨਾ ਮਹਾਂਮਾਰੀ ਬਾਰੇ ਹਿਫਾਜ਼ਤੀ ਹਦਾਇਤਾਂ ਦਾ ਪਾਲਣ ਕਰਦਿਆਂ ਆਪਣੇ ਪ੍ਰਵਾਰਿਕ ਅਤੇ ਸਮਾਜਿਕ ਫਰਜਾਂ ਨੂੰ ਨਾ ਭੁੱਲੀਏ-ਦੁਪਾਲਪੁਰ

**ਨਵਾਂਸ਼ਹਿਰ/ਏ.ਟੀ.ਨਿਊਜ਼:** ਪਦਮ ਸ਼੍ਰੀ ਭਾਈ ਨਿਰਮਲ ਸਿੰਘ ਦੇ ਮ੍ਰਿਤਕ ਸਰੀਰ ਦੀ ਬੇਹੁਰਮਤੀ ਵਾਲੇ ਅਤਿ ਦੁਖਦਾਈ ਵਾਕਿਆ ਤੋਂ ਬਾਅਦ ਆਪਣੇ ਪ੍ਰਵਾਰਿਕ ਜੀਆਂ ਦੀਆਂ ਮ੍ਰਿਤਕ ਦੇਹਾਂ ਦਾ ਖੁਦ ਅੰਤਮ ਸੰਸਕਾਰ ਕਰਨ ਤੋਂ ਇਨਕਾਰੀ ਹੋਣ ਦੀਆਂ ਵਧਦੀਆਂ ਜਾ ਰਹੀਆਂ ਕਲਹਿਣੀਆਂ ਘਟਨਾਵਾਂ ਤੋਂ ਚਿੰਤਤ ਹੁੰਦਿਆਂ ਸਰਦਾਰ ਤਰਲੋਚਨ ਸਿੰਘ ਦੁਪਾਲਪੁਰ ਸਾਬਕਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਬੀਤੇ ਕੱਲ ਆਪਣੇ ਪਿੰਡ ਦੁਪਾਲਪੁਰ ਦੇ ਕੁਝ ਪਤਵੰਤੇ ਸੱਜਣਾਂ ਨਾਲ ਉਚੇਚੇ ਤੌਰ 'ਤੇ ਇਕ ਮੀਟਿੰਗ ਕੀਤੀ ਤਾਂ ਜੋ ਸਮਾਜ ਲਈ ਇਸ ਭੀਹਾਵਲੇ ਮੌਕੇ ਕੋਈ ਯੋਗ ਸੁਝਾਅ ਲੱਭੇ ਜਾ ਸਕਣ।



ਪਿੰਡ ਦੀ ਸਰਕਾਰੀ ਡਿਸਪੈਂਸਰੀ ਲਾਗੇ ਇਕੱਠੇ ਹੋਏ ਚੋਣਵੇਂ ਸੱਜਣਾਂ ਨਾਲ ਗੱਲਬਾਤ ਕਰਦਿਆਂ ਸ੍ਰੀ ਦੁਪਾਲਪੁਰ ਨੇ ਕਿਹਾ ਕਿ ਸਾਨੂੰ ਕਰੋਨਾ ਮਹਾਂਮਾਰੀ ਬਾਰੇ ਸਰਕਾਰ ਅਤੇ ਡਾਕਟਰਾਂ ਵਲੋਂ ਦਿੱਤੀਆਂ ਜਾ ਰਹੀਆਂ ਹਿਫਾਜ਼ਤੀ ਹਦਾਇਤਾਂ ਦਾ ਸਖਤੀ ਨਾਲ ਜਰੂਰ ਪਾਲਣ ਕਰਨਾ ਚਾਹੀਦਾ ਪਰ ਇਸਦੇ ਨਾਲ ਨਾਲ ਅਸੀਂ ਆਪਣੇ ਸਮਾਜਿਕ ਅਤੇ ਪ੍ਰਵਾਰਿਕ ਫਰਜਾਂ ਨੂੰ ਵੀ ਤਿਲਾਂਜਲੀ ਨਾ ਦੇਈਏ। ਉਨਾਂ ਭਰੇ ਮਨ ਨਾਲ ਕਿਹਾ ਕਿ ਜਿਸ ਸਮਾਜ ਵਿੱਚ ਕਿਸੇ ਸੱਤ ਬਿਗਾਨੇ ਦੇ ਬਲਦੇ ਸਿਵੇ ਵਿੱਚ ਤੁਰੇ ਜਾਂਦੇ ਰਾਹੀ ਮੁਸਾਫ਼ਰਾਂ ਵਲੋਂ ਗੋਟਾ ਪਾ ਕੇ ਜਾਣ ਦੀ ਰਵਾਇਤ ਚਲੀ ਆ ਰਹੀ ਹੋਵੇ, ਉੱਥੇ ਅੱਜ ਡਾਕਟਰਾਂ ਵਲੋਂ ਸਪਸ਼ਟ ਦੱਸੇ ਜਾਣ ਦੇ ਬਾਵਜੂਦ ਵੀ ਆਪਣੇ ਸਕੇ ਸਬੰਧੀਆਂ ਦੀਆਂ ਮ੍ਰਿਤਕ ਦੇਹਾਂ ਲੈਣ ਤੋਂ ਇਨਕਾਰ ਕੀਤਾ ਜਾ ਰਿਹਾ ਹੈ ਤਾਂ ਜੋ ਉਨਾਂ ਦਾ ਅੰਤਿਮ ਸੰਸਕਾਰ ਨਾ ਕਰਨਾ ਪਵੇ।

ਇਸ ਮੌਕੇ ਉਨਾਂ ਨਾਲ ਸ਼੍ਰੀ ਤਰਸੇਮ ਸਿੰਘ ਸਰਪੰਚ, ਸ਼੍ਰੀ ਗੁਰਬਚਨ ਸਿੰਘ ਮੈਂਬਰ ਬਲਾਕ ਸੰਮਤੀ ਨਵਾਂ ਸ਼ਹਿਰ, ਭਾਈ ਕ੍ਰਿਪਾਲ ਸਿੰਘ ਪ੍ਰਧਾਨ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਦੁਪਾਲਪੁਰ, ਕੈਪਟਨ(ਸੇਵਾ-ਮੁਕਤ) ਸਤਨਾਮ ਸਿੰਘ ਪ੍ਰਧਾਨ ਸੈਣੀ ਸਭਾ ਜਿਲਾ ਨਵਾਂ ਸ਼ਹਿਰ ਅਤੇ ਸਮਾਜ ਸੇਵਕ ਭਾਈ ਦਿਲਬਾਗ ਸਿੰਘ ਜੰਮੂ ਵੀ ਹਾਜਰ ਸਨ।ਮੀਟਿੰਗ ਵਿਚ ਇਹ ਤਜਵੀਜ਼ ਵੀ ਆਈ ਕਿ ਪਿੰਡ ਦੁਪਾਲ ਪੁਰ ਦੇ ਇਕੋ ਇੱਕ ਸਾਂਝੇ ਸ਼ਮਸ਼ਾਨ ਘਾਟ ਨੂੰ ਅਜਿਹੀਆਂ ਮ੍ਰਿਤਕ ਦੇਹਾਂ ਦੇ ਅੰਤਿਮ ਸੰਸਕਾਰ ਕਰਨ ਲਈ ਅਧਿਕਾਰੀਆਂ ਨਾਲ ਗੱਲਬਾਤ ਕੀਤੀ ਜਾਵੇ। ਜਿਸ ਬਾਰੇ ਸਰਪੰਚ ਤਰਸੇਮ ਸਿੰਘ ਨੇ ਕਿਹਾ ਕਿ ਉਹ ਜਲਦੀ ਹੀ ਪੰਚਾਇਤ ਮੈਂਬਰਾਂ ਨਾਲ ਇਸ ਵਿਸ਼ੇ 'ਤੇ ਸਲਾਹ ਮਸ਼ਵਰਾ ਕਰਨਗੇ। ਪਿੰਡ ਵਿਚ ਸਮੇਂ ਸਮੇਂ ਲਾਊਡ ਸਪੀਕਰ 'ਤੇ ਜਰੂਰੀ ਹਦਾਇਤਾਂ ਦੀ ਅਨਾਊਂਸਮੈਂਟ ਕਰਨ ਦੀ ਸੇਵਾ ਨਿਭਾਉਣ ਵਾਲੇ ਕੈਪਟਨ ਸਤਨਾਮ ਸਿੰਘ ਦੀ ਸ਼ਲਾਘਾ ਕਰਦਿਆਂ ਉਨਾਂ ਨੂੰ ਬੇਨਤੀ ਕੀਤੀ ਗਈ ਕਿ ਉਹ ਲੋਕਾਂ ਨੂੰ ਸਮਾਜਿਕ ਅਤੇ ਪ੍ਰਵਾਰਿਕ ਫਰਜਾਂ ਪ੍ਰਤੀ ਵੀ ਜਾਗਰੂਕ ਕਰਦੇ ਰਹਿਣ। ਇਸ ਮੌਕੇ ਕਰੋਨਾ ਕਾਰਨ ਪਿੰਡ ਵਿਚ ਲਾਏ ਜਾ ਰਹੇ ਨਾਕਿਆਂ ਅਤੇ ਹੋਰ ਪ੍ਰਬੰਧਾਂ ਦੀ ਗੰਭੀਰਤਾ ਨਾਲ ਸਮੀਖਿਆ ਵੀ ਕੀਤੀ ਗਈ।

# ਅਮਰੀਕਾ ਵਿਚ ਕੋਰੋਨਾਵਾਇਰਸ ਨਾਲ ਮੌਤਾਂ ਦੀ ਗਿਣਤੀ 23644 ਹੋਈ

## 587155 ਪੀੜਤ ਮੌਤਾਂ ਦੀ ਰਫ਼ਤਾਰ ਘਟਣ ਨਾਲ ਆਸ ਦੀ ਕਿਰਨ ਨਜ਼ਰ ਆਈ ਅਰਥ ਵਿਵਸਥਾ ਮੁੜ ਖੋਲਣ ਬਾਰੇ ਵਿਵਾਦ

**ਕੈਲੀਫੋਰਨੀਆ/ਹੁਸਨ ਲੜੋਆ ਬੰਗਾ:** ਅਮਰੀਕਾ ਵਿਚ ਕੋਰੋਨਾਵਾਇਰਸ ਨਾਲ ਮਰਨ ਵਾਲਿਆਂ ਦੀ ਗਿਣਤੀ 23644 ਹੋ ਗਈ ਹੈ ਜਦ ਕਿ ਪੀੜਤਾਂ ਦੀ ਗਿਣਤੀ ਵਿਚ ਵੀ ਨਿਰੰਤਰ ਵਾਧਾ ਹੋ ਰਿਹਾ ਹੈ। ਪੀੜਤਾਂ ਦੀ ਗਿਣਤੀ ਵਧਕੇ 587155 ਹੋ ਗਈ ਹੈ। 12772 ਵਿਅਕਤੀ ਗੰਭੀਰ ਹਨ ਜਾਂ ਅੱਤ ਗੰਭੀਰ ਹਾਲਤ ਵਿਚ ਹਨ। 36 ਹਜਾਰ ਤੋਂ ਵਧ ਕੋਰੋਨਾਪੀੜਤ ਠੀਕ ਹੋ ਕੇ ਘਰਾਂ ਨੂੰ ਪਰਤ ਗਏ ਹਨ। ਇਸ ਦੌਰਾਨ ਨਿਊਯਾਰਕ ਜਿਥੇ ਕਿ ਦੇਸ਼ ਦੀਆਂ ਕੁਲ ਮੌਤਾਂ ਵਿਚੋਂ ਤਕਰੀਬਨ ਅੱਧੀਆਂ ਮੌਤਾਂ ਹੋਈਆਂ ਹਨ, ਦੇ ਗਵਰਨਰ ਐਂਡਰੀਊ ਕੋਮੋ ਨੇ ਐਲਾਨ ਕੀਤਾ ਹੈ ਕਿ 'ਮਾੜਾ ਸਮਾਂ ਖਤਮ' ਹੋ ਗਿਆ ਹੈ ਪਰ ਇਸ ਦੇ ਨਾਲ ਹੀ ਉਨਾਂ ਨੇ ਕੋਰੋਨਾਵਾਇਰਸ ਨੂੰ ਫੈਲਣ ਤੋਂ ਰੋਕਣ ਲਈ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨ ਉਪਰ ਜੋਰ ਦਿੱਤਾ ਹੈ। ਪਿਛਲੇ ਕੁਝ ਦਿਨਾਂ ਦੌਰਾਨ ਮੌਤਾਂ ਦੀ ਗਿਣਤੀ ਘਟੀ ਹੈ ਤੇ ਜੇਕਰ ਇਹ ਹੀ ਰੁਝਾਨ ਜਾਰੀ ਰਹਿੰਦਾ ਹੈ ਤਾਂ ਅੱਤ ਮਾੜਾ ਸਮਾਂ ਛੇਤੀ ਖਤਮ ਹੋ ਸਕਦਾ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਅਰਥ ਵਿਵਸਥਾ ਜਿੰਨੀ ਛੇਤੀ ਸੰਭਵ ਹੋ ਸਕੇ ਖੋਲਣਾ ਚਹੁੰਦੇ ਹਨ। ਇਸ ਮਕਸਦ ਲਈ ਉਨਾਂ ਨੇ ਟਾਸਕ ਫੋਰਸ ਦਾ ਗਠਨ ਕਰ ਦਿੱਤਾ ਹੈ। ਬਟਲਰ ਯੁਨੀਵਰਸਿਟੀ'ਜ਼ ਕਾਲਜ ਆਫ ਫਾਰਮੇਸੀ ਐਂਡ ਹੈਲਥ ਸਾਇੰਸ ਦੇ ਮਾਹਿਰ ਓਗਬੋਨਾਇਆ ਮੋਨੇਕਾ ਨੇ ਕਿਹਾ ਹੈ ਕਿ ਦੇਸ਼ ਨੂੰ ਖੋਲਣ ਲਈ ਪੜਾਅ-ਦਰ-ਪੜਾਅ ਪਹੁੰਚ ਅਪਣਾਉਣ ਦੀ ਲੋੜ ਹੈ।

ਨਰਸਿੰਗ ਕੇਂਦਰਾਂ ਵਿਚ ਸਥਿੱਤੀ ਮਾੜੀ- ਨਰਸਿੰਗ ਘਰਾਂ ਨੂੰ ਕੋਰੋਨਾਵਾਇਰਸ ਨੇ ਬਹੁਤ ਬੁਰੀ ਤਰਾਂ ਪ੍ਰਭਾਵਿਤ ਕੀਤਾ ਹੈ। ਹਾਲਾਂ ਕਿ ਸੰਘੀ ਸਰਕਾਰ ਸਭ ਕੁਝ ਠੀਕ ਹੋਣ ਦੀਆਂ ਸੰਭਾਵਨਾਵਾਂ ਦਾ ਪ੍ਰਗਟਾਵਾ ਕਰ ਰਹੀ ਹੈ। 37 ਰਾਜਾਂ ਦੇ 2300 ਸਿਹਤ ਸੰਭਾਲ ਕੇਂਦਰਾਂ ਵਿਚ ਪੌਜ਼ਟਿਵ ਮਾਮਲੇ ਪਾਏ ਹਨ ਜਦ ਕਿ 3000 ਮੌਤਾਂ ਹੋ ਚੁੱਕੀਆਂ ਹਨ। ਮਾਰਚ ਦੇ ਆਖਿਰ ਵਿਚ ਸੈਂਟਰ ਫਾਰ ਡਸੀਜ਼ ਕੰਟਰੋਲ ਐਂਡ ਪ੍ਰੀਵੈਨਸ਼ਨ (ਸੀ.ਡੀ.ਸੀ) ਨੇ ਇਕ ਰਿਪੋਰਟ ਵਿਚ ਕਿਹਾ ਸੀ ਕਿ 400 ਸਿਹਤ ਸੰਭਾਲ ਕੇਂਦਰਾਂ ਵਿਚ ਕੋਰੋਨਾਵਾਇਰਸ ਦੇ ਮਾਮਲੇ ਪੌਜ਼ਟਿਵ ਪਾਏ ਗਏ ਹਨ। ਸੀ.ਡੀ.ਸੀ ਅਨੁਸਾਰ ਦੇਸ਼ ਦੇ 15600 ਨਰਸਿੰਗ ਘਰਾਂ ਵਿਚ ਤਕਰੀਬਨ 13 ਲੱਖ ਲੋਕ ਰਹਿੰਦੇ ਹਨ। ਇਨਾਂ ਨਰਸਿੰਗ ਘਰਾਂ ਵਿਚ ਕੋਰੋਨਾਵਾਇਰਸ ਫੈਲਣ ਤੋਂ ਪਹਿਲਾਂ ਵੀ ਇਨਫੈਕਸ਼ਨ ਦੀ ਸਮੱਸਿਆ ਨਾਲ ਨਜਿੱਠਣਾ ਪਿਆ ਹੈ।

ਅਰਥਵਿਵਸਥਾ ਖੋਲਣ ਦੇ ਫੈਸਲੇ 'ਤੇ ਵਿਵਾਦ- ਅਰਥਵਿਵਸਥਾ ਰਾਸ਼ਟਰਪਤੀ ਟਰੰਪ ਖੋਲਣਗੇ ਜਾਂ ਰਾਜਾਂ ਦੇ ਗਵਰਨਰ, ਇਸ ਮੁੱਦੇ ਨੂੰ ਲੈ ਕੇ ਚਰਚਾ ਨੇ ਜੋਰ ਫੜ ਲਿਆ ਹੈ। ਵਾਈਟ ਹਾਊਸ ਵਿਖੇ ਪ੍ਰੈਸ ਨਾਲ ਗੱਲਬਾਤ ਦੌਰਾਨ ਟਰੰਪ ਨੇ ਕਿਹਾ ਕਿ ਕਾਨੂੰਨੀ ਮਾਹਿਰਾਂ ਦਾ ਵਿਚਾਰ ਹੈ ਕਿ ਪਾਬੰਦੀਆਂ ਹਟਾਉਣ ਦਾ ਹੁਕਮ ਰਾਜਾਂ ਦੇ ਗਵਰਨਰ ਹੀ ਜਾਰੀ ਕਰ ਸਕਦੇ ਹਨ ਜਿਨਾਂ ਨੇ ਇਨਾਂ ਨੂੰ ਲਾਗੂ ਕੀਤਾ ਹੈ। ਇਸ ਦੇ ਨਾਲ ਹੀ ਉਨਾਂ ਕਿਹਾ ਕਿ ਰਾਸ਼ਟਰਪਤੀ ਮੁਕੰਮਲ ਅਥਾਰਿਟੀ ਹੁੰਦਾ ਹੈ ਫਿਰ ਵੀ ਉਹ ਗਵਰਨਰਾਂ ਨਾਲ ਮਿਲਕੇ ਇਸ ਸਬੰਧੀ ਫੈਸਲਾ ਲੈਣ ਦੇ ਸਮਰਥ ਹਨ।

A-ONE EXPRESS

ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- Excellent Payment
- Easy Aboard ELD Logbook



ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ

MC NO. # 464630

3096 Farrar Ave Modesto, CA 95354

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

# ਹਰਪ੍ਰੀਤ ਸਿੰਘ ਨੇ ਆਪਣੇ ਸਾਥੀਆਂ ਨਾਲ ਕੋਰੋਨਾ ਵਾਇਰਸ ਤੋਂ ਆਪਣਾ ਪਿੰਡ ਪਠਲਾਵਾ ਬਚਾਇਆ

**ਜਲੰਧਰ/ਬਲਵਿੰਦਰਪਾਲ ਸਿੰਘ:** ਨਵਾਂ ਸ਼ਹਿਰ ਦਾ ਪਿੰਡ ਪਠਲਾਵਾ ਦੇ ਪੰਜ ਨੌਜਵਾਨਾਂ ਹਰਪ੍ਰੀਤ ਸਿੰਘ, ਅਮਰਪ੍ਰੀਤ ਲਾਡੀ ਤੇ ਜਸਪਾਲ ਸਿੰਘ ਆਦਿ ਨੇ ਕੋਰੋਨਾ ਵਾਇਰਸ ਦੇ ਸੰਕਟ ਤੋਂ ਬਚਾਉਣ ਦੇ ਲਈ ਆਪਣੀ ਇੱਕ ਟੀਮ ਬਣਾਈ ਹੈ। ਇਨਾਂ ਨੌਜਵਾਨਾਂ ਨੇ ਐਲਾਨ ਕੀਤਾ ਹੈ ਕਿ ਪੰਜਾਬ ਵਿਚ ਕਿਧਰੇ ਵੀ ਕਰੋਨਾਵਾਇਰਸ ਦੇ ਮਰੀਜ਼ਾਂ ਦੀ ਦੇਖਭਾਲ ਅਤੇ ਦਵਾਈ ਆਦਿ ਦੀ ਕੋਈ ਦਿੱਕਤ ਪੇਸ਼ ਆਉਂਦੀ ਹੈ ਤਾਂ ਉਨਾਂ ਦੀ ਟੀਮ ਮਰੀਜ਼ ਦੀ ਸੇਵਾ ਵਿੱਚ ਹਾਜ਼ਰ ਹੋਵੇਗੀ। ਇਸੇ ਤਰਾਂ ਸਸਕਾਰ 'ਚ ਕੋਈ ਅੜਿੱਕਾ ਪੈਂਦਾ ਹੈ ਤਾਂ ਸਰਕਾਰੀ ਪ੍ਰਵਾਨਗੀ ਮਗਰੋਂ ਉਹ ਮ੍ਰਿਤਕ ਦਾ ਖੁਦ ਸਸਕਾਰ ਕਰਨਗੇ। ਇਹ ਪਿੰਡ ਭਗਵੇ ਚੈਨਲਾਂ ਦੀ ਨਫਰਤ ਦਾ ਸ਼ਿਕਾਰ ਹੋਇਆ ਸੀ। ਨਵਾਂਸ਼ਹਿਰ ਜ਼ਿਲੇ ਦਾ ਪਿੰਡ ਪਠਲਾਵਾ ਪਲ-ਪਲ ਮਰ ਰਿਹਾ ਸੀ। ਇੱਥੇ ਲੋਕਾਂ ਦੀ ਬਾਂਹ ਫੜਨ ਵਾਲਾ ਕੋਈ ਨਹੀਂ ਹੈ। ਪੰਜਾਬ ਦਾ ਪਹਿਲਾ ਮਰੀਜ਼ ਗਿਆਨੀ ਬਲਦੇਵ ਸਿੰਘ ਇਸੇ ਪਿੰਡ ਦਾ ਸੀ, ਜਿਸ ਦੀ 18 ਮਾਰਚ ਨੂੰ ਮੌਤ ਹੋਈ ਹੈ। ਉਸ ਮਗਰੋਂ ਪਿੰਡ ਪਠਲਾਵਾ ਬੇਦਖ਼ਲੀ ਦੀ ਜ਼ਿੰਦਗੀ ਭੋਗਣ ਲੱਗਾ ਹੈ। ਵੇਰਵਿਆਂ ਅਨੁਸਾਰ ਬਲਦੇਵ ਸਿੰਘ ਤੋਂ ਕਰੋਨਾ ਦੀ ਲਾਗ ਦਾ ਪਸਾਰਾ ਹੋਇਆ ਤੇ ਡੇਢ ਦਰਜਨ ਪਾਜ਼ੇਟਿਵ ਕੇਸ ਨਿਕਲੇ ਹਨ। ਪਠਲਾਵਾ ਵਿਚ ਜਿਉਂ ਹੀ ਕਰੋਨਾ ਨਾਲ ਸੂਬੇ ਦੀ ਪਹਿਲੀ ਮੌਤ ਅਤੇ 17 ਕੇਸ ਪਾਜ਼ੇਟਿਵ ਨਿਕਲਣ ਦਾ ਸੁਨੇਹਾ ਆਇਆ ਤਾਂ ਪਿੰਡ ਦੀਆਂ ਗਲੀਆਂ ਵਿਚ ਸੁੰਨ ਪੱਸਰ ਗਈ। ਕਰੋਨਾ ਦੇ ਡਰ ਨੇ ਪਿੰਡ ਦੇ ਸਾਰੇ ਘਰਾਂ ਦੇ ਬੂਹੇ ਬੰਦ ਕਰਾ ਦਿੱਤੇ। ਉਸ ਵੇਲੇ ਸਭ ਤੋਂ ਪਹਿਲਾਂ ਸਹਿਯੋਗ ਦਾ ਹੱਥ ਵਧਾਉਣ ਵਾਲਿਆਂ ਵਿਚ ਹਰਪ੍ਰੀਤ ਸਿੰਘ ਵੀ ਸ਼ਾਮਲ ਸੀ। ਉਹ ਦੱਸਦਾ ਹੈ ਕਿ ਇਸ ਆਫ਼ਤ ਦੀ ਘੜੀ ਵਿਚ ਪਿੰਡ ਵਾਸੀਆਂ ਦਾ ਹੌਸਲਾ ਬੰਨਣ, ਪੀੜਤਾਂ



ਦੇ ਪਰਿਵਾਰਕ ਮੈਂਬਰਾਂ ਦਾ ਧਿਆਨ ਰੱਖਣ, ਲੋੜਵੰਦਾਂ ਲਈ ਰਾਸ਼ਨ ਪਾਣੀ ਦਾ ਪ੍ਰਬੰਧ ਕਰਨ ਤੇ ਪ੍ਰਸ਼ਾਸਨ ਵਲੋਂ ਪਿੰਡ ਲਈ ਮਿਲਣ ਵਾਲੀਆਂ ਸਹੂਲਤਾਂ ਨੂੰ ਯਕੀਨੀ ਬਣਾਉਣ ਆਦਿ ਪੱਖਾਂ ਲਈ ਪਹਿਲ ਦੇ ਆਧਾਰ 'ਤੇ ਕੰਮ ਕੀਤਾ ਗਿਆ। ਹੁਣ ਵੀ ਜਦੋਂ ਉਹ ਸਵੇਰੇ ਆਪਣੇ ਪਰਿਵਾਰ ਨੂੰ ਫਤਹਿ ਬੁਲਾ ਕੇ ਘਰੋਂ ਤੁਰਦਾ ਹੈ ਤਾਂ ਪਿੰਡ ਲਈ ਕੰਮ ਕਰਨ ਤੋਂ ਬਾਅਦ ਵਾਪਸੀ ਤੱਕ ਰਾਤ ਪੈ ਜਾਂਦੀ ਹੈ। ਹਰਪ੍ਰੀਤ ਸਿੰਘ ਦੇ ਸਾਥੀਆਂ ਵਿਚ ਅਮਰਪ੍ਰੀਤ ਸਿੰਘ ਲਾਲੀ, ਪੰਚ ਦਿਲਾਵਰ ਸਿੰਘ, ਧਰਮਿੰਦਰ ਸਿੰਘ, ਸਰਬਜੀਤ ਸਿੰਘ ਸ਼ਾਮਲ ਹਨ। ਇਸ ਟੀਮ ਨੇ ਪਿੰਡ ਦੇ ਸਾਰੇ ਪਾਸੇ ਸੈਨੇਟਾਈਜ਼ਰ ਛਿੜਕਾਇਆ ਅਤੇ ਮਾਸਕਾਂ ਦਾ ਪ੍ਰਬੰਧ ਕਰਵਾਇਆ। ਹਰਪ੍ਰੀਤ ਸਿੰਘ ਨੇ ਕਿਹਾ ਕਿ ਪਿੰਡ ਲਈ ਜੇ ਉਸ ਦੀ ਜਾਨ ਵੀ ਚਲੀ ਜਾਵੇ ਤਾਂ ਕੋਈ ਪ੍ਰਵਾਹ ਨਹੀਂ। ਪਠਲਾਵਾ ਦਾ ਨੌਜਵਾਨ ਹਰਪ੍ਰੀਤ ਸਿੰਘ ਦੱਸਦਾ ਹੈ ਕਿ ਕਰੋਨਾ ਮਰੀਜ਼ ਦੀ ਮੌਤ ਮਗਰੋਂ ਸਰਕਾਰ ਨੇ ਮਾਸਕ ਅਤੇ ਸੈਨੇਟਾਈਜ਼ਰ ਤੱਕ ਪਿੰਡ 'ਚ ਨਹੀਂ ਭੇਜੇ। ਪਿੰਡ ਦੀ ਏਕਨੂਰ ਸਮਾਜ ਭਲਾਈ ਸੰਸਥਾ ਨੇ ਇੱਕ ਲੱਖ ਰੁਪਏ ਖ਼ਰਚ ਕਰਕੇ ਚਾਰ ਹਜ਼ਾਰ ਮਾਸਕ ਅਤੇ ਅੱਠ ਪੇਟੀਆਂ ਸੈਨੇਟਾਈਜ਼ਰ ਖੁਦ ਖਰੀਦ ਕੇ ਘਰ-ਘਰ ਵੰਡੇ ਹਨ। ਇੱਥੋਂ ਤੱਕ ਕਿ ਘਰੋਂ-ਘਰੀਂ ਜਾ ਕੇ ਸਰਵੇ ਕਰਨ ਵਾਲੇ ਮੁਲਾਜ਼ਮਾਂ ਨੂੰ ਵੀ ਪਿੰਡ ਤਰਫ਼ੋਂ ਮਾਸਕ ਮੁਹੱਈਆ ਕਰਾਏ ਗਏ। ਹਰਪ੍ਰੀਤ ਨੇ ਕਿਹਾ ਕਿ ਪ੍ਰਸ਼ਾਸਨ ਨੇ ਕੀਟਾਣੂ ਮੁਕਤ ਕਰਨ ਵਾਲੀ 30 ਲੀਟਰ ਦਵਾਈ ਭੇਜੀ ਸੀ ਜਿਸ ਦਾ ਪਿੰਡ ਦੇ ਨੌਜਵਾਨਾਂ ਨੇ ਖੁਦ ਹੀ ਛਿੜਕਾਅ ਕੀਤਾ।

ਸੰਤ ਬਾਬਾ ਘਣੱਈਆ ਸਪੋਰਟਸ ਐਂਡ ਵੈਲਫੇਅਰ ਕਲੱਬ ਦੇ ਪ੍ਰਧਾਨ ਸੰਦੀਪ ਸਿੰਘ ਨੇ ਦੱਸਿਆ ਕਿ ਪਿੰਡ ਦਾ ਚੈਰੀਟੇਬਲ ਹਸਪਤਾਲ ਪ੍ਰਸ਼ਾਸਨ ਨੇ ਬੰਦ ਕਰਾ ਦਿੱਤਾ। ਦਵਾਈਆਂ ਵੀ ਕਲੱਬ ਸ਼ਹਿਰ ਤੋਂ ਖਰੀਦ ਕੇ ਲਿਆ ਰਿਹਾ ਹੈ। ਪ੍ਰਧਾਨ ਨੇ ਦੱਸਿਆ ਕਿ ਕਰੋਨਾ ਦੇ ਨਮੂਨੇ ਲੈਣ ਲਈ ਡਾਕਟਰੀ ਟੀਮਾਂ ਜ਼ਰੂਰ ਆਈਆਂ ਪ੍ਰੰਤੂ ਆਮ ਇਲਾਜ ਵਾਸਤੇ ਜੋ ਐਂਬੂਲੈਂਸ ਤੇ ਡਾਕਟਰ ਭੇਜੇ ਗਏ ਸਨ, ਉਹ ਪਿੰਡੋਂ ਬਾਹਰ ਰੁਕ ਜਾਂਦੇ ਸਨ। ਹੁਣ ਜਦੋਂ ਰਿਪੋਰਟਾਂ ਨੈਗੇਟਿਵ ਆਈਆਂ ਤਾਂ ਡਾਕਟਰ ਪਿੰਡ ਵਿਚ ਆਉਣ ਲੱਗ ਪਏ ਹਨ। ਉਨਾਂ ਆਖਿਆ ਕਿ ਸਰਕਾਰ ਨੇ ਬਣਦਾ ਰੋਲ ਨਹੀਂ ਨਿਭਾਇਆ। ਤੁਹਾਨੂੰ ਯਾਦ ਕਰਾ ਦੇਈਏ ਇਸ ਪਿੰਡ ਨੂੰ ਬਦਨਾਮ ਕਰਨ ਵਾਲਾ ਕੈਟ ਗਾਇਕ ਸਿੱਧੂ ਮੂਸੇ ਵਾਲੇ ਸੀ। ਸ਼ੋਸ਼ਲ ਮੀਡੀਆ ਵਿਚ ਵੀ ਕੁਝ ਲੋਕਾਂ ਨੂੰ ਨਫਰਤੀ ਪ੍ਰਚਾਰ ਦਾ ਵਾਇਰਸ ਚੰਬੜ ਗਿਆ ਸੀ। ਮਹਾਨ ਹਨ ਇਹ ਗੁਰੂ ਦੇ ਸਿਖ ਜਿਹਨਾਂ ਨੇ ਨਫਰਤ ਵਾਇਰਸਾਂ ਦਾ ਟਾਕਰਾ ਕਰਨ ਲਈ ਸਰਬੱਤ ਦੇ ਭਲੇ ਦੀਆਂ ਮਿਜਾਈਲਾਂ ਚੁਕ ਲਈਆਂ ਹਨ। ਸ਼ੋਸ਼ਲ ਮੀਡੀਆ ਦੀ ਠੀਕ ਵਰਤੋਂ ਕਰੋ ਭੜਕਾਹਟ ਵਿਚ ਨਾ ਆਵੋ। ਨਫਰਤਾਂ ਦਾ ਟਾਕਰਾ ਨਫਰਤਾਂ ਨਾਲ ਨਹੀਂ ਕੀਤਾ ਜਾ ਸਕਦਾ। ਇਹ ਮੁਕਾਬਲਾ ਸਾਂਝੀਵਾਲਤਾ ਤੇ ਸਰਬਤ ਦੇ ਭਲੇ ਗੁਰੂ ਦੇ ਬਖਸ਼ੇ ਤੀਰਾਂ ਨਾਲ ਲੈਸ ਹੋ ਕੇ ਹੋ ਸਕਦਾ ਹੈ।

# ਕੋਰੋਨਾ ਤੋਂ ਬਚਣ ਲਈ ਦਰੱਖਤ ਉੱਤੇ ਬਣਾ ਲਿਆ ਘਰ



**ਹਾਪੁੜ/ਏ.ਟੀ.ਨਿਊਜ਼ :** ਉੱਤਰ ਪ੍ਰਦੇਸ਼ ਦੇ ਇੱਕ ਨੌਜਵਾਨ ਨੇ ਕੋਰੋਨਾ ਲੌਕਡਾਊਨ ਨੂੰ ਗੰਭੀਰਤਾ ਨਾਲ ਲੈਂਦਿਆਂ ਸਮਾਜਕ ਦੂਰੀਆਂ ਦਾ ਪਾਲਣ ਕੀਤਾ ਅਤੇ ਦਰੱਖਤ 'ਤੇ ਆਪਣਾ ਘਰ ਬਣਾ ਲਿਆ।

ਉੱਤਰ ਪ੍ਰਦੇਸ਼ ਦੇ ਹਾਪੁੜ ਵਿਚ ਜ਼ਿਲਾ ਬਾਰ ਦੇ ਇੱਕ ਵਕੀਲ ਮੁਕੁਲ ਤਿਆਗੀ ਨੇ ਕੋਰੋਨਾ ਦੀ ਲਾਗ ਤੋਂ ਬਚਣ ਲਈ ਜੰਗਲ ਵਿਚ ਆਪਣਾ ਘਰ ਬਣਾਇਆ ਹੈ। ਇੱਥੇ ਮੁਕੁਲ ਖਾਣਾ-ਪੀਣਾ, ਰਹਿਣਾ ਅਤੇ ਧਾਰਮਿਕ ਕਿਤਾਬਾਂ ਪੜ ਕੇ ਲੌਕਡਾਊਨ ਦੀ ਪਾਲਣਾ ਕਰ ਰਹੇ ਹਨ। ਮੁਕੁਲ ਤਿਆਗੀ ਅਤੇ ਉਸ ਦਾ ਬੇਟਾ ਕੋਰੋਨਾ ਦੀ ਲਾਗ ਤੋਂ ਬਚਣ ਲਈ ਦਰੱਖਤ 'ਤੇ ਆਪਣਾ ਘਰ ਬਣਾ ਕੇ ਰਹਿ ਰਹੇ ਹਨ। ਟ੍ਰੀ ਹਾਊਸ ਵਿਚ ਰਹਿ ਕੇ ਮੁਕੁਲ ਤਿਆਗੀ ਨੂੰ ਏਅਰ-ਕੰਡੀਸ਼ਨਡ ਹਵਾ ਮਿਲ ਰਹੀ ਹੈ ਅਤੇ ਨਾਲ ਹੀ ਉੱਥੇ ਹੀ ਸੌਂਦੇ ਵੀ ਹਨ। ਮੁਕੁਲ ਤਿਆਗੀ ਨੇ ਦੱਸਿਆ, "ਡਾਕਟਰਾਂ ਨੇ ਕਿਹਾ ਹੈ ਕਿ ਸਮਾਜਿਕ ਦੂਰੀ ਇਸ ਮਹਾਂਮਾਰੀ ਨੂੰ ਰੋਕਣ ਦਾ ਇੱਕੋ-ਇੱਕ ਰਸਤਾ ਹੈ। ਇਸੇ ਲਈ ਮੈਂ ਇਕਾਂਤ ਵਿੱਚ ਰਹਿਣ ਦਾ ਫ਼ੈਸਲਾ ਕੀਤਾ ਹੈ ਅਤੇ ਮੈਂ ਇਸ ਦਾ ਅਨੰਦ ਲੈ ਰਿਹਾ ਹਾਂ।"

ਮੁਕੁਲ ਤਿਆਗੀ ਨੇ ਕਿਹਾ, "ਮੈਨੂੰ ਇੱਥੇ ਕੋਈ ਸਮੱਸਿਆ ਨਹੀਂ ਹੈ। ਇੱਥੇ ਮੈਂ ਆਪਣੇ ਆਪ ਨੂੰ ਕੁਦਰਤ ਦੇ ਬਹੁਤ ਨੇੜੇ ਪਾ ਰਿਹਾ ਹਾਂ। ਮੈਂ ਰੁੱਖ ਉੱਤੇ ਬਣੇ ਘਰ ਤਕ ਪਹੁੰਚਣ ਲਈ ਇੱਕ ਪੌੜੀ ਰੱਖੀ ਹੈ, ਜਿਸ ਰਾਹੀਂ ਮੈਂ ਆਸਾਨੀ ਨਾਲ ਰੁੱਖ 'ਤੇ ਬਣੇ ਘਰ ਤਕ ਪਹੁੰਚ ਸਕਦਾ ਹਾਂ ਅਤੇ ਆਰਾਮ ਨਾਲ ਰਹਿੰਦਾ ਹਾਂ।" ਦੱਸ ਦਈਏ ਕਿ ਪਿੰਡ ਅਸੌੜਾ ਦੇ ਰਹਿਣ ਵਾਲੇ ਮੁਕੁਲ ਤਿਆਗੀ ਹਾਪੁੜ ਵਿੱਚ ਜ਼ਿਲਾ ਬਾਰ ਦੇ ਵਕੀਲ ਹਨ ਅਤੇ ਇਨੀਂ ਦਿਨੀਂ ਕੋਰਟ-ਕਚਿਹਰੀ ਵੀ ਬੰਦ ਹੈ।


ALL STATE INSURANCE

Allstate You're in good hands.

ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ

AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

When tired of all treatments for any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568



GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸੰਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਈਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!



Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834


Sir Speedy Tustin
Printers to the Community
SUBWAY eat fresh.
OPEN 24 HOURS
DRY CLEANER
LIQUOR
PIZZA
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
ਬਾਲਟੀਮੋਰ ਸਿੱਖ ਸੁਸਾਇਟੀ
Baltimore Sikh Society Inc.
Receipt Books
Customized with your information and design. 2 part carbonless with numbering and perforation.
Call for Price
Love
Cartier
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
ELEVEN
OPEN 24 HOURS
OPEN HOUSE!
Welcome
Century 21
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Product
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

# ਮੋਦੀ ਸਰਕਾਰ ਆਮ ਲੋਕਾਂ ਦੀ ਥਾਂ ਅਡਾਨੀ-ਅੰਬਾਨੀ ਕੋਲ ਦਾਨ ਕਿਉਂ ਨਹੀਂ ਮੰਗਦੀ

**ਜਲੰਧਰ/ਪਾਵੇਲ:** ਕੇਂਦਰ ਅਤੇ ਸੂਬਾ ਸਰਕਾਰਾਂ ਵੱਲੋਂ ਕਰੋਨਾ ਨੂੰ ਮਹਾਂਮਾਰੀ ਐਲਾਨੇ ਜਾਣ ਤੋਂ ਬਾਅਦ ਇਸ ਮਹਾਂਮਾਰੀ ਨਾਲ ਨਜਿੱਠਣ ਲਈ ਸਰਕਾਰਾਂ ਲੋਕਾਂ ਤੋਂ ਫੰਡ ਮੰਗ ਰਹੀਆਂ ਹਨ। ਲੋਕਾਂ ਦਾ ਲੱਖਾਂ ਕਰੋੜ ਨੱਪੀ ਬੈਠੇ ਅਡਾਨੀ ਵਰਗੇ ਸਰਮਾਏਦਾਰਾਂ ਤੋਂ ਲੈ ਫਿਲਮੀ ਸਿਤਾਰੇ ਵੀ ਇੱਕ ਦੂਜੇ ਤੋਂ ਮੂਹਰੇ ਹੋ ਕੇ ਦਾਨ ਦੇ ਰਹੇ ਹਨ। ਇਹਨਾਂ "ਦਾਨੀ ਸੱਜਣਾਂ" ਵੱਲੋਂ ਸਰਕਾਰਾਂ ਨੂੰ "ਦਾਨ" ਦਿੰਦਿਆਂ ਵੇਖ ਕੁਝ ਭੋਲ਼ੇ ਲੋਕਾਂ ਦਾ ਵੀ ਮੋਦੀ ਖੱਟਰ ਵਰਗਿਆਂ ਦੀਆਂ ਅਪੀਲਾਂ ਨਾਲ ਦਿਲ ਝੰਜੋੜਿਆ ਗਿਆ ਹੈ ਅਤੇ ਹੁਣ ਇਹ ਵੀ ਕੇਂਦਰ ਅਤੇ ਸੂਬਾ ਸਰਕਾਰਾਂ ਨੂੰ ਫੰਡ ਦੇ ਰਹੇ ਹਨ।

ਪਹਿਲੀ ਗੱਲ ਤਾਂ ਇਹ ਹੈ ਕਿ ਕੇਂਦਰ ਤੇ ਸੂਬਾ ਸਰਕਾਰਾਂ ਜੇਕਰ ਲੋਕਾਂ ਦੀ ਮਦਦ ਕਰਨੀਆਂ ਚਾਹੁੰਦੀਆਂ ਹਨ ਤਾਂ ਉਹਨਾਂ ਨੂੰ ਫ਼ੰਡ ਦੀ ਕੋਈ ਘਾਟ ਨਹੀਂ ਹੈ, ਗੱਲ ਨੀਅਤ ਦੀ ਹੈ। ਅੱਜ ਜਦੋਂ ਸਿਹਤ ਸੇਵਾਵਾਂ ਦਾ ਮੰਦਾ ਹਾਲ ਹੈ, ਡਾਕਟਰਾਂ ਕੋਲ ਮਾਸਕ ਤੋਂ ਲੈ ਹੋਰ ਜ਼ਰੂਰੀ ਸਾਜ਼ੋ ਸਾਮਾਨ ਦੀ ਘਾਟ ਹੈ, ਪ੍ਰਵਾਸੀ ਮਜ਼ਦੂਰਾਂ ਨੇ ਪੈਦਲ ਹੀ ਘਰਾਂ ਨੂੰ ਚਾਲੇ ਪਾਏ ਹੋਏ ਹਨ, ਕਿਰਤੀ ਘਰਾਂ ਵਿੱਚ ਭੁੱਖੇ ਹੀ ਕੈਦ ਹਨ।

ਇਹ ਸਮਾਂ ਉਹਨਾਂ ਦੀ ਆਰਥਕ ਤੇ ਰਾਸ਼ਨ ਪਾਣੀ ਦੇ ਕੇ ਮਦਦ ਕਰਨ ਦਾ ਹੈ, ਉਦੋਂ ਭਾਰਤ ਸਰਕਾਰ ਕੀ ਕਰਦੀ ਹੈ? ਇਜ਼ਰਾਇਲ ਤੋਂ 16 ਹਜ਼ਾਰ ਬੰਦੂਕਾਂ ਖਰੀਦਦੀ ਹੈ! ਪ੍ਰਧਾਨ ਮੰਤਰੀ ਅਤੇ ਰਾਸ਼ਟਰਪਤੀ ਦੀ ਰਿਹਾਇਸ਼ ਤੇ ਸੰਸਦ ਦੀ ਇਮਾਰਤ ਲਈ ਹਜ਼ਾਰਾਂ ਕਰੋੜ ਜਾਰੀ ਕਰ ਰਹੀ ਹੈ! ਕੌਮੀ ਵਸੋਂ ਸੂਚੀ ਲਈ ਹਜ਼ਾਰਾਂ ਕਰੋੜ ਜਾਰੀ ਕਰ ਰਹੀ ਹੈ! ਭਾਵ ਸਰਕਾਰ ਕੋਲ ਫੰਡ ਦੀ ਕੋਈ ਘਾਟ ਨਹੀਂ, ਗੱਲ ਨੀਅਤ ਦੀ ਹੈ। ਜਿਸ ਪੈਸੇ ਦੀਆਂ ਬੰਦੂਕਾਂ ਖਰੀਦੀਆਂ ਜਾ ਰਹੀਆਂ ਹਨ, ਇਮਾਰਤਾਂ ਲਈ ਜਾਰੀ ਕੀਤਾ ਜਾ ਰਿਹਾ ਹੈ ਉਹ ਪੈਸਾ ਮਾਸਕ ਖਰੀਦਣ ਅਤੇ ਬੇਰੁਜ਼ਗਾਰ ਹੋਏ ਮਜ਼ਦੂਰਾਂ ਨੂੰ ਦਿੱਤਾ ਜਾ ਸਕਦਾ ਸੀ। ਅਨਾਜ ਨਾਲ ਸਰਕਾਰੀ ਗੁਦਾਮ ਭਰੇ ਹੋਏ ਹਨ ਪਰ ਫਿਰ ਵੀ ਗਰੀਬ ਪਰਿਵਾਰ ਘਰਾਂ ਵਿੱਚ ਭੁੱਖੇ ਬੰਦ ਹਨ। ਜਿੱਥੇ ਅਮੀਰਜ਼ਾਦਿਆਂ ਨੂੰ ਹਵਾਈ ਜਹਾਜ਼ ਭੇਜ ਕੇ ਭਾਰਤ ਲਿਆਇਆ ਜਾ ਰਿਹਾ ਉੱਥੇ ਭਾਰਤ ਦੇ ਮਜ਼ਦੂਰ ਭੁੱਖਣ ਭਾਣੇ ਪੈਦਲ ਹੀ ਸੈਂਕੜੇ ਮੀਲਾਂ ਦਾ ਸਫ਼ਰ ਕਰ ਆਪਣੇ ਘਰਾਂ ਨੂੰ ਪਰਤ ਰਹੇ ਹਨ।

## ਸਰਕਾਰਾਂ ਦਾ ਕਪਟ ਤੇ ਝੂਠ

➢ ਹਰ ਸਾਲ ਸਰਮਾਏਦਾਰਾਂ ਵੱਲੋਂ ਲਿਆ ਗਿਆ ਕਰਜ਼ੇ ਦਾ ਲੱਖਾਂ ਕਰੋੜ ਮੁਆਫ ਕੀਤਾ ਜਾਂਦਾ! ਹਜਾਰਾਂ ਕਰੋੜ ਮੂਰਤੀਆਂ ਤੇ ਖ਼ਰਚ ਕੀਤਾ ਜਾਂਦਾ ਹੈ!



➢ ਹਰਿਆਣਾ ਸਰਕਾਰ ਨੇ 3.8 ਲੱਖ ਦੀਆਂ 10 ਭਗਵਤ ਗੀਤਾ ਖ਼ਰੀਦੀਆਂ ਸਨ!

➢ ਸਰਕਾਰ ਵੱਲੋਂ 1.37 ਕਰੋੜ ਸਿਰਫ਼ ਆਰ ਐੱਸ ਐੱਸ ਦੇ ਹੈਡਕੁਆਰਟਰ ਦੀ ਨਵਿਆਉਣ ਲਈ ਖਰਚਿਆ ਗਿਆ!

➢ 16 ਕਰੋੜ ਰੁਪਿਆ ਯੋਗਾ ਡੇ ਵਾਲੇ ਦਿਨ 'ਤੇ ਸੁਨੇਹੇ ਭੇਜਣ ਲਈ ਸਰਕਾਰ ਨੇ ਖਰਚ ਕੀਤਾ!

➢ ਹਜ਼ਾਰਾਂ ਕਰੋੜ ਮਸ਼ਹੂਰੀਆਂ 'ਤੇ ਖ਼ਰਚਿਆ ਜਾਂਦਾ ਹੈ!

➢ 14 ਲੱਖ ਰੁਪਿਆ ਕਾਂਵੜੀਆਂ 'ਤੇ ਫੁੱਲ ਬਰਸਾਉਣ ਲਈ ਖਰਚਿਆ ਗਿਆ!

ਸਰਕਾਰੀ ਅਦਾਰਿਆਂ ਦਾ ਨਿੱਜੀਕਰਨ ਕਰ ਸਰਮਾਏਦਾਰਾਂ ਦੀਆਂ ਜੇਬਾਂ ਭਰਨ ਵਿਚ ਲੱਗੀਆਂ ਹੋਈਆਂ ਇਹਨਾਂ ਸਰਕਾਰਾਂ ਦੀ ਨੀਅਤ ਚਿੱਟੇ ਦਿਨ ਵਾਂਗ ਸਾਫ ਹੈ।

ਦੂਜੀ ਗੱਲ ਇਹ ਹੈ ਕਿ ਸਰਕਾਰਾਂ ਨੇ ਭਾਂਤ ਤੀਲੇ ਅਜਿਹੇ ਫੰਡ ਪਹਿਲਾਂ ਹੀ ਬਹੁਤੇ ਬਣਾਏ ਹੋਏ ਹਨ। ਪਰ ਉਨਾਂ ਦੀ ਵਰਤੋਂ ਕੀਤੀ ਹੀ ਨਹੀਂ ਜਾਂਦੀ। ਮਿਸਾਲ ਦੇ ਤੌਰ 'ਤੇ "ਨਿਰਭਿਆ ਫੰਡ" ਜੋ ਔਰਤਾਂ ਦੀ ਸੁਰੱਖਿਆ ਲਈ ਬਣਾਇਆ ਗਿਆ ਸੀ, ਉਸ ਦਾ 90 ਫ਼ੀਸਦੀ ਪੈਸਾ ਖਰਚ ਹੀ ਨਹੀਂ ਕੀਤਾ ਗਿਆ। ਇਹੋ ਹਾਲ "ਬੇਟੀ ਪੜਾਓ ਬੇਟੀ ਬਚਾਓ" ਨੂੰ ਜਾਰੀ ਫੰਡ ਦਾ ਹੁੰਦਾ ਹੈ। ਉੱਚ ਸਿੱਖਿਆ ਦੇ ਨਾਂਅ 'ਤੇ ਟੈਕਸ ਜ਼ਰੀਏ ਹਰ ਸਾਲ ਸੈਂਕੜੇ ਕਰੋੜ ਇਕੱਠਾ ਕੀਤਾ ਜਾਂਦੇ ਹਨ ਪਰ ਪੈਸੇ ਦਾ ਵੱਡਾ ਹਿੱਸਾ ਉੱਚ ਸਿੱਖਿਆ 'ਤੇ ਖਰਚ ਹੀ ਨਹੀਂ ਕੀਤਾ ਜਾਂਦਾ। ਬਾਅਦ ਵਿੱਚ ਇਹ ਪੈਸਾ ਸਰਮਾਏਦਾਰਾਂ ਨੂੰ ਕਰਜ਼ੇ ਦੇ ਰੂਪ ਵਿੱਚ ਦੇ ਦਿੱਤਾ ਜਾਦਾ ਹੈ ਤੇ ਫਿਰ ਇਹ ਕਰਜ਼ਾ ਮਾਫ ਕਰ ਦਿੱਤਾ ਜਾਂਦਾ ਹੈ। ਅਜਿਹਾ ਹੀ ਰਾਹਤ ਕੋਸ਼, ਪ੍ਰਧਾਨ ਮੰਤਰੀ ਕੌਮੀ ਰਾਹਤ ਕੋਸ਼ ਕਿਸੇ ਕੁਦਰਤੀ ਆਪਦਾ ਦੇ ਸਮੇਂ ਵਰਤਣ ਲਈ ਬਣਾਇਆ ਗਿਆ ਸੀ।

ਇਸ ਰਾਹਤ ਕੋਸ਼ ਨੂੰ ਵੀ 2014 ਤੋਂ ਬਾਅਦ ਬਹੁਤ ਘੱਟ ਵਰਤਿਆ ਗਿਆ ਭਾਵੇਂ ਭਾਰਤ ਵਿੱਚ ਇਸ ਦੌਰਾਨ ਬਹੁਤ ਕੁਦਰਤੀ ਬਿਪਤਾਵਾਂ ਆਈਆਂ ਹਨ। ਹਾਲ ਦੀ ਘੜੀ ਉਸ ਵਿੱਚ 3800 ਕਰੋੜ ਰੁਪਏ ਪਏ ਹਨ। ਪਰ ਫਿਰ ਵੀ ਮੋਦੀ ਨੇ ਨਵੇਂ ਰਾਹਤ ਕੋਸ਼, "ਪੀਐਮ ਕੇਅਰਸ" ਦਾ ਐਲਾਨ ਕੀਤਾ ਹੈ!

ਪਹਿਲਾ ਸਵਾਲ ਤਾਂ ਇਹੋ ਹੈ ਕਿ ਜਦ ਪਹਿਲਾਂ ਹੀ ਬਿਪਤਾਵਾਂ ਨਾਲ ਨਜਿੱਠਣ ਲਈ ਰਾਹਤ ਕੋਸ਼ ਸੀ ਤਾਂ ਨਵਾਂ ਰਾਹਤ ਕੋਸ਼ ਬਣਾਉਣ ਦੀ ਕੀ ਲੋੜ ਸੀ?

ਅਸਲ ਵਿੱਚ ਇਹ ਰਾਹਤ ਕੋਸ਼ ਸਰਕਾਰੀ ਨਿਯਮਾਂ ਨੂੰ ਬਾਈਪਾਸ ਕਰ ਬਣਾਇਆ ਗਿਆ ਹੈ! ਸਰਕਾਰੀ ਤੰਤਰ ਅਤੇ ਕਨੂੰਨਾਂ ਨੂੰ ਬਾਈਪਾਸ ਕਰਕੇ ਬਣਾਏ ਗਏ ਇਸ ਰਾਹਤ ਕੋਸ਼ ਦਾ ਸਰਪ੍ਰਸਤ ਮੋਦੀ ਹੈ ਅਤੇ ਕੁਝ ਮੰਤਰੀ ਮੈਂਬਰ ਹਨ। ਇਸ ਰਾਹਤ ਕੋਸ਼ ਦੇ ਟਰੱਸਟੀਆਂ ਨੂੰ ਟਰੱਸਟੀ ਕਿਉਂ ਬਣਾਇਆ ਗਿਆ ਹੈ? ਇਹ ਸਪੱਸ਼ਟ ਨਹੀਂ ਕੀਤਾ ਗਿਆ! ਇਸ ਕੋਸ਼ ਨੂੰ ਸਰਕਾਰੀ ਬਣਾਕੇ ਪੇਸ਼ ਕੀਤਾ ਜਾ ਰਿਹਾ ਹੈ ਪਰ ਅਸਲ ਵਿੱਚ ਇਹ ਸਰਕਾਰੀ ਨਹੀਂ ਹੈ, ਕਿਉਂਕਿ ਇਸਦੀ ਬਣਤਰ ਬਾਰੇ ਕੁਝ ਵੀ ਸਾਫ ਨਹੀਂ ਕੀਤਾ ਗਿਆ। ਹੋਰ ਤਾਂ ਹੋਰ ਕੈਗ ਵੀ ਇਸਦਾ ਆਡਿਟ ਨਹੀਂ ਕਰ ਸਕਦੀ ਇਸ ਲਈ ਸੰਸਦ ਵਿੱਚ ਇਸ ਉੱਤੇ ਬਹਿਸ ਵੀ ਨਹੀਂ ਕੀਤੀ ਜਾ ਸਕਦੀ। ਇਹ ਰਾਹਤ ਕੋਸ਼ ਭੋਰਾ ਵੀ ਪਾਰਦਰਸ਼ੀ ਨਹੀਂ ਹੈ, ਸਗੋਂ ਪੂਰਾ ਗੋਲਮਾਲ ਕੀਤਾ ਗਿਆ ਹੈ। ਇਸ ਵਿੱਚ ਦਾਨ ਕੀਤਾ ਗਿਆ ਫੰਡ ਕਿੱਥੇ ਵਰਤਿਆ ਜਾਂਦਾ ਹੈ, ਇਸ ਦੀ ਲੋਕਾਂ ਪ੍ਰਤੀ ਕੋਈ ਜਵਾਬਦੇਹੀ ਨਿਰਧਾਰਿਤ ਨਹੀਂ ਹੈ। ਇਸਦਾ ਪੈਸਾ ਕਿੱਤੇ ਵੀ ਵਰਤਿਆ ਜਾ ਸਕਦਾ ਹੈ। ਜਾਹਿਰ ਹੈ ਇਹ ਪੈਸਾ ਫਾਸੀਵਾਦੀ ਹੱਲੇ ਨੂੰ ਹੋਰ ਮਜ਼ਬੂਤ ਕਰਨ ਲਈ ਹੀ ਵਰਤਿਆ ਜਾਵੇਗਾ।

ਇਸ ਸਾਰੀ ਚਰਚਾ ਤੋਂ ਸਾਫ ਹੈ ਕਿ ਸਰਕਾਰਾਂ ਕੋਲ ਆਰਥਕ ਵਸੀਲਿਆਂ ਦੀ ਕੋਈ ਘਾਟ ਨਹੀਂ ਪਰ ਸਰਮਾਏਦਾਰਾਂ ਦੀ ਚਾਕਰੀ ਕਰਨ ਵਾਲੀਆਂ ਇਹਨਾਂ ਸਰਕਾਰਾਂ ਦੀ ਲੋਕਾਂ ਦੀ ਮਦਦ ਕਰਨ ਦਾ ਕੋਈ ਇਰਾਦਾ ਨਹੀਂ। ਅਜਿਹੇ ਮੌਕੇ ਇਹਨਾਂ ਸਰਕਾਰਾਂ ਨੂੰ ਹੋਰ ਫੰਡ ਦੇਣਾ ਸਿਆਣਪ ਵਾਲੀ ਗੱਲ ਨਹੀਂ ਹੈ। ਇਸ ਫੰਡ ਨਾਲ ਸਰਕਾਰਾਂ ਦੇ ਲੋਕਦੋਖੀ ਕਿਰਦਾਰ ਦਾ ਪਾਜ਼ ਉਘੇੜਾ ਕਰਦਿਆਂ ਆਮ ਲੋਕਾਈ ਦੀ ਸਿੱਧੀ ਮਦਦ ਕੀਤੀ ਜਾਣੀ ਚਾਹੀਦੀ ਹੈ।

HOTHI FREIGHTLINES

HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

• California to Michigan, New Jersey Florida & Texas • Dedicated Load (ਪੱਕੇ ਲੋਡ)




• ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।

• ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।

ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ Weekly Punjabi Newspaper

Corporate Office
4127 Bay Street, Suite 8
Fremont, CA 94538
Email: asrtimes@gmail.com

Tel: (510) 240-5949
Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਅਮਰੀਕਾ : ਦੋ ਮਹੀਨਿਆਂ 'ਚ ਢਾਈ ਕਰੋੜ ਲੋਕਾਂ ਦੇ ਬੇਰੁਜ਼ਗਾਰ ਹੋਣ ਦੀ ਸੰਭਾਵਨਾ

- ਕੁਵਾਂਟਰਿੰਗ ਵੁਈ, ਨਾਟੇ ਕੋਹਨ

ਦਾ ਨਿਊਯਾਰਕ ਟਾਈਮਜ਼

ਅਮਰੀਕਾ ਵਿਚ ਸਾਹਮਣੇ ਆ ਰਹੇ ਸਰਕਾਰੀ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਕੋਰੋਨਾ ਵਾਇਰਸ ਨੇ ਬਹੁਤ ਵੱਡੇ ਪੈਮਾਨੇ 'ਤੇ ਬੇਰੁਜ਼ਗਾਰੀ ਪਸਾਰੀ ਹੈ। ਆਉਣ ਵਾਲੇ ਦਿਨਾਂ ਵਿਚ ਇਹ ਸਮੱਸਿਆ ਹੋਰ ਗੰਭੀਰ ਹੋ ਸਕਦੀ ਹੈ। ਇਸ ਬਾਰੇ ਕਈ ਮਹੀਨੇ ਉਪਰੰਤ ਹੀ ਅਰਥ-ਵਿਵਸਥਾ ਤੇ ਰੁਜ਼ਗਾਰ ਨੂੰ ਹੋਏ ਨੁਕਸਾਨ ਦਾ ਪਤਾ ਲੱਗ ਸਕੇਗਾ। ਕਿਰਤ ਵਿਭਾਗ ਨੇ ਬੀਤੇ ਐਤਵਾਰ ਨੂੰ ਦੱਸਿਆ ਕਿ 32 ਲੱਖ 40 ਵਿਅਕਤੀਆਂ ਨੇ ਬੇਰੁਜ਼ਗਾਰੀ ਬੀਮੇ ਦੇ ਲਈ ਦਾਅਵੇ ਦਾਇਰ ਕੀਤੇ ਹਨ। ਪਿਛਲੇ ਹਫਤੇ ਬੇਰੁਜ਼ਗਾਰ ਲੋਕਾਂ ਦੀ ਗਿਣਤੀ ਕੇਵਲ 2 ਲੱਖ 82 ਹਜ਼ਾਰ ਸੀ। ਇੱਕ ਰਿਪੋਰਟ ਮੁਤਾਬਕ, ਬਹੁਤ ਸਾਰੇ ਲੋਕਾਂ ਨੇ ਟੈਲੀਫੋਨ ਲਾਈਨਾਂ ਵਿੱਚ ਰੁੱਝੇ ਹੋਣ ਜਾਂ ਬੇਰੁਜ਼ਗਾਰੀ ਭੱਤੇ ਲਈ ਅਰਜ਼ੀ ਦੇਣ ਵਿੱਚ ਮੁਸ਼ਕਲ ਆਉਣ ਦੀ ਸ਼ਿਕਾਇਤ ਕੀਤੀ ਹੈ। ਬੈਂਕ ਆਫ਼ ਅਮਰੀਕਾ ਮੈਰਿਲ ਲਿੰਚ ਦੇ ਮੁੱਖ ਅਰਥ ਸ਼ਾਸਤਰੀ ਮਿਸ਼ੇਲ ਮੇਅਰ ਦੀ ਕਹਿਣਾ ਹੈ, "ਮੰਦੀ ਵਿਚ ਇੱਕ ਮਹੀਨੇ ਤੇ ਤਿਮਾਹੀ ਵਿਚ ਵਾਪਰਨ ਵਾਲੀਆਂ ਚੀਜ਼ਾਂ ਹੁਣ ਕੁਝ ਹਫਤਿਆਂ ਵਿਚ ਹੋ ਰਹੀਆਂ ਹਨ।"

ਦੁਨੀਆ ਦੀ ਸਭ ਤੋਂ ਵੱਡੀ ਮਨੋਰੰਜਨ ਕੰਪਨੀ, ਡਿਜ਼ਨੀ ਨੇ ਵੀ ਆਪਣੇ ਗੈਰ-ਜ਼ਰੂਰੀ ਕਰਮਚਾਰੀਆਂ ਨੂੰ ਕੁਝ ਦਿਨਾਂ ਦੀ ਛੁੱਟੀ 'ਤੇ ਭੇਜਣ ਦਾ ਫੈਸਲਾ ਕੀਤਾ ਹੈ। ਕੰਪਨੀ ਇਸ ਪ੍ਰਕਿਰਿਆ ਨੂੰ 19 ਅਪ੍ਰੈਲ ਤੋਂ ਸ਼ੁਰੂ ਕਰਨ ਜਾ ਰਹੀ ਹੈ। ਇਹ ਅਜਿਹੇ ਕਰਮਚਾਰੀਆਂ ਨੂੰ ਸਰਕਾਰ ਦੇ ਰਾਹਤ ਪੈਕੇਜ ਦਾ ਹਿੱਸਾ ਬਣਾ ਦੇਵੇਗਾ। ਡਿਜ਼ਨੀ ਦੇ ਦੁਨੀਆ ਭਰ ਵਿੱਚ 2.27 ਕਰਮਚਾਰੀ ਹਨ।

ਮੌਜੂਦਾ ਗਿਰਾਵਟ ਕਿਸੇ ਵੀ ਮੰਦੀ ਤੋਂ ਅਲੱਗ ਹੈ। ਲੱਖਾਂ ਸਟੋਰ, ਸਕੂਲ ਤੇ ਸਰਕਾਰੀ ਦਫਤਰ ਬੰਦ ਹੋ ਗਏ ਹਨ। ਬੀਤੇ ਸਮੇਂ ਦੌਰਾਨ ਮੰਦੀ ਦੇ ਦੌਰ ਵਿਚ ਆਰਥਿਕ ਗਤੀਵਿਧੀਆਂ ਹੌਲੀ ਹੌਲੀ ਉੱਚਾਈ ਵਲ ਵਧਦੀਆਂ ਸਨ। ਦਸੰਬਰ 2007 ਦੌਰਾਨ ਪਿਛਲੀ ਮੰਦੀ ਦੀ ਸ਼ੁਰੂਆਤ ਵਿਚ ਬੇਰੁਜ਼ਗਾਰੀ ਬੀਮਾ ਦਾਅਵਿਆਂ ਦੀ ਗਿਣਤੀ ਵਿਚ ਸਥਿਤੀ ਸਮਝੀ ਜਾ ਸਕਦੀ ਹੈ। ਅਨੁਮਾਨ ਹੈ ਕਿ ਉਸ ਸਮੇਂ ਕੁੱਲ 2 ਕਰੋੜ 60 ਲੱਖ ਦਾਅਵੇ ਦਾਇਰ ਹੋਏ ਸਨ। ਉਸ ਸਮੇਂ ਕਈ ਹਫਤਿਆਂ ਵਿਚ ਔਸਤ 30 ਲੱਖ ਮਾਮਲੇ ਦਾਇਰ ਹੋਏ ਸਨ। ਵਰਤਮਾਨ ਗਿਣਤੀ ਤੋਂ ਪਤਾ ਲੱਗਦਾ ਹੈ ਕਿ ਅਮਰੀਕਾ ਖਤਰਨਾਕ ਸਥਿਤੀ ਵੱਲ ਵੱਧ ਰਿਹਾ ਹੈ। ਸੰਭਵ ਹੈ ਕਿ ਬੇਰੁਜ਼ਗਾਰਾਂ ਦੀ ਗਿਣਤੀ 2 ਕਰੋੜ 60 ਲੱਖ ਮਾਮਲਿਆਂ ਤੱਕ ਪਹੁੰਚ ਜਾਵੇ। ਪਰ ਇਸ ਦੀ ਦਰ ਬਹੁਤ ਜ਼ਿਆਦਾ ਹੋਵੇਗੀ। ਪਿਛਲੀ ਵਾਰ



ਦੇ 30 ਲੱਖ ਦੀ ਦਰ ਨਾਲ ਗਿਣਤੀ ਕਰੀਏ ਤਾਂ ਕੇਵਲ 8 ਹਫਤਿਆਂ ਵਿਚ ਗਿਣਤੀ ਪਿਛਲੀ ਮੰਦੀ ਦੇ ਪੱਧਰ ਨੂੰ ਪਾਰ ਕਰ ਲਵੇਗੀ। ਕੋਰੋਨਾ ਦੀ ਵਧਦੀ ਰਫਤਾਰ ਕਾਰਨ ਇਹ ਸਥਿਤੀ ਹੋਰ ਭਿਅੰਕਰ ਹੋ ਸਕਦੀ ਹੈ। ਇਸ ਸਮੇਂ ਕਿਸੇ ਵੀ ਅਨੁਮਾਨ ਦਾ ਲਗਾਉਣਾ ਔਖਾ ਹੈ। ਗੂਗਲ ਸਰਚ ਦੇ ਆਧਾਰ 'ਤੇ ਅਨੁਮਾਨ ਹੈ ਕਿ ਇਸ ਹਫਤੇ 47 ਲੱਖ ਬੇਰੁਜ਼ਗਾਰੀ ਬੀਮਾ ਦੇ ਦਾਅਵੇ ਆ ਸਕਦੇ ਹਨ। ਯੇਲ ਯੂਨੀਵਰਸਿਟੀ ਦੇ ਅਰਥ ਸ਼ਾਸਤਰੀਆਂ ਪਾਲ ਗੋਲਡ ਸਮਿੱਥ ਪਿੰਕਹੇਮ ਤੇ ਮਿਨੇਸੋਟਾ ਯੂਨੀਵਰਸਿਟੀ ਦੇ ਐਰੋਨ ਸੋਜਾਨਰਰ ਨੇ ਇਹ ਵਿਸ਼ਲੇਸ਼ਣ ਕੀਤਾ ਹੈ। ਰਾਜਾਂ ਅਤੇ ਰਾਸ਼ਟਰੀ ਪੱਧਰ 'ਤੇ ਸਰਚ ਦੀ ਵੱਧਦੀ ਗਿਣਤੀ ਨੂੰ ਧਿਆਨ ਵਿਚ ਰੱਖ ਕੇ ਅਨੁਮਾਨ ਲਗਾਇਆ ਗਿਆ ਹੈ।

## ਨਿਊਯਾਰਕ ਖਤਰਨਾਕ ਸਥਿਤੀ 'ਚ

ਜੇਕਰ ਨਿਊਯਾਰਕ 'ਚ ਕੋਰੋਨਾ ਵਾਇਰਸ ਦੀ ਵਰਤਮਾਨ ਦਰ ਦੇਖੋ ਤਾਂ ਇੱਥੇ ਵੂਹਾਨ, ਚੀਨ ਤੇ ਇਟਲੀ ਦੇ ਲੋਂਬਾਰਡੀ ਖੇਤਰ ਵਰਗੀ ਭਿਅੰਕਰ ਸਥਿਤੀ ਬਣ ਸਕਦੀ ਹੈ। ਕੁਝ ਹੋਰ ਅਮਰੀਕੀ ਸ਼ਹਿਰ ਦੀ ਹਾਲਤ ਇਸ ਤਰਾਂ ਦੀ ਬਣ ਰਹੀ ਹੈ। ਇਸ ਬਾਰੇ ਹਾਲ ਦੀ ਘੜੀ ਕੁਝ ਨਹੀਂ ਕਿਹਾ ਜਾ ਸਕਦਾ ਕਿ ਕੋਰੋਨਾ ਵਾਇਰਸ ਇਸ ਗਤੀ ਨਾਲ ਜਾਰੀ ਰਹੇਗਾ ਜਾਂ ਇਸ ਨੂੰ ਠੱਲ ਪਵੇਗੀ। ਸ਼ਾਇਦ ਸ਼ੋਸ਼ਲ ਡਿਸਟੈਂਸਿਗ ਨਾਲ ਜਲਦੀ ਇਸ ਦੀ ਰਫਤਾਰ ਹੌਲੀ ਪੈ ਜਾਵੇ। ਨਿਊਯਾਰਕ ਵਿਚ ਹੁਣ ਤੱਕ ਇਸ ਨੂੰ ਰੋਕਣ ਵਿਚ ਘੱਟ ਹੀ ਸਫਲਤਾ ਮਿਲੀ ਹੈ। ਨਿਊਯਾਰਕ ਵੈਸੇ ਮੌਜੂਦਾ ਸਥਿਤੀ ਦੇ ਹਿਸਾਬ ਦੇ ਨਾਲ ਵੂਹਾਨ, ਲੋਂਮਬਾਰਡੀ ਤੋਂ ਇਲਾਜ ਤੇ ਰੋਕਥਾਮ ਪੱਖੋਂ ਸਫਲ ਰਿਹਾ ਹੈ। ਸਿਹਤ ਅਧਿਕਾਰੀ ਵਾਰ-ਵਾਰ ਸ਼ੋਸ਼ਲ ਡਿਸਟੈਸਿੰਗ ਨੂੰ ਕੋਰੋਨਾ ਵਾਇਰਸ ਦਾ ਵਿਸਥਾਰ ਰੋਕਣ ਦਾ ਉਪਾਅ ਮੰਨਦੇ ਹਨ। ਨਿਊਯਾਰਕ ਦੀ ਮੌਜੂਦਾ ਦਰ 30% ਤੋਂ ਜ਼ਿਆਦਾ ਹੈ। ਇਕ ਸਮੇਂ ਇਹ 60% ਤੋਂ ਜ਼ਿਆਦਾ ਹੋ ਗਈ ਸੀ। ਵੂਹਾਨ ਵਿਚ ਪ੍ਰਸਾਰ ਦੀ ਦਰ ਦਾ ਪੂਰੀ ਤਰਾਂ ਖੁਲਾਸਾ ਨਹੀਂ ਹੋਇਆ, ਪਰ 1 ਮਾਰਚ ਦੇ ਬਾਅਦ ਲਗਾਤਾਰ ਗਿਰਾਵਟ ਆਈ ਹੈ। ਇੱਥੇ 26 ਮਾਰਚ ਦੇ ਬਾਅਦ ਕਿਸੇ ਨਵੇਂ ਮਾਮਲਿਆਂ ਦੇ ਸਾਹਮਣੇ ਨਾ ਆਉਣ ਦਾ ਦਾਅਵਾ ਕੀਤਾ ਗਿਆ ਹੈ। ਲੋਂਬਾਰਡੀ ਵਿਚ ਮਾਰਚ ਦੇ ਪਹਿਲੇ ਹਫਤੇ ਵਿਚ ਪਾਸਾਰ ਦੀ ਦਰ 30%, 15 ਮਾਰਚ ਨੂੰ 18%, 22 ਮਾਰਚ ਨੂੰ 15% ਰਹੀ। 26 ਮਾਰਚ ਤੱਕ ਵੂਹਾਨ ਵਿਚ 26% ਤੇ ਲੋਂਮਬਾਰਡੀ ਵਿਚ 35% ਰਹੀ ਹੈ। ਅਮਰੀਕਾ ਵਿਚ ਬਾਟਨ, ਰੂਜ, ਲੁਸਿਆਨਾ ਵਰਗੇ ਕੁਝ ਸਥਾਨਾਂ ਵਿਚ ਵਾਧਾ ਦਰ ਬਹੁਤ ਉੱਚੀ ਹੈ। ਵਾਧਾ ਦਰ ਤੋਂ ਸਪੱਸ਼ਟ ਹੋ ਰਿਹਾ ਹੈ ਕਿ ਲੋਕ ਜ਼ਿਆਦਾ ਬਿਮਾਰ ਪੈ ਰਹੇ ਹਨ ਤੇ ਮਰਨ ਦੇ ਰਸਤੇ 'ਤੇ ਹਨ। ਇਸ ਤੋਂ ਜਾਪਦਾ ਹੈ ਕਿ ਨਿਊਯਾਰਕ ਦੀ ਸਥਿਤੀ ਠੀਕ ਨਹੀਂ ਜਾਪਦੀ। ਡੇਟਰਾਵਟ ਅਤੇ ਨਿਊਓਰਲ ਇਸ ਵਰਗੇ ਵੱਡੇ ਸ਼ਹਿਰਾਂ ਵਿਚ ਰੋਕਥਾਮ ਨਾ ਕੀਤੀ ਗਈ ਤਾਂ ਕੋਰੋਨਾ ਵਾਇਰਸ ਵੱਡੀ ਪੱਧਰ 'ਤੇ ਫੈਲ ਸਕਦਾ ਹੈ। ਸਿਆਟਲ ਤੇ ਸੈਨਫਰਾਂਸਿਸਕੋ ਵਿਚ ਇਸ ਨੂੰ ਠੱਲ ਪਈ ਹੈ।

# ਅਮਰੀਕਾ 'ਚ ਯੂਰਪ ਦੇ ਜੀਡੀਪੀ 'ਚ 5 ਤੋਂ 10% ਗਿਰਾਵਟ ਆਵੇਗੀ

- ਦਾ ਇਕਨਾਮਿਸਟ (ਯੂਕੇ)

ਕੁਝ ਹਫਤੇ ਦੇ ਅੰਦਰ ਨਵੇਂ ਕੋਰੋਨਾ ਵਾਇਰਸ ਕੋਵਿਡ-19 ਨੇ ਦੁਨੀਆਂ ਵਿਚ ਬਹੁਤ ਕੁਝ ਬਦਲ ਦਿੱਤਾ ਹੈ। ਸਰਕਾਰਾਂ ਦੇ ਕਾਰੋਬਾਰ ਬੰਦ ਕਰਵਾ ਦਿੱਤੇ ਹਨ। ਦੱਖਣ ਕੋਰੀਆ ਤੇ ਸਿੰਘਾਪੁਰ ਨੇ ਦਿਖਾਇਆ ਹੈ ਕਿ ਮੈਡੀਕਲ ਤੇ ਇਲੈਕਟ੍ਰੋਨਿਕ ਪ੍ਰਾਈਵੇਸੀ ਨੂੰ ਕਾਇਮ ਰੱਖਣਾ ਜ਼ਰੂਰੀ ਹੋ ਗਿਆ ਹੈ। ਸਮਾਜਿਕ ਦੂਰੀ ਦੇ ਬਿਨਾਂ ਕਿਸੇ ਵੀ ਇਲਾਕੇ ਜਾਂ ਦੇਸ ਦੀ 25 ਤੋਂ 80% ਅਬਾਦੀ ਕੋਰੋਨਾ ਵਾਇਰਸ ਦਾ ਸ਼ਿਕਾਰ ਹੋ ਸਕਦੀ ਹੈ। 4.4% ਲੋਕਾਂ ਦੀ ਹਾਲਤ ਗੰਭੀਰ ਹੋਣ ਦੀ ਸੰਭਾਵਨਾ ਹੈ। ਸਭ ਤੋਂ ਜ਼ਿਆਦਾ ਮਾਰ ਗਰੀਬ ਦੇਸ਼ਾਂ ਨੂੰ ਪਵੇਗੀ। ਸਰਕਾਰਾਂ ਨੇ ਰਾਹਤ ਦੇਣ ਦੇ ਲਈ ਖਰਬਾਂ ਰੁਪਏ ਮਨਜ਼ੂਰ ਕੀਤੇ ਹਨ। ਅਮਰੀਕੀ ਸੰਸਦ ਨੇ 2 ਖਰਬ ਡਾਲਰ ਦੇ ਪੈਕੇਜ ਨੂੰ ਮਨਜ਼ੂਰੀ ਦਿੱਤੀ ਹੈ। ਇਹ ਜੀਡੀਪੀ ਦਾ ਲਗਭਗ 10% ਹੈ। ਬ੍ਰਿਟੇਨ, ਫਰਾਂਸ ਤੇ ਹੋਰ ਦੇਸਾਂ ਨੇ ਜੀਡੀਪੀ ਦੇ 15% ਤੋਂ ਜ਼ਿਆਦਾ ਦਿੱਤੇ ਹਨ। ਇਤਿਹਾਸ ਦੱਸਦਾ ਹੈ ਕਿ ਸੰਕਟ ਖਤਮ ਹੋਣ ਦੇ ਬਾਅਦ ਸਰਕਾਰਾਂ ਆਪਣੇ ਅਧਿਕਾਰ ਸ਼ਕਤੀਆਂ ਵਾਪਸ ਨਹੀਂ ਲੈਂਦੀਆਂ। ਸੰਕਟ ਨਾਲ ਕੇਵਲ ਅਰਥ-ਵਿਵਸਥਾ 'ਤੇ ਅਸਰ ਨਹੀਂ ਪੈਂਦਾ, ਬਲਕਿ ਲੋਕਾਂ ਦੀ ਨਿਗਰਾਨੀ ਵੀ ਹੋ ਰਹੀ ਹੈ। ਵਾਇਰਸ ਦਾ ਫੈਲਾਅ ਰੋਕਣ ਦੇ ਲਈ ਕਾਰੋਬਾਰ ਬੰਦ ਕਰਨਾ ਤੇ ਲੋਕਾਂ ਨੂੰ ਅਲੱਗ ਥਲੱਗ ਕਰਨਾ ਸਰਕਾਰਾਂ ਦੇ ਲਈ ਜ਼ਰੂਰੀ ਹੋ ਜਾਂਦਾ ਹੈ। ਇਸ ਨਾਲ ਅਰਥ-ਵਿਵਸਥਾ ਨੂੰ ਤੱਕੜਾ ਝਟਕਾ ਲੱਗੇਗਾ। ਅਮਰੀਕਾ ਤੇ ਯੂਰਪ ਦੇ ਜੀਡੀਪੀ ਵਿਚ ਸਾਲ ਦਰ ਸਾਲ 5.10% ਗਿਰਾਵਟ ਆਵੇਗੀ। ਚਾਰ ਮਹੀਨੇ ਵਿਚ ਵੂਹਾਨ, ਚੀਨ ਦੇ ਇਕ ਬਾਜ਼ਾਰ ਵਿਚ ਫੈਲਿਆ ਕੋਰੋਨਾ ਵਾਇਰਸ ਅੱਜ ਵਿਸ਼ਵ ਦੇ ਸਾਰੇ ਦੇਸਾਂ ਵਿਚ ਫੈਲ ਚੁੱਕਾ ਹੈ। ਅਜਿਹਾ ਇਸ ਲਈ ਹੋਇਆ ਹੈ ਕਿ ਸਰਕਾਰਾਂ ਨੇ ਇਨਾਂ ਮਾਮਲਿਆਂ ਵਿਚ ਢਿੱਲ ਦਿਖਾਈ ਹੈ। ਬ੍ਰਿਟੇਨ ਵਿਚ ਵੀ ਅਜਿਹਾ ਵਾਪਰਿਆ ਹੈ। ਦੂਸਰੇ ਪਾਸੇ ਫਰਾਂਸ ਸਰਕਾਰ ਨੇ ਲੋਕਾਂ ਦੀ ਆਵਾਜਾਈ ਰੋਕਣ ਤੇ ਜ਼ਰੂਰੀ ਚੀਜ਼ਾਂ ਦੇ ਮੁੱਲ ਤੈਅ ਕਰਨ ਦਾ ਕਾਨੂੰਨ ਪਾਸ ਕੀਤਾ ਹੈ। ਕੋਵਿਡ-19 ਦੇ ਫੈਲਾਅ ਨੂੰ ਦੇਖਦੇ ਹੋਏ ਸਰਕਾਰਾਂ ਲੋਕਾਂ 'ਤੇ ਨਿਗਰਾਨੀ ਰੱਖਣਗੀਆਂ। ਹਾਂਗਕਾਂਗ ਲੋਕਾਂ ਦਾ ਪਤਾ ਲਗਾਉਣ ਲਈ ਫੋਨ ਤੇ ਐਪ ਦਾ ਇਸਤੇਮਾਲ ਕਰਦਾ ਹੈ। ਚੀਨ ਵਿਚ ਫੋਨ ਦੇ ਡੇਟੇ ਨਾਲ ਬਿਮਾਰੀ ਦੇ ਫੈਲਾਅ ਦਾ ਪਤਾ ਲਗਾਇਆ ਜਾਂਦਾ ਹੈ। ਦੱਖਣ ਕੋਰੀਆ ਮੋਬਾਇਲ ਟੈਕਨਾਲੋਜੀ ਨਾਲ ਦਸ ਮਿੰਟ ਦੇ ਅੰਦਰ ਨਵੇਂ ਇਨਫੈਕਸ਼ਨ ਦੀ ਜਾਣਕਾਰੀ ਪ੍ਰਾਪਤ ਕਰ ਲੈਂਦਾ ਹੈ। ਆਉਣ ਵਾਲੇ ਦਿਨਾਂ ਵਿਚ ਸਰਕਾਰਾਂ ਦੀ ਭੂਮਿਕਾ ਵਧੇਗੀ। ਬ੍ਰਿਟੇਨ ਨੇ ਰੇਲਵੇ 'ਤੇ ਸਰਕਾਰ ਦਾ ਕੰਟਰੋਲ ਕਰ ਲਿਆ ਹੈ। ਅਸਥਾਈ ਲੱਗਣ ਵਾਲਾ ਸ਼ਾਇਦ ਇਹ ਕਦਮ ਕਦੀ ਵਾਪਸ ਨਾ ਲਿਆ ਜਾਵੇ। ਸਰਕਾਰਾਂ ਤਾਨਾਸ਼ਾਹ ਵਾਲਾ ਢੰਗ ਅਪਨਾ ਸਕਦੀਆਂ ਹਨ। ਕੁਝ ਲੋਕਾਂ ਨੂੰ ਸ਼ੱਕ ਹੈ ਕਿ ਦਵਾਈਆਂ ਦਾ ਕੱਚਾ ਮਾਲ ਮਿਲਣਾ ਬੰਦ ਹੋ ਜਾਵੇਗਾ। ਜ਼ਿਆਦਾਤਰ ਦੇਸਾਂ ਨੂੰ ਇਸ ਦੀ ਸਪਲਾਈ ਚੀਨ ਤੋਂ ਹੁੰਦੀ ਹੈ। ਰੂਸ ਨੇ ਅਨਾਜ ਦੇ ਨਿਰਯਾਤ 'ਤੇ ਪਾਬੰਦੀ ਲਗਾ ਦਿੱਤੀ ਹੈ।


Buying or Selling home in Sacramento??

ਸੈਕਰਾਮੈਂਟੋ ਏਰੀਆ ਵਿਚ ਘਰ ਖ਼ਰੀਦਣ ਜਾਂ ਵੇਚਣ ਲਈ ਵਿਸ਼ਾਲ ਕਪੂਰ ਨੂੰ ਕਾਲ ਕਰੋ।

MOBILE 916-513-8094




*Put my knowledge, Service, experience and professionalism to work for you.*



Buying or selling home in Sacramento?

Call 916-513-8094 for free consultation (PUNJABI/ENGLISH/HINDI)

ਸੈਕਰਾਮੈਂਟੋ ਏਰੀਆ ਵਿਚ ਘਰ ਖ਼ਰੀਦਣ ਜਾਂ ਵੇਚਣ ਲਈ ਵਿਸ਼ਾਲ ਕਪੂਰ ਨੂੰ ਕਾਲ ਕਰੋ।

MOBILE. 916-513-8094. OFFICE 916-993-8680 EXT.1102

EMAIL realtor.vkapoor@gmail.com Web. www.hsicarerealty.com

9355 E. Stockton Blvd. suite 170, Elk Grove, CA 95864

VISHAL KAPOOR

Realtor®

DRE#02087894



# ਪ੍ਰਵਾਸੀ ਪੰਜਾਬੀਆਂ ਨੂੰ ਕਰੋਨਾ ਵਾਇਰਸ ਦਾ ਹਊਆ ਬਣਾਉਣ ਵਾਲੇ ਕੌਣ ਨੇ



- ਬਘੇਲ ਸਿੰਘ ਧਾਲੀਵਾਲ
99142-58142

ਕਨੇਡਾ ਅਮਰੀਕਾ ਸਮੇਤ ਬਹੁਤ ਸਾਰੇ ਯੂਰਪ ਦੇ ਮੁਲਕ ਹਨ, ਜਿੰਨਾਂ ਵਿਚ ਚੀਨੀ ਲੋਕ ਵੱਡੀ ਗਿਣਤੀ ਵਿੱਚ ਵਸਦੇ ਹਨ, ਪਰ ਕਿਸੇ ਵੀ ਮੁਲਕ ਦੇ ਨਾਗਰਿਕਾਂ ਨੇ ਸਿੱਧੇ ਤੌਰ ਤੇ ਚੀਨੀਆਂ ਨੂੰ ਇਸ ਮਹਾਂਮਾਰੀ ਲਈ ਜ਼ਿੰਮੇਵਾਰ ਕਹਿ ਕੇ ਜ਼ਲੀਲ ਨਹੀ ਕੀਤਾ, ਜਦੋਂ ਕਿ ਸਾਰੀ ਦੁਨੀਆਂ ਵਿੱਚ ਹੀ ਇਹ ਵਾਇਰਸ ਚੀਨ ਤੋਂ ਪੈਦਾ ਹੋਣ ਜਾਂ ਕੀਤੇ ਹੋਣ ਲਈ ਚੀਨ ਬਦਨਾਮ ਵੀ ਹੋ ਚੁੱਕਾ ਹੈ। ਇੱਧਰ ਸਾਡਾ ਭਾਰਤ ਹੈ, ਜਿੱਥੇ ਇਸ ਮਹਾਂਮਾਰੀ ਨਾਲ ਨਜਿੱਠਣ ਦਾ ਢੰਡੋਰਾ ਸਭ ਤੋਂ ਵੱਧ ਪਿੱਟਿਆ ਜਾ ਰਿਹਾ ਹੈ, ਪਰ ਜਮੀਨੀ ਪੱਧਰ ਤੇ ਹਾਲਾਤ ਇਹ ਹਨ ਕਿ ਨਾ ਹੀ ਸਰਕਾਰਾਂ ਸੁਹਿਰਦ ਹਨ ਤੇ ਨਾ ਹੀ ਭਾਰਤੀ ਲੋਕ ਇਸ ਬਿਮਾਰੀ ਨੂੰ ਕੋਈ ਬਹੁਤੀ ਗੰਭੀਰਤਾ ਨਾਲ ਲੈਂਦੇ ਦਿਖਾਈ ਦੇ ਰਹੇ ਹਨ। ਜੇਕਰ ਕੇਂਦਰ ਸਰਕਾਰ ਦੀ ਗੱਲ ਕੀਤੀ ਜਾਵੇ ਤਾਂ ਪਹਿਲੇ ਦਿਨਾਂ ਵਿੱਚ ਹੀ ਇੱਕ ਪਾਸੇ ਦੇਸ਼ ਦਾ ਪ੍ਰਧਾਨ ਮੰਤਰੀ ਲੋਕਾਂ ਨੂੰ ਵਿਸ਼ਵ ਸਿਹਤ ਸੰਸਥਾ ਵੱਲੋਂ ਦਿੱਤੇ ਗਏ ਦਿਸ਼ਾ ਨਿਰਦੇਸਾਂ ਦੇ ਮੱਦੇਨਜਰ ਘਰਾਂ ਵਿਚ ਰਹਿਣ ਲਈ ਸਮਝਾ ਰਿਹਾ ਹੈ, ਏਸੇ ਮੁਹਿੰਮ ਨੂੰ ਅੱਗੇ ਤੋਰਦਿਆਂ 22 ਮਾਰਚ ਨੂੰ ਪੂਰੇ ਭਾਰਤ ਅੰਦਰ ਇੱਕ ਦਿਨ ਦਾ ਜਨਤਕ ਕਰਫਿਊ ਲਾਉਣ ਦਾ ਹੁਕਮ ਦਿੰਦਾ ਹੈ ਤਾਂ ਕਿ ਆਪਸੀ ਸੰਪਰਕ ਤੋੜਨ ਦੀ ਪਰਕਿਰਿਆ ਸ਼ੁਰੂ ਕੀਤੀ ਜਾ ਸਕੇ, ਪ੍ਰੰਤ ਉਸੇ ਦਿਨ ਹੀ ਸਾਮ ਦੇ ਪੰਜ ਵਜੇ ਸਿਹਤ ਸਹੂਲਤਾਂ ਦੇ ਰਹੇ ਡਾਕਟਰਾਂ, ਨਰਸਾਂ ਤੇ ਹੋਰ ਸਿਹਤ ਕਾਮਿਆਂ ਦੇ ਹੌਸਲਾ ਅਫਜਾਈ ਲਈ ਭਾਰਤੀਆਂ ਨੂੰ ਤਾੜੀਆਂ, ਥਾਲੀਆਂ ਤੇ ਟੱਲੀਆਂ ਵਜਾਉਣ ਦਾ ਹੋਕਾ ਵੀ ਦਿੰਦਾ ਹੈ, ਜਿਸਦਾ ਭਾਰਤੀਆਂ ਨੇ ਘਰਾਂ ਵਿਚੋਂ ਬਾਹਰ ਆ ਕੇ ਵੱਡੀ ਗਿਣਤੀ ਵਿੱਚ ਸੜਕਾਂ ਚੌਕਾਂ ਵਿਚ ਇਕੱਠੇ ਹੋ ਕੇ ਥਲੀਆਂ ਟੱਲੀਆਂ ਵਜਾ ਕੇ ਭਾਰਤ ਦਾ ਦੁਨੀਆਂ ਪੱਧਰ ਤੇ ਜਲੂਸ ਕੱਢਿਆ, ਇਸ ਤੋਂ ਵੀ ਹੈਰਾਨ ਕਰਨ ਵਾਲੀ ਤੇ ਚਿੰਤਾ ਵਾਲੀ ਗੱਲ ਇਹ ਰਹੀ ਕਿ ਇਹਨਾਂ ਭੀੜਾਂ ਦੀ ਅਗਵਾਈ ਵੀ ਬਹੁਤ ਥਾਈਂ ਕੇਂਦਰ ਤੇ ਰਾਜ ਕਰਦੀ ਧਿਰ ਦੇ ਆਗੂ ਕਰ ਰਹੇ ਸਨ।

ਇੰਝ ਜਾਪਦਾ ਹੈ ਕਿ ਜਿਵੇਂ ਲੋਕਾਂ ਨੂੰ ਮੂਰਖ ਬਣਾ ਕੇ ਇੱਕ ਖਾਸ ਏਜੰਡੇ ਲਈ ਤਿਆਰ ਕੀਤਾ ਜਾ ਰਿਹਾ ਹੈ। ਪਰ ਭਾਰਤੀ ਹਾਕਮਾਂ ਨੇ ਇੱਕ ਵਾਰ ਵੀ ਇਸ ਗਲਤੀ 'ਤੇ ਅਫਸੋਸ ਪਰਗਟ ਨਹੀ ਕੀਤਾ ਗਿਆ ਤੇ ਨਾ ਹੀ ਇਸ ਕਾਰਵਾਈ ਨੂੰ ਗਲਤੀ ਕਬੂਲਿਆ ਹੀ ਗਿਆ ਹੈ, ਬਲਕਿ ਗਾਹੇ ਬਗਾਹੇ ਇਹਨਾਂ ਦੀਆਂ ਅਜਿਹੀਆਂ ਵੀਡੀਓ ਵੀ ਸਾਹਮਣੇ ਆ ਰਹੀਆਂ ਹਨ, ਜਿਸ ਵਿੱਚ ਖੁਦ ਪੁਲਿਸ ਵਾਲੇ ਭੀੜਾਂ ਦਾ ਸਾਥ ਦਿੰਦੇ ਅਤੇ ਖੁਦ ਸੰਖ ਵਜਾਉਂਦੇ ਦਿਖਾਈ ਦਿੰਦੇ ਹਨ। ਜਦੋਂ ਵਿਸ਼ਵ ਸਿਹਤ ਸੰਸਥਾ ਸਾਮਾਜਿਕ ਫਾਸਲਾ ਬਣਾਈ ਰੱਖਣ ਦੇ ਦਿਸ਼ਾ ਨਿਰਦੇਸ਼ ਦਿੰਦੀ ਸਪੱਸਟ ਕਹਿ ਰਹੀ ਹੈ ਕਿ ਘੱਟੋ ਘੱਟ ਆਪਸੀ ਦੂਰੀ ਇੱਕ ਮੀਟਰ ਜਾਂ ਤਿੰਨ ਫੁੱਟ ਹੋਣੀ ਯਕੀਨੀ ਬਣਾਈ ਜਾਣੀ ਚਾਹੀਦੀ ਹੈ ਤਾਂ ਉਸ ਮੌਕੇ ਭਾਰਤੀ ਜਨਤਾ ਵਿਸ਼ਵ ਸਿਹਤ ਸੰਸਥਾ ਦੇ ਨਿਰਦੇਸ਼ਾਂ ਦਾ ਸ਼ਰੇਆਮ ਸੜਕਾਂ,ਚੌਂਕਾਂ ਵਿਚ ਧੱਜੀਆਂ ਉਡਾਉਂਦੀ ਦੇਖੀ ਗਈ ਹੈ।

ਹੁਣ ਜੇਕਰ ਗੱਲ ਪੰਜਾਬ ਦੀ ਕੀਤੀ ਜਾਵੇ ਤਾਂ ਏਥੇ ਵੀ ਸਭ ਅੱਛਾ ਨਹੀ ਹੈ। ਏਥੇ ਆਪਣੇ ਹੀ ਪ੍ਰਵਾਸੀ ਪੰਜਾਬੀ ਭਰਾਵਾਂ ਨੂੰ ਬਗੈਰ ਕੁੱਝ ਸੋਚੇ ਬਦਨਾਮ ਕਰਨ ਦੀ ਮੁਹਿੰਮ ਬੜੀ ਤੇਜੀ ਨਾਲ ਚੱਲਦੀ ਦਿਖਾਈ ਦਿੰਦੀ ਹੈ। ਭਾਰਤੀ ਮੀਡੀਆ ਜਾਣਬੁੱਝ ਕੇ ਪੰਜਾਬੀ ਐਨ ਆਰ ਆਈ ਭਰਾਵਾਂ ਨੂੰ ਨਿਸ਼ਾਨਾ ਬਣਾ ਕੇ ਪੰਜਾਬੀਆਂ ਵਿੱਚ ਆਪਣੇ ਭਰਾਵਾਂ ਪ੍ਰਤੀ ਨਫਰਤ ਸਿਰਜ ਕੇ ਦੁਫੇੜ ਪਾਉਣ ਵਿਚ ਪੂਰੀ ਵਾਹ ਲਾ ਰਿਹਾ ਹੈ, ਜਿਸਨੂੰ ਨਾ ਹੀ ਪੰਜਾਬ ਦੇ ਲੋਕਾਂ ਨੇ, ਨਾ ਹੀ ਉਹਨਾਂ ਰਾਜਸੀ ਪਾਰਟੀਆਂ ਨੇ ਜਿੰਨਾਂ ਨੇ ਲੱਖਾਂ ਡਾਲਰ ਉਹਨਾਂ ਪ੍ਰਵਾਸੀ ਪੰਜਾਬੀਆਂ ਤੋਂ ਫੰਡਾਂ ਦੇ ਰੂਪ ਵਿਚ ਇਕੱਠੇ ਕੀਤੇ, ਨਾ ਹੀ ਸ਼ਰੋਮਣੀ ਅਕਾਲੀ ਦਲ (ਬਾਦਲ) ਤੇ ਨਾ ਹੀ ਪੰਜਾਬ ਸਰਕਾਰ ਨੇ ਗੰਭੀਰਤਾ ਨਾਲ ਲਿਆ ਹੈ।

ਇਹ ਕੋਈ ਪਹਿਲਾ ਮੌਕਾ ਨਹੀ,ਬਲਕਿ ਪੰਜਾਬ ਨੂੰ ਪਹਿਲਾਂ ਵੀ ਅਜਿਹੀਆਂ ਸਾਜਿਸ਼ਾਂ ਵਰਤ ਕੇ ਬਹੁਤ ਕਮਜੋਰ ਕੀਤਾ ਜਾ ਚੁੱਕਾ ਹੈ,ਜਿਸ ਕਰਕੇ ਅੱਜ ਹਾਲਾਤ ਇਹ ਬਣੇ ਹੋਏ ਹਨ ਕਿ ਪੰਜਾਬ ਦੇ ਪਾਣੀਆਂ, ਬਿਜਲੀ, ਪਾਣੀ ਤੇ ਪੰਜਾਬੀ ਬੋਲਦੇ ਇਲਕਿਆਂ ਵਾਲੇ ਲੰਮੇ ਸਮੇ ਤੋਂ ਲਟਕਦੇ ਮਸਲੇ ਦਮ ਤੋੜ ਚੁੱਕੇ ਪਰਤੀਤ ਹੁੰਦੇ ਹਨ। ਪੰਜਾਬੀਆਂ ਤੇ ਖਾਸ ਕਰ ਸਿੱਖਾਂ ਅੰਦਰ ਇਸ ਕਦਰ ਧੜੇਬੰਦੀਆਂ ਪੈਦਾ ਕਰ ਕੇ ਪੰਜਾਬ ਦੀ ਤਾਕਤ ਨੂੰ ਕਮਜੋਰੀ ਵਿਚ ਬਦਲ ਦਿੱਤਾ ਹੈ ਤਾਂ ਕਿ ਪੰਜਾਬ ਦੇ ਹੱਕਾਂ ਤੇ ਮਾਰੇ ਗਏ ਕੇਂਦਰੀ ਡਾਕੇ ਦਾ ਹਿਸਾਬ ਕਿਤਾਬ ਲੈਣ ਵਾਲਾ ਕੋਈ ਇਹ ਦਾਅਵਾ ਕਰਨ ਦੀ ਹਿੰਮਤ ਹੀ ਨਾ ਕਰ ਸਕੇ, ਪਰੰਤੂ ਪੰਜਾਬੀ ਇਹ ਸਾਰਾ ਕੁੱਝ ਸਮਝਣ ਤੋਂ ਲਾਪ੍ਰਵਾਹ ਹਨ। ਪਹਿਲਾਂ ਉਹਨਾਂ ਨੂੰ ਅੱਤਵਾਦੀ ਕਹਿ ਕੇ ਮਾਰਿਆ ਗਿਆ, ਫਿਰ ਨਸ਼ਿਆਂ ਨਾਲ ਮਾਰਿਆ ਗਿਆ ਤੇ ਹੁਣ ਕਰੋਨਾ ਵਾਇਰਸ ਦੀ ਮਹਾਂਮਾਰੀ ਦੇ ਚੱਲਦਿਆਂ ਫਿਰ ਪੰਜਾਬ ਵਿਰੋਧੀ ਸ਼ਾਤਰ ਲੋਕਾਂ ਵੱਲੋਂ ਪੰਜਾਬ ਦੇ ਲੋਕਾਂ ਦਾ ਆਪਣੇ ਹੀ ਵਿਦੇਸੀਂ ਵਸਦੇ ਪੁੱਤਾਂ, ਧੀਆਂ, ਭਰਾਵਾਂ ਨਾਲ ਬਿਖੇੜਾ ਪਾਉਣ ਲਈ ਇਸ ਨਵੀਂ ਸਾਜਿਸ਼ ਨੂੰ ਅੰਜਾਮ ਦਿੱਤਾ ਗਿਆ। ਜਦੋਂ ਕਿ ਪਿਛਲੇ ਦੋ ਮਹੀਨਿਆ ਦੇ ਅੰਕੜੇ ਕੁੱਝ ਹੋਰ ਤੱਥ ਬਿਆਨ ਕਰਦੇ ਹਨ। ਪਿਛਲੇ ਦੋ ਮਹੀਨਿਆਂ ਵਿਚ ਕੁੱਲ 15 ਲੱਖ ਲੋਕ ਵਿਦੇਸਾਂ ਤੋਂ ਭਾਰਤ ਆਏ ਦੱਸੇ ਗਏ ਹਨ, ਜਿੰਨਾਂ ਵਿੱਚ 93000 ਪੰਜਾਬੀ ਹਨ ਅਤੇ ਬਾਕੀ ਬਚਦੇ 14 ਲੱਖ 7 ਹਜਾਰ ਵਿਦੇਸ਼ਾਂ ਤੋਂ ਆਏ ਵਿਅਕਤੀ ਭਾਰਤ ਦੇ ਵੱਖ ਵੱਖ ਸੂਬਿਆਂ ਵਿਚ ਰਹਿ ਰਹੇ ਹਨ, ਉਹਨਾਂ ਦੀ ਕਦੇ ਕਿਸੇ ਮੀਡੀਏ ਜਾਂ ਸ਼ੋਸ਼ਲ ਮੀਡੀਏ ਤੇ ਚਰਚਾ ਨਹੀ ਸੁਣੀ ਗਈ ਅਤੇ ਨਾ ਹੀ ਉਹਨਾਂ ਨੂੰ ਇਸ ਮਹਾਂਮਾਰੀ ਦੇ ਜ਼ਿੰਮੇਵਾਰ ਮੰਨ ਕੇ ਕੋਈ ਭੰਡੀ ਪਰਚਾਰ ਸੁਣਿਆ ਗਿਆ ਹੈ। ਫਿਰ ਮਹਿਜ 93000 ਪੰਜਾਬੀਆਂ ਨੂੰ ਹੀ ਕਿਉਂ ਬਦਨਾਮ ਕੀਤਾ ਜਾ ਰਿਹਾ ਹੈ, ਜਦੋਂ ਕਿ ਕਰੋਨਾ ਵਾਇਰਸ ਦੇ ਮਰੀਜਾਂ ਦੀ ਦਰ ਦੀ ਜੇ ਗੱਲ ਕੀਤੀ ਜਾਵੇ ਤਾਂ ਪੰਜਾਬ ਦਾ ਨਾਮ ਬਹੁਤ ਪਿੱਛੇ ਆਉਂਦਾ ਹੈ, ਪਰ ਬਦਨਾਮ ਸਿਰਫ ਪੰਜਾਬ ਦੇ ਵਿਦੇਸੀ ਵਸੇ ਭਾਈਚਾਰੇ ਨੂੰ ਕੀਤਾ ਜਾ ਰਿਹਾ ਹੈ, ਇਸ ਲਈ ਇਹ ਸੁਆਲ ਸਮੁੱਚੇ ਪੰਜਾਬੀਆਂ ਦੇ ਧਿਆਨ ਦੀ ਮੰਗ ਕਰਦਾ ਹੈ, ਜਿਸ ਤੇ ਗੰਭੀਰਤਾ ਨਾਲ ਸੋਚਿਆ ਜਾਣਾ ਬਣਦਾ ਹੈ। ਵਿਦੇਸਾਂ ਚ ਵਸਦੇ ਸਾਡੇ ਅਪਣੇ ਪੁੱਤ,ਭਰਾ,ਦੋਸਤ,ਮਿੱਤਰ,ਸਕੇ ਸਬੰਧੀ ਹੀ ਤਾਂ ਹਨ,ਜਿੰਨਾਂ ਤੋਂ ਸਾਨੂੰ ਕਿਸੇ ਗਹਿਰੀ ਸਾਜਿਸ਼ ਤਹਿਤ ਕਰੋਨਾ ਮਹਾਮਾਰੀ ਦੇ ਨਾਮ ਤੇ ਦੂਰ ਕਰਨ ਦੀਆਂ ਸਾਜਿਸ਼ਾਂ ਹੋ ਰਹੀਆਂ ਹਨ,ਕਿਉਕਿ ਕੇਂਦਰੀ ਤਾਕਤਾਂ ਇਹ ਬਹੁਤ ਚੰਗੀ ਤਰਾਂ ਜਾਣਦੀਆਂ ਹਨ ਕਿ ਵਿਦੇਸਾਂ ਵਿਚ ਵਸਦੇ ਪੰਜਾਬੀ ਖਾਸ ਕਰ ਸਿੱਖ ਭਾਈਚਾਰਾ ਅਪਣੇ ਪਿਛੋਕੜ ਨੂੰ ਨਾ ਹੀ ਭੁੱਲਿਆ ਹੈ ਤੇ ਨਾ ਹੀ ਟੁੱਟਿਆ ਹੈ, ਸਗੋਂ ਹੁਣ ਜੇਕਰ ਅਪਣੇ ਪੰਜਾਬ ਦੀ ਅਜਾਦੀ ਦੀ ਤਾਂਘ ਮਨਾਂ ਚ ਰੱਖਦੇ ਹਨ, ਉਹ ਵਿਦੇਸ਼ੀਂ ਵਸਦੇ ਪੰਜਾਬੀ ਭਾਈਚਾਰੇ ਦੇ ਲੋਕ ਹੀ ਹਨ,ਜਿਹੜੇ ਕਿਸੇ ਸਮੇ ਵੀ ਗਦਰੀ ਬਾਬਿਆਂ ਦਾ ਇਤਿਹਾਸ ਦੁਹਰਾਅ ਸਕਦੇ ਹਨ, ਇਸ ਲਈ ਉਹ ਤਾਕਤਾਂ ਜਿਹੜੀਆਂ ਕਦੇ ਵੀ ਪੰਜਾਬ ਨੂੰ ਖੁਸ਼ਹਾਲ ਅਜਾਦੀ ਦਾ ਨਿੱਘ ਮਾਣਦਾ ਹੋਇਆ ਨਹੀ ਦੇਖਣਾ ਚਾਹੁੰਦੀਆਂ, ਉਹਨਾਂ ਨੇ ਹੁਣ ਕਰੋਨਾ ਵਾਇਰਸ ਦੀ ਆੜ ਹੇਠ ਵਿਦੇਸੀਂ ਵਸਦੇ ਸਿੱਖ,ਪੰਜਾਬੀਆਂ ਅਤੇ ਪੰਜਾਬ ਦੇ ਲੋਕਾਂ ਵਿੱਚ ਵੀ ਪਾੜਾ ਪਾ ਦੇਣ ਦਾ ਮਨਸੂਬਾ ਘੜਿਆ ਹੈ,ਜਿਸ ਤੋਂ ਬਹੁਤ ਸੁਚੇਤ ਹੁੰਦੇ ਹੋਏ,ਜਿੱਥੇ ਇਸ ਮਹਾਂਮਾਰੀ ਦੇ ਸੰਕਟ ਵਿਚੋਂ ਕਾਮਯਾਬ ਹੋ ਕੇ ਨਿਕਲਣਾ ਹੈ, ਓਥੇ ਪੰਜਾਬ ਦੀ ਰੀੜ ਦੀ ਹੱਡੀ ਬਣੇ ਸਾਡੇ ਵਿਦੇਸੀਂ ਵਸਦੇ ਭਰਾਵਾਂ ਪ੍ਰਤੀ ਭਾਰਤੀ ਮੀਡੀਏ ਅਤੇ ਸ਼ੋਸ਼ਲ ਮੀਡੀਏ ਰਾਹੀ ਕੀਤੇ ਜਾਂਦੇ ਭੰਡੀ ਪਰਚਾਰ ਦਾ ਡਟ ਕੇ ਵਿਰੋਧ ਕਰਨਾ ਚਾਹੀਦਾ ਹੈ।

## ਭਾਈ ਖਾਲਸਾ ਨਾਲ ਘਟੀਆ ਵਰਤਾਰਾ

ਦੁਨਿਆਵੀ ਡਾਕਟਰ ਕੋਰੋਨਾ ਵਾਇਰਸ ਮਹਾਂਮਾਰੀ ਦੀ ਰੋਕਥਾਮ ਤੋ ਅਸਮਰੱਥ ਹੀ ਨਹੀ ਬਲਕਿ ਆਪਣੀਆਂ ਜ਼ਿੰਮੇਵਾਰੀਆਂ ਤੋਂ ਭੱਜਦੇ ਦੇਖੇ ਜਾ ਸਕਦੇ ਹਨ। ਇਸ ਗੱਲ ਦੇ ਪੁਖਤਾ ਸਬੂਤ ਪਿਛਲੇ ਦਿਨਾਂ ਵਿਚ ਪਠਲਾਵਾਂ ਦੇ ਬਲਦੇਵ ਸਿੰਘ ਅਤੇ ਦਰਬਾਰ ਸਾਹਿਬ ਦੇ ਸਾਬਕਾ ਹਜੂਰੀ ਰਾਗੀ ਭਾਈ ਨਿਰਮਲ ਸਿੰਘ ਦੀ ਮੌਤ ਨਾਲ ਸਾਹਮਣੇ ਆ ਚੁੱਕੇ ਹਨ ਕਿ ਕਿਸ ਤਰਾਂ ਸਾਡੀਆਂ ਸਿਹਤ ਸਹੂਲਤਾਂ ਦੇ ਨਾਮ ਤੇ ਸਿਹਤ ਵਿਭਾਗ ਵੱਲੋਂ ਲੋਕਾਂ ਨੂੰ ਅਣਆਈ ਮੌਤ ਵੱਲ ਧੱਕਿਆ ਜਾ ਰਿਹਾ ਹੈ। ਭਾਈ ਸਾਹਿਬ ਭਾਈ ਨਿਰਮਲ ਸਿੰਘ ਦੀ ਆਪਣੇ ਪਰਿਵਾਰ ਨਾਲ ਫੋਨ ਤੇ ਹੋਈ ਆਖਰੀ ਗੱਲਬਾਤ ਨੇ ਸਿਹਤ ਸਹੂਲਤਾਂ ਖਾਸ ਕਰਕੇ ਕਰੋਨਾ ਵਾਇਰਸ ਨਾਲ ਲੜਨ ਦੀਆਂ ਸਰਕਾਰਾਂ ਵੱਲੋਂ ਮਾਰੀਆਂ ਜਾ ਰਹੀਆਂ ਸ਼ੇਖੀਆਂ ਦਾ ਪਰਦਾਫਾਸ਼ ਕੀਤਾ ਹੈ। ਪੰਥ ਦੇ ਇਸ ਮਹਾਨ ਕੀਰਤਨੀਏ ਦੀ ਮੌਤ ਤੇ ਅੰਤਮ ਸਸਕਾਰ ਸਮੇ ਵਾਪਰੇ ਅਮਾਨਵੀ ਵਰਤਾਰੇ ਨੇ ਦੋ ਪੱਖਾਂ ਨੂੰ ਬੇਪਰਦ ਕਰ ਦਿੱਤਾ ਹੈ, ਇਕ ਤਾਂ ਸਰਕਾਰੀ ਤੰਤਰ ਦੀ ਲੋਕਾਂ ਦੀ ਜਾਨ ਮਾਲ ਦੀ ਰਾਖੀ ਵਿਚ ਨਾਕਾਮਯਾਬੀ ਤੇ ਦੂਜਾ ਸਾਡੇ ਸਮਾਜ ਦੀ ਰੂੜੀਵਾਦੀ ਸੋਚ। ਭਾਈ ਸਾਹਿਬ ਦੀ ਕਰੋਨਾ ਪੌਜੇਟਿਵ ਹੋਣ ਦੇ ਕੁਝ ਘੰਟਿਆਂ ਬਾਅਦ ਹੀ ਮੌਤ ਹੋਣਾ ਸਪੱਸਟ ਕਰਦਾ ਹੈ ਕਿ ਸਾਡਾ ਹੈਲਥ ਸਿਸਟਮ ਕਿੰਨਾ ਕਮਜੋਰ ਹੈ, ਜਿਹੜਾ ਤੁਹਾਨੂੰ ਕਿਸੇ ਵੀ ਅਲਾਮਤ ਤੋਂ ਬਚਾਉਣ ਦੇ ਕਾਬਲ ਤੇ ਸਮੇ ਦੇ ਹਾਣ ਦਾ ਨਹੀ ਹੈ, ਇਹ ਜੀਹਨੂੰ ਪਹਿਲਾਂ ਤੰਦਰੁਸਤ ਹੋਣ ਦੇ ਪਰਮਾਣ ਪੱਤਰ ਦਿੰਦਾ ਰਹਿੰਦਾ ਹੈ, ਉਸੇ ਵਿਅਕਤੀ ਨੂੰ ਮਰਨ ਉਪਰੰਤ ਕਿਸ ਤਰਾਂ ਕਰੋਨਾ ਪੀੜਤ ਬਣਾ ਦਿੰਦੈ। ਇਹ ਭਾਈ ਨਿਰਮਲ ਸਿੰਘ ਦੀ ਮੌਤ ਨੇ ਦਰਸਾ ਦਿੱਤਾ ਹੈ ਤੇ ਦੂਜਾ ਸਾਡੀ ਪੰਜਾਬੀਅਤ ਦੇ ਮਰਨ ਤੇ ਮਾਨਵਤਾ ਦੇ ਨਿਘਾਰ ਦੀ ਮੂੰਹ ਬੋਲਦੀ ਤਸਵੀਰ ਵੇਰਕਾ ਦੇ ਸਮਸਾਨਘਾਟ ਅੰਦਰ ਦੇਖੀ ਗਈ, ਜਿੱਥੇ ਭਾਈ ਸਾਹਿਬ ਦਾ ਸਸਕਾਰ ਨਾ ਕਰਨ ਦੇਣ ਲਈ ਸਮਸਾਨਘਾਟ ਨੂੰ ਹੀ ਜਿੰਦਰੇ ਲਾ ਦਿੱਤੇ ਗਏ। ਇਹਨਾਂ ਦੋਵਾਂ ਪੱਖਾ ਦੀ ਨਿਘਾਰਤਾ ਤੇ ਅਫਸੋਸ ਤਾਂ ਹੈ ਈ ਨਾਲ ਹੀ ਗੰਭੀਰਤਾ ਨਾਲ ਇਹ ਸੋਚਣਾ ਵੀ ਬਣਦਾ ਹੈ ਕਿ ਸਰਕਾਰ, ਪ੍ਰਸ਼ਾਸ਼ਨ ਤੇ ਸਿੱਖਾਂ ਦੀ ਸਿਰਮੌਰ ਸੰਸਥਾ ਸਰੋਮਣੀ ਕਮੇਟੀ ਨੇ ਅਪਣੀ ਬਣਦੀ ਜ਼ਿੰਮੇਵਾਰੀ ਕਿਉਂ ਨਹੀ ਨਿਭਾਈ। ਸਭ ਤੋਂ ਪਹਿਲਾਂ ਪ੍ਰਸ਼ਾਸ਼ਨ ਦੀ ਇਹ ਡਿਉਟੀ ਬਣਦੀ ਸੀ ਕਿਉਕਿ ਇਹ ਮੌਤ ਆਮ ਨਹੀ ਬਲਕਿ ਜਿੱਥੇ ਪੰਥ ਦੇ ਇੱਕ ਮਹਾਨ ਹਜੂਰੀ ਰਾਗੀ ਦੀ ਮੌਤ ਸੀ, ਉਥੇ ਭਾਈ ਨਿਰਮਲ ਸਿੰਘ ਭਾਰਤ ਸਰਕਾਰ ਤੋਂ ਪਦਮ ਸ੍ਰੀ ਪੁਰਸਕਾਰ ਪ੍ਰਾਪਤ ਕਰਤਾ ਸਨਮਾਣਯੋਗ ਸ਼ਖਸ਼ੀਅਤ ਸਨ,ਜਿੰਨਾਂ ਦੀਆਂ ਅੰਤਮ ਰਸਮਾਂ ਲਈ ਬਾਕਾਇਦਾ ਪ੍ਰਸ਼ਾਸ਼ਨ ਦੀ ਜ਼ਿੰਮੇਵਾਰੀ ਬਣਦੀ ਸੀ ਕਿ ਆਪਣੇ ਵੱਲੋਂ ਇੰਤਜਾਮ ਕਰਦਾ ਜਾਂ ਸਰੋਮਣੀ ਕਮੇਟੀ ਨਾਲ ਰਾਬਤਾ ਬਣਾ ਕੇ ਕੋਈ ਪੁਖਤਾ ਇੰਤਜਾਮ ਕਰਦਾ ਤਾਂ ਕਿ ਭਾਈ ਸਾਹਿਬ ਦਾ ਅੰਤਮ ਸਸਕਾਰ ਸਨਮਾਨਯੋਗ ਢੰਗ ਨਾਲ ਕੀਤਾ ਜਾ ਸਕਦਾ, ਪਰੰਤੂ ਇੱਥੇ ਤਾਂ ਇੰਜ ਜਾਪਦਾ ਹੈ, ਜਿਸ ਤਰਾਂ ਸਰਕਾਰ,ਪਰਸ਼ਾਸ਼ਨ ਤੇ ਸਰੋਮਣੀ ਕਮੇਟੀ ਨੇ ਜਾਣਬੁੱਝ ਕੇ ਭਾਈ ਸਾਹਿਬ ਦੀ ਮਿੱਟੀ ਨੂੰ ਰੋਲਿਆ ਹੈ। ਸਭ ਤੋਂ ਹੈਰਾਨੀ ਇਸ ਗੱਲ ਦੀ ਹੈ ਕਿ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਭਾਈ ਨਿਰਮਲ ਸਿੰਘ ਦੀ ਮੌਤ ਵਾਲੇ ਦਿਨ ਅੰਮ੍ਰਿਤਸਰ ਵਿੱਚ ਹੀ ਸਨ,ਪਰ ਉਹਨਾਂ ਨੇ ਨਾ ਹੀ ਅੰਤਮ ਰਸਮਾਂ ਵਿਚ ਹਾਜਿਰ ਹੋਣਾ ਮੁਨਾਸਿਬ ਸਮਝਿਆ ਤੇ ਨਾ ਹੀ ਸਰੋਮਣੀ ਕਮੇਟੀ ਵੱਲੋਂ ਉਹਨਾਂ ਦੇ ਸਸਕਾਰ ਲਈ ਇੰਤਜਾਮ ਕਰਨਾ ਫਰਜ ਸਮਝਿਆ।

ਭਾਈ ਨਿਰਮਲ ਸਿੰਘ ਦੀ ਮੌਤ ਕਰੋਨਾ ਵਾਇਰਸ ਨਾਲ ਹੋਣ ਬਾਰੇ ਵੀ ਅਜੇ ਸੰਦੇਹ ਹੈ, ਪਰ ਇੱਕ ਗੱਲ ਉਹਨਾਂ ਦੇ ਜੀਵਨ ਤੇ ਸਰਸਰੀ ਝਾਤ ਮਾਰਿਆਂ ਸਪੱਸਟ ਹੋ ਜਾਂਦੀ ਹੈ ਕਿ ਜੋ ਵਰਤਾਰਾ ਭਾਈ ਸਾਹਿਬ ਨਾਲ ਵਾਪਰਿਆ ਹੈ,ਉਹ ਹੋਣਾ ਸੁਭਾਵਿਕ ਸੀ,ਕਿਉਕਿ ਜਿਸਤਰਾਂ ਉਹਨਾਂ ਨੇ ਹਮੇਸਾਂ ਅਪਣੇ ਕੀਰਤਨ ਸਮਾਗਮਾਂ ਵਿੱਚ ਜੂਨ 1984 ਦੇ ਫੌਜੀ ਹਮਲੇ,ਬਰਨਾਲਾ ਸਰਕਾਰ ਸਮੇ ਹੋਏ ਓਪਰੇਸਨ ਬਲੈਕ ਥੰਡਰ ਦਾ ਅੱਖੀ ਦੇਖਿਆ ਬਿਰਤਾਂਤ ਅਤੇ ਕੌਮੀ ਆਗੂਆਂ ਦੀਆਂ ਗਦਾਰੀਆਂ ਅਤੇ ਆਪਸੀ ਪਾਟੋਧਾੜ ਦਾ ਦਰਦ ਬਿਆਨਦੇ ਹੋਏ ਉਸ ਸਾਰੇ ਵਰਤਾਰੇ ਦੇ ਸੱਚ ਨੂੰ ਕਿਤਾਬੀ ਰੂਪ ਵਿਚ ਸਾਂਭ ਕੇ ਸੰਗਤਾਂ ਦੀ ਕਚਿਹਰੀ ਵਿੱਚ ਲੈ ਕੇ ਆਉਣ ਦੀ ਗੱਲ ਕਰਦੇ ਸਨ,ਉਸ ਤੋ ਕੌਂਮ ਧਰੋਹੀ ਲੋਕਾਂ ਦੇ ਮਨਾਂ ਵਿਚ ਭਾਈ ਨਿਰਮਲ ਸਿੰਘ ਪ੍ਰਤੀ ਕਿਸੇ ਵੀ ਕੀਮਤ ਤੇ ਸਤਿਕਾਰ ਨਹੀ ਹੋ ਸਕਦਾ,ਇਹੋ ਕਾਰਨ ਹੈ ਕਿ ਅਕਾਲੀ ਦਲ ਅਤੇ ਸਰੋਮਣੀ ਕਮੇਟੀ ਤੇ ਕਾਬਜ ਬਾਦਲ ਪਰਿਵਾਰ ਅਤੇ ਉਹਨਾਂ ਦੇ ਵਫਾਦਾਰ ਗੋਬਿੰਦ ਸਿੰਘ ਲੌਂਗੋਵਾਲ ਨੇ ਨਾ ਹੀ ਆਪ ਅਤੇ ਨਾ ਹੀ ਸਰੋਮਣੀ ਕਮੇਟੀ ਵਲੋਂ ਮਰਨ ਉਪਰੰਤ ਉਹਨਾਂ ਦੀਆਂ ਅੰਤਮ ਰਸਮਾਂ ਸਮੇ ਕੋਈ ਸਨਮਾਨ ਦੇਣਾ ਵਾਜਬ ਸਮਝਿਆ।

ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਰਸਮੀ ਅਫਸੋਸ ਪਰਗਟ ਕਰਨ ਤੋ ਇਲਾਵਾ ਇਸ ਮੰਦਭਾਗੀ ਘਟਨਾ ਤੇ ਸਾਧੀ ਚੁੱਪ ਉਪਰੋਕਤ ਆਗੂਆਂ ਦੀ ਨੀਅਤ ਅਤੇ ਜਥੇਦਾਰ ਦੀ ਮਜਬੂਰੀ ਨੂੰ ਸਪੱਸ਼ਟ ਬਿਆਂਨ ਕਰਦੀ ਹੈ। ਸੋ ਭਾਈ ਨਿਰਮਲ ਸਿੰਘ ਦੀ ਮੌਤ ਅਤੇ ਮੌਤ ਤੋ ਅੰਤਮ ਸੰਸਕਾਰ ਸਮੇ ਦੇ ਅਮਾਨਵੀ ਵਰਤਾਰੇ ਤੇ ਉਸਾਰੂ ਬਹਿਸ ਜਾਰੀ ਰਹਿਣੀ ਚਾਹੀਦੀ ਹੈ,ਤਾਂ ਕਿ ਸਾਡੇ ਸਿਸਟਮ ਦੀਆਂ ਊਣਤਾਈਆਂ ਚ ਸੁਧਾਰ ਕਰਨ ਅਤੇ ਪੰਥਕ ਸਿਰਮੌਰ ਸੰਸਥਾ ਚ ਆਏ ਨਿਘਾਰ ਨੂੰ ਦੂਰ ਕਰਨ ਲਈ ਸਾਰਥਕ ਯਤਨ ਤੇਜ ਕੀਤੇ ਜਾ ਸਕਣ।



ਅੰਮ੍ਰਿਤਸਰ ਟਾਈਮਜ਼ AMRITSAR TIMES

15 ਅਪ੍ਰੈਲ 2020 ਤੋਂ 21 ਅਪ੍ਰੈਲ 2020

## ਪਰਵਾਸ ਦਾ ਦਰਦ

14 ਅਪ੍ਰੈਲ ਨੂੰ ਜਦ ਭਾਰਤ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਹੋਰ ਤਿੰਨ ਹਫਤਿਆਂ ਲਈ ਦੇਸ਼ ਭਰ ਵਿਚ ਕੋਵਿਡ-19 ਕਾਰਨ ਤਾਲਾਬੰਦੀ ਵਧਾਉਣ ਦਾ ਐਲਾਨ ਕੀਤਾ ਤਾਂ ਹਰਿਆਣੇ ਵਿਚ ਜਮਨਾ ਕਿਨਾਰੇ ਇਕ ਕੈਂਪ ਵਿਚ ਬੈਠੇ ਪਰਵਾਸੀ ਮਜ਼ਦੂਰ ਰੋਣ ਲੱਗ ਪਏ। ਇਹ ਪਰਵਾਸੀ ਮਜ਼ਦੂਰ ਉੱਤਰ ਪ੍ਰਦੇਸ਼, ਬਿਹਾਰ ਅਤੇ ਝਾਰਖੰਡ ਨਾਲ ਸਬੰਧਤ ਸਨ। ਉਨਾਂ ਨੂੰ ਇਕ ਪਾਸੇ ਘਾਤਕ ਕਰੋਨਾ ਵਾਇਰਸ ਦਾ ਖਤਰਾ ਅਤੇ ਦੂਜੇ ਪਾਸੇ ਆਪਣੇ ਘਰ ਵਾਪਸ ਜਾਣ ਦੀ ਖਿਚ (ਭੂ ਹੇਰਵਾ) ਸਤਾ ਰਿਹਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਕੋਵਿਡ-19 ਕਾਰਨ ਸਮੁੱਚੀ ਦੁਨੀਆ ਭੈਅ ਅਤੇ ਦਬਾਅ ਹੇਠ ਹੈ। ਅਮਰੀਕੀ ਅਤੇ ਪੱਛਮੀ ਮੁਲਕਾਂ ਵਿਚ ਇਹ ਵਾਇਰਸ ਉਸ ਸਮੇਂ ਫੈਲਿਆ ਜਦ ਬਹੁਤੇ ਐਨ ਆਰ ਆਈ ਖਾਸ ਕਰਕੇ ਪੰਜਾਬੀ ਪਰਵਾਸੀ ਭਾਰਤੀ ਆਪਣੇ ਵਤਨ ਆਉਂਦੇ ਹਨ। ਇਤਫਾਕ ਵਸ ਪੰਜਾਬ ਵਿਚ ਕਰੋਨਾ ਵਾਇਰਸ ਦਾ ਪਹਿਲਾ ਮਰੀਜ਼ ਵੀ ਇਕ ਪਰਵਾਸੀ ਪੰਜਾਬੀ ਹੀ ਬਣਿਆ, ਜਿਨਾਂ ਦੀ ਇਸ ਬੀਮਾਰੀ ਕਾਰਨ ਨਵਾਂਸ਼ਹਿਰ (ਸ਼ਹੀਦ ਭਗਤ ਸਿੰਘ) ਜ਼ਿਲੇ 'ਚ ਇਲਾਜ ਦੌਰਾਨ ਮੌਤ ਹੋ ਗਈ। ਇਸ ਘਟਨਾ ਮਗਰੋਂ ਸਰਕਾਰ ਅਤੇ ਡਾਕਟਰੀ ਅਮਲੇ ਤੇ ਪੁਲਿਸ ਪ੍ਰਸ਼ਾਸਨ ਨੇ ਆਪਣੇ ਤੌਰ 'ਤੇ ਜੋ ਅਹਤਿਆਤ ਵਰਤਿਆ ਜਾਂ ਉਨਾਂ ਦੇ ਸੰਪਰਕ ਵਿਚ ਆਏ ਬਾਕੀ ਲੋਕਾਂ ਦਾ ਇਲਾਜ ਕੀਤਾ, ਉਹ ਇਸ ਘਟਨਾਕ੍ਰਮ ਦਾ ਇਕ ਪੱਖ ਹੈ, ਪਰ ਦੂਜੇ ਪਾਸੇ ਸੋਸ਼ਲ ਮੀਡੀਆ ਦੇ ਸੰਚਾਲਕਾਂ, ਕੁਝ ਮੁੱਠੀ ਭਰ ਪੱਤਰਕਾਰਾਂ ਤੇ ਅਫ਼ਵਾਹਾਂ ਫੈਲਾਉਣ ਵਾਲਿਆਂ ਨੇ ਪਰਵਾਸੀ ਪੰਜਾਬੀਆਂ ਖਿਲਾਫ਼ ਜੋ ਪ੍ਰਚਾਰ ਕੀਤਾ ਉਹ ਬੇਹੱਦ ਖ਼ਤਰਨਾਕ ਵਰਤਾਰਾ ਬਣ ਕੇ ਉਭਰਿਆ। ਉਹੀ ਲੋਕ ਜਿਹੜੇ ਆਪਣੀਆਂ ਟਿੱਪਣੀਆਂ ਵਿਚ ਕਿਸੇ ਸਮੇਂ ਪਰਵਾਸੀਆਂ ਨੂੰ ਪੰਜਾਬ ਦੀ 'ਜੀਵਨ ਰੇਖਾ' ਵਰਗੀਆਂ ਤਸ਼ਬੀਹਾਂ ਦਿੰਦੇ ਸਨ, ਹੁਣ ਖਿਲਾਫ਼ ਬੋਲਣ ਲੱਗ ਪਏ। ਬਿਨਾਂ ਸੋਚੇ ਸਮਝੇ ਅਤੇ ਬਗੈਰ ਤੱਥ ਜਾਣੇ ਐਨ ਆਰ ਆਈਜ਼ ਦੇ ਖਿਲਾਫ਼ ਇਸ ਤਰਾਂ ਮੋਰਚਾ ਖੋਲਿਆ ਗਿਆ ਕਿ ਜਿਵੇਂ ਸਿਰਫ਼ ਉਹੀ ਕਰੋਨਾ ਵਾਇਰਸ ਦੇ ਕੈਰੀਅਰ (ਵਾਹਕ) ਹੋਣ।

ਪਰਵਾਸੀ ਪੰਜਾਬੀ ਹਰ ਸਾਲ ਸਰਦੀਆਂ ਵਿਚ ਪੰਜਾਬ ਆਪਣੇ ਵਤਨ ਫੇਰਾ ਪਾਉਂਦੇ ਹਨ ਜੋ ਆਪਣੇ ਪਰਿਵਾਰਕ ਸਮਾਗਮਾਂ ਤੋਂ ਇਲਾਵਾ ਕਮਿਊਨਿਟੀ ਦੇ ਪੱਧਰ 'ਤੇ ਖੇਡਾਂ, ਟੂਰਨਮੈਂਟ, ਸਿਹਤ ਚੈਕਅੱਪ ਕੈਂਪ ਲਗਾ ਕੇ ਆਪਣੀ ਸਮਰੱਥਾ ਅਨੁਸਾਰ ਦਸਵੰਧ ਕੱਢਦੇ ਹਨ ਅਤੇ ਪੰਜਾਬ ਦੇ ਸਮਾਜਿਕ ਅਤੇ ਆਰਥਿਕ ਵਿਕਾਸ ਵਿਚ ਬਣਦਾ ਯੋਗਦਾਨ ਪਾਉਂਦੇ ਹਨ। ਪਰ ਇਸ ਵਾਰ ਉਨਾਂ ਦਾ ਇਹ ਅਨੁਭਵ ਉਸ ਸਮੇਂ ਕੁੜੱਤਣ ਨਾਲ ਭਰ ਗਿਆ ਜਦੋਂ ਇਕ ਪਾਸੇ ਦੁਨੀਆ 'ਚ ਜ਼ਿਆਦਾਤਰ ਮੁਲਕਾਂ ਵਿਚ ਲਾਕਡਾਊਨ ਕਾਰਨ ਉਹ ਆਪਣੇ ਦੇਸ਼ਾਂ ਨੂੰ ਜਾਣ ਤੋਂ ਮਹਿਰੂਮ ਹੋ ਗਏ, ਦੂਜੇ ਪਾਸੇ ਇਥੋਂ ਦੇ ਮੀਡੀਆ ਅਤੇ ਸੋਸ਼ਲ ਮੀਡੀਆ ਨੇ ਤੱਥਾਂ ਦੀ ਪੁਸ਼ਟੀ ਕਰੇ ਬਿਨਾਂ ਮਨਘੜਤ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਕਿ ਐਨ ਆਰ ਆਈਜ਼ ਕਰੋਨਾ ਟੈਸਟਾਂ ਤੋਂ ਡਰਦੇ ਛੁਪ ਗਏ ਹਨ ਅਤੇ ਸਾਹਮਣੇ ਨਹੀਂ ਆ ਰਹੇ। ਪ੍ਰਸ਼ਾਸਨ ਦੇ ਪੱਧਰ 'ਤੇ ਵੀ ਬਚਕਾਨਾ ਬਿਆਨਬਾਜ਼ੀ ਹੋਈ ਕਿ ਟਰੈਵਲ ਹਿਸਟਰੀ ਨਾ ਦੱਸਣ ਵਾਲਿਆਂ ਦੇ ਪਾਸਪੋਰਟ ਜ਼ਬਤ ਕੀਤੇ ਜਾਣਗੇ, ਜਿਸ ਨਾਲ ਕੂੜ ਪ੍ਰਚਾਰ ਕਰਨ ਵਾਲਿਆਂ ਨੂੰ ਹੋਰ ਮੌਕਾ ਮਿਲ ਗਿਆ।

ਜੇਕਰ ਤੱਥਾਂ ਦੀ ਪੜਚੋਲ ਕੀਤੀ ਜਾਵੇ ਤਾਂ ਬਿਲਕੁਲ ਉਲਟ ਤਸਵੀਰ ਸਾਹਮਣੇ ਆ ਰਹੀ ਹੈ। ਪੰਜਾਬ ਨੇ ਕਰਫਿਊ ਦਾ ੨੧ ਦਿਨ ਦਾ ਪਹਿਲਾ ਪੜਾਅ ਸਮਾਪਤ ਕਰ ਲਿਆ ਹੈ। ਇਸ ਦੌਰਾਨ ਸੂਬੇ 'ਚ ਕੋਵਿਡ-19 ਕਾਰਨ 13 ਮੌਤਾਂ ਹੋਈਆਂ ਹਨ ਜਿਨਾਂ ਵਿਚੋਂ ਦੋ ਮੌਤਾਂ ਸਭ ਤੋਂ ਵੱਧ ਚਰਚਾ ਅਤੇ ਪ੍ਰਚਾਰ ਦਾ ਕਾਰਨ ਬਣੀਆਂ। ਪਹਿਲੀ ਬਾਬਾ ਬਲਦੇਵ ਸਿੰਘ ਪਠਲਾਵਾ ਜੋ ਫਰਵਰੀ ਮਹੀਨੇ ਵਿਦੇਸ਼ੋਂ ਆਏ ਸਨ ਅਤੇ ਉਨਾਂ ਨੇ ਕਾਫ਼ੀ ਸਮਾਗਮਾਂ ਵਿਚ ਹਿੱਸਾ ਲਿਆ ਅਤੇ ਇਸ ਦੌਰਾਨ ਸ੍ਰੀ ਅਨੰਦਪੁਰ ਸਾਹਿਬ ਹੋਲਾ ਮਹੱਲਾ ਸਮਾਗਮਾਂ ਵਿਚ ਵੀ ਹਿੱਸਾ ਲੈ ਕੇ ਆਏ। ਉਨਾਂ ਕਾਰਨ ਨਵਾਂਸ਼ਹਿਰ ਅਤੇ ਹੁਸ਼ਿਆਰਪੁਰ ਜ਼ਿਲੇ ਦੇ ਕਈ ਪਿੰਡਾਂ ਨੂੰ ਵੀ ਸੀਲ ਕੀਤਾ ਗਿਆ। ਇਸ ਦੌਰਾਨ ਨਵਾਂਸ਼ਹਿਰ ਜ਼ਿਲੇ ਵਿਚ 18 ਹੋਰ ਵਿਅਕਤੀਆਂ ਵਿਚ ਕੋਵਿਡ-19 ਦੇ ਲੱਛਣ ਸਾਹਮਣੇ ਆਏ ਜਿਨਾਂ ਨੂੰ ਵੱਖਰੇ ਹਸਪਤਾਲ ਵਿਚ ਇਲਾਜ ਲਈ ਰੱਖਿਆ ਗਿਆ ਅਤੇ ਉਨਾਂ ਵਿਚੋਂ 17 ਬਿਲਕੁਲ ਸਿਹਤਯਾਬ ਹੋ ਚੁੱਕੇ ਹਨ ਅਤੇ ਇਕ ਜ਼ੇਰੇ ਇਲਾਜ ਹੈ। ਸ੍ਰੀ ਅਨੰਦਪੁਰ ਸਾਹਿਬ ਮੇਲੇ ਵਿਚ ਆਏ ਹਜ਼ਾਰਾਂ ਲੋਕਾਂ ਦੇ ਪਿੰਡਾਂ ਵਿਚ ਵੀ ਸਰਵੇਖਣ ਕਰਵਾਏ ਗਏ ਪਰ ਸਾਰਾ ਮਾਮਲਾ ਠੀਕ ਠਾਕ ਰਿਹਾ ਤੇ ਕੋਈ ਪਾਜ਼ੇਟਿਵ ਕੇਸ ਸਾਹਮਣੇ ਨਹੀਂ ਆਇਆ। ਗੁਰੂਘਰ ਦੇ ਮਹਾਨ ਕੀਰਤਨੀਏ ਭਾਈ ਨਿਰਮਲ ਸਿੰਘ ਖਾਲਸਾ ਦੀ ਕੋਵਿਡ-19 ਕਾਰਨ ਹੋਈ ਮੌਤ ਵੀ ਮੀਡੀਆ ਵਿਚ ਕਾਫ਼ੀ ਚਰਚਾ ਵਿਚ ਰਹੀ। ਉਨਾਂ ਦਾ ਪਰਿਵਾਰ ਵੀ ਸਿਹਤਯਾਬ ਹੋ ਗਿਆ ਅਤੇ ਸੰਪਰਕ ਵਿਚ ਆਏ ਹੋਰ ਲੋਕ ਵੀ ਠੀਕ ਹੋ ਗਏ। ਚੰਡੀਗੜ 'ਚ ਭਾਈ ਸਾਹਿਬ ਵਲੋਂ ਕੀਤੇ ਕੀਰਤਨ ਨੂੰ ਲੈ ਕੇ ਬਹੁਤ ਸਾਰੀਆਂ ਅਫ਼ਵਾਹਾਂ ਫੈਲੀਆਂ ਅਤੇ ਉਸ ਕੋਠੀ ਨੂੰ ਵੀ ਨਿਗਰਾਨੀ ਹੇਠ ਰੱਖਿਆ ਗਿਆ ਜਿਥੇ ਉਹ ਕੀਰਤਨ ਕਰਕੇ ਆਏ ਸਨ ਪਰ ਵਾਹਿਗੁਰੂ ਦੀ ਕਿਰਪਾ ਨਾਲ ਸਭ ਕੁਝ ਠੀਕ ਹੋ ਗਿਆ। ਚੰਡੀਗੜ ਵਿਚ ਉਨਾਂ ਦੇ ਸੰਪਰਕ ਵਾਲਾ ਇਕ ਵੀ ਕੇਸ ਪਾਜ਼ੇਟਿਵ ਨਹੀਂ ਨਿਕਲਿਆ। ਅੰਮ੍ਰਿਤਸਰ ਵਿਚ ਵੀ ਜਿੱਥੇ ਭਾਈ ਸਾਹਿਬ ਦੀ ਰਿਹਾਇਸ਼ ਹੈ ਉੱਥੇ ਕੋਈ ਲੱਛਣ ਸਾਹਮਣੇ ਨਹੀਂ ਆਏ।

ਇਸ ਦੇ ਉਲਟ ਮੋਹਾਲੀ ਜ਼ਿਲੇ ਵਿਚ ਕੋਰੋਨਾ ਦੇ ਸਭ ਤੋਂ ਵੱਧ 56 ਮਾਮਲੇ ਹੁਣ ਤੱਕ ਸਾਹਮਣੇ ਆਏ ਹਨ ਜਿਨਾਂ ਵਿਚੋਂ ਕੋਈ ਵੀ ਐਨ ਆਰ ਆਈ ਨਾਲ ਸਬੰਧਤ ਨਹੀਂ ਹੈ। ਇਸੇ ਤਰਾਂ ਜਲੰਧਰ ਅਤੇ ਪਠਾਨਕੋਟ ਵਿਚ ਕੋਵਿਡ-19 ਦੇ ਕੇਸਾਂ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ ਅਤੇ ਉੱਥੇ ਵੀ ਅਜੇ ਤੱਕ ਕੋਈ ਪਰਵਾਸੀ ਭਾਰਤੀ ਜਾਂ ਐਨ ਆਰ ਆਈ ਲਿੰਕ ਸਥਾਪਤ ਨਹੀਂ ਹੋ ਸਕਿਆ। ਪੰਜਾਬੀਆਂ ਲਈ ਇਹ ਤੱਥ ਧਿਆਨ ਦੀ ਮੰਗ ਕਰਦੇ ਹਨ ਕਿ ਕੀ ਸੁਣੀਆਂ ਸੁਣਾਈਆਂ ਜਾਂ ਮਨਘੜਤ ਗੱਲਾਂ ਨੂੰ ਅਫ਼ਵਾਹਾਂ ਬਣਾ ਕੇ ਅੱਗੇ ਫੈਲਾਉਣਾ ਵਾਜਬ ਹੈ ਜੋ ਆਪਣੇ ਹੀ ਭਾਈਚਾਰੇ ਦੇ ਉਨਾਂ ਲੋਕਾਂ ਜੋ ਆਪਣੇ ਵਤਨ ਪ੍ਰਤੀ ਦਰਦ ਰੱਖਦੇ ਹਨ ਨੂੰ ਬਿਨਾ ਵਜਾ ਬਦਨਾਮ ਕਰਦੀਆਂ ਹਨ। ਇਕ ਪਾਸੇ ਉਹ ਭਾਰਤ ਵਿਚ ਬੈਠੇ ਵਾਪਸ ਆਪਣੇ ਕਾਰੋਬਾਰ ਸੰਭਾਲਣ ਅਤੇ ਬੱਚਿਆਂ ਨੂੰ ਵੇਖਣ ਦੀ ਤਾਂਘ ਵਿਚ ਹਨ ਦੂਜੇ ਪਾਸੇ ਅਜਿਹੀਆਂ ਗੱਲਾਂ ਸੁਣਨੀਆਂ ਪੈਂਦੀਆਂ ਹਨ। ਉਨਾਂ ਮਾਪਿਆਂ ਦਾ ਵੀ ਹਾਲ ਚਾਲ ਪੁੱਛਣਾ ਚਾਹੀਦਾ ਹੈ ਜਿਨਾਂ ਦੇ ਬੱਚੇ ਲੱਖਾਂ ਰੁਪਏ ਖਰਚ ਕੇ ਵਿਦੇਸ਼ਾਂ ਵਿਚ ਪੜਾਈ ਕਰਨ ਜਾਂ ਕੰਮ ਲਈ ਗਏ ਹਨ। ਇਸ ਮਾਹੌਲ ਵਿਚ ਸਾਨੂੰ ਸਰਬੱਤ ਦੇ ਭਲੇ ਦੀ ਅਰਦਾਸ ਕਰਨੀ ਚਾਹੀਦੀ ਹੈ ਜੋ ਅਸੀਂ ਆਪਣੇ ਵਿਰਸੇ ਵਿਚੋਂ ਸਿੱਖਿਆ ਹੈ।

# ਕੋਰੋਨਾ ਵਾਇਰਸ ਦੇ ਦੌਰ ਵਿਚ ਕਾਮੂ ਦੀ ਰਚਨਾ ਪਲੇਗ ਪੜੋ



- ਰਵੀਸ਼ ਕੁਮਾਰ

1918 ਦੌਰਾਨ ਭਾਰਤ ਵਿਚ ਫਲੂ ਦਾ ਵਾਇਰਸ ਫੈਲਿਆ ਸੀ। ਤਕਰੀਬਨ ਦੋ ਕਰੋੜ ਲੋਕ ਮਾਰੇ ਗਏ ਸਨ। ਉਸ ਦੇ 25 ਸਾਲ ਬਾਅਦ 1943 ਵਿਚ ਬੰਗਾਲ ਵਿਚ ਅਕਾਲ ਪਿਆ ਸੀ। ਉਸ ਵਿਚ 1 ਕਰੋੜ ਲੋਕ ਮਾਰੇ ਗਏ ਸਨ। ਉਸ ਦੇ ਚਾਰ ਸਾਲ ਬਾਅਦ 1947 ਵਿਚ ਭਾਰਤੀ ਉਪ ਮਹਾਂਦੀਪ ਦੀ ਵੰਡ ਦੇ ਦੌਰਾਨ ਤਿੰਨ ਧਰਮਾਂ ਦੇ ਲੋਕਾਂ ਨੇ ਆਪਸ ਵਿਚ ਲੱਖਾਂ ਲੋਕਾਂ ਨੂੰ ਮਾਰ ਦਿੱਤਾ ਸੀ। 75 ਹਜ਼ਾਰ ਔਰਤਾਂ ਦੇ ਨਾਲ ਬਲਾਤਕਾਰ ਹੋਇਆ ਸੀ। ਇਨਫੈਕਸ਼ਨ, ਅਕਾਲ ਤੇ ਦੰਗਿਆਂ ਵਿਚ ਤਕਰੀਬਨ 3 ਕਰੋੜ ਦੇ ਕਰੀਬ ਲੋਕ ਮਾਰੇ ਗਏ ਸਨ। ਅਸੀਂ ਨਹੀਂ ਜਾਣਦੇ ਇਨਾਂ ਮੌਤਾਂ ਦੇ ਬਾਅਦ ਭਾਰਤੀ ਮਾਨਸਿਕਤਾ 'ਤੇ ਕੋਈ ਅਸਰ ਹੋਇਆ ਸੀ ਜਾਂ ਨਹੀਂ।

2020 ਦੇ ਸਾਲ ਵਿਚ ਕੋਰੋਨਾ ਇਨਫੈਕਸ਼ਨ ਦੇ ਕਾਰਨ ਮੁਲਕਾਂ ਦੇ ਮੁਲਕ ਘਰਾਂ ਵਿਚ ਬੰਦ ਕੀਤੇ ਜਾ ਰਹੇ ਹਨ। ਸਾਮਾਜਿਕ ਪ੍ਰਾਣੀ ਨੂੰ ਸਾਮਾਜਿਕ ਦੂਰੀ ਦਾ ਪਾਠ ਪੜਾਇਆ ਜਾ ਰਿਹਾ ਹੈ। ਮੌਤ ਦੇ ਅੰਕੜਿਆਂ ਵਿਚਾਲੇ ਮਨੁੱਖ ਦੇ ਸਿਰ 'ਤੇ ਮੌਤ ਮੰਡਰਾ ਰਹੀ ਹੈ। ਹਰੇਕ ਕੋਈ ਦਹਿਸ਼ਤ ਵਿਚ ਹੈ। ਕੋਰੋਨਾ ਵਾਇਰਸ ਦੇ ਸ਼ਿਕਾਰ ਲੋਕਾਂ ਨੂੰ ਮਰੇ ਹੋਏ ਲੋਕਾਂ ਦਾ ਅੰਕੜਾ ਨਜ਼ਰ ਆ ਰਿਹਾ ਹੈ। ਉਨਾਂ ਨੂੰ ਇੰਝ ਮਹਿਸੂਸ ਹੋ ਰਿਹਾ ਹੈ, ਜਿਸ ਨੂੰ ਕੋਰੋਨਾ ਹੋ ਗਿਆ ਹੈ, ਉਹ ਮੌਤ ਦੇ ਕਰੀਬ ਪਹੁੰਚ ਗਿਆ ਹੈ। ਹਫ਼ੜਾ ਦਫੜੀ ਮਚੀ ਹੈ ਤੇ ਇਸ ਦੇ ਵਿਚਾਲੇ ਲਾਪਰਵਾਹੀ ਜਾਂ ਬੇਪ੍ਰਵਾਹੀ ਦਾ ਦੌਰ ਵੀ ਇਸ ਖੁਸ਼ਨੁਮਾ ਹਵਾ ਦੀ ਤਰਾਂ ਸ਼ਹਿਰਾਂ ਵਿਚ ਚਲ ਰਿਹਾ ਹੈ। ਜਿਸ ਦੀ ਆਹਟ ਕਾਮੂ ਨੇ ਭਾਂਪ ਲਈ ਸੀ। 1947 ਦੇ ਸਾਲ ਵਿਚ ਉਸ ਦੀ ਰਚਨਾ ਪਲੇਗ ਪੜਦੇ ਹੋਏ ਲੱਗ ਰਿਹਾ ਹੈ ਕਿ ਮੈਂ 2020 ਦਾ ਭਾਰਤ ਜਾਂ 2020 ਦਾ ਵਿਸ਼ਵ ਦੇਖ ਰਿਹਾ ਹਾਂ। ਕੁਝ ਪਹਿਲਾਂ ਤੋਂ ਬਦਲਿਆ ਹੈ ਤੇ ਬਹੁਤ ਕੁਝ ਪਹਿਲਾਂ ਦੀ ਤਰਾਂ ਹੈ। ਰਚਨਾਕਾਰ ਨੇ ਜੋ ਹਾਲਾਤ ਬਿਆਨ ਕੀਤੇ ਹਨ, ਉਹ 72 ਸਾਲ ਬਾਅਦ ਵੀ ਨਜ਼ਰ ਆ ਰਹੇ ਹਨ। ਕੁਝ ਵੀ ਨਹੀਂ ਬਦਲਿਆ ਹੈ। ਇਸ ਲਈ ਕਾਮੂ ਦੀ ਰਚਨਾ ਪਲੇਗ ਨੂੰ ਪੜਨਾ ਜ਼ਰੂਰੀ ਹੈ। ਤੁਸੀਂ ਇਸ ਰਚਨਾ ਨੂੰ ਜਾਨਣ ਲਈ ਪੜੋ ਕਿ ਉਸ ਸਮੇਂ ਕੀ ਵਾਪਰਿਆ।

ਕੋਰੋਨਾ ਵਾਇਰਸ ਸਾਨੂੰ ਆਉਣ ਵਾਲੇ ਦਿਨਾਂ ਵਿਚ ਬੁਰੀ ਤਰਾਂ ਉਦਾਸੀਨ ਕਰ ਦੇਵੇਗਾ। ਅਸੀਂ ਹਰ ਚੀਜ਼ ਤੋਂ ਉਦਾਸ ਹੋ ਜਾਵਾਂਗੇ। ਇੱਥੋਂ ਤੱਕ ਕਿ ਉਦਾਸ ਹੋਣ ਦੀ ਪ੍ਰਵਿਰਤੀ ਤੋਂ ਵੀ। ਫਿਰ ਸਾਨੂੰ ਮਰਨ ਵਾਲੇ ਲੋਕਾਂ ਦਾ ਅੰਕੜਾ ਵੱਡਾ ਹੋ ਕੇ ਛੋਟਾ ਨਜ਼ਰ ਆਉਣ ਲੱਗ ਜਾਵੇਗਾ, ਕਿਉਂਕਿ ਸਾਨੂੰ ਅਜਿਹੇ ਭਿਅੰਕਰ ਦ੍ਰਿਸ਼ ਦੇਖ ਕੇ ਅਜਿਹੀ ਆਦਤ ਪੈ ਜਾਵੇਗੀ। ਅਮਰੀਕਾ ਵਿਚ ਬੰਦੂਕ ਖਰੀਦਣ ਦੀ ਲੰਬੀ ਲਾਈਨ ਕਾਮੂ ਦੇ ਨਾਵਲ ਵਿਚ 1947 ਦੇ ਦੌਰਾਨ ਦਰਜ ਹੋ ਚੁੱਕੀ ਹੈ। ਅਜਿਹਾ ਲੱਗਦਾ ਹੈ ਕਿ ਬੱਸ ਕੋਈ ਉਸ ਨੂੰ ਪੜਨ ਦੇ ਬਾਅਦ ਦੁਹਰਾਉਣਾ ਚਾਹੁੰਦਾ ਹੈ।

ਰਾਸ਼ਟਰ ਦੇ ਮਹਾਂਰਥੀਆਂ ਦੀ ਸ਼ੁਰੂ ਵਿਚ ਕੀਤੀ ਬੇਪਰਵਾਹੀ ਦਾ ਕੋਈ ਅਰਥ ਨਹੀਂ। 30 ਜਨਵਰੀ ਨੂੰ ਭਾਰਤ ਵਿਚ ਕੋਰੋਨਾ ਦਾ ਪਹਿਲਾ ਕੇਸ ਸਾਹਮਣੇ ਆਇਆ ਸੀ। 17 ਜਨਵਰੀ ਨੂੰ ਪ੍ਰਧਾਨ ਮੰਤਰੀ ਮੋਦੀ ਜੀ ਅਹਿਮਦਾਬਾਦ ਵਿਚ ਟਰੰਪ ਨਾਲ ਰੈਲੀ ਕਰਦੇ ਹਨ। ਇਸ ਦੇ ਇਕ ਮਹੀਨੇ ਬਾਅਦ ਪ੍ਰਧਾਨ ਮੰਤਰੀ ਮੋਦੀ ਜਦ ਰਾਸ਼ਟਰ ਦੇ ਨਾਮ ਸੰਬੋਧਨ ਕਰਨ ਆਉਂਦੇ ਹਨ ਤੇ ਉਨਾਂ ਕੋਲ ਦੱਸਣ ਦੇ ਲਈ ਕੋਈ ਗੱਲ ਨਹੀਂ ਹੈ। ਉਨਾਂ ਤੋਂ ਪਹਿਲਾਂ ਕਈ ਦੇਸ਼ਾਂ ਦੇ ਮਹਾਂਰਥੀ ਸੱਤਾਧਾਰੀ ਮੁਖੀ ਆਪਣੀ ਜਨਤਾ ਨੂੰ ਸੰਬੋਧਨ ਕਰ ਚੁੱਕੇ ਹੁੰਦੇ ਹਨ। ਇਹ ਸੁਆਲ ਜੇ ਪੁੱਛਿਆ ਜਾਵੇਗਾ ਤਾਂ ਭਾਰਤ ਦੀ ਜਨਤਾ ਨਰਾਜ਼ ਹੋ ਜਾਵੇਗੀ। ਪੱਤਰਕਾਰਾਂ ਦਾ ਫੋਕਸ ਇਸ ਗੱਲ 'ਤੇ ਨਹੀਂ ਹੈ ਕਿ ਦਿੱਲੀ ਤੋਂ ਲੈ ਕੇ ਰਾਜਾਂ ਤੱਕ ਕੋਰੋਨਾ ਨਾਲ ਪ੍ਰਭਾਵਿਤ ਵਿਅਕਤੀਆਂ ਦਾ ਇਲਾਜ ਕਿਵੇਂ ਹੋਵੇਗਾ? ਸਿਹਤ ਸਹੂਲਤਾਂ ਦੇ ਕੀ ਪ੍ਰਬੰਧ ਹਨ ਤੇ ਹਸਪਤਾਲਾਂ ਦੇ ਕੀ ਪ੍ਰਬੰਧ ਹਨ? ਕੁਆਰੰਟੀਨ (ਕਿਸੇ ਵਿਅਕਤੀ ਨੂੰ ਅਲੱਗ ਰੱਖਿਆ ਜਾਣਾ) ਦੀ ਖਰਾਬ ਹਾਲਤ ਦੇ ਵੀਡੀਓ ਮਰੀਜ਼ ਹੀ ਭੇਜਦੇ ਹਨ। 20 ਮਾਰਚ 2020 ਦਿਨ ਦੀ ਖਬਰ ਹੈ। ਲੰਡਨ ਤੋਂ ਆਈ ਗਾਇਕਾ ਕਨਿਕਾ ਨੂੰ ਕੋਰੋਨਾ ਹੋ ਗਿਆ, ਉਹ ਲਖਨਊ ਵਿਚ ਕਈ ਲੋਕਾਂ ਨੂੰ ਮਿਲੀ। ਵਸੁੰਧਰਾ ਰਾਜੇ ਤੇ ਉਸ ਦੇ ਬੇਟੇ ਨੂੰ ਮਿਲੀ, ਸਾਂਸਦ ਗਈ, ਉੱਥੋਂ ਦੇ ਪੱਤਰਕਾਰਾਂ ਨੂੰ ਮਿਲੀ ਹੈ। ਪਰ ਫੋਕਸ ਇਸ 'ਤੇ ਹੈ ਕਿ ਪ੍ਰਧਾਨ ਮੰਤਰੀ ਦੇ ਬੋਲਣ ਦਾ ਤਰੀਕਾ ਕਿੰਨਾ ਚੰਗਾ ਹੈ। ਉਹ ਲੋਕਾਂ ਨੂੰ ਕਿਸ ਤਰਾਂ ਪ੍ਰੇਰਿਤ ਕਰ ਰਹੇ ਨੇ। 30 ਜਨਵਰੀ ਨੂੰ ਕੋਰੋਨਾ ਦੀ ਪਹਿਲੀ ਘਟਨਾ ਹੋਈ। ਡੇਢ ਮਹੀਨੇ ਬਾਅਦ ਭਾਰਤ ਦਾ ਮੀਡੀਆ ਪ੍ਰਧਾਨ ਮੰਤਰੀ ਦੇ ਭਾਸ਼ਣ ਤੋਂ ਪ੍ਰੇਰਨਾ ਲੈ ਕੇ ਖੂਬਸੂਰਤ ਸੁਰ ਗਾ ਰਿਹਾ ਹੈ।

ਅਲਬੈਅਰ ਕਾਮੂ ਦੀ ਰਚਨਾ ਪਲੇਗ ਪੜੋਗੇ ਤਾਂ ਇਹੀ ਜਾਣੋਗੇ ਕਿ ਮਹਾਂਮਾਰੀ ਦੇ ਵਕਤ ਅਲੋਚਨਾ ਤੇ ਤਾਰੀਫ਼ ਦਾ ਕੋਈ ਮਤਲਬ ਨਹੀਂ ਰਹਿ ਜਾਂਦਾ। ਹੁਣ ਅਸੀਂ ਸਾਰੇ ਮੌਤ ਦੀ ਇਕ ਬੇੜੀ ਉੱਪਰ ਸ਼ਿਕਾਰ ਹਾਂ। ਅੰਗਰੇਜ਼ੀ ਵਿਚ ਪੇਂਗੁਏਨ ਨੇ ਇਸ ਨੂੰ ਛਾਪਿਆ ਹੈ। ਹਿੰਦੀ ਵਿਚ ਇਸ ਨੂੰ ਰਾਜਕਮਲ ਨੇ ਛਾਪਿਆ ਹੈ। ਇਸ ਦਾ ਅਨੁਵਾਦ ਸ਼ਿਵਦਾਨ ਸਿੰਘ ਚੌਹਾਨ ਤੇ ਵਿਜੈ ਚੌਹਾਨ ਨੇ ਕੀਤਾ ਹੈ। 1961 ਦੌਰਾਨ ਹਿੰਦੀ ਵਿਚ ਪ੍ਰਕਾਸ਼ਿਤ ਹੋਇਆ ਸੀ। ਕਾਮੂ ਆਖਦਾ ਹੈ ਕਿ ਅਸਲ ਵਿਚ ਕੋਈ ਦਾਅਵਾ ਨਹੀਂ ਕਰ ਸਕਦਾ ਕਿ ਬਿਪਤਾ ਅਗਸਤ ਦੇ ਅੱਧ ਤੱਕ ਖਤਮ ਹੋ ਜਾਵੇਗੀ। ਬਿਪਤਾ ਸਭ ਪਾਸੇ ਛਾਈ ਹੋਈ ਹੈ। ਹੁਣ ਕਿਸੇ ਦੀ ਕੋਈ ਨਿੱਜੀ ਕਿਸਮਤ ਨਹੀਂ ਰਹੀ, ਪਰ ਇਕ ਸਮੂਹਕ ਇਤਿਹਾਸ ਹੈ ਤੇ ਪਲੇਗ ਬਾਰੇ ਸਾਰਿਆਂ ਦੁਆਰਾ ਸਾਂਝੀਆਂ ਕੀਤੀਆਂ ਭਾਵਨਾਵਾਂ ਹਨ। ਇਨਾਂ ਵਿੱਚੋਂ ਸਭ ਤੋਂ ਵੱਖਰੀਆਂ ਭਾਵਨਾਵਾਂ ਉਨਾਂ ਦੀਆਂ ਹਨ, ਜੋ ਕਿ ਡਰ ਅਤੇ ਬਗਾਵਤ ਨਾਲ ਜੁੜੇ ਹੋਏ ਹਨ।

ਓਰਾਨ ਅਲਜੀਰੀਆ ਦਾ ਇੱਕ ਸ਼ਹਿਰ ਹੈ. ਬਿਮਾਰੀ ਬੁਰੀ ਤਰਾਂ ਫੈਲੀ ਹੋਈ ਹੈ। ਸ਼ੁਰੂ ਵਿਚ ਲੋਕਾਂ ਦਾ ਜੀਵਨ ਆਮ ਹੁੰਦਾ ਹੈ, ਉਹ ਆਪਣੇ ਆਪ ਨੂੰ ਉਨਾਂ ਅੰਕੜਿਆਂ ਤੋਂ ਸੁਰੱਖਿਅਤ ਸਮਝਦੇ ਹਨ, ਜਿੱਥੇ ਬਸਤੀ ਮੌਤ ਦੀ ਸ਼ਿਕਾਰ ਹੋ ਗਈ ਹੈ। ਜਿਵੇਂ ਹੀ ਪਲੇਗ ਮਹਾਂਮਾਰੀ ਦਾ ਐਲਾਨ ਹੁੰਦਾ ਹੈ, ਤਾਂ ਸ਼ਹਿਰ ਬਦਲਣਾ ਸ਼ੁਰੂ ਹੋ ਜਾਂਦਾ ਹੈ। ਪਲੇਗ ਤੋਂ ਬਚੇ ਲੋਕਾਂ ਨੇ ਆਪਣੇ ਘਰ ਸਾੜ ਦਿੱਤੇ। ਮੁਰਦਿਆਂ ਨੂੰ ਦਫ਼ਨਾਉਣ ਦੀਆਂ ਰਸਮੀ ਰਸਮਾਂ ਤਿਆਗ ਦਿੱਤੀਆਂ ਜਾਂਦੀਆਂ ਹਨ। ਸਭ ਲਾਸ਼ਾਂ ਨੂੰ ਇੱਕੋ ਤਰੀਕੇ ਨਾਲ ਦੱਬ ਦਿੱਤਾ ਜਾਂਦਾ ਹੈ। ਇਸ ਮਾਹੌਲ ਵਿਚ ਜਾਣਕਾਰੀ ਦਾ ਕੋਈ ਅਰਥ ਨਹੀਂ ਹੁੰਦਾ। ਇੱਕ ਸ਼ਹਿਰ ਜੋ ਪਲੇਗ ਕਾਰਨ ਮਰਨ ਵਾਲਾ ਹੈ, ਪਲੇਗ ਨਾਵਲ ਇਸ ਦੇ ਅੰਦਰ ਰਹਿੰਦੇ ਲੋਕਾਂ ਦੀ ਦਾਸਤਾਨ ਹੈ। ਕਾਮੂ ਨੇ ਲਿਖਿਆ ਕਿ ਪਲੇਗ ਨਾਲ 10 ਲੱਖ ਲੋਕ ਮਾਰੇ ਜਾ ਚੁੱਕੇ ਹਨ। ਓਰਨ ਦਾ ਇਹ ਨਾਵਲ ਦਿੱਲੀ ਅਤੇ ਮੁੰਬਈ ਦੇ ਲੋਕਾਂ ਨੂੰ ਸਮਝਣ ਦਾ ਰਸਤਾ ਦੇਵੇਗਾ। ਫਿਰ ਤੁਸੀਂ ਇਟਲੀ ਵਿਚ ਮਿਲਾਨ ਅਤੇ ਚੀਨ ਵਿਚ ਵੁਹਾਨ ਦੇ ਬੰਦ ਹੋਣ ਤੇ ਲਾਕਡਾਊਨ ਨੂੰ ਸਮਝ ਸਕੋਗੇ। ਇਹ ਸਮਾਂ ਹੈ ਪਲੇਗ ਨੂੰ ਪੜੋ। ਇਸ ਨਾਵਲ ਵਿਚ ਕਰਫਿਊ ਦਾ ਵੀ ਜ਼ਿਕਰ ਹੈ।

ਸਥਾਨਕ ਅਖਬਾਰਾਂ ਚੂਹਿਆਂ ਬਾਰੇ ਵੱਡੀਆਂ ਸੁਰਖੀਆਂ ਛਾਪਦੀਆਂ ਸਨ ਅਤੇ ਖ਼ਬਰਾਂ ਪ੍ਰਕਾਸ਼ਤ ਕਰਦੀਆਂ ਸਨ ਹੁਣ ਪੂਰੀ ਤਰਾਂ ਚੁੱਪ ਹੋ ਗਈਆਂ ਹਨ, ਕਿਉਂਕਿ ਚੂਹੇ ਸੜਕਾਂ 'ਤੇ ਹਨ ਅਤੇ ਉਨਾਂ ਦੇ ਘਰਾਂ ਵਿੱਚ ਆਦਮੀ ਮਰ ਜਾਂਦੇ ਹਨ। ਅਖਬਾਰਾਂ ਸਿਰਫ਼ ਸੜਕਾਂ ਵਿਚ ਦਿਲਚਸਪੀ ਰੱਖਦੀਆਂ ਹਨ। ਜਦੋਂ ਤੱਕ ਹਰੇਕ ਡਾਕਟਰ ਕੋਲ ਦੋ ਜਾਂ ਤਿੰਨ ਕੇਸ ਪਹੁੰਚ ਚੁੱਕੇ ਸਨ, ਕਿਸੇ ਨੇ ਵੀ ਇਸ ਮਾਮਲੇ ਵਿਚ ਕੋਈ ਕਾਰਵਾਈ ਕਰਨ ਬਾਰੇ ਨਹੀਂ ਸੋਚਿਆ ਸੀ। ਜਦੋਂ ਦਿਨਾਂ ਵਿਚ ਕੇਸ ਭਾਰੀ ਗਿਣਤੀ ਵਿਚ ਪਹੁੰਚਣ ਲੱਗੇ, ਮਰੀਜ਼ਾਂ ਦੀ ਗਿਣਤੀ ਦਿਨ ਰਾਤ ਚੌਗੁਣੀ ਹੋ ਗਈ ਸੀ ਤਾਂ ਲੋਕਾਂ ਨੂੰ ਇਸ ਅਜੀਬ ਬਿਮਾਰੀ ਨੂੰ ਵੇਖ ਕੇ ਕੋਈ ਸ਼ੱਕ ਨਹੀਂ ਰਹਿ ਗਿਆ ਸੀ ਕਿ ਮਹਾਂਮਾਰੀ ਫੈਲ ਗਈ ਹੈ। ਹਰ ਕੋਈ ਜਾਣਦਾ ਹੈ ਕਿ ਮਹਾਮਾਰੀ ਦੁਨੀਆ ਵਿਚ ਵਾਰ-ਵਾਰ ਫੈਲਦੀ ਰਹਿੰਦੀ ਹੈ। ਪਰ ਜਦੋਂ ਕੋਈ ਮਹਾਂਮਾਰੀ ਨੀਲੇ ਅਸਮਾਨ ਨੂੰ ਚੀਰਨ ਤੋਂ ਬਾਅਦ ਸਾਡੇ ਸਿਰ ਨੂੰ ਹਿਲਾਉਂਦੀ ਹੈ, ਤਦ ਸਾਨੂੰ ਵਿਸ਼ਵਾਸ ਹੁੰਦਾ ਹੈ। ਇਤਿਹਾਸ ਵਿਚ ਬਹੁਤ ਸਾਰੀਆਂ ਵਾਰ ਪਲੇਗਾਂ ਫੈਲੀਆਂ ਹਨ। ਜਿੰਨੀ ਵਾਰ ਇਸ ਮਹਾਂਮਾਰੀ ਦੇ ਖਿਲਾਫ਼ ਲੜਾਈ ਲੜੀ ਗਈ ਹੈ, ਓਨੀ ਵਾਰ ਇਹ ਫੈਲੀ ਹੈ।

ਭਾਵੇਂ ਪਲੇਗ ਹੋਵੇ ਜਾਂ ਯੁੱਧ ਇਹ ਲੋਕਾਂ ਨੂੰ ਬਿਨਾਂ ਚਿਤਾਵਨੀ ਦੇ ਆਪਣੀ ਲਪੇਟ ਵਿਚ ਲੈਂਦੇ ਹਨ। ਇਸ ਦੌਰਾਨ ਲੋਕਾਂ ਨੂੰ ਇਹੀ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਇਕ ਦੂਸਰੇ ਦੇ ਸੰਪਰਕ ਵਿਚ ਨਾ ਆਉਣ ਤੇ ਸਫ਼ਾਈ ਦੇ ਇੰਸਪੈਕਟਰ ਨੂੰ ਜਾ ਕੇ ਮਿਲਣ ਤੇ ਉਨਾਂ ਦੀ ਦਿੱਤੀ ਹੋਈ ਸਲਾਹ 'ਤੇ ਪੂਰੀ ਤਰਾਂ ਅਮਲ ਕਰਨ। ਪਰ ਅਗਲੇ ਚਾਰ ਦਿਨਾਂ ਵਿਚ ਹੀ ਬੁਖਾਰ ਵਿਚ ਹੈਰਾਨ ਕਰਨ ਵਾਲੀ ਪ੍ਰਗਤੀ ਹੋਈ ਸੀ। ਪਹਿਲੇ ਦਿਨ 16, ਫਿਰ 24, ਫਿਰ 28 ਤੇ 32 ਮੌਤਾਂ ਹੋਈਆਂ। ਚੌਥੇ ਦਿਨ ਬੱਚਿਆਂ ਦੇ ਇਕ ਸਕੂਲ ਦੇ ਅੰਦਰ ਸਹਾਇਕ ਹਸਪਤਾਲ ਖੋਲੇ ਜਾਣ ਦਾ ਐਲਾਨ ਕੀਤਾ ਗਿਆ। ਨਗਰ ਵਾਸੀ ਹੁਣ ਨੁਕਤਾਚੀਨੀ ਕਰਕੇ ਆਪਣੀ ਘਬਰਾਹਟ ਨੂੰ ਛੁਪਾਉਂਦੇ ਹੋਏ ਉੱਥੇ ਆਏ ਸਨ, ਪਰ ਹੁਣ ਇਨਾਂ ਦੀ ਆਵਾਜ਼ ਗਾਇਬ ਹੋ ਚੁੱਕੀ ਸੀ ਤੇ ਉਹ ਉਦਾਸ ਸਨ। ਮੌਤ ਦਾ ਦ੍ਰਿਸ਼ ਦੇਖ ਕੇ ਉਦਾਸ ਕੋਈ ਕਿਉਂ ਨਹੀਂ ਹੋਵੇਗਾ?

ਮੌਤਾਂ ਦੀ ਗਿਣਤੀ ਇਕਦਮ ਵੱਧ ਗਈ, ਜਿਸ ਦਿਨ ਗਿਣਤੀ 30 ਤੱਕ ਪਹੁੰਚੀ ਤਾਂ ਪ੍ਰੀਫੈਕਟ ਨੇ ਡਾਕਟਰ ਰੀਓ ਨੂੰ ਇਕ ਤਾਰ ਪੜਨ ਲਈ ਦਿੱਤਾ ਤੇ ਕਿਹਾ ਗਿਆ, 'ਹੁਣ ਲਗਦਾ ਹੈ ਉਹ ਲੋਕ ਘਬਰਾ ਚੁੱਕੇ ਹਨ, ਆਖਿਰਕਾਰ। ਤਾਰ ਵਿਚ ਲਿਖਿਆ ਸੀ ਕਿ ਪਲੇਗ ਫੈਲਣ ਦਾ ਐਲਾਨ ਕਰ ਦਿਓ, ਸ਼ਹਿਰ ਦੇ ਫਾਟਕ ਬੰਦ ਕਰ ਦਿਓ।'

ਪਲੇਗ ਦੇ ਤੀਸਰੇ ਹਫਤੇ 302 ਮੌਤਾਂ ਹੋ ਚੁੱਕੀਆਂ ਸਨ। ਸ਼ਹਿਰ ਦੀ ਆਬਾਦੀ 2 ਲੱਖ ਸੀ। ਮੌਤ ਦੇ ਅੰਕੜੇ ਕੀ ਸੱਚਮੁੱਚ ਏਨੇ ਜ਼ਿਆਦਾ ਸਨ, ਇਹ ਕੋਈ ਨਹੀਂ ਜਾਣਦਾ ਸੀ। ਸਿੱਟੇ ਵਜੋਂ ਇਹ ਕਿਹਾ ਜਾ ਸਕਦਾ ਹੈ ਕਿ ਜਨਤਾ ਦੇ ਕੋਲ ਅੰਕੜਿਆਂ ਦਾ ਮੁਕਾਬਲਾ ਕਰਨ ਦੇ ਲਈ ਕਿਸੇ ਮਾਪਦੰਡ ਦੀ ਘਾਟ ਸੀ।

ਮਹੀਨੇ ਦੇ ਅੰਤਮ ਦਿਨਾਂ ਵਿਚ ਸਾਡੇ ਸ਼ਹਿਰ ਦੇ ਪਾਦਰੀ ਵਰਗ ਨੇ ਆਪਣੇ ਵਿਸ਼ੇਸ਼ ਹਥਿਆਰਾਂ ਨਾਲ ਲੈਸ ਪਲੇਗ ਦਾ ਮੁਕਾਬਲਾ ਕਰਨ ਦਾ ਫੈਸਲਾ ਕਰਕੇ ਇਕ ਪ੍ਰਾਰਥਨਾ ਹਫਤਾ ਮਨਾਉਣ ਦਾ ਐਲਾਨ ਕੀਤਾ। ਐਤਵਾਰ ਵਾਲੇ ਦਿਨ ਪਲੇਗ ਤੋਂ ਪੀੜਤ ਹੋਏ ਲੋਕਾਂ ਲਈ ਸ਼ਹੀਨੇ ਵਾਲੇ ਸੰਤ ਦੀ ਅਗਵਾਈ ਵਿਚ ਵਿਸ਼ਾਲ ਪ੍ਰਾਰਥਨਾ ਹੋਣੀ ਸੀ ਤੇ ਫਾਦਰ ਪੈਨਾਲੋ ਨੂੰ ਇਸ ਸਭਾ ਵਿਚ ਪ੍ਰਵਚਨ ਦੇਣ ਲਈ ਕਿਹਾ ਗਿਆ ਸੀ।

ਇਨਾਂ ਇਲਾਕਿਆਂ ਦੇ ਲੋਕ ਸਮਝਣ ਲੱਗੇ ਕਿ ਪਾਬੰਦੀਆਂ ਖਾਸ ਤੌਰ 'ਤੇ ਉਨਾਂ ਲੋਕਾਂ ਦੇ ਲਈ ਲਾਗੂ ਕੀਤੀਆਂ ਗਈਆਂ ਹਨ। ਇਸ ਲਈ ਉਹ ਦੂਸਰੇ ਇਲਾਕਿਆਂ ਦੇ ਰਹਿਣ ਵਾਲੇ ਲੋਕਾਂ ਨਾਲ ਈਰਖਾ ਕਰਨ ਲੱਗੇ, ਕਿਉਂਕਿ ਉਨਾਂ ਨੂੰ ਅਜ਼ਾਦੀ ਸੀ।

ਅਜ਼ਾਦੀ ਇਸ ਲਈ ਸੀ ਕਿ ਉਹ ਪਲੇਗ ਦਾ ਸ਼ਿਕਾਰ ਨਹੀਂ ਹੋਏ ਸਨ। ਦੂਸਰੇ ਇਲਾਕੇ ਦੇ ਪੀੜਤ ਲੋਕ ਇਨਾਂ ਦੀ ਦੁਰਦਸ਼ਾ ਦੇ ਲਈ ਕਲਪਨਾ ਕਰਨ ਲੱਗ ਪਏ। ਨਾਗਰਿਕ ਅਧਿਕਾਰੀ ਇਸ ਦਲੀਲ ਅੱਗੇ ਝੁਕ ਗਏ ਤੇ ਉਨਾਂ ਤਹਿਤ ਕੀਤਾ ਕਿ ਜੋ ਬਾਰਡਰ 'ਤੇ ਆਪਣਾ ਕੰਮ ਕਰਦੇ ਹੋਏ ਮੌਤ ਦਾ ਸ਼ਿਕਾਰ ਹੋਏ ਹਨ, ਉਨਾਂ ਨੂੰ ਪਲੇਗ ਮੈਡਲ ਦਿੱਤੇ ਜਾਣ। ਪਰ ਜਿਨਾਂ ਨੂੰ ਪਹਿਲਾਂ ਫੌਜੀ ਤਗਮੇ ਮਿਲੇ ਸਨ, ਉਨਾਂ 'ਤੇ ਬੁਰਾ ਅਸਰ ਪੈ ਚੁੱਕਾ ਸੀ। ਪਰ ਤਗਮਿਆਂ ਨੂੰ ਵਾਪਸ ਦੇਣ ਦਾ ਸੁਆਲ ਨਹੀਂ ਉਠਦਾ ਸੀ। ਇਸ ਲਈ ਫੌਜੀ ਖੇਤਰਾਂ ਵਿਚ ਬਹੁਤ ਬੇਗਾਨਗੀ ਛਾਈ ਹੋਈ ਸੀ। ਇਸ ਦੇ ਇਲਾਵਾ ਪਲੇਗ ਦੇ ਤਗਮੇ ਵਿਚ ਇਕ ਹੋਰ ਕਮੀ ਸੀ, ਕਿਉਂਕਿ ਉਸ ਦਾ ਨੈਤਿਕ ਅਸਰ ਫੌਜੀ ਪੁਰਸਕਾਰਾਂ ਤੋਂ ਕਿਤੇ ਘੱਟ ਸੀ, ਕਿਉਂਕਿ ਮਹਾਂਮਾਰੀ ਦੇ ਜ਼ਮਾਨੇ ਵਿਚ ਲੋਕਾਂ ਨੂੰ ਅਜਿਹੇ ਤਗਮੇ ਅਸਾਨੀ ਨਾਲ ਮਿਲ ਜਾਂਦੇ ਸਨ, ਇਸ ਲਈ ਕੋਈ ਵੀ ਸੰਤੁਸ਼ਟ ਨਹੀਂ ਸੀ।

ਹਾ ਰੀਓ ਨੇ ਕਿਹਾ ਕਿ ਇਸ ਵਾਰ ਵੀ ਪਲੇਗ ਵਿਚ ਓਨੇ ਹੀ ਲੋਕ ਮਰ ਰਹੇ ਹਨ ਤੇ ਦਫਨਾਏ ਜਾ ਰਹੇ ਹਨ, ਜਿੰਨੇ ਕਿ ਪੁਰਾਣੇ ਜ਼ਮਾਨੇ ਦੀ ਪਲੇਗ ਵਿਚ ਦਫਨਾਏ ਜਾਂਦੇ ਹਨ, ਪਰ ਅਸੀਂ ਮੌਤ ਦੇ ਅੰਕੜੇ ਰੱਖਦੇ ਹਾਂ, ਇਸ ਨੂੰ ਮੰਨਣਾ ਪਵੇਗਾ ਕਿ ਇਸ ਦਾ ਨਾਮ ਵਿਕਾਸ ਹੈ।

ਇਸ ਨਾਵਲ ਵਿਚ ਦੱਸਿਆ ਹੈ ਕਿ ਲੋਕ ਆਪਣੇ ਮਰੇ ਸੰਬੰਧੀਆਂ ਦਾ ਦੁੱਖ ਮਨਾਉਣ ਲੱਗੇ। ਉਨਾਂ ਦਾ ਮਨੋਬਲ ਡਾਵਾਂਡੋਲ ਹੋ ਗਿਆ। ਮੌਤ ਸਿਰਾਂ 'ਤੇ ਮੰਡਰਾ ਰਹੀ ਸੀ। ਪਰ ਜਿਉਂ ਜਿਉਂ ਵਕਤ ਗੁਜ਼ਰਦਾ ਗਿਆ ਤਤਕਾਲੀਨ ਜ਼ਰੂਰਤਾਂ ਵਲ ਧਿਆਨ ਕੇਂਦਰਿਤ ਹੋਣ ਲੱਗਾ। ਖਾਣ ਪੀਣ ਦੀ ਸਮੱਸਿਆ ਗੰਭੀਰ ਹੋਣ ਲੱਗੀ। ਉਨਾਂ ਨੂੰ ਇਹ ਸੋਚਣ ਦੀ ਵਿਹਲ ਨਹੀਂ ਸੀ ਕਿ ਉਨਾਂ ਦੇ ਆਲੇ-ਦੁਆਲੇ ਲੋਕ ਕਿਸ ਤਰਾਂ ਮਰ ਰਹੇ ਹਨ ਤੇ ਕਿਸੇ ਦਿਨ ਉਹ ਖੁਦ ਵੀ ਇਸ ਤਰਾਂ ਮਰ ਜਾਣਗੇ। ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਪਲੇਗ ਵਿਚ ਹੌਲੀ ਹੌਲੀ ਪਿਆਰ ਤੇ ਦੋਸਤੀ ਦੀ ਸਮਰੱਥਾ ਖਤਮ ਕਰ ਦਿੱਤੀ। ਇਸ ਨਾਵਲ ਵਿਚ ਦੱਸਿਆ ਹੈ ਕਿ ਇਕ ਬਜ਼ੁਰਗ ਡਾਕਟਰ ਨੇ ਯਾਦ ਕਰਵਾਇਆ ਕਿ ਮਨੁੱਖ ਦਾ ਭਵਿੱਖ ਅਨਿਸ਼ਚਿਤ ਹੈ, ਡਾਵਾਂਡੋਲ ਹੈ। ਇਤਿਹਾਸ ਇਹ ਸਾਬਤ ਕਰਦਾ ਹੈ ਕਿ ਮਹਾਂਮਾਰੀਆਂ ਬਿਨਾਂ ਸੱਦੇ 'ਤੇ ਪ੍ਰਗਟ ਹੋ ਜਾਂਦੀਆਂ ਹਨ ਅਤੇ ਜ਼ੋਰ ਫੜ ਲੈਂਦੀਆਂ ਹਨ। ਕ੍ਰਿਪਾ ਕਰਕੇ ਕਾਮੂ ਦੀ ਪਲੇਗ ਦਾ ਪੂਰਾ ਨਾਵਲ ਪੜੋ। ਇਸ ਦੌਰ ਵਿਚ ਖੁਦ ਨੂੰ ਸਮਝਣ ਵਿਚ ਮਦਦ ਮਿਲੇਗੀ।

# ਭਲੋ ਭਲੋ ਰੇ ਕੀਰਤਨੀਆ

- ਡਾ. ਨਿਵੇਦਿਤਾ ਸਿੰਘ
98885-15059

'ਕੀਰਤਨੁ ਨਿਰਮੋਲਕ ਹੀਰਾ' ਦੇ ਗੁਰਵਾਕ ਨੂੰ ਸੱਚ ਕਰਦੇ ਪੰਥ ਦੇ ਸਤਿਕਾਰਤ ਤੇ ਸੰਗਤ ਦੇ ਚਹੇਤੇ ਕੀਰਤਨੀਏ ਭਾਈ ਨਿਰਮਲ ਸਿੰਘ ਖ਼ਾਲਸਾ 12 ਅਪਰੈਲ, 1956 ਨੂੰ ਪਿੰਡ ਜੰਡਵਾਲਾ ਭੀਮੇਸ਼ਾਹ, ਜ਼ਿਲ੍ਹਾ ਫ਼ਿਰੋਜ਼ਪੁਰ ਵਿੱਚ ਜਨਮੇ। 1968 ਵਿੱਚ ਪਰਿਵਾਰ ਨੂੰ ਜ਼ਿਲ੍ਹਾ ਜਲੰਧਰ ਦੇ ਪਿੰਡ ਮੰਡਾਲਾ ਵਿੱਚ ਜ਼ਮੀਨ ਅਲਾਟ ਹੋਈ ਤਾਂ ਸਤਲੁਜ ਦਰਿਆ ਕੰਢੇ ਮੱਝਾਂ ਚਾਰਦਿਆਂ ਬਚਪਨ ਬੀਤਿਆ। ਰੱਬੀ ਦਾਤ ਰਾਹੀਂ ਪ੍ਰਾਪਤ ਹੋਈ ਸੁਰੀਲੀ ਆਵਾਜ਼ ਵਿੱਚ ਜਦੋਂ ਬਾਲਕ ਹੀਰ ਗਾਉਂਦਾ ਤਾਂ ਆਉਂਦੇ ਜਾਂਦੇ ਰਾਹਗੀਰ ਖੜ੍ਹ ਕੇ ਸੁਣਦੇ ਤੇ ਸਰਾਹੁੰਦੇ। ਪਿੰਡ ਦੀ ਸੱਥ ਵਿੱਚ ਬਿਠਾ ਕੇ ਪਿੰਡ ਵਾਸੀ ਹੀਰ, ਸੋਹਣੀ ਤੇ ਸੱਸੀ ਦੇ ਕਿੱਸੇ ਸੁਣਦੇ ਰਹਿੰਦੇ। ਐਥੋਂ ਹੀ ਕਿਸੇ ਬਜ਼ੁਰਗ ਨੇ ਰਾਗ ਵਿਦਿਆ ਸਿੱਖਣ ਦੀ ਸਿਆਣੀ ਸਲਾਹ ਦਿੱਤੀ। ਇਸ ਦੌਰਾਨ ਪਰਥਾਇ ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਅੰਮ੍ਰਿਤਸਰ ਦਾ ਪਤਾ ਲੱਗਿਆ ਤੇ ਦਾਖ਼ਲੇ ਲਈ ਕਿਸੇ ਰਾਹੀਂ ਪੱਤਰ ਭੇਜ ਦਿੱਤਾ। ਕਰਨੀ ਰੱਬ ਦੀ ਕਿ ਇੰਟਰਵਿਊ ਲਈ ਸੱਦਾ ਪੱਤਰ ਆ ਗਿਆ ਪਰ ਕਿਰਾਇਆ ਖਰਚਣ ਜੋਗੇ ਪੈਸੇ ਨਹੀਂ ਸੀ। ਮਾਂ ਨੇ ਖ਼ਰਚੇ ਅਤੇ ਹੋਰ ਪ੍ਰਬੰਧਾਂ ਲਈ ਆਪਣੀ ਮੁੰਦਰੀ ਲਾਹ ਕੇ ਦੇ ਦਿੱਤੀ ਤੇ ਮਾਂ ਦੀਆਂ ਅਸੀਸਾਂ ਨੇ ਅਜਿਹਾ ਕੌਤਕ ਵਰਤਾਇਆ, ਜਿਸ ਨੂੰ ਸਾਰੇ ਸੰਸਾਰ ਨੇ ਰੱਜ-ਰੱਜ ਤੱਕਿਆ ਤੇ ਮਾਣਿਆ। ਬਾਲਕ ਨਿਰਮਲ ਸਿੰਘ ਇੰਟਰਵਿਊ ਬੋਰਡ ਅੱਗੇ ਜਾ ਪੇਸ਼ ਹੋਇਆ, ਜਿਸ ਵਿੱਚ ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ, ਪ੍ਰਿੰਸੀਪਲ ਹਰਿਭਜਨ ਸਿੰਘ ਤੇ ਉਸਤਾਦ ਅਵਤਾਰ ਸਿੰਘ ਨਾਜ਼ ਜਿਹੀਆਂ ਸ਼ਖ਼ਸੀਅਤਾਂ ਬਿਰਾਜਮਾਨ ਸਨ। ਉਨ੍ਹਾਂ ਕੋਈ ਸ਼ਬਦ ਸੁਣਾਉਣ ਨੂੰ ਕਿਹਾ ਪਰ ਉਸ ਨੇ ਧਾਰਮਿਕ ਗੀਤ ਗਾ ਦਿੱਤੇ ਕਿਉਂਕਿ ਭੋਲੇ ਬਾਲਕ ਨੂੰ ਅਜੇ ਸ਼ਬਦ ਤੇ ਧਾਰਮਿਕ ਗੀਤ ਵਿਚਲਾ ਅੰਤਰ ਪਤਾ ਨਹੀਂ ਸੀ। ਪਾਰਖੂ ਮੈਂਬਰ ਸਾਹਿਬਾਨ ਨੇ ਗੁਣ ਨੂੰ ਪਛਾਣ ਲਿਆ ਤੇ ਦਾਖ਼ਲਾ ਮਿਲ ਗਿਆ। ਇਥੋਂ ਅਜਿਹਾ ਸਫ਼ਰ ਸ਼ੁਰੂ ਹੋਇਆ, ਜਿਸ ਵਿੱਚ ਨਿਰੰਤਰ ਚੱਲਦਿਆਂ ਅੱਗੇ ਜਾ ਕੇ ਭਾਈ ਨਿਰਮਲ ਸਿੰਘ ਖ਼ਾਲਸਾ ਦੀ ਗਾਈ ਆਸਾ ਦੀ ਵਾਰ ਦੀ ਸੀ.ਡੀ. ਦੀਆਂ 90 ਲੱਖ ਤੋਂ ਵੱਧ ਕਾਪੀਆਂ ਵਿਕੀਆਂ ਅਤੇ ਮੱਝਾਂ ਚਾਰਦੇ ਤੇ ਗਾਉਂਦੇ ਪਾਲੀ ਨੂੰ 'ਪਦਮਸ੍ਰੀ' ਨਾਲ ਨਵਾਜਿਆ ਗਿਆ।

ਭਾਈ ਨਿਰਮਲ ਸਿੰਘ ਖ਼ਾਲਸਾ ਦਾ ਸੰਗੀਤਕ ਸੰਘਰਸ਼ ਤੇ ਸਫ਼ਰ ਕਾਫ਼ੀ ਲੰਮਾ ਰਿਹਾ ਪਰ ਪਰਮਾਤਮਾ ਦੀ ਬਖ਼ਸ਼ਿਸ਼ ਰਹੀ ਕਿ ਸੰਘਰਸ਼ ਨੂੰ ਬੂਰ ਪਿਆ। ਵਿਸ਼ਵ ਭਰ ਵਿੱਚ ਗੁਰਬਾਣੀ ਦੇ ਕਦਰਦਾਨਾਂ ਵਿੱਚ ਉਨ੍ਹਾਂ ਦੀ ਆਵਾਜ਼ ਤੇ ਕੀਰਤਨ ਸ਼ੈਲੀ ਵੱਖਰੀ ਪਛਾਣ ਬਣਾ ਚੁੱਕੀ ਹੈ। ਸੰਨ 1979 ਵਿੱਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਹਜ਼ੂਰੀ ਰਾਗੀ ਭਾਈ ਗੁਰਮੇਜ਼ ਸਿੰਘ ਨਾਲ ਸਹਾਇਕ ਵਜੋਂ ਹਾਜ਼ਰ ਹੋਏ। ਸੰਨ 1986 ਵਿੱਚ ਆਪਣਾ ਰਾਗੀ ਜਥਾ ਬਣਾਇਆ, ਜਿਸ ਵਿੱਚ ਲੰਮਾ ਸਮਾਂ ਉਨ੍ਹਾਂ ਨਾਲ ਸਹਾਇਕ ਰਾਗੀ ਵਜੋਂ ਭਾਈ ਦਰਸ਼ਨ ਸਿੰਘ ਨੇ ਸੇਵਾ ਨਿਭਾਈ। ਤਬਲੇ ਦੀ ਸੰਗਤ ਭਾਈ ਕਰਤਾਰ ਸਿੰਘ ਤੇ ਭਾਈ ਕੁਲਜੀਤ ਸਿੰਘ ਨਿਭਾਉਂਦੇ ਰਹੇ ਤੇ ਦਿਲਰੁਬਾ 'ਤੇ ਭਾਈ ਸੰਦੀਪ ਸਿੰਘ ਸੰਗਤਕਾਰ ਵਜੋਂ ਰਹੇ। ਇਸ ਜਥੇ ਨੇ ਪੰਜਾਂ ਤਖ਼ਤਾਂ, ਦੇਸ਼-ਵਿਦੇਸ਼ ਦੇ ਗੁਰਦੁਆਰਾ ਸਾਹਿਬਾਨ, ਵਿਸ਼ਵ ਭਰ ਦੇ ਕੀਰਤਨ ਦਰਬਾਰਾਂ ਤੇ ਹੋਰ ਅਨੰਤ ਕੀਰਤਨ ਸਮਾਗਮਾਂ ਵਿੱਚ ਆਪਣੀ ਹਾਜ਼ਰੀ ਲਗਵਾਈ।



ਭਾਈ ਖ਼ਾਲਸਾ ਦੀ ਬੁਲੰਦ ਤੇ ਅਸਰਦਾਰ ਆਵਾਜ਼ ਰੱਬੀ ਦੇਣ ਸੀ, ਜਿਸ ਨੂੰ ਤਾਲੀਮ, ਸਾਧਨਾ ਤੇ ਚਿੰਤਨ ਨਾਲ ਉਨ੍ਹਾਂ ਹੋਰ ਚਮਕਾਇਆ। ਰਾਗ ਵਿਦਿਆ ਦੇ ਨਾਲ-ਨਾਲ ਉਹ ਗੁਰਬਾਣੀ ਦੇ ਗੂੜ੍ਹ ਗਿਆਤਾ ਅਤੇ ਗੁਰਮਤਿ ਫ਼ਲਸਫ਼ੇ ਦੇ ਗਿਆਨੀ ਸਨ। ਜਿੱਥੇ ਉਹ ਨਿਰਧਾਰਿਤ ਰਾਗਾਂ ਵਿੱਚ ਸ਼ਬਦ-ਰੀਤਾਂ ਦਾ ਗਾਇਨ ਕਰਨ ਦੇ ਪੂਰਨ ਸਮਰੱਥ ਸਨ, ਉੱਥੇ ਸੰਗਤ ਦੀ ਰੁਚੀ ਅਨੁਸਾਰ ਸੁਗਮ ਸ਼ੈਲੀ ਵਿੱਚ ਵੀ ਬਾਖ਼ੂਬੀ ਕੀਰਤਨ ਕਰਦੇ। ਰਾਗ ਦੇ ਨਾਲ-ਨਾਲ ਤਾਲ ਉੱਪਰ ਵੀ ਉਨ੍ਹਾਂ ਦਾ ਪੂਰਨ ਅਧਿਕਾਰ ਸੀ। ਹਿੰਦੁਸਤਾਨੀ ਸੰਗੀਤ ਦੀਆਂ ਗਾਇਨ

ਸ਼ੈਲੀਆਂ ਵਿੱਚ ਰਾਗ-ਵਿਸਥਾਰ ਦੇ ਵੱਖ-ਵੱਖ ਤੱਤਾਂ ਅਤੇ ਗਲੇ ਦੀਆਂ ਹਰਕਤਾਂ ਦੇ ਵਖਰੇਵੇਂ ਰਾਹੀਂ ਵਿਅਕਤੀਗਤ ਸ਼ੈਲੀ ਸਥਾਪਿਤ ਕਰਨ ਦਾ ਪਸਾਰ ਕਿਤੇ ਵੱਧ ਹੈ ਪਰ ਗੁਰਮਤਿ ਸੰਗੀਤ ਦੀਆਂ ਮਰਿਆਦਾਵਾਂ ਦੀ ਪਾਲਣਾ ਕਰਦੇ ਹੋਏ ਭਾਈ ਨਿਰਮਲ ਸਿੰਘ ਖ਼ਾਲਸਾ ਨੇ ਸਮਕਾਲੀ ਕੀਰਤਨਕਾਰਾਂ ਵਿੱਚ ਨਵੇਕਲਾ ਅੰਦਾਜ਼ ਸਥਾਪਿਤ ਕੀਤਾ। ਸਰਬੋਤਮ ਗ਼ਜ਼ਲ ਗਾਇਕ ਗ਼ੁਲਾਮ ਅਲੀ ਨਾਲ ਭਾਈ ਖ਼ਾਲਸਾ ਦੀ ਗੂੜ੍ਹੀ ਸਾਂਝ ਅਤੇ ਮਿੱਤਰਤਾ ਸੀ ਤੇ ਉਹ ਗ਼ੁਲਾਮ ਅਲੀ ਦੇ ਸ਼ਗਿਰਦ ਵੀ ਸਨ। ਵਿਸ਼ਵ ਪ੍ਰਸਿੱਧ ਗਾਇਕਾ ਆਸ਼ਾ ਭੋਂਸਲੇ ਦੇ ਘੋਰ ਪ੍ਰਸ਼ੰਸਕ ਸਨ ਤੇ ਆਸ਼ਾ ਨਾਲ ਮਿਲ ਕੇ ਸ਼ਬਦ ਗਾਇਨ ਦੀ ਐਲਬਮ ਦਾ ਨਿਰਮਾਣ ਕਰਨ ਦੇ ਚਾਹਵਾਨ ਵੀ ਸਨ। ਅਦੁੱਤੇ ਸਿਤਾਰ ਵਾਦਕ ਪੰਡਿਤ ਰਵੀ ਸ਼ੰਕਰ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਆਪਣੀ ਫੇਰੀ ਦੌਰਾਨ ਭਾਈ ਨਿਰਮਲ ਸਿੰਘ ਖ਼ਾਲਸਾ ਦਾ ਕੀਰਤਨ ਸਰਵਣ ਕਰਨ ਮਗਰੋਂ ਦਰਬਾਰ ਸਾਹਿਬ ਦੀ ਡਾਇਰੀ 'ਚ ਦਰਜ ਕੀਤਾ, ਉਮੈਂ ਜ਼ਿੰਦਗੀ 'ਚ ਚੋਰੀ ਨਹੀਂ ਕੀਤੀ ਪਰ ਅੱਜ ਮੇਰਾ ਦਿਲ ਕਰਦਾ ਹੈ ਕਿ ਮੈਂ ਦਰਬਾਰ ਸਾਹਿਬ ਵਿੱਚੋਂ ਇੱਕ ਰਾਗੀ ਚੋਰੀ ਕਰ ਕੇ ਲੈ ਜਾਵਾਂ।"

ਭਾਈ ਨਿਰਮਲ ਸਿੰਘ ਖ਼ਾਲਸਾ ਨੇ ਹਜ਼ਾਰਾਂ ਸ਼ਬਦ ਪਦਿਆਂ ਅਤੇ ਆਸਾ ਦੀ ਵਾਰ ਨੂੰ ਆਵਾਜ਼ ਪ੍ਰਦਾਨ ਕਰਨ ਤੋਂ ਇਲਾਵਾ ਗੁਰੂ ਅਰਜਨ ਦੇਵ ਦੀ ਪਾਵਨ ਰਚਨਾ 'ਸੁਖਮਨੀ ਸਾਹਿਬ' ਦਾ ਗਉੜੀ ਰਾਗ ਵਿੱਚ ਗਾਇਨ ਕੀਤਾ। ਇਸ ਤੋਂ ਇਲਾਵਾ ਬਾਰਾਮਾਹ ਅਤੇ ਸਲੋਕ ਸ਼ੇਖ਼ ਫ਼ਰੀਦ ਦਾ ਗਾਇਨ ਕਰ ਰਿਕਾਰਡਿੰਗ ਵੀ ਕਰਵਾਈ। ਹਿੰਦੁਸਤਾਨ ਦੀਆਂ ਲਗਭਗ ਸਾਰੀਆਂ ਮਸ਼ਹੂਰ ਰਿਕਾਰਡਿੰਗ ਕੰਪਨੀਆਂ ਨੇ ਭਾਈ ਸਾਹਿਬ ਦੀਆਂ 80 ਦੇ ਕਰੀਬ ਕੈਸਟਾਂ ਤੇ ਸੀਡੀਜ਼ ਤਿਆਰ ਕੀਤੀਆਂ। ਭਾਈ ਖ਼ਾਲਸਾ ਨੇ ਕੁਝ ਫ਼ਿਲਮਾਂ ਵਿੱਚ ਵੀ ਸ਼ਬਦ ਗਾਇਨ ਕੀਤਾ। ਫ਼ਿਲਮ 'ਨਾਨਕ ਸ਼ਾਹ ਫ਼ਕੀਰ' ਵਿੱਚ ਉਨ੍ਹਾਂ ਵੱਲੋਂ ਗਾਏ ਸ਼ਬਦਾਂ ਤੋਂ ਸੰਗਤ ਵਾਂਝੀ ਰਹਿ ਗਈ ਕਿਉਂਕਿ ਇਹ ਫ਼ਿਲਮ ਰਿਲੀਜ਼ ਨਾ ਹੋ ਸਕੀ। ਲਿਖਣ-ਪੜ੍ਹਨ ਵਿੱਚ ਵਿਸ਼ੇਸ਼ ਰੁਚੀ ਤੇ ਵਿਚਾਰਾਂ ਦੀ ਪਰਿਪੱਕਤਾ ਨੇ ਉਨ੍ਹਾਂ ਨੂੰ ਇੱਕ ਸੁਘੜ ਵਾਰਤਾਕਾਰ ਵੀ ਬਣਾ ਦਿੱਤਾ ਸੀ। 'ਪੰਜਾਬੀ ਟ੍ਰਿਬਿਊਨ' ਵਿੱਚ ਕੀਰਤਨਕਾਰਾਂ ਬਾਰੇ ਉਨ੍ਹਾਂ ਦੇ ਲੜੀਵਾਰ ਲੇਖ 'ਗੁਰਮਤਿ ਸੰਗੀਤ ਦੇ ਅਨਮੋਲ ਰਤਨ' ਅਤੇ 'ਪ੍ਰਸਿੱਧ ਕੀਰਤਨਕਾਰ ਬੀਬੀਆਂ' ਨਾਮਕ ਪੁਸਤਕਾਂ ਦੇ ਰੂਪ ਵਿੱਚ ਪ੍ਰਕਾਸ਼ਿਤ ਹੋਏ।

ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਾਲ ਭਾਈ ਨਿਰਮਲ ਸਿੰਘ ਖ਼ਾਲਸਾ ਦਾ ਵਿਸ਼ੇਸ਼ ਲਗਾਓ ਰਿਹਾ। ਯੂਨੀਵਰਸਿਟੀ ਦੇ ਗੁਰਮਤਿ ਸੰਗੀਤ ਵਿਭਾਗ ਵਿੱਚ ਬਤੌਰ ਵਿਜ਼ਿਟਿੰਗ ਸਕਾਲਰ ਵਿਦਿਆਰਥੀਆਂ ਨੂੰ ਗੁਰ ਦੱਸਣ ਦੇ ਨਾਲ-ਨਾਲ ਗੁਰਮਤਿ ਸੰਗੀਤ ਚੇਅਰ ਵੱਲੋਂ ਉਨ੍ਹਾਂ ਦੀ ਆਰਕਾਈਵਲ ਰਿਕਾਰਡਿੰਗ ਤੇ ਡਾਕੂਮੈਂਟਰੀ ਫ਼ਿਲਮ ਵੀ ਤਿਆਰ ਕੀਤੀ ਗਈ। ਇਸ ਤੋਂ ਇਲਾਵਾ ਪ੍ਰੋ. ਤਾਰਾ ਸਿੰਘ ਦੇ ਸਮੂਹ ਸ਼ਿਸ਼ ਮੰਡਲ ਅਤੇ ਗੁਰਮਤਿ ਸੰਗੀਤ ਚੇਅਰ ਵੱਲੋਂ ਉਨ੍ਹਾਂ ਨੂੰ ਗੁਰਮਤਿ ਸੰਗੀਤਾਚਾਰੀਆ ਪ੍ਰੋ. ਤਾਰਾ ਸਿੰਘ ਸਿਮ੍ਰਤੀ ਐਵਾਰਡ ਵੀ ਦਿੱਤਾ ਗਿਆ।

ਕਦੇ ਨਾ ਹਿੰਮਤ ਹਾਰਨ ਵਾਲੇ ਤੇ ਸਕਾਰਾਤਮਕ ਰਵੱਈਆ ਰੱਖਣ ਵਾਲੇ ਭਾਈ ਨਿਰਮਲ ਸਿੰਘ ਖ਼ਾਲਸਾ ਬਿਮਾਰ ਹੋਣ ਮਗਰੋਂ ਕਿਸ ਪ੍ਰਕਾਰ ਨਕਾਰਾਤਮਕ ਮਨੋਸਥਿਤੀ ਵਿੱਚ ਚਲੇ ਗਏ, ਇਸ ਦਾ ਖੁਲਾਸਾ ਹੋ ਚੁੱਕਿਆ ਹੈ। ਬੇਹਦ ਅਫ਼ਸੋਸਨਾਕ ਹੈ ਕਿ ਕੌਮ ਦਾ ਇਹ ਹੀਰਾ ਸਾਂਭਿਆ ਨਹੀਂ ਜਾ ਸਕਿਆ। ਆਸਾ ਦੀ ਵਾਰ ਦੇ ਗਾਇਨ ਨਾਲ ਅਮਰ ਹੋ ਜਾਣ ਵਾਲੇ ਭਾਈ ਸਾਹਿਬ ਨੇ 2 ਅਪਰੈਲ, 2020 ਨੂੰ ਠੀਕ ਓਸੇ ਵੇਲੇ ਸਵਾਸ ਤਿਆਗੇ ਜੋ ਵੇਲਾ ਇਸ ਦੇ ਗਾਇਨ ਦਾ ਹੁੰਦਾ ਹੈ ਤੇ ਸਦਾ ਲਈ ਕਾਦਰ ਦੀ ਕੁਦਰਤ ਵਿੱਚ ਵਿਲੀਨ ਹੋ ਕੇ ਅਨਹਦ ਨਾਦ ਦੀਆਂ ਉਚਾਈਆਂ ਵੱਲ ਰੁਖ਼ਸਤ ਹੋ ਗਏ।

*ਪ੍ਰੋਫ਼ੈਸਰ, ਸੰਗੀਤ ਵਿਭਾਗ
ਪੰਜਾਬੀ ਯੂਨੀਵਰਿਸਟੀ, ਪਟਿਆਲਾ

# ਸਿਹਤ ਸਹੂਲਤਾਂ ਤੋਂ ਪੱਛੜੇ ਭਾਰਤ ਦੀ ਅਰਥ ਵਿਵਸਥਾ ਬੁਰੀ ਤਰਾਂ ਡਿੱਗੇਗੀ

- ਪ੍ਰੋ. ਬਲਵਿੰਦਰਪਾਲ ਸਿੰਘ

ਭਾਰਤ ਦੇ ਪ੍ਰਧਾਨ ਮੰਤਰੀ ਮੋਦੀ 'ਮਨ ਕੀ ਬਾਤ' ਭਾਸ਼ਣਾਂ ਦੇ ਨਾਲ 130 ਕਰੋੜ ਲੋਕਾਂ ਨੂੰ ਲੌਕਡਾਊਨ ਦੇ ਕੇ ਖਾਨਾਪੂਰਤੀ ਕਰ ਲਈ ਹੈ। ਪਰ ਇਸ ਨਾਲ ਸਮੁੱਚੇ ਭਾਰਤ ਦੇ ਲੋਕ ਦੁੱਖਾਂ ਵਿਚ ਫਸ ਗਏ ਹਨ। 'ਮਨ ਕੀ ਬਾਤ' ਵਿਚ ਉਨਾਂ ਨੇ ਆਪਣੀ ਮਜ਼ਬੂਰ ਸਰਕਾਰ ਦੇ ਲਈ ਦੇਸ ਦੇ ਲੋਕਾਂ ਤੋਂ ਮਾਫੀ ਮੰਗੀ ਹੈ, । ਪ੍ਰਧਾਨ ਮੰਤਰੀ ਮੋਦੀ ਦੀ ਪਾਰਟੀ ਦੇ ਆਗੂ ਗਊ ਮੂਤਰ ਦੀਆਂ ਪਾਰਟੀ ਕਰ ਰਹੇ ਹਨ ਤੇ ਕੇਂਦਰੀ ਮੰਤਰੀ ਰਾਮਦਾਸ ਆਠਲਵੇ ਤਾਂਤਰਿਕਾਂ ਵਾਂਗ 'ਗੌ ਕਰੋਨਾ ਗੌ' ਅਜੀਬ ਜਿਹੇ ਡਰਾਮੇ ਕਰ ਰਹੇ ਹਨ। ਲੌਕਡਾਊਨ ਦਾ ਫੈਸਲਾ ਭਾਰਤੀ ਅਰਥ ਅਵਸਥਾ ਦੇ ਲਈ ਬਹੁਤ ਭਾਰੀ ਪੈ ਸਕਦਾ ਹੈ। ਇਸ ਲੌਕਡਾਊਨ ਨੇ ਕੋਰੋਨਾ ਸੰਕਟ ਦੌਰਾਨ ਛੋਟੇ ਵੱਡੇ ਕਾਰੋਬਾਰਾਂ ਨੂੰ ਬੁਰੀ ਤਰਾਂ ਠੱਪ ਕਰਕੇ ਰੱਖ ਦਿੱਤਾ ਹੈ। ਪ੍ਰਧਾਨ ਮੰਤਰੀ ਨੇ ਲੌਕਡਾਊਸ ਬਿਨਾਂ ਤਿਆਰੀ ਦੇ ਕੀਤਾ ਹੈ ਤੇ 21 ਦਿਨਾਂ ਦਾ ਲੌਕਡਾਊਨ ਐਲਾਨ ਕਰਕੇ ਭਾਰਤੀ ਅਰਥ ਵਿਵਸਥਾ ਨੂੰ ਡੂੰਘੀ ਚੋਟ ਪਹੁੰਚਾਈ ਹੈ। ਭਾਵੇਂ ਰਿਜ਼ਰਵ ਬੈਂਕ ਇਸ ਦੇ ਨਤੀਜੇ ਨਾ ਦੱਸੇ, ਪਰ ਦੁਨੀਆਂ ਭਰ ਦੀਆਂ ਸੰਸਥਾਵਾਂ ਤੇ ਅਰਥ ਸ਼ਾਸਤਰੀਆਂ ਦੇ ਵਿਸ਼ਲੇਸ਼ਣ ਦੇ ਅਨੁਮਾਨ ਵਿਸ਼ਵ ਮੀਡੀਆ ਵਿਚ ਪ੍ਰਕਾਸ਼ਿਤ ਹੋ ਰਹੇ ਹਨ। ਵਿਸ਼ਵ ਪ੍ਰਸਿੱਧ ਸੰਸਥਾ ਮੂਡੀਜ਼ ਨੇ ਭਾਰਤ ਦੀ ਜੇਡੀਪੀ ਵਿਚ 2.5 ਫੀਸਦੀ ਦੀ ਗਿਰਾਵਟ ਹੋਣ ਦੀ ਸੰਭਾਵਨਾ ਪ੍ਰਗਟਾਈ ਹੈ। ਇਸ ਦਾ ਸਾਫ ਅਰਥ ਹੈ ਕਿ ਭਾਰਤੀ ਅਰਥ ਵਿਵਸਥਾ ਬਹੁਤ ਬੁਰੀ ਤਰਾਂ ਥੱਲੇ ਡਿਗੇਗੀ। ਆਰਗਨੇਜਾਈਜੇਸ਼ਨ ਫਾਰ ਇਕਨਾਮਿਕ ਕੌ-ਅਪ੍ਰੇਸ਼ਨ ਐਂਡ ਡਿਵੈਲਪਮੈਂਟ ਦਾ ਅਨੁਮਾਨ ਹੈ ਕਿ ਗਿਰਾਵਟ 2 ਫੀਸਦੀ ਹੋਵੇਗੀ। ਕ੍ਰੈਡਿਟ ਸਵਿਸ ਦਾ ਮੰਨਣਾ ਹੈ ਕਿ ਲੌਕਡਾਊਨ ਕਾਰਨ ਭਾਰਤ ਦਾ ਕੁੱਲ ਉਤਪਾਦਨ ਦਾ 37 ਫੀਸਦੀ ਹਿੱਸਾ ਠੱਪ ਹੋ ਗਿਆ ਹੈ। 21 ਦਿਨਾਂ ਵਿਚ ਜੀਡੀਪੀ ਦਾ 4 ਫੀਸਦੀ ਗਾਇਬ ਹੋ ਸਕਦਾ ਹੈ। ਕ੍ਰੇਡਿਟ ਸਵਿਸ ਦੇ ਏਸ਼ੀਆ ਪੈਸੀਫਿਕ ਇਕਵਟੀ ਸਟੇਟਜ਼ੀ ਦੇ ਮੁਖੀ ਨੀਲ ਕੰਠ ਮਿਸ਼ਰ ਦਾ ਅਨੁਮਾਨ ਹੈ ਕਿ ਮੰਦੀ ਲੰਬੇ ਸਮੇਂ ਤੱਕ ਫੈਲੇਗੀ, ਜਿਸ ਦਾ ਸਾਡੇ ਨਿਰਯਾਤ 'ਤੇ ਵੀ ਅਸਰ ਹੋਵੇਗਾ। ਇਸ ਦਾ ਕਾਰਨ ਇਹ ਹੈ ਕਿ ਦੁਨੀਆਂ ਦੀ ਆਰਥਿਕ ਗਤੀਵਿਧੀਆਂ ਵਿਚ ਘਾਟ ਆਵੇਗੀ। ਪਰ ਜੋ ਨੁਕਸਾਨ ਮੋਦੀ ਮਹਾਰਾਜ ਦੇ ਪਿਛਲੇ ਦੋ ਕਦਮਾਂ ਨੋਟਬੰਦੀ, ਜੀਐਸਟੀ ਨਾਲ ਹੋਇਆ ਹੈ, ਉਹੀ ਨੁਕਸਾਨ ਇਸ ਲੌਕਡਾਊਨ ਤੋਂ ਵੀ ਹੁੰਦਾ ਨਜ਼ਰ ਆ ਰਿਹਾ ਹੈ। ਪਰ ਇਹ ਨੁਕਸਾਨ ਸਥਾਈ ਕਿਸਮ ਦਾ ਸਥਾਈ ਕਿਸਮ ਦਾ ਜਾਪਦਾ ਹੈ। ਜ਼ਿਆਦਾਤਰ ਛੋਟੇ ਦੁਕਾਨਦਾਰ ਤੇ ਕਾਰੋਬਾਰੀ ਆਰਥਿਕ ਤੌਰ 'ਤੇ ਵੱਡੇ ਸੰਕਟ ਵਿਚ ਫਸੇ ਹੋਏ ਹਨ। ਆਨਲਾਈਨਿੰਗ ਮਾਰਕੀਟਿੰਗ ਇਸ ਸਮੇਂ ਦੌਰਾਨ ਕੀ ਰੁੱਖ ਦਿਖਾਏਗੀ ਤੇ ਕਿੰਨੀ ਬੇਰੁਜ਼ਗਾਰੀ ਫੈਲਦੀ ਹੈ ਇਸ ਦਾ ਨਿਰਣਾ ਕਰਨਾ ਹਾਲ ਦੀ ਘੜੀ ਕਰਨਾ ਅਸੰਭਵ ਹੈ। ਭਾਰਤ ਪਹਿਲਾਂ ਵਾਂਗ ਆਰਥਿਕ ਵਿਕਾਸ ਵਲ ਵਧ ਸਕੇਗਾ, ਇਹ ਕਹਿਣਾ ਹਾਲ ਦੀ ਘੜੀ ਮੁਸ਼ਕਲ ਹੈ। ਟੈਲੀਕਾਮ, ਰੀਅਲ ਅਸਟੇਟ, ਆਟੋ ਮੋਬਾਇਲ ਵਰਗੇ ਖੇਤਰਾਂ 'ਤੇ ਬੁਰੀ ਮਾਰ ਪਈ ਹੈ। ਰੋਜ਼ਾਨਾ ਵਰਤੋਂ ਵਾਲੀਆਂ ਚੀਜ਼ਾਂ ਦੀ ਖਪਤ ਪ੍ਰਭਾਵਿਤ ਹੋਈ ਹੈ। ਰੀਅਲ ਅਸਟੇਟ ਸਭ ਤੋਂ ਵੱਧ ਰੁਜ਼ਗਾਰ ਦਿੰਦਾ ਹੈ, ਉਸ ਦੇ ਠੱਪ ਹੋਣ ਨਾਲ ਬੇਰੁਜ਼ਗਾਰੀ ਵਧੇਗੀ। ਆਟੋ ਮੋਬਾਇਲ ਕੰਪਨੀਆਂ ਤੋਂ ਵੀ ਉਤਾਪਦਨ ਵਿਚ ਕਟੌਤੀ ਦੀ ਸੂਚਨਾ ਆ ਰਹੀ ਹੈ। ਇੱਥੋਂ ਤੱਕ ਹਰੇਕ ਰੁਜ਼ਗਾਰ 'ਤੇ ਖਤਰਾ ਮੰਡਰਾ ਰਿਹਾ ਹੈ। ਖੇਤੀ, ਕਿਸਾਨੀ ਦੀ ਸਭ ਤੋਂ ਜ਼ਿਆਦਾ ਮਾੜੀ ਹਾਲਤ ਹੋਈ ਹੈ। ਮੱਛੀ ਪਾਲਣ, ਮੁਰਗੀ ਪਾਲਣ ਤੇ ਦੁੱਧ ਦਾ ਧੰਦਾ ਠੱਪ ਹੋ ਕੇ ਰਹਿ ਗਿਆ ਹੈ। ਬੇਮੌਸਮੀ ਬਰਸਾਤ ਕਾਰਨ ਕਣਕ ਤੇ ਆਲੂ ਦੀ ਫਸਲ ਨੂੰ ਨੁਕਸਾਨ ਪੁੱਜਾ ਹੈ। ਪੰਜਾਬ ਵਰਗੇ ਖੇਤੀ ਪ੍ਰਮੁੱਖ ਰਾਜ ਨੂੰ ਇਸ ਦਾ ਵਧ ਨੁਕਸਾਨ ਹੋਵੇਗਾ। ਉਸ ਨੂੰ ਲੇਬਰ ਸੰਕਟ ਦਾ ਸਾਹਮਣਾ ਵੀ ਕਰਨਾ ਪਵੇਗਾ, ਕਿਉਂਕਿ ਪ੍ਰਵਾਸੀ ਮਜ਼ਦੂਰ ਆਪਣੇ ਘਰਾਂ ਨੂੰ ਮੁੜ ਰਹੇ ਹਨ।

## ਕਿੱਥੇ ਖਲੌਤਾ ਹੈ ਹੈਲਥ 'ਚ ਭਾਰਤ

ਕੋਰੋਨਾ ਵਾਇਰਸ ਮਹਾਂਮਾਰੀ ਨਾਲ ਲੜਨ ਵਿਚ ਪ੍ਰਮੁੱਖ ਭੂਮਿਕਾ ਨਿਭਾਅ ਰਹੇ ਡਾਕਟਰਾਂ, ਨਰਸਾਂ ਤੇ ਹੋਰ ਸਿਹਤ ਕਰਮਚਾਰੀਆਂ ਤੱਕ ਸੁਰੱਖਿਆ ਉਪਕਰਨ ਪਹੁੰਚਣ ਵਿਚ ਤਕਰੀਬਨ ਇਕ ਮਹੀਨੇ ਤੱਕ ਦੀ ਦੇਰੀ ਹੋ ਸਕਦੀ ਹੈ। ਬੀਤੇ 28 ਮਾਰਚ ਨੂੰ ਸਿਹਤ ਮੰਤਰਾਲੇ ਦੇ ਅਧੀਨ ਇਕ ਸਰਕਾਰੀ ਕੰਪਨੀ ਐਚਐਲਐਲ ਲਾਈਫ ਕੇਅਰ ਨੇ ਦੱਖਣ-ਪੱਛਮ ਰੇਲਵੇ ਦੇ ਮੁੱਖ ਮੈਡੀਕਲ ਡਾਇਰੈਕਟਰ ਨੂੰ ਭੇਜੇ ਇਕ ਈ-ਮੇਲ ਵਿਚ ਨਿੱਜੀ ਸੁਰੱਖਿਆ ਉਪਕਰਣਾਂ ਦੇ ਪਹੁੰਚਣ ਵਿਚ ਦੇਰੀ ਦੀ ਗੱਲ ਸਵੀਕਾਰ ਕੀਤੀ ਹੈ। ਦੱਖਣ-ਪੱਛਮੀ ਰੇਲਵੇ ਨੇ ਰੇਲਵੇ ਹਸਪਤਾਲਾਂ ਦੇ ਲਈ ਐਚਐਲ ਤੋਂ 18 ਹਜ਼ਾਰ ਸੁਰੱਖਿਆ ਉਪਕਰਣ ਮੰਗੇ ਹਨ। ਇਸ ਵਿਚ ਬਾਡੀ ਕਵਰ, ਮਾਸਕ, ਦਸਤਾਨੇ ਤੇ ਐਨਕਾਂ ਸ਼ਾਮਲ ਹਨ। ਇਸ ਦੇ ਜੁਆਬ ਵਿਚ ਐਚਐਲਐਲ ਨੇ ਕਿਹਾ ਹੈ ਕਿ ਇਸ ਸਮੇਂ ਬਾਜ਼ਾਰ ਵਿਚ ਇਸ ਦੀ ਭਾਰੀ ਘਾਟ ਹੈ ਤੇ ਲੌਕਡਾਊਨ ਕਾਰਨ ਇਹ ਚੀਜ਼ਾਂ ਉਨਾਂ ਤੱਕ ਪਹੁੰਚਣ ਵਿਚ 25 ਤੋਂ 30 ਦਿਨ ਦਾ ਸਮਾਂ ਲੱਗ ਸਕਦਾ ਹੈ। ਇਹ ਸਿਰਫ ਰੇਲਵੇ ਵਿਭਾਗ ਦਾ ਮਾਮਲਾ ਨਹੀਂ। ਪੂਰੇ ਭਾਰਤ ਵਿਚ ਵੱਖ-ਵੱਖ ਖੇਤਰਾਂ ਤੋਂ ਖਬਰਾਂ ਆ ਰਹੀਆਂ ਹਨ ਕਿ ਹਸਪਤਾਲਾਂ ਵਿਚ ਸੁਰੱਖਿਆ ਉਪਕਰਣਾਂ ਦੀ ਘਾਟ ਹੋਣ ਕਾਰਨ ਡਾਕਟਰ ਆਪਣੀ ਜਾਨ ਖਤਰੇ ਵਿਚ ਪਾ ਕੇ ਇਲਾਜ ਕਰ ਰਹੇ ਹਨ। ਭਾਰਤੀ ਮੰਤਰਾਲੇ ਦਾ ਕਹਿਣਾ ਹੈ ਕਿ 60 ਹਜ਼ਾਰ ਸੁਰੱਖਿਆ ਉਪਕਰਣਾਂ ਦਾ ਸਮਾਨ ਖਰੀਦਿਆ ਹੈ ਤੇ 60 ਲੱਖ ਉਪਕਰਣਾਂ ਦਾ ਆਰਡਰ ਦੇ ਦਿੱਤਾ ਹੈ। ਇਨਾਂ ਵਿਚੋਂ ਅੱਧੇ ਉਪਕਰਣ ਘਰੇਲੂ ਇੰਡਸਟਰੀ ਤੋਂ ਖਰੀਦੇ ਜਾਣਗੇ, ਬਾਕੀ ਸਮਾਨ ਸਿੰਗਾਪੁਰ ਤੇ ਦੱਖਣ ਕੋਰੀਆ ਤੋਂ ਮੰਗਾਇਆ ਜਾਵੇਗਾ। ਪੂਰੇ ਭਾਰਤ ਵਿਚ ਤਕਰੀਬਨ 4 ਲੱਖ ਘਰੇਲੂ ਉਪਕਰਣ ਸਟਾਕ ਵਿਚ ਰੱਖੇ ਗਏ ਹਨ। ਭਾਰਤੀ ਮੰਤਰਾਲੇ ਨੇ ਇਹ ਨਹੀਂ ਦੱਸਿਆ ਕਿ ਵਿਦੇਸ਼ਾਂ ਤੋਂ ਮਾਲ ਕਦ ਆਵੇਗਾ। ਐਚਐਲਐਲ ਦੀ ਵੈਬਸਾਈਟ 'ਤੇ ਅਪਲੋਡ ਕਰੋ ਤਾਂ ਪਤਾ ਲੱਗਦਾ ਹੈ ਗਲੋਬਲ ਤੇ ਘਰੇਲੂ ਟਰੇਡਰ ਦੇ ਮੁਤਾਬਕ ਭਾਰਤ ਵਿਚ 20 ਲੱਖ ਬਾਡੀ ਕੰਵਰ, 20 ਲੱਖ ਐਨਕਾਂ, 50 ਲੱਖ ਐਨ-95 ਮਾਸਕ, 4 ਕਰੋੜ ਸਰਜੀਕਲ ਮਾਸਕ ਤੇ 40 ਲੱਖ ਦਸਤਾਨੇ ਤੇ 10 ਲੱਖ ਹੈਂਡ ਸੈਂਟੇਟਾਈਜ਼ਰ ਬੋਤਲ ਦੀ ਮੰਗ ਕੀਤੀ ਹੈ। ਸੁਆਲ ਤਾਂ ਇਹ ਬਣਦਾ ਹੈ ਕਿ ਜਿੰਨਾ ਡਾਕਟਰਾਂ ਨੇ ਭਾਰਤ ਨੂੰ ਕੋਰੋਨਾ ਵਾਇਰਸ ਤੋਂ ਬਚਾਉਣਾ ਹੈ, ਉਨਾਂ ਦੀਆਂ ਜਾਨਾਂ ਖਤਰੇ ਵਿਚ ਹਨ, ਕਿਉਂਕਿ ਉਨਾਂ ਕੋਲ ਮਰੀਜ਼ਾਂ ਦੇ ਇਲਾਜ ਲਈ ਪੂਰਾ ਸਮਾਨ ਨਹੀਂ ਹੈ। ਇਸ ਤੋਂ ਵੱਡੇ ਦੁੱਖ ਦੀ ਗੱਲ ਕਿਹੜੀ ਹੈ?

# ਤਬਲੀਗੀ ਮੁਸਲਿਮ ਵਿਵਾਦ ਤੇ ਗੋਦੀ ਮੀਡੀਏ ਦਾ ਕੂੜ

**- ਰਜਿੰਦਰ ਸਿੰਘ**

ਬੀਤੇ ਦਿਨੀਂ ਦੱਖਣੀ ਦਿੱਲੀ ਦੇ ਨਿਜ਼ਾਮੁਦੀਨ ਸਥਿਤ ਮਰਕਜ਼ ਵਿੱਚੋਂ ਬਾਹਰ ਕੱਢੇ ਵਿਅਕਤੀਆਂ ਵਿਚੋਂ 24 ਨੂੰ ਕਰੋਨਾਵਾਇਰਸ ਹੋਣ ਦੀ ਪੁਸ਼ਟੀ ਤੇ ਧਾਰਮਿਕ ਇਕੱਤਰਤਾ ਵਿਚ ਸ਼ਾਮਲ ਮੁਸਲਮਾਨਾਂ ਦੀ ਪਿਛਲੇ ਦਿਨਾਂ ਵਿਚ ਹੋਈ ਮੌਤ ਮਗਰੋਂ ਮਰਕਜ਼ ਦੇ ਮੌਲਾਨਾ ਤੇ ਹੋਰਨਾਂ ਖ਼ਿਲਾਫ਼ ਕੇਸ ਦਰਜ ਕਰਕੇ ਜਾਂਚ ਅਪਰਾਧ ਸ਼ਾਖਾ ਨੂੰ ਸੌਂਪ ਦਿੱਤੀ ਗਈ ਹੈ। ਇਸ ਸੰਮੇਲਨ ਵਿੱਚ ਸ਼ਾਮਲ ਹੋਣ ਵਾਲਿਆਂ ਵਿੱਚੋਂ ਕਈਆਂ ਦੇ ਕੋਰੋਨਾਵਾਇਰਸ ਤੋਂ ਪੀੜਤ ਹੋਣ ਦੀ ਰਿਪੋਰਟ ਹੈ। ਇਸ ਸੰਮੇਲਨ ਵਿੱਚ ਸ਼ਾਮਲ ਹੋਏ ਸੱਤ ਵਿਅਕਤੀਆਂ ਦੀ ਮੌਤ ਵੀ ਹੋ ਚੁੱਕੀ ਹੈ। ਇਸ ਸੰਮੇਲਨ ਵਿੱਚ 2000 ਦੇ ਕਰੀਬ ਲੋਕਾਂ ਨੇ ਹਿੱਸਾ ਲਿਆ ਸੀ ਜਿਨਾਂ ਵਿੱਚ 250 ਦੇ ਕਰੀਬ ਵਿਦੇਸ਼ੀ ਵੀ ਸਨ। ਹੁਣ ਗੋਦੀ ਮੀਡੀਏ ਵਲੋਂ ਇਨਾਂ ਰਾਜਾਂ ਵਿੱਚ ਮਿਲੇ ਕੋਵਿਡ-19 ਕੇਸਾਂ ਨੂੰ ਤਬਲੀਗੀ ਜਮਾਤ ਨਾਲ ਜੋੜ ਕੇ ਵੇਖਿਆ ਜਾ ਰਿਹੈ ਤੇ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਇਹ ਕੋਰੋਨਾ ਬੰਬ ਹਨ। ਅਜਿਹਾ ਪੰਜਾਬ ਦੇ ਪ੍ਰਵਾਸੀ ਪੰਜਾਬੀਆਂ ਬਾਰੇ ਵੀ ਗੋਦੀ ਮੀਡੀਆ ਰਾਹੀਂ ਸਾਜ਼ਿਸ਼ ਤਹਿਤ ਪ੍ਰਚਾਰ ਕੀਤਾ ਗਿਆ। ਜਦ ਕਿ ਰਿਪੋਰਟਾਂ ਇਸ ਦੇ ਉਲਟ ਆਈਆਂ ਹਨ। ਪ੍ਰਵਾਸੀ ਪੰਜਾਬੀ ਬਹੁਤ ਘੱਟ ਕੋਰੋਨਾ ਵਾਇਰਸ ਦੇ ਸ਼ਿਕਾਰ ਹੋਏ ਹਨ। ਤਬਲੀਗ ਦੀ ਇਕੱਤਰਤਾ ਬਾਰੇ ਕੇਂਦਰੀ ਗ੍ਰਹਿ ਮੰਤਰਾਲੇ ਦਾ ਕਹਿਣਾ ਹੈ ਕਿ ਇਸ ਸਾਲ 'ਤਬਲੀਗ' ਵੱਲੋਂ ਕਰਵਾਈਆਂ ਸਰਗਰਮੀਆਂ ਵਿੱਚ 2100 ਦੇ ਕਰੀਬ ਵਿਦੇਸ਼ੀਆਂ ਨੇ ਸ਼ਿਰਕਤ ਕੀਤੀ ਹੈ ਤੇ ਇਨਾਂ ਵਿੱਚੋਂ ਬਹੁਤੇ ਇੰਡੋਨੇਸ਼ੀਆ, ਮਲੇਸ਼ੀਆ, ਥਾਈਲੈਂਡ, ਨੇਪਾਲ, ਮਿਆਂਮਾਰ, ਬੰਗਲਾਦੇਸ਼, ਸ੍ਰੀਲੰਕਾ ਤੇ ਕਿਰਗਿਜ਼ਸਤਾਨ ਨਾਲ ਸਬੰਧਤ ਸਨ। ਇਸ ਬਾਰੇ ਗ੍ਰਹਿ ਮੰਤਰਾਲੇ ਨੇ ਸਾਰੇ ਰਾਜਾਂ ਦੀ ਪੁਲੀਸ ਨੂੰ ਮੁਕਾਮੀ ਕੋਆਰਡੀਨੇਟਰਾਂ ਵਿੱਚੋਂ ਭਾਰਤੀ ਤਬਲੀਗ ਜਮਾਤ ਦੇ ਵਰਕਰਾਂ ਦੀ ਪਛਾਣ ਕਰਨ ਲਈ ਆਖ ਦਿੱਤਾ ਗਿਆ ਹੈ। ਮੰਤਰਾਲੇ ਨੇ ਕਿਹਾ ਕਿ ਹੁਣ ਤੱਕ 2137 ਅਜਿਹੇ ਲੋਕਾਂ ਦੀ ਪਛਾਣ ਹੋ ਗਈ ਹੈ, ਜਿਨਾਂ ਦਾ ਮੈਡੀਕਲ ਮੁਆਇਨਾ ਕਰਵਾਉਣ ਮਗਰੋਂ ਇਕਾਂਤਵਾਸ ਵਿਚ ਭੇਜ ਦਿੱਤਾ ਗਿਆ ਹੈ। ਕਈਆਂ ਦੀ ਸ਼ਨਾਖਤ ਅਜੇ ਬਾਕੀ ਹੈ। ਤਿਲੰਗਾਨਾ ਨਾਲ ਸਬੰਧਤ ਛੇ ਲੋਕਾਂ, ਜਿਨਾਂ ਤਬਲੀਗੀ ਜਮਾਤ ਦੇ ਇਕੱਠ ਵਿਚ ਸ਼ਮੂਲੀਅਤ ਕੀਤੀ ਸੀ, ਬੀਤੇ ਹਫਤੇ ਮੌਤ ਹੋ ਗਈ ਸੀ। ਇਸ ਦੌਰਾਨ ਆਂਧਰਾ ਪ੍ਰਦੇਸ਼ ਵਿੱਚ ਅੱਧੇ ਨਾਲੋਂ ਵਧ ਕਰੋਨਾ ਪੀੜਤ ਵਿਅਕਤੀ ਵੀ ਇਸੇ ਸਮਾਗਮ ਤੋਂ ਪਰਤੇ ਹਨ। ਦੱਖਣੀ ਦਿੱਲੀ ਦੇ ਨਿਜ਼ਾਮੁਦੀਨ ਸਥਿਤ ਮਰਕਜ਼ ਵਿੱਚੋਂ ਲੰਘੇ ਦਿਨ ਬਾਹਰ ਕੱਢੇ 1500 ਤੋਂ ਵੱਧ ਲੋਕਾਂ ਵਿੱਚੋਂ 24 ਵਿਅਕਤੀਆਂ ਨੂੰ ਕਰੋਨਾਵਾਇਰਸ ਲਈ ਪਾਜ਼ੇਟਿਵ ਪਾਇਆ ਗਿਆ ਹੈ। ਇਨਾਂ ਵਿੱਚੋਂ 334 ਵਿਅਕਤੀਆਂ ਨੂੰ ਵੱਖ ਵੱਖ ਹਸਪਤਾਲਾਂ ਵਿੱਚ ਭਰਤੀ ਕਰਵਾਇਆ ਗਿਆ ਹੈ ਜਦੋਂਕਿ 700 ਦੇ ਕਰੀਬ ਲੋਕਾਂ ਨੂੰ ਇਕਾਂਤਵਾਸ ਵਿੱਚ ਰੱਖਿਆ ਗਿਆ ਹੈ।

ਭਾਜਪਾ ਦੇ ਸੰਸਦ ਮੈਂਬਰ ਰਾਕੇਸ਼ ਸਿਨਹਾ ਦਾ ਕਹਿਣਾ ਹੈ ਕਿ ਇਸਲਾਮੀ ਸੰਸਥਾ ਤਬਲੀਗੀ ਜਮਾਤ ਨੇ ਲੌਕਡਾਊਨ ਦੌਰਾਨ ਦਿੱਲੀ ਦੇ ਆਪਣੇ ਮੁੱਖ ਦਫ਼ਤਰ ਵਿੱਚ ਇੱਕ ਵੱਡਾ ਸੰਮੇਲਨ ਕਰਵਾ ਕੇ ਅਪਰਾਧ ਕੀਤਾ ਹੈ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਉਪ ਰਾਜਪਾਲ ਨੂੰ ਇਕ ਪੱਤਰ ਲਿਖ ਕੇ ਮਰਕਜ਼ ਖ਼ਿਲਾਫ਼ ਕਾਰਵਾਈ ਲਈ ਕਿਹਾ ਸੀ। ਉਸ ਦਾ ਕਹਿਣਾ ਸੀ ਕਿ ਨਿਜ਼ਾਮੁਦੀਨ ਵਿੱਚ ਇੰਨੀ ਵੱਡੀ ਗਿਣਤੀ ਵਿਚ ਧਾਰਮਿਕ ਇਕੱਤਰਤਾ ਲਈ ਜੁੜਨਾ ਬਹੁਤ ਖ਼ਤਰਨਾਕ ਹੈ ਤੇ ਇਸ ਲਈ ਪ੍ਰਬੰਧਕ ਜ਼ਿੰਮੇਵਾਰ ਹਨ। ਦੂਸਰੇ ਪਾਸੇ ਕੇਂਦਰੀ ਵਿਦੇਸ਼ ਮੰਤਰਾਲੇ ਦਾ ਕਹਿਣਾ ਹੈ ਕਿ ਉਹ ਉਨਾਂ 281 ਵਿਦੇਸ਼ੀ ਨਾਗਰਿਕਾਂ ਨੂੰ ਬਲੈਕਲਿਸਟ ਕਰੇਗਾ, ਜੋ ਨਿਜ਼ਾਮੁਦੀਨ ਵਿੱਚ ਜਮਾਤ ਦੇ ਧਾਰਮਿਕ ਸਮਾਗਮ ਦੌਰਾਨ ਸ਼ਿਰਕਤ ਕਰਨ ਲਈ ਸੈਲਾਨੀ ਵੀਜ਼ੇ 'ਤੇ ਭਾਰਤ ਆਏ ਸਨ। ਸਰਕਾਰੀ ਅਧਿਕਾਰੀਆਂ ਅਨੁਸਾਰ ਵੱਖ-ਵੱਖ ਰਾਜਾਂ ਤੋਂ ਆਏ ਭਾਰਤੀਆਂ ਦੀ ਸੂਚੀ ਬਣਾਈ ਗਈ ਹੈ ਜਿਸ ਤਹਿਤ ਸਭ ਤੋਂ ਵੱਧ ਤਾਮਿਲਨਾਡੂ ਤੋਂ 501, ਅਸਾਮ ਤੋਂ 216, ਉੱਤਰ ਪ੍ਰਦੇਸ਼ ਤੋਂ 156, ਮਹਾਰਾਸ਼ਟਰ ਤੋਂ 109 ਤੇ ਮੱਧ ਪ੍ਰਦੇਸ਼ ਤੋਂ 107 ਲੋਕ ਸ਼ਾਮਲ ਹਨ। ਨਿਜ਼ਾਮੁਦੀਨ ਵਿੱਚ ਆਏ 281 ਵਿਦੇਸ਼ੀਆਂ ਵਿਚੋਂ ਨੇਪਾਲ ਤੋਂ 19, ਮਲੇਸ਼ੀਆ ਤੋਂ 20, ਮਿਆਂਮਾਰ ਤੋਂ 33, ਡਿਜੀਬਊਟੀ, ਫਰਾਂਸ, ਕੁਵੈਤ ਅਫ਼ਗਾਨਿਸਤਾਨ ਤੋਂ ਇਕ-ਇਕ, ਕਿਰਗਿਸਤਾਨ ਤੋਂ 28, ਇੰਡੋਨੇਸ਼ੀਆ ਤੋਂ 72, ਥਾਈਲੈਂਡ ਤੋਂ 7, ਸ੍ਰੀਲੰਕਾ ਤੋਂ 34, ਬੰਗਲਾਦੇਸ਼ ਤੋਂ 19, ਇੰਗਲੈਂਡ ਤੋਂ 3, ਸਿੰਗਾਪੁਰ ਤੋਂ ਇਕ, ਫਿਜੀ ਤੋਂ 4 ਲੋਕ ਆਏ ਤੇ ਇਨਾਂ ਵਿਚੋਂ ਬਹੁਤੇ ਸੈਲਾਨੀ ਵੀਜ਼ੇ 'ਤੇ ਆਏ। ਜੇਕਰ ਤਬਲੀਗੀ ਜਮਾਤ ਦੇ ਵਸੀਮ ਅਹਿਮਦ ਦਾ ਪੱਖ ਦੇਖਿਆ ਜਾਵੇ ਤਾਂ ਉਨਾਂ ਦਾ ਕਹਿਣਾ ਹੈ ਕਿ ਅਨੁਸਾਰ ਸਹੀ ਜਾਣਕਾਰੀ ਦੀ ਅਣਹੋਂਦ ਵਿੱਚ ਦਿੱਤੇ ਜਾ ਰਹੇ ਬਿਆਨਾਂ ਦਾ ਮਕਸਦ ਉਨਾਂ ਨੂੰ ਬਦਨਾਮ ਕਰਨਾ ਹੈ। ਸਾਡੇ ਵਿਰੁਧ ਇਹ ਪ੍ਰਚਾਰ ਕੀਤਾ ਜਾ ਰਿਹਾ ਹੈ ਤਬਲੀਗ਼ੀ ਜਮਾਤ ਰਾਹੀਂ ਉਨਾਂ ਨੇ ਦੇਸ਼ ਦੇ ਹਰ ਕੋਨੇ ਵਿੱਚ ਕੋਰੋਨਾ ਬੰਬ ਲਗਾਏ ਹਨ। ਜੇਕਰ ਉਹ ਆਪਣੇ ਮਕਸਦ ਵਿੱਚ ਕਾਮਯਾਬ ਹੋ ਜਾਂਦੇ ਹਨ ਤਾਂ ਇਹ ਦੇਸ਼ 'ਤੇ ਹੁਣ ਤੱਕ ਦਾ ਸਭ ਤੋਂ ਵੱਡਾ ਜਿਹਾਦੀ ਹਮਲਾ ਸਾਬਤ ਹੋਵੇਗਾ। ਦੂਸਰੇ ਪਾਸੇ ਮਕਸੂਦ ਆਲਮ ਨਿਜ਼ਾਮੁਦੀਨ ਵੈਸਟ ਵਿੱਚ ਜਮਾਤ ਦੇ ਮਰਕਜ਼ ਤੋਂ ਥੋੜੀ ਦੂਰੀ 'ਤੇ ਰਹਿੰਦੇ ਹਨ, ਦਾ ਕਹਿਣਾ ਹੈ ਕਿ ਜਿਨਾਂ 200-300 ਵਿਅਕਤੀਆਂ ਦੇ ਟੈਸਟ ਕਰਾਏ ਗਏ ਹਨ, ਉਨਾਂ ਦੇ ਨਤੀਜੇ ਨੈਗੇਟਿਵ ਆਏ ਹਨ।"

ਵਟਸਐਪ ਰਾਹੀਂ ਭਗਵੇਂਵਾਦੀ ਇਹ ਪ੍ਰਚਾਰ ਕਰ ਰਹੇ ਹਨ ਕਿ ਨਿਜ਼ਾਮੁਦੀਨ ਵਿੱਚ ਜਮਾਤ ਦੇ ਹਜ਼ਾਰਾਂ ਲੋਕਾਂ ਦਾ ਜਮਾਂ ਹੋਣਾ, ਜਿਨਾਂ ਵਿੱਚ ਕਈ ਵਿਦੇਸ਼ੀ ਮੁੱਲਾ ਸ਼ਾਮਲ ਸਨ ਅਤੇ ਜੋ ਭਾਰਤ ਭਰ ਤੋਂ ਮਸਜਿਦਾਂ ਤੋਂ ਆ ਰਹੇ ਹਨ ਅਤੇ ਜਿਨਾਂ ਵਿੱਚ ਕੋਰੋਨਾਵਾਇਰਸ ਦੇ ਕਈ ਮਾਮਲੇ ਹਨ। ਇਹ ਕੁਝ ਹੋਰ ਨਹੀਂ ਬਲਕਿ ਕੋਰੋਨਾ ਜਿਹਾਦ ਰਾਹੀਂ ਭਾਰਤ ਨੂੰ ਬਰਬਾਦ ਕਰਨ ਦੀ ਇੱਕ ਕੋਸ਼ਿਸ਼ ਹੈ।"

ਜਦ ਤੋਂ ਇਹ ਖ਼ਬਰ ਸਾਹਮਣੇ ਆਈ ਕਿ ਦਿੱਲੀ ਦੇ ਨਿਜ਼ਾਮੁਦੀਨ ਵਿਚ ਤਬਲੀਗੀ ਜਮਾਤ ਵਿਚ 6 ਲੋਕਾਂ ਦੀ ਕੋਰੋਨਾ ਵਾਇਰਸ ਨਾਲ ਮੌਤ ਹੋ ਗਈ ਹੈ, ਤਦ ਤੋਂ ਤੱਥਾਂ ਦੀ ਜਾਂਚ ਕਰਨ ਵਾਲੀ ਵੈਬਸਾਈਟਾਂ ਨੇ ਅਜਿਹੀਆਂ ਬਹੁਤ ਸਾਰੀਆਂ ਫਰਜ਼ੀ ਖ਼ਬਰਾਂ ਦਾ ਖੁਲਾਸਾ ਕੀਤਾ ਹੈ, ਜਿਸ ਵਿਚ ਮਹਾਂਮਾਰੀ ਦੇ ਲਈ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ ਤੇ ਉਨਾਂ ਉੱਪਰ 'ਕੂੜ ਭਰਪੂਰ ਕੋਰੋਨਾ ਬੰਬ' ਸੁੱਟਿਆ ਗਿਆ ਹੈ। ਇਸ ਵਿਚ ਗੋਦੀ ਮੀਡੀਆ ਵੀ ਸ਼ਾਮਲ ਹੈ, ਜਿਸ ਨੇ ਝੂਠੀਆਂ ਖ਼ਬਰਾਂ ਪ੍ਰਸਾਰਿਤ ਕੀਤੀਆਂ। ਕੇਂਦਰ ਸਰਕਾਰ ਕਹਿੰਦੀ ਹੈ ਕਿ ਝੂਠੀਆਂ ਖ਼ਬਰਾਂ ਨਾ ਫੈਲਾਓ, ਕਾਰਵਾਈ ਹੋਵੇਗੀ, ਪਰ ਇਸ ਬਾਰੇ ਕਾਰਵਾਈ ਕਿਉਂ ਨਹੀਂ ਕੀਤੀ ਜਾ ਰਹੀ। ਫੇਸਬੁੱਕ ਅਤੇ ਵਟਸਐਪ ਵਿਚ ਮੁਸਲਮਾਨਾਂ ਦੇ ਵਿਰੁੱਧ ਨਫ਼ਰਤ ਭਰਪੂਰ ਲਹਿਰ ਭਗਵੇਂਵਾਦੀਆਂ ਵਲੋਂ ਚਲਾਈ ਜਾ ਰਹੀ ਹੈ ਤੇ ਮੁਸਲਮਾਨਾਂ ਨੂੰ ਕੋਰੋਨਾ ਦੇ ਜ਼ਿੰਮੇਵਾਰ ਠਹਿਰਾਇਆ ਜਾ ਰਿਹਾ ਹੈ। ਕਈ ਥਾਂ 'ਤੇ ਖ਼ਬਰਾਂ ਹਨ ਕਿ ਮੁਸਲਮਾਨ ਭਾਈਚਾਰੇ ਦਾ ਇਲਾਜ ਕਰਨ ਤੋਂ ਵੀ ਗੁਰੇਜ਼ ਕੀਤਾ ਜਾ ਰਿਹਾ ਹੈ। ਇੱਥੇ ਜ਼ਿਕਰਯੋਗ ਹੈ ਕਿ 8 ਤੋਂ 15 ਮਾਰਚ ਤੱਕ ਨਿਜ਼ਾਮੁਦੀਨ ਵਿਚ ਤਬਲੀਗੀ ਜਮਾਤ ਦੁਆਰਾ ਆਯੋਜਿਤ ਇਕ ਸੰਮੇਲਨ ਦੇ ਲਈ 2 ਹਜ਼ਾਰ ਤੋਂ ਜ਼ਿਆਦਾ ਜਮਾਤੀ ਇਕੱਠੇ ਹੋਏ ਸਨ। ਦਿੱਲੀ ਸਰਕਾਰ ਦੁਆਰਾ 200 ਤੋਂ ਜ਼ਿਆਦਾ ਲੋਕਾਂ ਦੇ ਇਕੱਠੇ ਹੋਣ 'ਤੇ ਪਾਬੰਦੀ ਲਗਾਏ ਜਾਣ ਬਾਅਦ ਵੀ ਇਹ ਸੰਮੇਲਨ ਦੋ ਦਿਨ ਜਾਰੀ ਰਿਹਾ। ਪਰ ਰਿਪੋਰਟਾਂ ਤੋਂ ਪਤਾ ਚੱਲਦਾ ਹੈ ਕਿ 13 ਮਾਰਚ ਦਾ ਆਦੇਸ਼ ਧਾਰਮਿਕ ਸੰਗਠਨਾਂ ਦੇ ਲਈ ਨਹੀਂ ਸੀ। ਇਸ ਪ੍ਰੋਗਰਾਮ ਦੇ ਪ੍ਰਬੰਧਕਾਂ ਨੇ ਇਕ ਪ੍ਰੈਸ ਰਿਲੀਜ਼ ਰਾਹੀਂ ਦੱਸਿਆ ਕਿ 21 ਮਾਰਚ ਨੂੰ ਰੇਲ ਸੇਵਾਵਾਂ ਨੂੰ ਰੱਦ ਕਰਨ ਕਾਰਨ ਦੱਖਣ ਭਾਰਤ ਤੇ ਵਿਦੇਸ਼ ਵਿਚ ਆਏ ਕਈ ਪ੍ਰਤੀਨਿਧੀ ਦਿੱਲੀ ਵਿਚ ਫਸ ਗਏ ਸਨ। 19 ਮਾਰਚ ਨੂੰ ਸੰਮੇਲਨ ਵਿਚ ਭਾਗ ਲੈਣ ਵਾਲੇ 10 ਇੰਡੋਨੇਸ਼ੀਆ ਦੇ ਨਾਗਰਿਕਾਂ ਨੇ ਤੇਲੰਗਾਨਾ ਵਿਚ ਕੋਵਿਡ-19 ਦੀ ਜਾਂਚ ਕਰਵਾਈ, ਜੋ ਪਾਜ਼ਿਟਵ ਆਈ। ਇਸ ਦੇ ਬਾਅਦ ਦੇਸ ਦੇ ਵੱਖ-ਵੱਖ ਹਿੱਸਿਆਂ ਤੋਂ ਦਰਜਨਾਂ ਜਮਾਤੀਆਂ ਵਿਚ ਕੋਰੋਨਾ ਵਾਇਰਸ ਪਾਜ਼ਿਟਵ ਪਾਇਆ ਗਿਆ। ਇਸ ਵਿਚ ਸ਼ਾਮਲ 15 ਲੋਕਾਂ ਦੀ ਮੌਤ ਹੋ ਚੁੱਕੀ ਹੈ। 30 ਮਾਰਚ ਨੂੰ ਦਿੱਲੀ ਪੁਲਿਸ ਨੇ ਜਮਾਤ ਦੇ ਧਾਰਮਿਕ ਸਥਾਨ ਨੂੰ ਸੀਲ ਕਰ ਦਿੱਤਾ ਤੇ ਇਸ ਦੇ ਨੇਤਾਵਾਂ ਉੱਪਰ ਮਹਾਂਮਾਰੀ ਰੋਗ ਕੋਰੋਨਾ ਫੈਲਾਉਣ, ਅਪਰਾਧਿਕ ਸਾਜ਼ਿਸ਼ ਰਚਨ ਦੇ ਤਹਿਤ ਕੇਸ ਦਰਜ ਕੀਤੇ ਗਏ। 30 ਮਾਰਚ ਨੂੰ ਵਟਸਐਪ ਤੇ ਫੇਸਬੁੱਕ 'ਤੇ ਕਈ ਵੀਡੀਓ ਦਿਖਾਈ ਦਿੱਤੇ, ਜਿਸ ਵਿਚ ਦਾਅਵਾ ਕੀਤਾ ਗਿਆ ਕਿ ਮੁਸਲਮਾਨ ਭਾਰਤ ਵਿਚ ਵਾਇਰਸ ਫੈਲਾਉਣ ਦੇ ਲਈ ਗਤੀਵਿਧੀਆਂ ਕਰ ਰਹੇ ਹਨ। ਇਸ ਬਾਰੇ ਇਕ ਮਨੁੱਖੀ ਅਧਿਕਾਰ ਸੰਸਥਾ ਕਨਫੇਡਰੇਸ਼ਨ ਆਫ ਵਲੰਟਰੀ ਐਸੋਸੀਏਸ਼ਨ ਹੈਦਰਾਬਾਦ ਦਾ ਵਟਸਐਪ ਗਰੁੱਪ ਇਸ ਗੱਲ ਦਾ ਵਿਰੋਧ ਕਰ ਰਿਹਾ ਹੈ। ਗੌਤਮ ਉਲਾ ਦਾ ਕਹਿਣਾ ਹੈ ਕਿ ਫਿਰਕਾਪ੍ਰਸਤ 2019 ਤੋਂ ਅਜਿਹੀਆਂ ਸਾਜ਼ਿਸ਼ਾਂ ਰਚ ਰਹੇ ਹਨ, ਹੁਣ ਉਨਾਂ ਨੇ ਮੁਸਲਮਾਨਾਂ ਨੂੰ ਕੋਰੋਨਾ ਵਾਇਰਸ ਫੈਲਾਉਣ ਦਾ ਜ਼ਿੰਮੇਵਾਰ ਦੱਸਣਾ ਸ਼ੁਰੂ ਕਰ ਦਿੱਤਾ ਹੈ। ਇਸ ਗਰੁੱਪ ਨੇ ਵਟਸਐਪ 'ਤੇ ਇਕ ਵੀਡੀਓ ਪਾਇਆ, ਜਿਸ ਵਿਚ ਸਫੈਦ ਕੱਪੜੇ ਅਤੇ ਸਿਰ 'ਤੇ ਟੋਪੀ ਪਾ ਕੇ ਇਕ ਗਰੁੱਪ ਬਾਰੀਕੀ ਨਾਲ ਪਲੇਟਾਂ ਤੇ ਚਮਚਿਆਂ ਦਾ ਚਿਪਕਿਆ ਜੂਠਾ ਖਾਣਾ ਖਾ ਰਹੇ ਹਨ। ਇਸ ਦੇ ਨਾਲ ਫਿਰਕਾਪ੍ਰਸਤਾਂ ਵਲੋਂ ਇਹ ਸੰਦੇਸ਼ ਜਾਰੀ ਕੀਤਾ ਸੀ ਕਿ ਸਾਵਧਾਨ ਰਹੋ ਇਹ ਕੁਝ ਮੁੱਲੇ ਜੋ ਕੋਰੋਨਾ ਵਾਇਰਸ ਨੂੰ ਫੈਲਾਉਣ ਦੀ ਤਿਆਰੀ ਕਰ ਰਹੇ ਹਨ। ਮਨੁੱਖੀ ਅਧਿਕਾਰਾਂ ਵਾਲੇ ਗਰੁੱਪ ਨੇ ਇਸ ਨੂੰ ਰੱਦ ਕਰਦਿਆਂ ਆਪਣੇ ਸੁਨੇਹੇ ਰਾਹੀਂ ਦੱਸਿਆ ਕਿ ਇਹ ਕੋਰੋਨਾ ਵਾਇਰਸ ਤੋਂ 2 ਸਾਲ ਪਹਿਲਾਂ ਦਾ ਵੀਡੀਓ ਹੈ। ਇਹ ਲੋਕ ਬੋਹਰਾ ਭਾਈਚਾਰੇ ਦੇ ਮੁਸਲਮਾਨ ਹਨ, ਜਿਨਾਂ ਦੇ ਵਿਚ ਜੂਠ ਛੱਡਣ ਦੀ ਪਰੰਪਰਾ ਨਹੀਂ ਹੈ ਤੇ ਉਹ ਅਜਿਹਾ ਕਰ ਰਹੇ ਹਨ। ਸੰਪੂਰਨ ਬੋਹਰਾ ਪਰਿਵਾਰ ਇਕ ਥਾਲ ਵਿਚ ਖਾਂਦਾ ਹੈ ਤੇ ਉਹ ਜੂਠ ਨਹੀਂ ਛੱਡਦਾ। ਹੁਣ ਤੱਕ ਇਹ ਵੀਡੀਓ 3 ਹਜ਼ਾਰ ਲੋਕ ਦੇਖ ਚੁੱਕੇ ਹਨ ਤੇ 176 ਲੋਕ ਸ਼ੇਅਰ ਕਰ ਚੁੱਕੇ ਹਨ। 20 ਮਾਰਚ ਨੂੰ 'ਬੀਆਂਡ ਆਰਗੇਨਿਕ' ਨਾਮ ਦੇ ਇਕ ਵਟਸਐਪ ਗਰੁੱਪ ਵਿਚ ਸਾਂਝੇ ਕੀਤੇ ਗਏ ਇਕ ਹੋਰ ਵੀਡੀਓ ਵਿਚ ਇਕ ਰੈਸਟੋਰੈਂਟ ਵਿਚ ਇਕ ਕਰਮਚਾਰੀ ਜਿਸ ਨੇ ਟੋਪੀ ਪਾਈ ਸੀ, ਭੋਜਨ ਪੈਕ ਕਰਨ ਤੋਂ ਪਹਿਲਾਂ ਇਕ ਪਲਾਸਟਿਕ ਕੈਰੀ ਬੈਗ ਵਿਚ ਫੂਕ ਮਾਰਦਾ ਦਿਖਾਈ ਦਿੰਦਾ ਹੈ, ਇਸ ਦੇ ਨਾਲ ਸੰਦੇਸ਼ ਦਿੱਤਾ ਹੈ, ਮੁਸਲਮਾਨ ਉਸ ਖਾਣੇ ਵਿਚ ਥੁੱਕ ਰਹੇ ਹਨ, ਜਿਸ ਨੂੰ ਅਸੀਂ ਖਾਣ ਦੇ ਲਈ ਖਰੀਦਦੇ ਹਾਂ। ਕਿਰਪਾ ਕਰਕੇ ਮੁਸਲਮਾਨ ਦੁਕਾਨਾਂ ਤੋਂ ਭੋਜਨ ਖਰੀਦਣ ਤੋਂ ਬਚੋ। ਜਾਂਚ ਕਰਨ ਵਾਲੀ ਵੈਬਸਾਈਟ ਆਲਟ ਨਿਊਜ਼ ਨੇ ਇਸ ਦਾ ਪਰਦਾਫਾਸ਼ ਕੀਤਾ ਤੇ ਦੱਸਿਆ ਕਿ ਵੀਡੀਓ ਅਪ੍ਰੈਲ 2019 ਵਿਚ ਯੂ-ਟਿਊਬ ਵਿਚ ਅਪਲੋਡ ਕੀਤਾ ਗਿਆ, ਜਿਸ ਦਾ ਕੋਰੋਨਾ ਵਾਇਰਸ ਨਾਲ ਕੋਈ ਲੈਣਾ ਦੇਣਾ ਨਹੀਂ ਹੈ।

ਇਸ ਤਰਾਂ ਦੀ ਗਲਤ ਸੂਚਨਾ ਨਾ ਕੇਵਲ ਸ਼ੋਸ਼ਲ ਮੀਡੀਆ ਯੂਜ਼ਰਾਂ ਦੁਆਰਾ ਪ੍ਰਸਾਰਿਤ ਕੀਤੀ, ਬਲਕਿ ਟੈਲੀਵਿਜ਼ਨ ਚੈਨਲਾਂ ਦੁਆਰਾ ਪ੍ਰਸਾਰਿਤ ਕੀਤੀ ਗਈ। ਕੰਨੜ ਚੈਨਲ ਪਬਲਿਕ ਟੀਵੀ ਵਿਚ 14 ਮਾਰਚ ਨੂੰ ਪ੍ਰਸਾਰਿਤ ਇਕ ਸੈਗਮੈਂਟ ਵਿਚ ਦਾਅਵਾ ਕੀਤਾ ਗਿਆ ਕਿ ਕਰਨਾਟਕਾ ਦੇ ਭਟਕਲ ਦੇ ਚਾਰ ਮੁਸਲਮਾਨ ਨੌਜਵਾਨਾਂ ਨੇ ਦੁਬਈ ਪਰਤਣ 'ਤੇ ਧਾਰਮਿਕ ਕਾਰਨਾਂ ਨੂੰ ਆਧਾਰ ਬਣਾ ਕੇ ਮੈਡੀਕਲ ਸਕਰੀਨਿੰਗ ਕਰਵਾਉਣ ਤੋਂ ਇਨਕਾਰ ਕਰ ਦਿੱਤਾ। ਆਲਟ ਨਿਊਜ਼ ਨੇ ਜ਼ਿਲਾ ਅਧਿਕਾਰੀਆਂ ਦੇ ਨਾਲ ਚੈਨਲ ਦੇ ਇਸ ਦਾਅਵੇ ਨੂੰ ਕਰਾਸ ਚੈਕ ਕੀਤਾ ਤੇ ਪਤਾ ਲੱਗਾ ਕਿ ਅਜਿਹੀ ਕੋਈ ਘਟਨਾ ਨਹੀਂ ਵਾਪਰੀ। ਆਲਟ ਨਿਊਜ਼ ਨੇ ਸਾਫ ਕਿਹਾ ਕਿ ਇਸ ਪਿੱਛੇ ਮੁਸਲਮਾਨਾਂ ਵਿਰੁਧ ਨਫ਼ਰਤ ਫੈਲਾਉਣ ਵਾਲੇ ਕੰਮ ਕਰ ਰਹੇ ਹਨ।

ਪੀਯੂਸੀਐਲ ਰਾਜਸਥਾਨ ਸੈਂਟਰ ਫਾਰ ਐਕਟਿਵੀ ਸਟੱਡੀਜ਼, ਰਾਜਸਥਾਨ ਮਜ਼ਦੂਰ ਸ਼ਕਤੀ ਸੰਗਠਨ ਆਦਿ ਨੇ ਇਸ ਬਾਰੇ ਗ੍ਰਹਿ ਵਿਭਾਗ ਰਾਜਸਥਾਨ, ਡੀਜੀਪੀ ਰਾਜਸਥਾਨ ਨੂੰ ਪੱਤਰ ਲਿਖ ਕੇ ਮੁਸਲਮਾਨ ਭਾਈਚਾਰੇ ਨੂੰ ਬਦਨਾਮ ਕਰਨ ਵਾਲੇ ਫਿਰਕਾਪ੍ਰਸਤਾਂ ਉੱਪਰ ਕਾਰਵਾਈ ਦੀ ਮੰਗ ਕੀਤੀ ਹੈ। ਇਸ ਤੋਂ ਸਾਫ ਜ਼ਾਹਿਰ ਹੈ ਕਿ ਇਹੋ ਜਿਹੀਆਂ ਵੀਡੀਓ ਰਾਹੀਂ ਮੁਸਲਮਾਨਾਂ ਦੇ ਖਿਲਾਫ਼ ਹੋਰ ਨਫ਼ਰਤ ਫੈਲਾਈ ਜਾਵੇਗੀ। ਇਸ ਪਿੱਛੇ ਭਗਵਿਆਂ ਦੀ ਸਾਜ਼ਿਸ਼ ਹੈ ਜੋ ਘੱਟ ਗਿਣਤੀਆਂ ਨੂੰ ਬਦਨਾਮ ਕਰਕੇ ਭਗਵੇਂ ਰਾਸ਼ਟਰਵਾਦ ਦੀ ਸਿਰਜਣਾ ਕਰਨਾ ਚਾਹੁੰਦੇ ਹਨ। ਗੋਦੀ ਮੀਡੀਆ ਇਸ ਸਾਜ਼ਿਸ਼ ਵਿਚ ਸ਼ਾਮਲ ਹੈ। ਯੂਪੀ ਤੇ ਰਾਜਸਥਾਨ ਵਿਚ ਸਬਜ਼ੀ ਵੇਚਣ ਵਾਲੇ ਮੁਸਲਮਾਨਾਂ ਨੂੰ ਆਪਣੀਆਂ ਕਲੋਨੀਆਂ ਵਿਚ ਦਾਖਲ ਹੋਣ ਤੋਂ ਰੋਕਿਆ ਜਾ ਰਿਹਾ ਹੈ। ਗੋਦੀ ਮੀਡੀਆ ਨੂੰ ਤਾਂ ਨਿਜ਼ਾਮੁਦੀਨ ਘਟਨਾ ਨੇ ਹਿੰਦੂ-ਮੁਸਲਮਾਨ ਦਾ ਨਵਾਂ ਮੁੱਦਾ ਦੇ ਦਿੱਤਾ ਹੈ। ਕੁਝ ਐਂਕਰ ਇਸ ਨੂੰ ਕੋਰੋਨਾ ਜਹਾਦ ਦਾ ਨਾਂਅ ਦੇ ਰਹੇ ਹਨ ਤੇ ਕੁਝ ਹੋਰ ਤਾਲਬਾਨੀ ਅੱਤਵਾਦੀ ਕਹਿ ਰਹੇ ਹਨ। ਅੱਜ ਜਦੋਂ ਇਸ ਮਹਾਂਮਾਰੀ ਭਾਰਤ ਵਿਚ ਬੁਰੀ ਤਰਾਂ ਫੈਲੀ ਹੋਈ ਹੈ ਤਾਂ ਕੇਂਦਰ ਤੇ ਸਟੇਟ ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਸਿਆਸਤ ਖੇਡਣ ਦੀ ਥਾਂ ਫ਼ਿਰਕੂ ਵੰਡੀਆਂ ਪਾਉਣ ਵਾਲਿਆਂ 'ਤੇ ਸਖ਼ਤ ਕਾਰਵਾਈ ਕਰਨ ਤਾਂ ਜੋ ਸਮਾਜ ਦੀ ਏਕਤਾ ਬਰਕਰਾਰ ਰਹਿ ਸਕੇ। ਮੈਂ ਸਮਝਦਾ ਹਾਂ ਕਿ ਇਸ ਗੱਲ ਦਾ ਸੰਕੇਤ ਹਨ ਕਿ ਇਸ ਮੁੱਦੇ ਦਾ ਸਿਆਸੀਕਰਨ ਹੋ ਰਿਹਾ ਹੈ। ਗੋਦੀ ਮੀਡੀਆ ਤੇ ਭਗਵੇਂਵਾਦੀ ਸਾਜ਼ਿਸ਼ ਤਹਿਤ ਇਹ ਨਿਰੇਟਿਵ ਇਹ ਸੈਟ ਕਰਨ 'ਤੇ ਲੱਗੇ ਹੋਏ ਹਨ ਕਿ ਕੋਰੋਨਾ ਵਾਇਰਸ ਰਾਹੀਂ ਘੱਟ ਗਿਣਤੀਆਂ ਨੂੰ ਕਿਵੇਂ ਬਦਨਾਮ ਕੀਤਾ ਜਾਵੇ ਤੇ ਕਿਵੇਂ ਅਫਵਾਹਾਂ ਫੈਲਾਈਆਂ ਜਾਣ। ਇਸ ਨਾਲ ਲੋਕਾਂ ਵਿਚ ਅਰਾਜਕਤਾ ਫੈਲ ਰਹੀ ਹੈ। ਜੇਕਰ ਇਸ ਕਾਰਨ ਦੰਗੇ ਹੁੰਦੇ ਹਨ ਤਾਂ ਉਸ ਦੇ ਲਈ ਭਗਵੇਂਵਾਦੀ ਅਤੇ ਮੀਡੀਆ ਜ਼ਿੰਮੇਵਾਰ ਹੋਵੇਗਾ। ਹੁਣ ਇਹ ਭਾਰਤੀ ਗੋਦੀ ਮੀਡੀਆ ਤੇ ਭਗਵੇਂਵਾਦੀ ਪ੍ਰਵਾਸੀ ਪੰਜਾਬੀਆਂ ਤੋਂ ਬਾਅਦ ਮੁਸਲਮਾਨ ਭਾਈਚਾਰੇ ਵਲ ਪਹੁੰਚ ਗਏ ਹਨ। ਬਿਨਾਂ ਕਿਸੇ ਸਬੂਤਾਂ ਦੇ ਘੱਟ ਗਿਣਤੀਆਂ ਵਿਰੁਧ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਇਹ ਕੋਰੋਨਾ ਵਾਇਰਸ ਦੇ ਜ਼ਿੰਮੇਵਾਰ ਹਨ। ਇਹ ਜਾਣ ਬੁੱਝ ਕੇ ਵਿਚਾਰਧਾਰਕ ਫਾਸ਼ੀਵਾਦੀ ਤੇ ਫਿਰਕੂ ਮੌਬ ਲਾਚਿੰਗ ਕੀਤੀ ਜਾ ਰਹੀ ਹੈ। ਸਮਾਜ ਦਾ ਵੱਡੇ ਦੁਸ਼ਮਣ ਵਿਕਾਊ ਮੀਡੀਆ ਤੇ ਫਿਰਕੂ ਲੋਕ ਹਨ।





# 443 ਸਾਲਾਂ ਦੇ ਇਤਿਹਾਸ ਵਿਚ ਵਿਸਾਖੀ ਮੌਕੇ ਹਰਿਮੰਦਰ ਸਾਹਿਬ ਪਹਿਲੀ ਵਾਰ ਸੰਗਤਾਂ ਤੋਂ ਖਾਲੀ

**ਅੰਮ੍ਰਿਤਸਰ/ਏ.ਟੀ.ਨਿਊਜ਼** : ਬੀਤੇ ਦਿਨੀਂ ਵਿਸਾਖੀ ਦੇ ਦਿਹਾੜਾ ਦੌਰਾਨ ਸੰਗਤਾਂ ਤੋਂ ਖਾਲੀ ਨਜ਼ਰ ਆਇਆ, ਕਿਉਂਕਿ ਕੋਰੋਨਾ ਵਾਇਰਸ ਕਾਰਨ ਕਰਫਿਊ ਲੱਗਾ ਹੋਇਆ ਹੈ, ਉੱਥੇ ਨਾਮਾਤਰ ਸ਼ਰਧਾਲੂ ਵਿਖਾਈ ਦਿੱਤੇ। ਜਦ ਕਿ ਆਮ ਦਿਨ ’ਤੇ ਤਿਉਹਾਰ ਮੌਕੇ ਇੱਥੇ ਤਿਲ ਧਰਨ ਨੂੰ ਵੀ ਥਾਂ ਨਹੀਂ ਬਚਦੀ। ਹਰਿਮੰਦਰ ਸਾਹਿਬ ਦੀ ਸਥਾਪਨਾ ਤੋਂ ਬਾਅਦ ਸ਼ਾਇਦ ਪਹਿਲੀ ਵਾਰ ਅਜਿਹਾ ਵਾਪਰਿਆ ਹੈ। ਆਮ ਅੱਖਾਂ ਨਾਲ ਵਿਖਾਈ ਨਾ ਦੇਣ ਵਾਲੇ ਘਾਤਕ ਕੋਰੋਨਾ ਵਾਇਰਸ ਨੇ ਸਭ ਨੂੰ ਆਪੋ-ਆਪਣੇ ਘਰੀਂ ਡੱਕ ਦਿੱਤਾ ਹੈ।

ਕੀ ਹੈ ਹਰਿਮੰਦਰ ਸਾਹਿਬ ਦਾ ਇਤਿਹਾਸ

ਅੰਮ੍ਰਿਤਸਰ ਵਿੱਚ ਸਿਖਾਂ ਦੇ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਸਾਹਿਬ ਦਾ ਥਾਪਿਆ ਦਰਬਾਰ ਸਾਹਿਬ ਜੋ ਸਿਖਾਂ ਵਾਸਤੇ ਸਿਰਫ ਧਾਰਮਿਕ ਕੇਂਦਰ ਹੀ ਨਹੀਂ , ਸਗੋਂ ਸਿਖ ਕੌਮ ਦੀ ਵਿਲਖਣ ਹੋਂਦ-ਹਸਤੀ, ਸਵੈਮਾਣ ਇਤਿਹਾਸ ਤੇ ਵਿਰਾਸਤ ਦੀ ਜਗਦੀ ਜੋਤ ਹੈ। ਭਾਵੇਂ ਹਰਿਮੰਦਰ ਸਾਹਿਬ ਦੀ ਉਸਾਰੀ ਦਾ ਕਾਰਜ ਗੁਰੂ ਅਰਜਨ ਦੇਵ ਜੀ ਨੇ ਸ਼ੁਰੂ ਕੀਤਾ ਪਰ ਇਹ ਵੀ ਸੱਚ ਹੈ ਕੀ ਇਸਦੀ ਹੋਂਦ , ਉਸਾਰੀ ਤੇ ਵਿਕਾਸ ਵਿਚ ਚਾਰ ਗੁਰੂ ਸਾਹਿਬਾਨਾ ਦਾ ਹਥ ਹੈ। ਇਸ ਦੀ ਨਿਸ਼ਾਨਦੇਹੀ ਗੁਰੂ ਅਮਰਦਾਸ ਜੀ ਨੇ ਕੀਤੀ ਸੀ।

ਚੌਥੀ ਪਾਤਸ਼ਾਹੀ ਗੁਰੂ ਰਾਮਦਾਸ ਨੇ ਇਥੇ ਸਰੋਵਰ ਖੁਦਵਾਇਆ। ਇਸ ਸਰੋਵਰ ਦੇ ਆਲੇ ਦੁਆਲੇ ਨਗਰ ਵਸਾਇਆ ਜਿਸ ਦਾ ਨਾਂ ਰਾਮਦਾਸਪੁਰ,ਚੱਕ ਰਾਮਦਾਸ ਯਾ ਚੱਕ ਗੁਰੂ ਰਾਮਦਾਸ ਪਿਆ ਤੇ ਬਾਅਦ ਵਿਚ ਅੰਮ੍ਰਿਤਸਰ ਕਰਕੇ ਮਸ਼ਹੂਰ ਹੋਇਆ। ਅੰਮ੍ਰਿਤਸਰ ਸਰੋਵਰ ਦੀ ਖੁਦਾਈ ਦਾ ਕੰਮ ਗੁਰੂ ਰਾਮਦਾਸ ਜੀ ਦੇ ਸਮੇ ਹੀ ਹੋ ਗਿਆ ਸੀ। ਗੁਰੂ ਅਰਜਨ ਦੇਵ ਜੀ ਨੇ ਇਸ ਨੂੰ ਪੱਕਾ ਕੀਤਾ ਤੇ ਇਸ ਮੁਕੱਦਸ ਅਸਥਾਨ ਦੀ ਉਸਾਰੀ ਅੰਮ੍ਰਿਤ ਸਰੋਵਰ ਦੇ ਐਨ ਵਿਚਕਾਰ 28 ਦਸੰਬਰ 1588 ਨੂੰ ਆਰੰਭ ਕਰਵਾਈ। ਗੁਰੂ ਹਰਗੋਬਿੰਦ ਸਾਹਿਬ ਨੇ ਹਾਲਾਤਾਂ ਨੂੰ ਦੇਖਦਿਆਂ ਇਥੇ ਅਕਾਲ ਤਖਤ ਦੀ ਨੀਂਹ ਰਖਕੇ ਮੀਰੀ ਨੂੰ ਪੀਰੀ ਨਾਲ ਜੋੜ ਦਿਤਾ।

ਗੁਰੂ ਅਰਜਨ ਦੇਵ ਜੀ ਨੇ ਹਰਿਮੰਦਿਰ ਸਾਹਿਬ ਦੀ ਨੀਂਹ ਮੁਸਲਮਾਨ ਫਕੀਰ ਹਜ਼ਰਤ ਮੀਆਂ ਮੀਰ ਜੀ ਤੋਂ ਰਖਵਾਈ। ਉਸਾਰੀ ਦਾ ਸਾਰਾ ਕੰਮ ਗੁਰੂ ਸਾਹਿਬ ਦੀ ਦੇਖ ਰੇਖ ਵਿਚ ਹੋਇਆ। ਆਪਣੇ ਨਿਕਟਵਰਤੀ ਸਿਖਾਂ ਨੂੰ ਵੱਖ ਵੱਖ ਸੇਵਾਵਾਂ ਦਿਤੀਆਂ ਗਈਆਂ ਤੇ ਆਪਣੀ ਪ੍ਰਤਖ ਨਿਗਰਾਨੀ ਹੇਠ, ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ, ਭਾਈ ਸਾਲੋ ਜੀ, ਭਾਈ ਗੁਰੀਆ, ਭਾਈ ਲੰਗਾਹ, ਭਾਈ ਪ੍ਰੇਮਾ , ਭਾਈ ਪੈੜਾ, ਭਾਈ ਕਲਿਆਣਾ ਤੇ ਹੋਰ ਬਹੁਤ ਸਾਰੀਆਂ ਪ੍ਰਸਿਧ ਤੇ ਸਮਰਪਿਤ ਸਿੱਖ ਸ਼ਖਸ਼ੀਅਤਾਂ ਦੀ ਮੱਦਦ ਨਾਲ ਇਹ ਕਾਰਜ ਦੀ ਸ਼ੁਰੂਆਤ ਹੋਈ।

ਹਰਮੰਦਿਰ ਸਾਹਿਬ ਦੀ ਇਮਾਰਤ ਦੀ ਉਸਾਰੀ ਤੇ ਗੁਰੂ ਗਰੰਥ ਸਾਹਿਬ ਦੀ ਸੰਪੂਰਨਤਾ ਦੋਨੋ ਕਾਰਜ ਤਕਰੀਬਨ ਇਕੋ ਸਮੇ 1604 ਵਿਚ ਪੂਰੇ ਹੋਏ।

ਗੁਰੂ ਅਰਜਨ ਸਾਹਿਬ ਦੀ ਸਹੀਦੀ ਉਪਰੰਤ ਗੁਰੂ ਹਰਗੋਬਿੰਦ ਸਾਹਿਬ ਨੇ ਹਰਿਮੰਦਰ ਦੇ ਸਾਹਮਣੇ ਅਕਾਲ ਤਖ਼ਤ ਦੀ ਸਿਰਜਣਾ ਕੀਤੀ ।1635 ਵਿੱਚ ਜਦੋਂ ਗੁਰੂ ਹਰਗੋਬਿੰਦ ਸਾਹਿਬ ਕੀਰਤਪੁਰ ਸਾਹਿਬ ਚਲੇ ਗਏ ਤਾਂ ਤਕਰੀਬਨ 65 ਸਾਲ ਸ਼ਹਿਰ ਦਾ ਪ੍ਰਬੰਧ ਪ੍ਰਿਥੀ ਚੰਦ ਦੇ ਵਾਰਸਾਂ ਹੇਠ ਰਿਹਾ। 1699 ਵਿੱਚ ਖਾਲਸਾ ਸਿਰਜਣਾ ਉਪਰੰਤ ਅੰਮ੍ਰਿਤਸਰ ਦੇ ਲੋਕਾਂ ਦੀ ਬੇਨਤੀ ’ਤੇ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਨੀ ਸਿੰਘ ਨੂੰ ਭਾਈ ਭੁਪਾਲ



ਸਿੰਘ, ਭਾਈ ਗੁਲਜ਼ਾਰ ਸਿੰਘ, ਕੇਹਰ ਸਿੰਘ, ਦਾਨ ਸਿੰਘ, ਕੀਰਤ ਸਿੰਘ ਦੇ ਨਾਲ ਅਕਾਲ ਤਖ਼ਤ ਅਤੇ ਹਰਿਮੰਦਰ ਸਾਹਿਬ ਦੇ ਪ੍ਰਬੰਧ ਲਈ ਅੰਮ੍ਰਿਤਸਰ ਭੇਜਿਆ।

ਅਫ਼ਗਾਨੀਆਂ ਅਤੇ ਹੋਰ ਹਮਲਾਵਰਾਂ ਵੱਲੋਂ ਹਰਿਮੰਦਰ ਸਾਹਿਬ ’ਤੇ ਕਈ ਵਾਰੀ ਹਮਲੇ ਕੀਤੇ ਗਏ ਅਤੇ ਇਸ ਦੀ ਇਮਾਰਤ ਨੂੰ ਨਸ਼ਟ ਕਰ ਦਿੱਤਾ ਗਿਆ। ਹਰ ਵਾਰੀ ਇਸਨੂੰ ਮੁਕਤ ਕਰਾਉਣ ਅਤੇ ਇਸ ਦੀ ਪਵਿੱਤਰਤਾ ਨੂੰ ਮੁੜ ਕੇ ਬਹਾਲ ਕਰਨ ਵਾਸਤੇ ਸਿੱਖਾਂ ਨੂੰ ਕਈ ਕੁਰਬਾਨੀਆਂ ਦੇਣੀਆਂ ਪਈਆਂ। 1709 ਤੋਂ 1765 ਵਿੱਚਲੇ ਵਰੇ ਸ਼੍ਰੀ ਹਰਿਮੰਦਰ ਸਾਹਿਬ ਲਈ ਬਹੁਤ ਉਥਲ ਪੁਥਲ ਵਾਲੇ ਸਨ। 1733 ਵਿੱਚ ਜਦ ਜ਼ਕਰੀਆਂ ਖਾਨ ਨੇ ਸਿੱਖਾਂ ਦੇ ਜਥੇਦਾਰ ਕਪੂਰ ਸਿੰਘ ਨੂੰ ਨਵਾਬੀ ਦੀ ਭੇਂਟ ਕੀਤੀ ਤਾਂ ਹਰਿਮੰਦਰ ਸਾਹਿਬ ਵਿਖੇ ਕੁਝ ਸਮਾਂ ਸੰਗਤਾਂ ਦੀਆਂ ਰੌਣਕਾਂ ਮੁੜ ਲਗ ਗਈਆਂ । ਪਰ 1735 ਵਿੱਚ ਅਹਿਦਨਾਮਾ ਟੁੱਟ ਜਾਣ ਕਰਕੇ ਸਿਖਾਂ ਨੂੰ ਫਿਰ ਜੰਗਲਾਂ ਵੱਲ ਜਾਣਾ ਪਿਆ। 1737 ਈਸਵੀ ਵਿਚ ਭਾਈ ਮਨੀ ਸਿੰਘ ਨੂੰ ਬੰਦੀ ਬਣਾ ਕੇ ਸ਼ਹੀਦ ਕਰ ਦਿਤਾ ਗਿਆ।

ਇਸ ਤੋਂ ਬਾਅਦ ਪੰਜਾਬ ਦੇ ਸੂਬੇ ਨੇ ਇਕ ਰਾਜਪੂਤ ਜ਼ਿਮੀਂਦਾਰ ਮੱਸੇ ਰੰਘੜ ਨੂੰ ਅੰਮ੍ਰਿਤਸਰ ਦਾ ਕੋਤਵਾਲ ਥਾਪ ਕੇ ਸ਼ਹਿਰ ਕਬਜ਼ੇ ਵਿੱਚ ਕਰ ਲਿਆ ਗਿਆ। ਮੱਸੇ ਰੰਘੜ ਨੇ ਸਰੋਵਰ ਨੂੰ ਪੂਰ ਦਿੱਤਾ ਅਤੇ ਇਸ ਪਵਿੱਤਰ ਥਾਂ ਨੂੰ ਆਪਣਾ ਹਰਮ ਬਣਾ ਲਿਆ। ਇਥੇ ਦਿਨ ਰਾਤ ਸ਼ਰਾਬਾਂ ਦੇ ਦੋਰ ਚਲਦੇ ਨਾਚ ਹੁੰਦੇ ਰਹੇ। ਇਸ ਅਪਵਿੱਤਰਤਾ ਤੇ ਅਪਮਾਨ ਦਾ ਬਦਲਾ ਲੈਣ ਲਈ ਮੀਰਾਂ ਕੋਟ ਦੇ ਭਾਈ ਮਹਿਤਾਬ ਸਿੰਘ ਤੇ ਮਾੜੀ ਕੰਬੋਕੇ ਦੇ ਭਾਈ ਸੁਖਾ ਸਿੰਘ ਨੇ ਮੱਸੇ ਰੰਘੜ ਦਾ ਸਿਰ ਵੱਢਿਆ ਤੇ ਉਸਦੇ ਸਿਰ ਨੂੰ ਨੇਜੇ ਤੇ ਟੰਗ ਕੇ ਸੁਰੱਖਿਅਤ ਵਾਪਸ ਆਪਣੇ ਡੇਰੇ ਪਰਤ ਆਏ। ਇਹ ਵਾਕਿਆ ਪਹਿਲੀ ਅਗਸਤ 1740 ਦਾ ਹੈ।

ਇਸ ਤੋਂ ਬਾਅਦ ਦੀਵਾਨ ਲਖਪਤ ਰਾਏ ਨੇ ਆਪਣੇ ਭਰਾ ਜਸਪਤ ਰਾਏ ਦੀ ਮੌਤ ਦਾ ਬਦਲਾ ਲੈਣ ਲਈ ਸੂਬੇ ਦੇ ਪੈਰਾਂ ਤੇ ਆਪਣੀ ਪੱਗ ਰਖ ਕੇ ਸਿੱਖ ਕੌਮ ਨੂੰ ਮੂਲੋਂ ਖਤਮ ਕਰ ਦੇਣ ਦੀ ਸਹੁੰ ਖਾਧੀ ਸੀ। ਉਸ ਨੇ 1746 ਵਿਚ ਸਰੋਵਰ ਨੂੰ ਦੂਸ਼ਿਤ ਕੀਤਾ ਅਤੇ ਹਰਿਮੰਦਰ ਸਾਹਿਬ ਦੀ ਬੇਅਦਬੀ ਕੀਤੀ। ਦੀਵਾਨ ਲਖਪਤ ਰਾਏ ਤੇ ਯਹੀਆ ਖਾਨ ਦੀ ਕਮਾਂਡ ਥੱਲੇ ਮੁਗ਼ਲ ਫੌਜਾਂ ਨੇ ਸਿੱਖਾਂ ਦੇ ਖਿਲਾਫ ਮਾਰਚ ਕੀਤਾ ਜਿਸ ਨੂੰ ਛੋਟਾ ਘਲੂਕਾਰਾ ਕਿਹਾ ਜਾਂਦਾ ਹੈ। ਇਸ ਲਹੂ-ਡੋਲਵੀਂ ਲੜਾਈ ਵਿਚ ਕਰੀਬ ਸੱਤ ਹਜ਼ਾਰ ਸਿੱਖ ਸ਼ਹੀਦ ਹੋਏ। ਉਨਾਂ ਵਿਚੋ ਤਿੰਨ ਹਜ਼ਾਰ ਨੂੰ ਲਾਹੌਰ ਵਿਚ ਸਰੇ-ਆਮ ਸ਼ਹੀਦ ਕੀਤਾ ਗਿਆ। ਉਹ ਅਸਥਾਨ ਹੁਣ ਸ਼ਹੀਦਗੰਜ ਅਖਵਾਉਂਦਾ ਹੈ।

ਇਸ ਘੱਲੂਘਾਰੇ ਦਾ ਬਦਲਾ ਸਿੱਖਾਂ ਨੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਕਾਬਲ ਅਗਵਾਈ ਵਿਚ ਲਿਆ ਤੇ ਮਾਰਚ 1748 ਵਿਚ ਸਲਾਮਤ ਖਾਂ ਨੂੰ ਮਾਰ ਕੇ ਹਰਿਮੰਦਰ ਸਾਹਿਬ ‘ਤੇ ਮੁੜ ਤੋਂ ਆਪਣੀ ਸੇਵਾ-ਸੰਭਾਲ ਸ਼ੁਰੂ ਕੀਤੀ। ਉਨਾਂ ਨੇ ਪਵਿੱਤਰ ਸਰੋਵਰ ਦੀ ਸਫ਼ਾਈ ਕਰਕੇ ਅਤੇ ਹਰਿਮੰਦਰ ਸਾਹਿਬ ਅੰਦਰ ਰੋਜ਼ਾਨਾ ਦੀ ਮਰਯਾਦਾ ਮੁੜ ਬਹਾਲ ਕਰਦਿਆਂ, 1748 ਸਾਲ ਦੀ ਵਿਸਾਖੀ ਤੇ ਦਿਵਾਲੀ ਬੜੇ ਉਤਸ਼ਾਹ ਨਾਲ ਮਨਾਈ। 1753 ਵਿੱਚ ਮੀਰ ਮੰਨੂ ਦੀ ਮੌਤ ਤੋਂ ਬਾਅਦ ਸਿੱਖਾਂ ਨੂੰ ਥੋੜਾ ਸਮਾਂ ਸੁਖ ਦਾ ਸਾਹ ਆਇਆ ਤੇ ਆਪਣੇ ਇਸ ਮੁਕੱਦਸ ਥਾਂ ਹਰਿਮੰਦਰ ਸਾਹਿਬ ਖੁਲਾ ਆਣਾ ਜਾਣਾ ਸ਼ੁਰੂ ਹੋ ਗਿਆ। ਇਸ ਦੇ ਬਾਅਦ ਨਵੰਬਰ 1757 ਵਿੱਚ ਜਦੋਂ ਸੂਬਾ ਲਾਹੌਰ ਨੇ ਤੈਮੂਰ ਸ਼ਾਹ ਵੱਲੋਂ ਜਹਾਨ ਖ਼ਾਂ ਨੂੰ ਫ਼ੌਜ ਦੇ ਕੇ ਅੰਮ੍ਰਿਤਸਰ ਭੇਜਿਆ ਤਾਂ ਉਸ ਨੇ ਗੁਰੂ ਨਗਰੀ ਦੇ ਬਹੁਤ ਸਾਰੇ ਗੁਰਦੁਆਰਿਆਂ ਨੂੰ ਜ਼ਮੀਨਦੋਜ਼ ਕਰਨ ਤੋਂ ਬਾਅਦ ਅੰਮ੍ਰਿਤ ਸਰੋਵਰ ਦੀ ਬੇਅਦਬੀ ਕਰਦਿਆਂ ਸਰੋਵਰ ਮਿੱਟੀ ਨਾਲ ਭਰਵਾ ਦਿੱਤਾ।

ਬਾਕੀ ਸਫ਼ਾ 32 ’ਤੇ

# ਖ਼ਾਲਸਾ ਸਾਜਨਾ ਦਿਵਸ ਵਿਸਾਖੀ (1699) ’ਤੇ ਵਿਸ਼ੇਸ਼



- ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

ਵਿਸਾਖੀ ਵਿਸਾਖ ਦਾ ਪਹਿਲਾ ਦਿਨ ਹੈ। ਇਸ ਸਮੇਂ ਮੌਸਮ ਵਿਚ ਤਬਦੀਲੀ ਆਉਂਦੀ ਹੈ। ਹਾੜੀ ਦੀ ਫਸਲ ਕਣਕ ਦੀਆਂ ਵਾਢੀਆਂ ਮੁੱਕ ਜਾਂਦੀਆਂ ਹਨ। ਕਿਸਾਨ ਕੋਲ ਵਿਹਲ ਦਾ ਸਮਾਂ ਹੁੰਦਾ ਹੈ। ਫਸਲ ਦੀ ਵਟਕ ਦਾ ਪੈਸਾ ਹੁੰਦਾ ਹੈ। ਉਹ ਮਸਤੀ ਵਿਚ ਝੂਮ ਉਠਦਾ ਹੈ। ਵਿਸਾਖੀ ਦਾ ਸੱਭਿਆਚਾਰਕ ਮੇਲਾ ਮਨਾਉਂਦਾ ਹੈ। ਧਾਰਮਿਕ ਤੌਰ ’ਤੇ ਵਿਸਾਖੀ ਦਾ ਦਿਨ ਗੁਰਦੁਆਰਿਆਂ ਵਿਚ ਵੀ ਮਨਾਇਆ ਜਾਂਦਾ ਹੈ। ਜਿਸ ਵਿਚ ਗੁਰ ਇਤਿਹਾਸ, ਕਥਾ, ਕੀਰਤਨ, ਕਵੀਸ਼ਰੀ, ਧਾਰਮਿਕ ਕਵੀ ਦਰਬਾਰ, ਢਾਡੀ ਕਵੀਸ਼ਰੀ ਵਾਰਾਂ ਗਾਉਂਦੇ ਹਨ। ਇਸ ਤਰਾਂ ਸਜੇ ਦੀਵਾਨਾਂ ਵਿਚ ਸੰਗਤਾਂ ਨੂੰ ਗੌਰਵਮਈ ਵਿਰਸੇ ਨਾਲ ਜੋੜਿਆ ਜਾਂਦਾ ਹੈ।

ਸੰਨ 1699 ਦੀ ਵਿਸਾਖੀ ਦਾ ਦਿਹਾੜਾ ਸਿੱਖ ਪੰਥ ਲਈ ਇਕ ਮਹੱਤਵਪੂਰਨ ਦਿਹਾੜਾ ਹੈ। ਜਦੋਂ ਸਾਹਿਬ ਏ ਕਮਾਲ ਗੁਰੂ ਗੋਬਿੰਦ ਸਿੰਘ ਜੀ ਨੇ ਸੰਗਤਾਂ ਦੇ ਭਾਰੀ ਇਕੱਠ ਵਿਚ ਪੰਜ ਪਿਆਰੇ ਸਾਜ ਕੇ ਖਾਲਸਾ ਪੰਥ ਦੀ ਨੀਂਹ ਰੱਖੀ। ਉਦੋਂ ਇਕ ਪਾਸੇ ਅਮਨ ਪਸੰਦ ਸੰਤ ਸੁਭਾਅ ਹਕੂਮਤਾਂ ਦੇ ਦਬਾਏ ਹੋਏ ਲੋਕ ਸਨ। ਜਿਨਾਂ ਤੇ ਜਬਰੀ ਧਰਮ ਪਰਿਵਰਤਨ ਦੇ ਜ਼ੁਲਮ ਢਾਹੇ ਜਾਂਦੇ ਸਨ। ਨਿਕੰਮੇ ਗਰੀਬ ਕਮਜ਼ੋਰ ਜਾਣੇ ਜਾਂਦੇ ਸਨ। ਦੂਸਰੇ ਪਾਸੇ ਜ਼ਾਲਮ ਹਾਕਮ ਜਿਨਾਂ ਕੋਲ ਵੱਡਾ ਸਾਮਰਾਜ ਅਤੇ ਰਾਜ ਪ੍ਰਬੰਧ ਦੇ ਨਾਲ ਵੱਡੀ ਫੌਜੀ ਤਾਕਤ ਸੀ। ਗੁਰੂ ਜੀ ਨੇ ਲੋਕਾਂ ਵਿਚ ਚੜਦੀ ਕਲਾ ਦਾ ਜੋਸ਼ ਭਰਨ ਲਈ ਉਪਦੇਸ਼ ਦਿੱਤਾ ਕਿ ਜਦੋਂ ਸ਼ਾਂਤਮਈ ਢੰਗ ਦਾ ਹਰ ਵਸੀਲਾ ਜ਼ੁਲਮ ਨਾ ਰੋਕ ਸਕੇ ਤਾਂ ਹਥਿਆਰ ਉਠਾਉਣਾ ਜਾਇਜ਼ ਬਣ ਜਾਂਦਾ ਹੈ। ਆਪਣੀ ਦਬੀ ਕੁਚਲੀ, ਲਿਤਾੜੀ ਪਰਜਾ ਦੀ ਰਾਖੀ ਕੀਤੀ ਜਾਵੇ। ਗੁਰੂ ਜੀ ਨੇ ਅਜਿਹਾ ਫੌਜੀ ਖਾਲਸਾ ਸਾਜਿਆ ਜਿਸ ਨੇ ਕੌਮ ਦੀ ਤਕਦੀਰ ਬਦਲ ਦਿੱਤੀ। ਜਿਸ ਨੇ ਮੁਗਲ ਸਾਮਰਾਜ ਦਾ ਡਟ ਕੇ ਮੁਕਾਬਲਾ ਕੀਤਾ। ਬੜੇ ਜ਼ੋਖਮਾਂ ਵਿਚੋਂ ਲੰਘ ਕੇ ਸੰਗਠਿਤ ਖ਼ਾਲਸਾ ਰਾਜ ਸਥਾਪਤ ਕੀਤਾ।

ਇਸ ਤਰਾਂ ਵਿਸਾਖੀ ਦਿਹਾੜੇ ਗੁਰੂ ਦੇ ਪਿਆਰੇ ਸਿੰਘਾਂ ਨੇ ਦੁਨਿਆਵੀ ਮੋਹ, ਪਿਆਰ ਨੂੰ ਤਿਆਗ ਕੇ ਆਪਾ ਗੁਰੂ ਨਾਲ ਜੋੜਿਆ। ਅਕਾਲ ਪੁਰਖ ਦਾ ਪਿਆਰ ਹਾਸਲ ਕੀਤਾ। ਆਪਾ ਵਾਰਨ ਦੀ ਕਸਵੱਟੀ ਦਾ ਸਿਧਾਂਤ ਸਾਨੂੰ ਗੁਰਬਾਣੀ ਵਿਚੋਂ ਮਿਲਦਾ ਹੈ।

**ਜਉ ਤਉ ਪ੍ਰੇਮ ਖੇਲਨ ਕਾ ਚਾਉ।**
**ਸਿਰ ਧਰਿ ਤਲੀ ਗਲੀ ਮੇਰੀ ਆਉ। ਅੰਗ 1412**

ਗੁਰੂ ਜੀ ਨੇ ਪੰਜ ਪਿਆਰਿਆਂ ਦੀ ਚੋਣ ਵੱਖ ਵੱਖ ਜਾਤਾਂ ਵਿਚੋਂ ਕਰਕੇ ਪੰਥ ਨੂੰ ਏਕਤਾ ਦੀ ਇਕ ਲੜੀ ਵਿਚ ਪਰੋ ਦਿੱਤਾ।

**ਨੀਚੋ ਊਚ ਕਰੇ ਮੇਰਾ ਸੁਆਮੀ॥**

ਦੇ ਪ੍ਰਵਚਨਾਂ ਨੂੰ ਸਿੱਧ ਕਰ ਵਿਖਾਇਆ। ਸਿੰਘਾਂ ਨੂੰ ਸ਼ਸਤਰਧਾਰੀ ਬਣਾ ਕੇ ਸੂਰਬੀਰ ਕੌਮ ਦੀ ਨੀਂਹ ਰੱਖੀ। ਗੁਰੂ ਜੀ ਨੇ ਮੀਰੀ ਪੀਰੀ ਦੇ ਸਿੱਖ ਸਿਧਾਂਤ ਨੂੰ ਦ੍ਰਿੜ ਕਰਵਾਇਆ। ਪੰਜਾਂ ਪਿਆਰਿਆਂ ਨੂੰ ਖੰਡੇ ਬਾਟੇ ਦੇ ਅੰਮ੍ਰਿਤ ਦੀ ਦਾਤ ਦੇ ਕੇ ਗੁਰੂ ਸਾਹਿਬ ਨੇ ਖੁਦ ਆਪਣੇ ਹੀ ਸਾਜੇ ਸਿੰਘਾਂ ਤੋਂ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਗੁਰ ਚੇਲੇ ਦਾ ਅਭੇਦ ਮਿਟਾਇਆ। ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਦਾ ਨਾਉਂ ਪ੍ਰਾਪਤ ਕਰਕੇ ਕੌਮ ਦੀ ਅਗਵਾਈ ਲਈ ਪੰਥ ਦੇ ਪਾਬੰਦ ਬਣੇ। ਗੁਰੂ ਅਤੇ ਸਿੰਘਾਂ ਨੂੰ ਗੁਰੂ ਪੰਥ ਦੇ ਸੰਕਲਪਿਤ ਸਿਧਾਂਤ ਨਾਲ ਜੋੜਿਆ। ਭਾਈ ਗੁਰਦਾਸ ਜੀ ਅਨੁਸਾਰ :

**ਗੁਰ ਸੰਗਤ ਕੀਨੀ ਖ਼ਾਲਸਾ ਮਨਮੁਖੀ ਦੁਹੇਲਾ।**
**ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ।**

ਗੁਰੂ ਸਾਹਿਬ ਨੇ ਗੁਰੂ ਅਤੇ ਖ਼ਾਲਸੇ ਦੇ ਸਿੱਧੇ ਸਬੰਧਾਂ ਨੂੰ ਹੋਰ ਵੀ ਹਲੀਮੀ ਭਾਵ ਵਿਚ ਕਿਹਾ ਕਿ

**ਇਨਹੀਂ ਕੀ ਕ੍ਰਿਪਾ ਸੇ ਸਜੇ ਹਮ ਹੈਂ।**
**ਨਹੀ ਮੈ ਸੋ ਗਰੀਬ ਕਰੋੜ ਪਰੈ।**

ਸਮੁੱਚੀ ਮਾਨਵਤਾ ਦੇ ਭਲੇ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਵਿਚ ਆਤਮ ਬਲ ਅਤੇ ਸਵੈਮਾਣ ਦਾ ਵਿਸ਼ਵਾਸ਼ ਜਾਗ੍ਰਿਤ ਕਰਕੇ ਖ਼ਾਲਸੇ ਨੂੰ ਸੰਤ ਸਿਪਾਹੀ ਦਾ ਅਮਲੀ ਰੂਪ ਦਿੱਤਾ। ਸਿੱਖ ਸਿਧਾਂਤ ਅਨੁਸਾਰ ਕੋਈ ਤਬਦੀਲੀ ਨਹੀਂ ਬਲਕਿ ਗੁਰੂ ਨਾਨਕ ਦੇਵ ਜੀ ਤੋਂ ਸਥਾਪਤ ਮਨੋਰਥ ਨੂੰ ਪੱਕਾ ਕਰ ਦਿੱਤਾ ਕਿ ਖ਼ਾਲਸੇ ਸਮਾਜ ਦੇ ਰੱਖਿਅਕ ਅਤੇ ਸੇਵਕ ਹੋਣ। ਸਮਾਜ ਵਿਚੋਂ ਦੁੱਖਾਂ ਦਾ ਨਾਸ ਕਰਨ ਲਈ ਦੋਖੀਆਂ ਦੇ ਜ਼ੁਲਮ ਖਿਲਾਫ਼ ਲੜਨ। ਜ਼ੁਲਮ ਦੀ ਸਤਾਈ ਜਨਤਾ ਅਮਨ ਦਾ ਜੀਵਨ ਵਸ਼ਰ ਕਰ ਸਕੇ। ਗੁਰੂ ਸ਼ੋਭਾ ਦਾ ਕਰਤਾ ਸੈਨਾਪਤੀ ਲਿਖਦਾ ਹੈ :

ਅਸੁਰ ਸਿੰਘਾਰਬੇ ਕੋ ਦੁਰਜਨ ਕੋ ਮਾਰ ਬੋ ਕੋ।
ਸੰਕਟ ਨਿਵਾਰਬੇ ਕੋ ਖ਼ਾਲਸਾ ਬਨਾਯੋ ਹੈ।

ਜਿਹੜੇ ਚਿੜੀਆਂ ਦੇ ਫੜਕਨ ਤੋਂ ਡਰ ਜਾਂਦੇ ਸਨ। ਨੀਵੀਆਂ ਜਾਤਾਂ ਦੇ ਨਿਕੰਮੇ ਸਮਝੇ ਜਾਂਦੇ ਉਨਾਂ ਵਿਚ ਚੜਦੀ ਕਲਾ ਦੀ ਭਾਵਨਾ ਭਰ ਦਿੱਤਾ।

**ਸ੍ਰੀ ਅਸਿਪਾਨਜ਼ ਤਬੇ ਕਹਾਉ**
**ਚਿੜੀਆਂ ਤੋਂ ਜਬ ਬਾਜ਼ ਤੁੜਾਊਂ**
**ਜਾਂ**
**ਸਵਾ ਲਾਖ ਸੇ ਏਕੁ ਲੜਾਊਂ**
**ਤਬੈ ਗੋਬਿੰਦ ਸਿੰਘ ਨਾਮੁ ਕਹਾਉਂ।**
**ਲਘੁ ਜਾਤਨ ਕੋ ਬਡਪਨ ਦੇ ਹੈਂ**
**ਇਨਹੀ ਗਰੀਬ ਸਿੰਘਨ ਕੋ ਦੇਉ ਪਾਤਿਸ਼ਾਹੀ**
**ਯੇ ਯਾਦ ਕਰੇਂ ਹਮਾਰੀ ਗੁਰਆਈ**
**ਜੀਵਤ ਰਹੇ ਤੋਂ ਰਾਜ ਕਰੇ ਹੈ**
**ਮਰਹਿ ਤੋ ਗੁਰਪੁਰ ਜਾਈ।**

ਗੁਰੂ ਪਾਤਿਸ਼ਾਹ ਨੇ ਇਕ ਸਰੂਪ ਹੀ ਨਹੀਂ ਬਲਕਿ ਜੀਵਨ ਮੰਤਵ ਵਿਸ਼ਵਾਸ ਤੇ ਅਸੂਲਾਂ ਦੀ ਸਮਰੂਪਤਾ ਵੀ ਬਖਸ਼ੀ। ਪਹਿਲੇ ਰੀਤੀ ਰਿਵਾਜ, ਝੂਠੇ ਕਰਮ ਕਾਂਡ, ਵੰਡੀਆਂ, ਮਨੂੰ ਸ਼ਾਸਤਰ ਵਰਣ, ਜਾਤ ਪਾਤ ਤੋਂ ਖ਼ਾਲਸੇ ਨੂੰ ਆਜ਼ਾਦ ਕਰ ਦਿੱਤਾ। ਖਾਲਸਾ ਕੇਵਲ ਇਕ ਸਰਬ ਸ਼ਕਤੀਮਾਨ, ਸ੍ਰਿਸ਼ਟੀ ਦੇ ਸਾਜਣਹਾਰ ਪ੍ਰਮੇਸ਼ਰ ੧ਓੰ ਤੇ ਹੀ ਵਿਸ਼ਵਾਸ਼ ਰੱਖੇਗਾ। ਇਕ ਅਕਾਲ ਪੁਰਖ ਦੀ ਸਿਫ਼ਤ ਸਲਾਹ ਕਰੇਗਾ। ਖ਼ਾਲਸਾ ਵਹਿਗੁਰੂ ਦਾ ਹੈ ਅਤੇ ਫਤਹਿ ਵੀ ਅਕਾਲ ਪੁਰਖ ਵਾਹਿਗੁਰੂ ਦੀ ਹੈ। ਖਾਲਸਾ ਅਕਾਲ ਪੁਰਖ ਦੇ ਹੁਕਮ ਤੋਂ ਉਤਪੰਨ ਹੋਇਆ ਹੈ। ਇਹ ਮਿਟ ਨਹੀਂ ਸਕਦਾ। ਗੁਰੂ ਜੀ ਨੇ ਸਿੰਘਾਂ ਨੂੰ ਅਹਿਸਾਸ ਕਰਵਾਇਆ ਕਿ ਉਹ ਬਲਹੀਣ ਨਹੀਂ ਸਗੋਂ ਉਨਾਂ ਨੂੰ ਆਪਣੀ ਅੰਦਰੂਨੀ ਸ਼ਕਤੀ ਨੂੰ ਪਛਾਨਣ ਦੀ ਲੋੜ ਹੈ। ਜੋ ਚੜਦੀ ਕਲਾ ਦਾ ਜੀਵਨ ਪ੍ਰਦਾਨ ਕਰਦੀ ਹੈ।

ਵਿਸਾਖੀ ਸਾਨੂੰ ਦ੍ਰਿੜ ਕਰਾਉਂਦਾ ਹੈ ਜੋ ਸੱਚਾ ਖਾਲਸਾ ਹੈ ਉਹ ਪ੍ਰਮਾਤਮਾ ਦੀ ਪਰਮਸਤ ਹੋਂਦ ਨੂੰ ਮੰਨਦਾ ਹੈ। ਕਿਸੇ ਹੋਰ ਨੂੰ ਨਹੀਂ ਮੰਨਦਾ। ਪ੍ਰਮਾਤਮਾ ਦੀ ਆਸਥਾ ਵਿਚ ਗੁਰ ਉਪਦੇਸ਼ ਅਨੁਸਾਰ ਝੂਠੇ ਕਰਮਕਾਂਡਾ, ਵਹਿਮਾਂ ਭਰਮਾਂ, ਪਾਖੰਡਾਂ ਦਾ ਵਿਰੋਧ ਕਰਦਾ ਹੈ। ਬਰਾਬਰੀ ਦੇ ਭਾਈਚਾਰੇ ਦੀ ਸਥਾਪਨਾ ਕਰਦਾ ਹੈ। ਉਸੇ ਖ਼ਾਲਸੇ ਦੀ ਚੜਦੀ ਕਲਾ ਦੀ ਕ੍ਰਿਪਾ ਨਾਲ ਯੁੱਧ ਜਿੱਤੇ ਗਏ। ਪ੍ਰਾਲਭਤ ਪ੍ਰਾਪਤ ਹੋਈ। ਮਾਇਆ ਆਈ ਪਾਪਾਂ ਦਾ ਨਾਸ਼ ਹੋਇਆ। ਅਧਿਆਤਮਕ ਵਿਦਿਆ ਵਿਚ ਉਨਤੀ ਹੋਈ। ਸ਼ਤਰੂਆਂ ਦਾ ਸੰਘਾਰ ਹੋਇਆ। ਇਹ ਸਭ ਕੁਝ ਖ਼ਾਲਸੇ ਕਰਕੇ ਹੋਇਆ। ਗੁਰੂ ਜੀ ਆਪਣੇ ਪੁਰਵਜ਼ਾਂ ਦੇ ਸਿਧਾਂਤ ਅਨੁਕੂਲ ਆਮ ਜਨਤਾ ਨਾਲ ਖੜੇ ਹੋਏ।

ਕਹਿਣੀ ਤੇ ਕਥਨੀ ਵਿਚ ਖ਼ਾਲਸਾ ਪੱਕਾ ਹੋਵੇ। ਮਨ ਵਿਚ ਹੋਰ ਮੁੱਖ ਵਿਚ ਹੋਰ ਨਾ ਹੋਵੇ। ਸਚਾਈ ਤੇ ਚੱਲਣਾ ਨੇਕੀ ਅਤੇ ਧਰਮ ਦਾ ਕੰਮ ਹੈ। ਸੰਗਤਾਂ ਨੂੰ ਸ਼ਬਦ ਗਿਆਨ ਨਾਲ ਜੋੜਿਆ। ਗੁਰੂ ਦੇ ਸਨਮੁਖ ਹੋ ਕੇ ਅਰਦਾਸ ਕਰੇ। ਖ਼ਾਲਸੇ ਨੂੰ ਮੁਕਤੀ ਦਾ ਅਧਿਕਾਰੀ ਬਣਾ ਦਿੱਤਾ। ਸਿੰਘਾਂ ਨੂੰ ਬੁਰਾਈਆਂ ਤੋਂ ਬਚਾ ਕੇ, ਸ਼ਕਤੀ ਦੇ ਕੇ ਜ਼ੋਰਾਵਰ ਬਣਾ ਤਿਤਦੱਤਾ।

ਅੰਤਿਕਾ

ਗੁਰੂ ਜੀ ਦਾ ਉਤਮ ਉਪਦੇਸ਼ ਰਿਹਾ ਕਿ ਖ਼ਾਲਸਾ ਸ੍ਰੀ ਗੁਰੂ ਗ੍ਰੰਥ ਸਾਬਿਹ ਜੀ ਨਾਲ ਜੁੜੇ। ਸ਼ਬਦ ਰਾਹੀਂ ਗਿਆਨਵਾਨ ਬਣੇ, ਵਿਦਿਅਕ, ਅਧਿਆਤਮਕ, ਰਾਜਨੀਤਕ, ਵਿਵਹਾਰਕ ਤੌਰ ’ਤੇ ਸੂਝਵਾਨ ਬਣੇ।

**ਸਭ ਸਿਖਨ ਕੋ ਹੁਕਮ ਹੈ**
**ਗੁਰ ਮਾਨਯੋ ਗ੍ਰੰਥ।**

# ਮਹਾਨ ਸ਼ਖ਼ਸੀਅਤ ਭਾਈ ਰਣਧੀਰ ਸਿੰਘ

**- ਸੁਰਿੰਦਰ ਪਾਲ ਸਿੰਘ ਗੋਲਡੀ**

ਗ਼ਦਰ ਪਾਰਟੀ ਨੇ ਅਨੇਕਾਂ ਸੂਰਮੇ ਪੈਦਾ ਕੀਤੇ, ਜਿਨਾਂ ਨੇ ਸਾਰੀ ਜ਼ਿੰਦਗੀ ਆਪਣੇ ਮਿੱਥੇ ਨਿਸ਼ਾਨਿਆਂ 'ਤੇ ਚੱਲਦਿਆਂ ਤਸੀਹੇ ਝੱਲੇ ਅਤੇ ਭਾਰਤ ਦੇ ਆਜ਼ਾਦੀ ਸੰਗ੍ਰਾਮ ਵਿੱਚ ਆਪਣੀ ਅਹਿਮ ਭੂਮਿਕਾ ਅਦਾ ਕੀਤੀ। ਉਨਾਂ ਯੋਧਿਆਂ ਵਿੱਚੋਂ ਭਾਈ ਰਣਧੀਰ ਸਿੰਘ ਨਾਰੰਗਵਾਲ ਅਜਿਹੀ ਸ਼ਖ਼ਸੀਅਤ ਹਨ ਜਿਨਾਂ ਨੇ ਭਾਰਤੀ ਲੋਕਾਂ ਵਿੱਚ ਗ਼ਦਰ ਲਹਿਰ ਦੀ ਜਾਗ ਲਾਈ। ਕ੍ਰਾਂਤੀਕਾਰੀ ਗਤੀਵਿਧੀਆਂ ਵਿੱਚ ਹਿੱਸਾ ਲੈਣ ਕਰਕੇ ਉਨਾਂ ਨੂੰ ਜੇਲਾਂ ਵਿੱਚ ਕੈਦ ਵੀ ਕੱਟਣੀ ਪਈ। ਭਾਈ ਰਣਧੀਰ ਸਿੰਘ ਦਾ ਜਨਮ ਲੁਧਿਆਣਾ ਜ਼ਿਲੇ ਦੇ ਪਿੰਡ ਨਾਰੰਗਵਾਲ ਵਿੱਚ 25 ਹਾੜ ਸੰਮਤ 1935 ਬਿਕ੍ਰਮੀ ਮੁਤਾਬਕ (7 ਜੁਲਾਈ 1878 ਈ:) ਸਰਦਾਰ ਨੱਥਾ ਸਿੰਘ ਗਰੇਵਾਲ ਅਤੇ ਮਾਤਾ ਪੰਜਾਬ ਕੌਰ ਦੇ ਘਰ ਹੋਇਆ। ਭਾਈ ਸਾਹਿਬ ਦੀ ਮਾਤਾ ਛੇਵੇਂ ਤੇ ਸੱਤਵੇਂ ਗੁਰੂ ਸਾਹਿਬ ਦੇ ਅਨਿਨ ਸਿੱਖ ਭਾਈ ਭਗਤੂ ਦੇ ਪਰਿਵਾਰ ਵਿੱਚੋਂ ਸਨ। ਇਨਾਂ ਦਾ ਪਹਿਲਾ ਨਾਂ ਬਸੰਤ ਸਿੰਘ ਸੀ। ਪਿਤਾ ਸ. ਨਥਾ ਸਿੰਘ ਪੜੇ-ਲਿਖੇ ਤੇ ਜ਼ਿਲਾ ਸਿੱਖਿਆ ਅਧਿਕਾਰੀ ਸਨ ਅਤੇ ਬਾਅਦ ਵਿੱਚ ਨਾਭਾ ਰਿਆਸਤ ਦੀ ਹਾਈ ਕੋਰਟ ਦੇ ਜੱਜ ਵੀ ਬਣੇ। ਆਪ ਜੀ ਦੀ ਮਾਤਾ, ਭਾਈ ਭਗਤੂ ਦੇ ਖਾਨਦਾਨ ਦੀ 7ਵੀਂ ਪੁਸ਼ਤ ਵਿੱਚੋਂ ਸਨ। ਭਾਈ ਭਗਤੂ ਜੀ ਪੰਜਵੇਂ ਗੁਰੂ ਤੇ ਫਿਰ ਛੇਵੇਂ ਗੁਰੂ ਦੇ ਅਨਿਨ ਸ਼ਰਧਾਲੂਆਂ ਵਿੱਚੋਂ ਸਨ। ਸੋ ਭਾਈ ਸਾਹਿਬ ਨੂੰ ਲਿਆਕਤ, ਮਨ ਦੀ ਦ੍ਰਿੜਤਾ, ਸ਼ਰਧਾ ਤੇ ਹਲੀਮੀ ਤਾਂ ਵਿਰਸੇ ਵਿੱਚੋਂ ਹੀ ਆਈ ਸੀ। ਇਨਾਂ ਦੀ ਮੁੱਢਲੀ ਸਿੱਖਿਆ ਨਾਭੇ ਦੇ ਸਕੂਲ ਵਿੱਚ ਹੋਈ ਤੇ ਫਿਰ ਦਾਖਲਾ ਲਿਆ ਸਰਕਾਰੀ ਕਾਲਜ ਲਾਹੌਰ ਵਿੱਚ। ਸ਼ੁਰੂ ਵਿੱਚ ਤਾਂ ਸਿੱਖੀ ਤੇ ਗੁਰਬਾਣੀ ਦਾ ਜ਼ਿਆਦਾ ਪ੍ਰਭਾਵ ਨਹੀਂ ਸੀ, ਪਰ ਕਾਲਜ ਦਾਖਲ ਹੋਣ 'ਤੇ ਪਿਤਾ ਦਾ ਆਦੇਸ਼ ਕਿ ਸਵੇਰੇ ਜਪੁਜੀ ਸਾਹਿਬ ਤੇ ਸ਼ਾਮ ਨੂੰ ਰਹਿਰਾਸ ਸਾਹਿਬ ਦਾ ਪਾਠ ਜ਼ਰੂਰ ਕਰਨਾ ਹੈ, ਉਤੇ ਪੂਰਾ ਪਹਿਰਾ ਦਿੱਤਾ।

ਭਾਈ ਰਣਧੀਰ ਸਿੰਘ ਨੇ 1903 ਵਿੱਚ ਖੰਡੇ ਬਾਟੇ ਦਾ ਅੰਮ੍ਰਿਤਪਾਨ ਕੀਤਾ। ਇਥੇ ਇਕ ਅਸਚਰਜ ਗੱਲ ਇਹ ਹੈ ਕਿ ਅੰਮ੍ਰਿਤ ਛਕਣ ਸਮੇਂ ਆਪਦੇ ਇਕ ਮੁਸਲਮਾਨ ਸਾਥੀ ਨੇ ਵੀ ਅੰਮ੍ਰਿਤਪਾਨ ਕੀਤਾ, ਜੋ ਮੌਲਵੀ ਕਰੀਮ ਬਖਸ਼ ਦੇ ਪਰਿਵਾਰ ਵਿੱਚੋਂ ਸੀ। ਇਹ ਗੱਲ ਇਕ ਵਿਵਾਦ ਦਾ ਕਾਰਨ ਬਣੀ, ਪਰ ਭਾਈ ਸਾਹਿਬ ਨੇ ਇਸ ਗੱਲ ਦੀ ਕੋਈ ਪ੍ਰਵਾਹ ਨਾ ਸਮਝੀ। ਇਨਾਂ ਦੀ ਇਹ ਪੱਕੀ ਨਿਸ਼ਠਾ ਸੀ ਕਿ ਅੰਮ੍ਰਿਤ ਛਕਣਾ ਇਕ ਨਿਰੀ ਰਸਮ ਨਹੀਂ, ਬਲਕਿ ਇਹ ਤਾਂ ਇਕ ਗੁਰੂ ਨਮਿਤ ਹੋ ਕੇ ਇਕ ਨਵਾਂ ਜੀਵਨ ਗ੍ਰਹਿਣ ਕਰਨਾ ਹੈ। ਗੁਰੂ ਮੰਤਰ ਤਾਂ ਸਿਰਫ ਗੁਰੂ ਗ੍ਰੰਥ ਸਾਹਿਬ ਵਿੱਚੋਂ ਹੀ ਲਿਆ ਜਾ ਸਕਦਾ ਹੈ। ਸੋ ਵਾਹਿਗੁਰੂ ਦਾ ਉਚਾਰਨ ਆਪ ਲਈ ਗੁਰੂ ਮੰਤਰ ਬਣ ਗਿਆ ਤੇ ਇਸ ਦੀ ਧੁਨੀ ਹੀ ਉਨਾਂ ਦੇ ਨਾਮ ਸਿਮਰਨ ਦਾ ਜੀਵਨ ਆਧਾਰ ਹੋ ਨਿਬੜਿਆ। ਇਹ ਖਾਹਸ਼ ਭਾਈ ਸਾਹਿਬ ਦੀ ਪਿਆਸ ਬਣ ਗਈ, ਹਰ ਪਲ ਉਨਾਂ ਦੀ ਜ਼ੁਬਾਨ 'ਤੇ ਸੁੱਤੇ ਸਿਧ ਹੀ ਵਾਹਿਗੁਰੂ ਦਾ ਨਾਮ ਹੀ ਹੋਣ ਲੱਗਾ। ਇਸ ਦੀ ਨਿਰੰਤਰ ਇਕਾਗਰਤਾ ਨਾਲ ਰੱਟ ਨੇ ਸਰੀਰ ਤੇ ਮਨ ਨੂੰ ਸ਼ਾਂਤੀ ਦਿੰਦੇ ਰਹਿਣਾ। ਭਾਈ ਸਾਹਿਬ ਨੇ ਖੁਦ ਲਿਖਿਆ ਹੈ ਕਿ ਮੈਨੂੰ ਪ੍ਰਮਾਤਮਾ ਦਾ ਚੋਜੀ ਨੂਰ ਨਜ਼ਰ ਆਇਆ ਹੈ ਤੇ ਦਿਬ-ਦ੍ਰਿਸ਼ਟੀ ਨੇ ਇਹ ਨਜ਼ਾਰਾ ਵੇਖਿਆ ਹੈ ਤੇ ਜੀ ਭਰ ਕੇ, ਉਸ ਦੀ ਹੋਂਦ ਨੂੰ ਮਹਿਸੂਸ ਕੀਤਾ ਹੈ ਤੇ ਫਿਰ ਗੁਰਬਾਣੀ ਜੀਵਨ ਦਾ ਆਧਾਰ ਹੀ ਬਣ ਗਈ।

ਸੰਨ 1904 ਵਿੱਚ ਆਪ ਨੇ ਸਰਬ ਲੋਹ ਬਿਬੇਕ ਧਾਰਨ ਕੀਤਾ ਤੇ 1904 ਤੇ ਫਿਰ 1905 ਵਿੱਚ ਸ੍ਰੀ ਅਖੰਡ ਪਾਠ, ਇਕੋ ਚੌਂਕੜੇ ਵਿੱਚ ਸੁਣੇ। ਜਦੋਂ ਫਿਰ ਇਹ ਅਵਸਥਾ ਹੋ ਗਈ ਤਾਂ ਫਿਰ ਸਰਕਾਰੀ ਨੌਕਰੀ ਨੂੰ ਤਿਲਾਂਜਲੀ ਦੇ ਦਿੱਤੀ ਤੇ ਗੁਰਮਤਿ ਦੇ ਸਿਧਾਂਤ ਮੁਤਾਬਕ ਹੀ ਜੀਵਨ ਬਤੀਤ ਕਰਨਾ ਸ਼ੁਰੂ ਕੀਤਾ, ਪਰ ਪਰਿਵਾਰ ਤੇ ਸਮਾਜ ਪ੍ਰਤੀ ਆਪਣੇ ਫਰਜ਼ਾਂ ਤੋਂ ਦੂਰੀ ਨਹੀਂ ਰੱਖੀ। ਗੁਰਦੁਆਰਿਆਂ ਵਿੱਚ ਪ੍ਰਬੰਧਕੀ ਸਨਮਾਨੀਆਂ ਦਾ ਵਿਰੋਧ ਕੀਤਾ ਅਤੇ ਦੁਰਾਚਾਰੀਆਂ ਮਹੰਤਾਂ ਦੇ ਖਿਲਾਫ ਆਵਾਜ਼ ਉਠਾਈ। ਗੁਰਦੁਆਰਾ ਸੁਧਾਰ ਲਹਿਰ ਦਾ ਜੇ ਆਪ ਨੂੰ ਮੋਢੀ ਕਿਹਾ ਜਾਵੇ ਤਾਂ ਇਹ ਕੋਈ ਅਤਿਕਥਨੀ ਨਹੀਂ।ਸੰਨ 1914 ਦੀ ਗੱਲ ਹੈ ਕਿ ਦਿੱਲੀ ਵਿੱਚ ਪਾਰਲੀਮੈਂਟ ਦੀ ਬਿਲਡਿੰਗ ਬਣਾਉਣ ਵੇਲੇ ਸੜਕ ਸਿੱਧੀ ਕਰਨ ਲਈ ਗੁਰਦੁਆਰਾ ਰਕਾਬ ਗੰਜ ਸਾਹਿਬ ਦੀ ਕੰਧ ਢਾਹ ਦਿੱਤੀ ਗਈ। ਭਾਈ ਰਣਧੀਰ ਸਾਹਿਬ ਪਹਿਲੇ ਸਿੰਘ ਸਨ, ਜਿਨਾਂ ਨੇ ਅੰਗਰੇਜ਼ਾਂ ਦੇ ਇਸ ਕਦਮ ਤੇ ਧੱਕੇਸ਼ਾਹੀ ਦਾ ਵਿਰੋਧ ਕੀਤਾ ਤੇ ਸ਼ਾਂਤੀਪੂਰਵਕ ਇਹ ਅੰਦੋਲਨ ਉਦੋਂ ਤੱਕ ਜਾਰੀ ਰੱਖਿਆ, ਜਦੋਂ ਤੱਕ ਢਾਹੀ ਹੋਈ ਦੀਵਾਰ ਦੁਬਾਰਾ ਨਾ ਉਸਾਰੀ ਗਈ।



ਇਸ ਸਮੇਂ ਗਦਰੀ ਸਾਥੀ, ਦੇਸ਼ ਦੀ ਆਜ਼ਾਦੀ ਲਈ ਤਰਕੀਬਾਂ ਬਣਾ ਰਹੇ ਸਨ। ਆਪ ਨੇ ਭਾਈ ਕਰਤਾਰ ਸਿੰਘ ਸਰਾਭਾ ਨਾਲ ਰਲ ਕੇ ਆਪਣੇ ਸਾਥੀਆਂ ਸਮੇਤ ਇਹ ਸਕੀਮ ਬਣਾਈ ਕਿ ਫਿਰੋਜ਼ਪੁਰ ਛਾਉਣੀ ਵਿੱਚ ਫੌਜੀਆਂ ਵੱਲੋਂ ਅੰਗਰੇਜ਼ਾਂ ਖਿਲਾਫ ਬਗ਼ਾਵਤ ਦਾ ਬਾਨਣੂ ਬੰਨਿਆ ਜਾਵੇ।

1 ਫਰਵਰੀ, 1915 ਨੂੰ ਗ਼ਦਰ ਦੀ ਤਾਰੀਖ਼ ਨਿਸ਼ਚਿਤ ਕੀਤੀ ਗਈ ਪਰ ਕਿਸੇ ਭੇਤੀ ਨੇ ਸਾਰਾ ਭੇਦ ਪਹਿਲਾਂ ਹੀ ਬ੍ਰਿਟਿਸ਼ ਸਰਕਾਰ ਕੋਲ ਪਹੁੰਚਾ ਦਿੱਤਾ। ਮਗਰੋਂ ਅੰਗ੍ਰੇਜ਼ੀ ਸਰਕਾਰ ਨੇ ਐਸਾ ਦਮਨ ਚੱਕਰ ਚਲਾਇਆ ਗ਼ਦਰ ਲਹਿਰ ਦੇ ਸਰਗਰਮ ਆਗੂ ਸਮੇਤ ਭਾਈ ਰਣਧੀਰ ਸਿੰਘ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ। ਉਹ ਗ਼ਦਰੀ ਆਗੂਆਂ ਦੀ ਹਰ ਗੱਲ ਵਿੱਚ ਹਿੱਸਾ ਲੈਣ ਨੂੰ ਤੱਤਪਰ ਸਨ ਪਰ ਕਿਸੇ ਅਮੀਰ ਦੇ ਘਰ ਡਕੈਤੀ ਕਰਕੇ ਪੈਸੇ ਇੱਕਠੇ ਕਰਨੇ ਪਾਪ ਸਮਝਦੇ ਸਨ। ਦੂਜੇ ਲਾਹੌਰ ਸਾਜ਼ਿਸ਼ ਕੇਸ ਵਿੱਚ ਜਿਨਾਂ 48 ਆਜ਼ਾਦੀ ਦੇ ਪ੍ਰਵਾਨਿਆਂ ਨੂੰ ਉਮਰ ਕੈਦ ਹੋਈ, ਭਾਈ ਸਾਹਿਬ ਉਨਾਂ ਵਿੱਚੋਂ ਇੱਕ ਸਨ। ਪਿੱਛੋਂ 30 ਮਾਰਚ 1916 ਨੂੰ ਲਾਹੌਰ ਦੀ ਕੇਂਦਰੀ ਜੇਲ ਵਿੱਚ ਕੈਦ ਕੀਤਾ ਗਿਆ। ਜਿੱਥੇ ਉਹ ਕਰਤਾਰ ਸਿੰਘ ਸਰਾਭਾ ਤੇ ਹੋਰ ਗ਼ਦਰੀ ਸਾਥੀਆਂ ਨਾਲ ਇੱਕਠੇ ਹੋ ਗਏ। ਲਾਹੌਰ ਜੇਲ ਵਿੱਚ ਕੁੱਝ ਦਿਨ ਰਹਿਣ ਪਿੱਛੋਂ ਉਨਾਂ ਨੂੰ 4 ਅਪਰੈਲ 1916 ਨੂੰ ਰਾਤ ਦੇ 9 ਵਜੇ ਮੁਲਤਾਨ ਜੇਲ ਭੇਜ ਦਿੱਤਾ ਗਿਆ। ਇੱਥੇ ਉਨਾਂ ਦੁਆਰਾ 13 ਮਈ ਤੱਕ ਕਰੀਬ 40 ਦਿਨ ਭੁੱਖ ਹੜਤਾਲ ਕੀਤੀ ਗਈ।

1921 ਵਿੱਚ ਉਨਾਂ ਨੂੰ ਹਜ਼ਾਰੀ ਬਾਗ਼ ਦੀ ਜੇਲ ਤੋਂ ਤਬਦੀਲ ਕਰਕੇ ਮਦਰਾਸ ਦੀ ਰਾਜ ਮੰਦਰੀ ਜੇਲ ਵਿੱਚ ਭੇਜ ਦਿੱਤਾ ਗਿਆ। ਇਸ ਜੇਲ ਵਿੱਚ ਬੈਠ ਕੇ ਉਨਾਂ ਨੇ 'ਗੁਰਮਤਿ ਬਿਬੇਕ' ਪੁਸਤਕ ਦਾ ਖਰੜਾ ਤਿਆਰ ਕੀਤਾ। 1 ਦਸੰਬਰ, 1922 ਨੂੰ ਉਨਾਂ ਨੂੰ ਨਾਗਪੁਰ ਜੇਲ ਵਿੱਚ ਤਬਦੀਲ ਕਰ ਦਿੱਤਾ ਗਿਆ, ਜਿੱਥੇ ਉਨਾਂ ਨੂੰ ਜਾਲਨਾਮਾ ਢੰਗ ਦੇ ਅਸਹਿ ਤਸੀਹੇ ਦਿੱਤੇ ਗਏ। ਇਨਾਂ ਅਤਿਆਚਾਰਾਂ ਦੀ ਖ਼ਬਰ ਮਦਰਾਸ ਦੇ ਪ੍ਰਸਿੱਧ ਹਫ਼ਤਾਵਾਰ ਅਖ਼ਬਾਰ 'ਸਵਾਰਾਜ' ਦੇ ਸੰਪਾਦਕ ਟੀ. ਪ੍ਰਕਾਸ਼ਨ ਦੁਆਰਾ ਲੇਖਾਂ ਵਿੱਚ ਲਿਖ ਕੇ ਦਿੱਤੀ ਗਈ। ਇੱਥੇ ਭਾਈ ਨਾਰੰਗਵਾਲ ਨੇ ਆਪਣਾ ਮਹਾਂਕਾਵਿ 'ਜੋਤਿ ਵਿਗਾਸ' ਲਿਖਿਆ। ਉਨਾਂ ਦੀ ਬਦੌਲਤ ਹੀ ਸਿੰਘਾਂ ਨੂੰ ਜੇਲਾਂ ਵਿੱਚ ਦਸਤਾਰ ਸਜਾਉਣ ਦੀ ਆਗਿਆ ਮਿਲੀ ਅਤੇ ਕੜੇ, ਕਛਹਿਰੇ ਵੀ ਮਿਲੇ। ਆਖ਼ਰ 16 ਵਰੇ ਕੈਦ ਕੱਟਣ ਮਗਰੋਂ 1932 ਈ: ਵਿੱਚ ਰਿਹਾਈ ਹੋਈ। 1932 ਤੋਂ 1961 ਤੱਕ ਦਾ ਸਮਾਂ ਭਾਈ ਸਾਹਿਬ ਨੇ ਅਖੰਡ-ਪਾਠਾਂ, ਅਖੰਡ ਕੀਰਤਨ ਮੰਡਲਾਂ ਵਿੱਚ ਹਿੱਸਾ ਲੈਂਦਿਆਂ ਬਤੀਤ ਕੀਤਾ।

ਉਨਾਂ ਦਾ ਜੀਵਨ ਬਹੁ-ਪੱਖੀ ਅਤੇ ਸਰਬਪੱਖੀ ਸੰਪੂਰਨ ਸੀ। ਪੰਜਾਬੀ ਸਾਹਿਤ ਨੂੰ ਉਨਾਂ ਦਾ ਸਭ ਤੋਂ ਵੱਡਾ ਯੋਗਦਾਨ ਗੁਰਮਤਿ ਸਾਹਿਤ ਸਿਰਜਣਾ ਹੈ। ਉਨਾਂ ਨੇ 40 ਦੇ ਕਰੀਬ ਰਚਨਾਵਾਂ ਲਿਖ ਕੇ ਸਿੱਖ ਸਾਹਿਤ ਦੇ ਭੰਡਾਰ ਨੂੰ ਹੀ ਨਹੀਂ ਭਰਿਆ ਸਗੋਂ ਇਨਾਂ ਲਿਖਤਾਂ ਰਾਹੀਂ ਗੁਰਮਤਿ ਅਤੇ ਸਿੱਖ ਸਿਧਾਂਤਾਂ ਦੀ ਵਿਆਖਿਆ ਕਰਦੇ ਹੋਏ ਸਿੱਖ ਧਰਮ ਦੇ ਪ੍ਰਚਾਰ ਦੀ ਨਿਸ਼ਕਾਮ ਸੇਵਾ ਵੀ ਕੀਤੀ।

ਮੁਲਤਾਨ ਜੇਲ ਵਿੱਚ ਜਿੱਥੇ ਭਾਈ ਰਣਧੀਰ ਸਿੰਘ ਨੂੰ ਬਤੌਰ ਕੈਦੀ ਰੱਖਿਆ ਸੀ, ਉਥੇ ਹੀ ਸਨ ਸ. ਭਗਤ ਸਿੰਘ, ਜਿਸ ਨੂੰ ਫਾਂਸੀ ਦੀ ਸਜ਼ਾ ਸੀ। ਭਗਤ ਸਿੰਘ ਨੇ ਭਾਈ ਸਾਹਿਬ ਨੂੰ ਮਿਲਣ ਦੀ ਇੱਛਾ ਪ੍ਰਗਟ ਕੀਤੀ। ਭਾਈ ਸਾਹਿਬ ਨੇ ਭਗਤ ਸਿੰਘ ਨੂੰ ਦੁਬਾਰਾ ਸਿੱਖੀ ਜਾਮੇ ਵਿੱਚ ਆਉਣ ਲਈ ਸਮਝਾਇਆ। ਭਾਈ ਸਾਹਿਬ ਦੀ ਰਿਹਾਈ 1930 ਵਿੱਚ ਹੋਈ ਤਾਂ ਅਕਾਲ ਤਖ਼ਤ ਸਾਹਿਬ ਤੋਂ ਆਪ ਨੂੰ ਧਰਮ ਵਿੱਚ ਪ੍ਰਪੱਕਤਾ ਤੇ ਕੁਰਬਾਨੀ ਕਰਕੇ ਮਾਣ ਬਖਸ਼ਿਆ ਗਿਆ। ਬਾਬਾ ਖੜਕ ਸਿੰਘ ਤੋਂ ਬਾਅਦ ਭਾਈ ਸਾਹਿਬ ਦੂਜੇ ਸਿੱਖ ਹੋਏ, ਜਿਨਾਂ ਨੂੰ ਅਕਾਲ ਤਖ਼ਤ ਸਾਹਿਬ ਤੋਂ ਉਸ ਸਮੇਂ ਨਿਵਾਜਿਆ ਗਿਆ।

ਜੇਲ ਵਿੱਚੋਂ ਰਿਹਾਈ ਤੋਂ ਬਾਅਦ ਆਪ ਨੇ ਬਹੁਤਾ ਸਮਾਂ ਗੁਰਬਾਣੀ ਕੀਰਤਨ ਵਿੱਚ ਹੀ ਬਿਤਾਇਆ। ਹਿਮਾਚਲ ਵਿੱਚ ਕੁਮਾਰ ਹੱਟੀ 'ਤੇ ਇਕ ਛੋਟੀ ਜਿਹੀ ਕੁਟੀਆ ਵਿੱਚ ਤਪ ਸਾਧਨਾ ਕੀਤੀ ਤੇ ਫਿਰ ਅਖੰਡ ਕੀਰਤਨੀ ਜਥੇ ਦੀ ਸਥਾਪਨਾ ਕੀਤੀ। ਉਨਾਂ ਦੇ ਚਿਹਰੇ 'ਤੇ ਤੇਜ ਤੇ ਲਾਲੀ, ਚੌੜਾ ਮੱਥਾ, ਅੱਖਾਂ ਵਿੱਚ ਨੂਰ, ਦਸਤਾਰ ਵਿੱਚ ਖੰਡਾ ਤੇ ਚਕਰ ਯਾਦ ਕਰਾਉਂਦੇ ਸਨ ਕਿ ਗੁਰੂ ਗੋਬਿੰਦ ਸਿੰਘ ਦੀ ਸਿੱਖ ਫੌਜ ਦੇ ਮਰਜੀਵੜੇ ਸਿਪਾਹੀ ਕਿਹੋ ਜਿਹੇ ਹੁੰਦੇ ਹੋਣਗੇ। ਭਾਈ ਸਾਹਿਬ ਗੁਰੂ ਪੰਥ ਦੀਆਂ ਪਰੰਪਰਾਵਾਂ ਦੇ ਪੱਕੇ ਧਾਰਨੀ ਸਨ।

ਭਾਈ ਸਾਹਿਬ ਨੇ 6 ਪੁਸਤਕਾਂ-'ਜੇਲ 'ਚਿੱਠੀਆਂ', ਰੰਗਲੇ ਸੱਜਣ', 'ਗੁਰਮਤ ਬਿਬੇਕ ਕੀ ਹੈ', 'ਸਿੱਖਾਂ ਦਾ ਪੰਥ ਨਿਰਾਲਾ', 'ਗੁਰੂ ਨਾਮ ਅਭਿਆਸ' ਅਤੇ 'ਨਾਮ ਦੀ ਲੋੜ' ਲਿਖੀਆਂ। ਇਨਾਂ ਪੁਸਤਕਾਂ ਵਿੱਚ ਜ਼ਿੰਦਗੀ ਦਾ ਉਹ ਭਾਗ ਹੈ ਜਿਸ ਦਾ ਸਬੰਧ ਸਿਰਫ ਪ੍ਰਮਾਰਥ ਨਾਲ ਹੈ।

ਭਾਈ ਰਣਧੀਰ ਸਿੰਘ, ਸੰਸਾਰੀ ਮਨੁੱਖ ਹੁੰਦੇ ਹੋਏ ਵੀ ਇਕ ਪੂਰਨ ਪੁਰਖ ਵਜੋਂ ਵਿਚਰੇ, ਜਿਨਾਂ ਨੇ ਇਸ ਸੰਸਾਰਕ ਜੀਵਨ ਵਿੱਚ ਨਿਰਮਲ ਰਹਿ ਕੇ ਜ਼ਿੰਦਗੀ ਬਤੀਤ ਕੀਤੀ। ਆਪ ਗਹਿਰ, ਗੰਭੀਰ, ਦੀਨ ਦੁਨੀਆਂ ਦੇ ਗੁਣਾਂ ਦੇ ਪਾਲਕ, ਗੁਰੂ 'ਤੇ ਮੁਕੰਮਲ ਭਰੋਸਾ ਰੱਖਣ ਵਾਲੇ ਅਦੁੱਤੀ ਇਨਸਾਨ ਹੋਏ ਹਨ।

ਤਕਰੀਬਨ 83 ਸਾਲ ਦੀ ਉਮਰ ਭੋਗ ਕੇ ਭਾਈ ਸਾਹਿਬ 16 ਅਪਰੈਲ 1961 ਵਿੱਚ ਗੁਰੂ ਗੋਦ ਵਿੱਚ ਜਾ ਬਿਰਾਜੇ। ਭਾਈ ਰਣਧੀਰ ਸਿੰਘ ਇਕ ਮਹਾਨ ਤਪੱਸਵੀ, ਧਰਮ ਦੀ ਪ੍ਰਪੱਕਤਾ ਤੇ ਸਿਧਾਂਤਾਂ 'ਤੇ ਪਹਿਰਾ ਦੇਣ ਵਾਲੇ ਅਤੇ ਸੁਤੰਤਰਤਾ ਸੰਗਰਾਮੀ ਮਹਾਪੁਰਸ਼ ਸਨ।

ਭਾਈ ਰਣਧੀਰ ਸਿੰਘ ਦੀ ਕੀਤੀ ਕੁਰਬਾਨੀ ਗੁਰਮਤਿ ਦੇ ਜਗਿਆਸੂਆਂ ਲਈ ਹਮੇਸ਼ਾ ਪ੍ਰੇਰਣਾ ਦਾ ਕੇਂਦਰ ਬਣੀ ਰਹੇਗੀ।

# ਭਾਈ ਵੀਰ ਸਿੰਘ ਬਿਰਧ ਘਰ

**- ਗੁਰਬਖ਼ਸ਼ਪੁਰੀ**

ਤਰਨ ਤਾਰਨ ਦਾ ਭਾਈ ਵੀਰ ਸਿੰਘ ਬਿਰਧ ਘਰ ਪਿਛਲੇ 60 ਸਾਲਾਂ ਤੋਂ ਬਿਰਧਾਂ ਦੀ ਸਾਂਭ-ਸੰਭਾਲ ਕਰਨ ਦੇ ਪਵਿੱਤਰ ਕਾਰਜ ਨੂੰ ਲੈ ਕੇ ਸਮਾਜ ਸੇਵਾ ਦੇ ਖੇਤਰ 'ਚ ਵਿਲੱਖਣ ਮਿਸਾਲ ਬਣ ਗਿਆ ਹੈ। ਵੀਹਵੀਂ ਸਦੀ ਦੇ ਸ਼ੁਰੂ 'ਚ ਸਮਾਜ ਸੁਧਾਰ ਅਤੇ ਅੰਗਰੇਜ਼ਾਂ ਖ਼ਿਲਾਫ਼ ਯੋਜਨਾਬੱਧ ਜਾਗ੍ਰਿਤੀ ਪੈਦਾ ਕਰਨ ਵਾਲੀ ਸੰਸਥਾ ਚੀਫ਼ ਖ਼ਾਲਸਾ ਦੀਵਾਨ ਅੰਮ੍ਰਿਤਸਰ ਵੱਲੋਂ ਤਰਨ ਤਾਰਨ ਵਿਖੇ ਬਣਾਈ ਲੋਕਲ ਕਮੇਟੀ ਦੀ ਨਿਗਰਾਨੀ ਹੇਠ 1959 ਵਿੱਚ 'ਭਾਈ ਵੀਰ ਸਿੰਘ ਬਿਰਧ ਘਰ' ਸਥਾਪਤ ਕੀਤਾ ਗਿਆ। ਅੱਜ ਉੱਥੇ 100 ਦੇ ਕਰੀਬ ਬਿਰਧ ਆਦਮੀ ਅਤੇ ਔਰਤਾਂ ਜ਼ਿੰਦਗੀ ਬਸ਼ਰ ਕਰ ਰਹੇ ਹਨ।

ਇੱਥੇ ਹਰੇਕ ਬਿਰਧ ਨੂੰ ਵੱਖਰਾ ਆਧੁਨਿਕ ਸਹੂਲਤਾਂ ਵਾਲਾ ਕਮਰਾ ਦਿੱਤਾ ਗਿਆ ਹੈ, ਜਿਸ ਵਿੱਚ ਬਿਜਲੀ-ਪਾਣੀ, ਮੰਜਾ-ਬਿਸਤਰਾ,ਪਖ਼ਾਨਾ, ਇਸ਼ਨਾਨ-ਘਰ ਜਿਹੀਆਂ ਸਾਰੀਆਂ ਸੁਵਿਧਾਵਾਂ ਉਪਲੱਬਧ ਹਨ।

ਭੀੜ ਭੜੱਕੇ ਤੋਂ ਦੂਰ ਇਸ ਬਿਰਧ ਘਰ ਦਾ ਵਾਤਾਵਰਣ ਬਹੁਤ ਹੀ ਸੁੰਦਰ, ਕੁਦਰਤੀ ਅਤੇ ਪ੍ਰਦੂਸ਼ਣ ਰਹਿਤ ਹੈ। ਬਿਰਧ ਘਰ ਦੇ ਕਮਰਿਆਂ ਅੱਗੇ ਬਣੇ ਵਰਾਂਡਿਆਂ ਤੋਂ ਇਲਾਵ ਇੱਕ ਖੁੱਲਾ ਸਾਫ਼ ਸੁਥਰਾ ਹਰਿਆਵਲ ਭਰਪੂਰ ਬਗੀਚਾ ਹੈ, ਜਿਸ ਦੇ ਖਿੜੇ ਫੁੱਲ ਬਿਰਧਾਂ ਦੀ ਜ਼ਿੰਦਗੀ ਵਿੱਚ ਖ਼ੁਸ਼ਬੂ ਭਰਦੇ ਹਨ।

ਬਿਰਧਾਂ ਨੂੰ ਸਵੇਰੇ-ਸ਼ਾਮ ਖਾਣਾ, ਚਾਹ, ਦੁੱਧ ਆਦਿ ਸੰਸਥਾ ਵੱਲੋਂ ਹੀ ਦਿੱਤਾ ਜਾਂਦਾ ਹੈ। ਰੋਜ਼ਾਨਾ ਸਵੇਰ ਵੇਲੇ ਹਰੇਕ ਬਿਰਧ ਨੂੰ ਅੱਧਾ ਕਿਲੋ ਦੁੱਧ ਦੇ ਦਿੱਤਾ ਜਾਂਦਾ ਹੈ ਜਿਸ ਨੂੰ ਬਿਰਧ ਦਿਨ ਭਰ ਆਪੋ-ਆਪਣੀ ਇੱਛਾ ਮੁਤਾਬਕ ਵਰਤਦੇ ਹਨ।

ਬਿਰਧ ਘਰ ਵਿਖੇ ਆਤਮਿਕ ਸ਼ਾਂਤੀ ਲਈ ਇੱਕ ਗੁਰਦੁਆਰਾ ਵੀ ਹੈ, ਜਿੱਥੇ ਸਵੇਰੇ-ਸ਼ਾਮ ਬਿਰਧ ਨਤਮਸਤਕ ਹੁੰਦੇ ਹਨ। ਇੱਥੇ ਹੀ ਧਾਰਮਿਕ ਦਿਹਾੜੇ ਮਨਾਏ ਜਾਂਦੇ ਹਨ। ਬਜ਼ੁਰਗਾਂ ਨੂੰ ਡਾਇਨਿੰਗ ਹਾਲ, ਲਾਇਬਰੇਰੀ ਅਤੇ ਕਮਿਊਨਿਟੀ ਹਾਲ ਦੀ ਸੁਵਿਧਾ ਵੀ ਦਿੱਤੀ ਗਈ ਹੈ। ਬਿਰਧਾਂ ਨੂੰ ਮਿਲਣ ਆਉਣ ਵਾਲਿਆਂ ਦੇ ਬੈਠਣ ਆਦਿ ਲਈ ਇੱਥੇ 'ਭਾਈ ਵੀਰ ਸਿੰਘ ਗੈਸਟ ਹਾਊਸ' ਵੀ ਬਣਾਇਆ ਗਿਆ ਹੈ।

ਬਿਰਧਾਂ ਨੂੰ ਸਿਹਤ ਸਹੂਲਤਾਂ ਦੇਣ ਲਈ ਲੋਕਲ ਕਮੇਟੀ ਵੱਲੋਂ ਚਲਾਇਆ ਜਾ ਰਿਹਾ 'ਸੈਂਟਰਲ ਖ਼ਾਲਸਾ ਹਸਪਤਾਲ' ਬਹੁਤ ਵਧੀਆ ਸੇਵਾਵਾਂ ਮੁਹੱਈਆ ਕਰਵਾ ਰਿਹਾ ਹੈ।




ਇਹ ਸੰਸਥਾ ਵਿਵਾਦ ਰਹਿਤ ਚਲੀ ਆਉਣ ਕਰਕੇ ਦਾਨੀ ਵਿਅਕਤੀਆਂ ਨੂੰ ਵੀ ਆਤਮਿਕ ਸ਼ਾਂਤੀ ਪ੍ਰਦਾਨ ਕਰਨ ਦਾ ਕੇਂਦਰ ਬਣੀ ਹੋਈ ਹੈ। ਇੱਥੇ ਦੇਸ਼-ਵਿਦੇਸ਼ ਤੋਂ ਦਾਨੀ ਵਿਅਕਤੀ ਆ ਕੇ ਇਮਾਰਤ ਦੀ ਮੁਰੰਮਤ, ਨਵ-ਉਸਾਰੀ ਆਦਿ ਤੋਂ ਇਲਾਵਾ ਬਿਰਧਾਂ ਲਈ ਖਾਣ-ਪੀਣ ਦੇ ਪਦਾਰਥ, ਕੰਬਲ ਕੋਟੀਆਂ ਆਦਿ ਦੇ ਕੇ ਖ਼ੁਸ਼ੀਆਂ ਪ੍ਰਾਪਤ ਕਰਦੇ ਰਹਿੰਦੇ ਹਨ।

ਸੰਸਥਾ ਵਿਖੇ ਕੇਂਦਰ ਅਤੇ ਸੂਬਾ ਸਰਕਾਰ ਦੇ ਮੰਤਰੀ, ਮੁੱਖ ਮੰਤਰੀ, ਉਚ ਅਧਿਕਾਰੀਆਂ ਤੋਂ ਇਲਾਵਾ ਕਈ ਹੋਰ ਮਹਾਨ ਸ਼ਖ਼ਸੀਅਤਾਂ ਵੀ ਇੱਥੇ ਆ ਕੇ ਸੰਸਥਾ ਦੇ ਉਮਦਾ ਪ੍ਰਬੰਧਾਂ ਬਾਰੇ ਵਿਚਾਰ 'ਮਹਿਮਾਨ ਪੁਸਤਕਾਂ' (ਵਿਜ਼ਟਰਜ਼ ਬੁੱਕ) ਵਿੱਚ ਦਰਜ ਕਰਾ ਚੁੱਕੇ ਹਨ।

ਪੰਜਾਬ ਦੇ ਮਹਾਨ ਕਵੀ ਭਾਈ ਵੀਰ ਸਿੰਘ ਦੀ ਯਾਦ 'ਚ ਬਣਿਆ ਇਹ ਬਿਰਧ ਘਰ ਸਮਾਜ ਸੇਵਾ ਦੇ ਖੇਤਰ ਵਿੱਚ ਇੱਕ ਵਿਲੱਖਣ ਅਤੇ ਮਾਨਵੀ ਮਿਸਾਲ ਬਣਿਆ ਹੋਇਆ ਹੈ।

ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
Punjabi RADIO USA
ON THE AIR
Uniting Punjabi's All Over
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM

KHALSA
INSURANCE AGENCY, INC.

Khalsa Insurance Agency is among TOP 50 agencies of Blue Cross in USA.

Anthem BlueCross
2014 ACE INDIVIDUAL
CHAMPION LEVEL
In recognition and appreciation of your outstanding sales performance in 2013
KHALSA INSURANCE AGENCY

» GUARANTEED COVERAGE
» NO ANNUAL LIMITS, NO DENIAL FOR PRE-EXISTING CONDITIONS
» RATES NOT BASED ON HEALTH STATUS
» AFFORDABLE COVERAGE – PUBLIC OR PRIVATE
» REQUIRED FOR INDIVIDUALS

COVERED CALIFORNIA

Call Now for the
Lowest Health Insurance
Premiums available
Some Households
qualify for
FREE HEALTHCARE

OBAMACARE
IS
COVERED CALIFORNIA
IS THE
AFFORDABLE CARE ACT
IS THE
California Health Benefit Exchange
IS
Your destination for affordable health care

408-272-2500

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com



Website Design & Development
➡ ਛੋਟੇ/ਵੱਡੇ ਬਜ਼ਿਨਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ।
➡ ਈ-ਕਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।
Basic web packages are availables on comparatively economical rates
We work as per your requirement and charge only according to work
SERVICES
✓ WEB DEVELOPMENT
✓ WEB DESIGNING
✓ WEB RE-DESIGN
✓ LOGO DESIGN
✓ SEO SERVICES
✓ TECHNICAL SUPPORT
WMA
Web Media Art
ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਣਵਾਉਣ ਲਈ ਅੱਜ ਹੀ ਸੰਪਰਕ ਕਰੋ।
+91-94640-83029
+91-95699-98747
info@webmediaart.com
www.webmediaart.com




ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ
ਪੰਜਾਬੀ ਢਾਬਾ
Now Open
Indiana
1480 N State Road 1, Cambridge City, IN 47327.
70
Diesel/Gas
Exit 137
ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ
ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...
ਸਹੂਲਤਾਂ
ਕੀਮਤਾਂ ਬਹੁਤ ਹੀ ਵਾਜਬ !
ਪੰਜਾਬੀ ਢਾਬਾ
ਸਸਤਾ ਡੀਜ਼ਲ
Liquor, Beer & Wine
truck repair, new showers, scale.
Free Buffet
over 100 gallons
open 6am to midnight
Phone: 765-478-6300




Star Alliance BROKERAGE
Indianapolis, Indiana...
ਵਿਚ ਬਣਾਓ ਆਪਣੇ
ਸੁਪਨਿਆਂ ਦਾ ਘਰ
■ ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
■ 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ; 4-6 ਬੈਡ ਰੂਮ, 3-4 ਬਾਥ ਰੂਮ
■ ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
■ ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ
ONE OF THE FASTEST GROWING CITY IN AMERICA AND BEST SCHOOL SYSTEM...
Manjit Singh Nagra
Realtor/Broker
Cell 317-750-1900
Gurdeep (Garry) Chhokar
Realtor/Broker
Cell 317-500-1247
Manjit Singh Nagra
Gurdeep (Garry) Chhokar
We do all type of Home and Commercial Loans, Same day loan approval...
ਅਸੀਂ ਘਰਾਂ ਅਤੇ ਬਿਜਨਸ ਲਈ
ਹਰ ਤਰ੍ਹਾਂ ਦੇ ਲੋਨ ਕਰਦੇ ਹਾਂ,
ਮਨਜ਼ੂਰੀ (Approval) ਉਸੇ ਦਿਨ
6979 Hillsdale Court, Indianapolis, Indiana 46250


MORE: SAVINGS.
TIRE DISCOUNTS FOR:
TRANS-ALLIANCE
TOGETHER WE SAVE
Trans-Alliance has partnered together with TA Truck Service to provide Trans-Alliance members with awesome discounts on tires.
It's simple - Just give your DOT number to the TA Truck Service attendant at the time of purchase and the savings will be automatically deducted from your bill.
ROADMASTER TIRES™
ENGINEERED BY COOPERTIRES
STEER
DRIVE
TRAILER
RM 180+ EM
$299.00
RETAIL $362.00
RM 852 EM
$309.00
RETAIL $378.00
RM 872 EM
$279.00
RETAIL $339.00
TRANS-ALLIANCE MEMBERS GET $35 OFF RETAIL PRICE ON OTHER TIRE BRANDS
Pricing valid 6/1/2019 through 12/31/2019 for Trans-Alliance members ONLY. This promotion applies to the unit retail price. Pricing shown above is for 295/75R22.5 sizes only; prices on other sizes may vary. Price does not include F.E.T., mounting labor, balancing, valve stem, state, or local taxes. Some brand exclusions may apply.
TA TRUCK SERVICE®
MORE: BAYS. EXPERTISE. SOLUTIONS.®
Visit ta-petro.com or find us on
TA
Nasdaq Listed

# 2020 ਦੀ ਮਰਦਮਸ਼ੁਮਾਰੀ ਸ਼ੁਰੂ



## ਇਹ 10 ਮਿੰਟਾਂ ਦਾ ਅਸਰ ਅਗਲੇ 10 ਸਾਲਾਂ ਉੱਪਰ ਪਵੇਗਾ

ਹਰ 10 ਸਾਲ ਬਾਦ ਅਮਰੀਕਾ ਦਾ ਮਰਦਮਸ਼ੁਮਾਰੀ ਵਿਭਾਗ ਉਹ ਹਰ ਇੱਕ ਵਿਅਕਤੀ ਦੀ ਗਿਣਤੀ ਕਰਦਾ ਹੈ ਜੋ ਅਮਰੀਕਾ ਦਾ ਵਸਨੀਕ ਹੈ। ਇਹ ਗਿਣਤੀ ਦਾ ਅਸਰ ਸਕੂਲ, ਸੜਕਾਂ, ਹਸਪਤਾਲ, ਬੱਚਿਆਂ ਦੀ ਦੇਖ ਭਾਲ਼ ਅਤੇ ਹੋਰ ਕਈ ਸਰਕਾਰੀ ਯੋਜਨਾਵਾਂ ਉੱਪਰ ਪੈਂਦਾ ਹੈ। ਮਰਦਮਸ਼ੁਮਾਰੀ ਦੀ ਗਿਣਤੀ ਰਾਹੀਂ ਅਮਰੀਕਾ ਦੀ ਸਰਕਾਰ ਆਪਣਾ ਨੁਮਾਇੰਦਾ ਵੀ ਚੁਣਦੀ ਹੈ। ਇਸ ਲਈ ਬਹੁਤ ਜ਼ਰੂਰੀ ਹੈ ਕਿ ਇਹ ਗਿਣਤੀ ਸਹੀ ਤਰੀਕੇ ਨਾਲ ਕੀਤੀ ਜਾਵੇ।

ਤੁਹਾਡੇ ਦਿੱਤੇ ਹੋਏ ਜਵਾਬ ਗੁਪਤ ਰੱਖੇ ਜਾਣਗੇ। ਮਰਦਮਸ਼ੁਮਾਰੀ ਵਿੱਚ ਤੁਹਾਡੇ ਦਿੱਤੇ ਹੋਏ ਜਵਾਬ ਤੁਹਾਡੇ ਖਿਲਾਫ਼ ਨਹੀਂ ਵਰਤੇ ਜਾਣਗੇ।

ਆਪਣਾ ਫ਼ਰਜ ਬਣਦਾ ਹੈ ਕਿ ਮਰਦਮਸ਼ੁਮਾਰੀ ਵਿੱਚ ਹਿੱਸਾ ਲਈਏ ਤਾਂ ਜੋ ਆਪਣੇ ਭਾਈਚਾਰੇ ਨੂੰ ਲੋੜੀਂਦੀਆਂ ਸਹੂਲਤਾਂ ਮਿਲ ਸਕਣ।

ਤੁਸੀਂ ਇਸ ਮਰਦਮਸ਼ੁਮਾਰੀ ਦੇ ਫ਼ਾਰਮ ਨੂੰ ਔਨਲਾਈਨ, ਫ਼ੋਨ ਜਾਂ ਫ਼ਿਰ ਡਾਕ ਦੇ ਰਾਹੀਂ ਭਰ ਸਕਦੇ ਹੋ।

ਹੋਰ ਜਾਣਕਾਰੀ ਲਈ: **KernCounts.org**

**#KernCounts**

KERN COUNTS CENSUS 2020

**Message sponsored by the Kern Complete Count Committee.**

# ਸੇਵਾ ਤੇ ਸਿਮਰਨ ਦੀ ਮੂਰਤ ਗੁਰੂ ਅੰਗਦ ਦੇਵ ਜੀ

**-ਧਰਮਿੰਦਰ ਸਿੰਘ**

ਗੁਰੂ ਅੰਗਦ ਦੇਵ ਜੀ ਦਾ ਜਨਮ 1504 ਵਿੱਚ ਪਿਤਾ ਭਾਈ ਫੇਰੂ ਮੱਲ ਦੇ ਘਰ ਮਾਤਾ ਰਾਮੋਂ ਜੀ (ਮਾਤਾ ਦਇਆ ਕੌਰ) ਦੀ ਕੁੱਖੋਂ ਪਿੰਡ ਮੱਤੇ ਦੀ ਸਰਾਂ ਜ਼ਿਲਾ ਫ਼ਿਰੋਜ਼ਪੁਰ (ਹੁਣ ਮੁਕਤਸਰ) ਵਿੱਚ ਹੋਇਆ। ਉਨਾਂ ਦਾ ਨਾਂ ਲਹਿਣਾ ਰੱਖਿਆ ਗਿਆ। ਨੇਕ ਦਿਲ, ਸਾਊ ਤੇ ਸ਼ਾਂਤ ਸੁਭਾਅ ਦੇ ਮਾਲਕ ਉਨਾਂ ਦੇ ਪਿਤਾ ਹਰ ਸਾਲ ਸੰਗਤਾਂ ਨਾਲ ਦੇਵੀ ਦਰਸ਼ਨਾਂ ਨੂੰ ਜਾਂਦੇ ਸਨ। ਉਹ ਚੰਗੇ ਵਿਦਵਾਨ ਤੇ ਹਿਸਾਬੀ-ਕਿਤਾਬੀ ਪੁਰਸ਼ ਸਨ। ਲਹਿਣਾ ਜੀ ਨੇ ਆਪਣੇ ਪਿਤਾ ਪਾਸੋਂ ਹੀ ਵਿੱਦਿਆ ਪ੍ਰਾਪਤ ਕਰਕੇ ਹਿਸਾਬ, ਸੰਸਕ੍ਰਿਤ ਤੇ ਗੁਰਮੁਖੀ ਆਦਿ ਵਿੱਚ ਨਿਪੁੰਨਤਾ ਹਾਸਲ ਕਰ ਲਈ ਸੀ। ਉਹ ਆਪਣੇ ਪਿਤਾ ਨਾਲ ਹੀ ਦੁਕਾਨਦਾਰੀ ਦੇ ਕੰਮ ਵਿੱਚ ਹੱਥ ਵਟਾਉਂਦੇ ਸਨ। ਭਾਈ ਲਹਿਣਾ ਜੀ ਦਾ ਵਿਆਹ ਮਾਤਾ ਖੀਵੀ ਜੀ ਨਾਲ ਹੋ ਗਿਆ। ਉਨਾਂ ਦੇ ਘਰ ਮਾਤਾ ਖੀਵੀ ਜੀ ਦੀ ਕੁੱਖੋਂ ਦੋ ਪੁੱਤਰਾਂ ਦਾਤੂ ਜੀ, ਦਾਸੂ ਜੀ ਤੇ ਦੋ ਪੁੱਤਰੀਆਂ ਬੀਬੀ ਅਮਰੋ ਤੇ ਬੀਬੀ ਅਨੋਖੀ ਜੀ ਨੇ ਜਨਮ ਲਿਆ। ਬਾਬਰ ਨੇ 1526 ਵਿੱਚ ਭਾਰਤ 'ਤੇ ਹਮਲਾ ਕੀਤਾ। ਇਸ ਦੌਰਾਨ ਉਨਾਂ ਦੇ ਪਿੰਡ ਮੱਤੇ ਦੀ ਸਰਾਂ ਨੂੰ ਵੀ ਤਹਿਸ-ਨਹਿਸ ਕਰ ਦਿੱਤਾ ਗਿਆ। ਤਬਾਹੀ ਤੋਂ ਬਾਅਦ ਫਿਰ ਪਿੰਡ ਵੱਸਿਆ ਤਾਂ ਇਸ ਦਾ ਨਾਂ ਬਦਲ ਕੇ ਨਾਗੇ ਦੀ ਸਰਾਇ ਹੋ ਗਿਆ। ਭਾਈ ਲਹਿਣਾ ਜੀ ਆਪਣੇ ਪਿਤਾ ਵਾਂਗ ਹਰ ਸਾਲ ਦੇਵੀ ਦਰਸ਼ਨਾਂ ਨੂੰ ਜਾਂਦੇ ਸਨ। ਇੱਕ ਦਿਨ ਉਨਾਂ ਦੀ ਦੁਕਾਨ ਅੱਗਿਉਂ ਗੁਰੂ ਨਾਨਕ ਦੇ ਸਿੱਖ ਭਾਈ ਜੋਧਾ ਤੇ ਭਾਈ ਫਿਰਨਾ ਜੀ ਆਸਾ ਦੀ ਵਾਰ ਦਾ ਪਾਠ ਕਰਦੇ ਲੰਘੇ। ਪੁੱਛਣ 'ਤੇ ਭਾਈ ਜੋਧਾ ਜੀ ਨੇ ਦੱਸਿਆ ਕਿ ਇਹ ਗੁਰੂ ਨਾਨਕ ਦੇਵ ਦੀ ਬਾਣੀ ਹੈ ਜੋ ਇਸ ਸਮੇਂ ਕਰਤਾਰਪੁਰ ਵਿੱਚ ਹਨ। ਭਾਈ ਲਹਿਣਾ ਜੀ ਦਾ ਮਨ ਗੁਰੂ ਚਰਨਾਂ ਨੂੰ ਬਿਹਬਲ ਹੋ ਉੱਠਿਆ। ਦੇਵੀ ਦਰਸ਼ਨਾਂ ਨੂੰ ਸੰਗਤਾਂ ਨਾਲ ਤੁਰੇ ਤਾਂ ਕਰਤਾਰਪੁਰ ਪਹੁੰਚ ਕੇ ਉਨਾਂ ਨੇ ਸਾਥੀਆਂ ਨੂੰ ਆਰਾਮ ਕਰਨ ਲਈ ਕਿਹਾ ਤੇ ਆਪ ਗੁਰੂ ਦਰਸ਼ਨਾਂ ਨੂੰ ਤੁਰ ਪਏ। ਉਧਰ ਗੁਰੂ ਨਾਨਕ ਦੇਵ ਜੀ ਵੀ ਉਨਾਂ ਨੂੰ ਅਗਲਵਾਂਢੀ ਲੈਣ ਲਈ ਘਰੋਂ ਤੁਰ ਪਏ। ਰਸਤੇ ਵਿੱਚ ਟਾਕਰਾ ਹੋ ਗਿਆ ਤਾਂ ਉਨਾਂ ਨੇ ਗੁਰੂ ਨਾਨਕ ਦੇਵ ਜੀ ਤੋਂ ਹੀ ਉਨਾਂ ਦੇ ਘਰ ਦਾ ਰਸਤਾ ਪੁੱਛਿਆ। ਉਸ ਸਮੇਂ ਭਾਈ ਲਹਿਣਾ ਜੀ ਘੋੜੀ ਉੱਪਰ ਸਵਾਰ ਸਨ। ਗੁਰੂ ਨਾਨਕ ਦੇਵ ਕਹਿਣ ਲੱਗੇ, "ਤੁਸੀਂ ਮੇਰੇ ਮਗਰ ਆਉ।" ਜਦ ਘਰ ਪਹੁੰਚ ਕੇ ਘੋੜੀ ਕਿੱਲੇ ਨਾਲ ਬੰਨੀ ਤੇ ਅੰਦਰ ਪਹੁੰਚ ਕੇ ਗੁਰੂ ਜੀ ਦੇ ਦਰਸ਼ਨ ਕੀਤੇ ਤਾਂ ਬੜੇ ਸ਼ਰਮਸਾਰ ਹੋਏ। ਮੁਆਫ਼ੀ ਮੰਗੀ ਕਿ ਮੇਰੇ ਕੋਲੋਂ ਭੁੱਲ ਹੋ ਗਈ ਹੈ। ਆਪ ਜੀ ਖਿਮਾ ਕਰੋ। ਮੈਂ ਘੋੜੀ 'ਤੇ ਤੇ ਆਪ ਜੀ ਪੈਦਲ, ਮੈਂ ਅਣਜਾਣ ਸਾਂ।" ਗੁਰੂ ਜੀ ਬੋਲੇ, "ਭਾਈ, ਤੇਰਾ ਨਾਂ ਕੀ ਹੈ ?" ਉਨਾਂ ਨੇ ਨਿਮਰਤਾ ਸਹਿਤ ਉੱਤਰ ਦਿੱਤਾ ਕਿ ਮੇਰਾ ਨਾਮ ਲਹਿਣਾ ਹੈ ਤਾਂ ਗੁਰੂ ਨਾਨਕ ਕਹਿਣ ਲੱਗੇ, "ਭਾਈ, ਲਹਿਣੇਦਾਰ ਘੋੜੀਆਂ 'ਤੇ ਹੀ ਆਉਂਦੇ ਹਨ।" ਉਨਾਂ ਨੇ ਰਾਤ ਉੱਥੇ ਹੀ ਵਿਸ਼ਰਾਮ ਕੀਤਾ। ਇਸ ਮਗਰੋਂ ਉਹ ਗੁਰੂ ਘਰ ਦੇ ਹੀ ਹੋ ਕੇ ਰਹਿ ਗਏ। ਉੱਥੇ ਉਨਾਂ ਨੇ ਕਾਫ਼ੀ ਸਮਾਂ ਗੁਰੂ ਨਾਨਕ ਕੋਲ ਰਹਿ ਕੇ ਸੇਵਾ ਸਿਮਰਨ ਕੀਤਾ। ਗੁਰੂ ਨਾਨਕ ਦੇਵ ਜੀ ਨੇ ਉਨਾਂ ਨੂੰ ਆਪਣੇ ਘਰ ਫੇਰਾ ਮਾਰ ਕੇ ਆਉਣ ਲਈ ਕਿਹਾ। ਉਨਾਂ ਨੇ ਘਰ ਪਹੁੰਚ ਕੇ ਦੁਕਾਨਦਾਰੀ ਦੀ ਜ਼ਿੰਮੇਵਾਰੀ ਵੱਡੇ ਪੁੱਤਰ ਨੂੰ ਸੌਂਪੀ ਤੇ ਬੀਬੀ ਅਮਰੋ ਜੀ ਦਾ ਵਿਆਹ ਪਿੰਡ ਬਾਸਰਕੇ ਭਾਈ ਅਮਰਦਾਸ ਜੀ (ਗੁਰੂ ਅਮਰਦਾਸ ਜੀ) ਦੇ ਛੋਟੇ ਭਰਾ ਮਾਣਕ ਚੰਦ ਜੀ ਦੇ ਪੁੱਤਰ ਬਾਬਾ ਜਸੂ ਜੀ ਨਾਲ ਕੀਤਾ। ਇਸ ਮਗਰੋਂ ਵਾਪਸ ਗੁਰੂ ਨਾਨਕ ਕੋਲ ਆ ਗਏ। ਉਨਾਂ ਨੇ ਗੁਰੂ ਨਾਨਕ ਦੇ ਹਰ ਬਚਨ ਨੂੰ ਸਤਿ ਕਹਿ ਕੇ ਮੰਨਿਆ। ਭਾਈ ਲਹਿਣਾ ਜੀ ਹਰ ਵਾਰ ਪਰਖ ਵਿੱਚ ਖਰੇ ਉਤਰਦੇ ਰਹੇ। ਭਾਈ ਲਹਿਣਾ ਜੀ ਨੇ ਗੁਰੂ ਨਾਨਕ ਦੇ ਘਰ ਦੀ ਸੱਤ ਸਾਲ ਸੇਵਾ ਕੀਤੀ। ਅੰਤ ਭਾਈ ਲਹਿਣਾ ਜੀ ਦੀ ਸੇਵਾ ਸਫ਼ਲ ਹੋਈ। ਗੁਰੂ ਨਾਨਕ ਦੇਵ ਜੀ ਨੇ ਖ਼ੁਸ਼ ਹੋ ਕੇ 1539 ਨੂੰ ਇੱਕ ਨਾਰੀਅਲ ਤੇ ਪੰਜ ਪੈਸੇ ਮੱਥਾ ਟੇਕ ਕੇ ਗੁਰਿਆਈ ਦਾ ਤਿਲਕ ਲਗਾ ਕੇ ਉਨਾਂ ਨੂੰ ਗੁਰੂ ਅੰਗਦ ਦੇਵ ਬਣਾ ਦਿੱਤਾ। ਗੁਰੂ ਨਾਨਕ ਦੇਵ ਜੀ ਦੇ ਕਹਿਣ ਮੁਤਾਬਕ ਉਹ ਵਾਪਸ ਖਡੂਰ ਸਾਹਿਬ ਆ ਕੇ ਰਹਿਣ ਲੱਗੇ। ਇੱਥੇ ਉਹ ਮਾਈ ਭਰਾਈ ਦੇ ਗ੍ਰਹਿ ਗੁਪਤਵਾਸ ਹੋ ਕੇ ਤਪ ਕਰਨ ਲੱਗੇ। ਸੰਗਤਾਂ ਉਨਾਂ ਦੇ ਦਰਸ਼ਨਾਂ ਨੂੰ ਬਿਹਬਲ ਹੋ ਉੱਠੀਆਂ। ਇੱਕ ਦਿਨ ਭਾਈ ਭਗੀਰਥ, ਭਾਈ ਬੂੜਾ ਕਲਾਲ, ਭਾਈ ਧੀਰੋ, ਭਾਈ ਅਜਿੱਤਾ ਰੰਧਾਵਾ ਤੇ ਭਾਈ ਸਧਾਰਨ ਜੀ ਪੰਜ ਸਿੱਖਾਂ ਦੇ ਬੇਨਤੀ ਕਰਨ 'ਤੇ ਬਾਬਾ ਬੁੱਢਾ ਜੀ ਨੇ ਦੱਸਿਆ ਕਿ ਗੁਰੂ ਜੀ ਖਡੂਰ ਸਾਹਿਬ ਮਾਈ ਭਰਾਈ ਜੀ ਦੇ ਗ੍ਰਹਿ ਵਿਖੇ ਹਨ। ਸੰਗਤਾਂ ਗੁਰੂ ਜੀ ਦੇ ਦਰਸ਼ਨਾਂ ਨੂੰ ਉਮੜ ਪਈਆਂ। ਸੰਗਤਾਂ ਦੇ ਬੇਨਤੀ ਕਰਨ 'ਤੇ ਉਹ ਸੰਗਤਾਂ ਦੇ ਸਨਮੁੱਖ ਹੋਏ।

ਗੁਰੂ ਅੰਗਦ ਦੇਵ ਜੀ ਨੇ ਮਹਾਜਨੀ ਲਿਪੀ ਦਾ ਸੁਧਾਰ ਕਰਕੇ ਗੁਰਮੁਖੀ ਲਿਪੀ ਦੀ ਰਚਨਾ ਕੀਤੀ। ਗੁਰਮੁਖੀ ਲਿਪੀ ਦੇ ਪਸਾਰ-ਪ੍ਰਚਾਰ ਲਈ ਗੁਰਮੁਖੀ ਵਰਣਮਾਲਾ ਵਿੱਚ ਬੱਚਿਆਂ ਲਈ 'ਬਾਲ-ਬੋਧ' ਦੀ ਵੀ ਰਚਨਾ ਕੀਤੀ। ਦਰੱਖਤਾਂ ਦੀ ਛਾਵੇਂ ਉਹ ਬਾਲਕਾਂ ਨੂੰ ਗੁਰਮੁਖੀ ਪੜਾਉਂਦੇ ਤੇ ਲਿਖਾਉਂਦੇ ਸਨ। ਗੁਰਮੁਖੀ ਲਿਪੀ ਗੁਰੂ ਅੰਗਦ ਦੇਵ ਜੀ ਦੀ ਹੀ ਦੇਣ ਹੈ। ਇੱਥੇ ਹੀ ਉਨਾਂ ਨੇ ਸਰੀਰਕ ਕਸਰਤ ਨੂੰ ਉਤਸ਼ਾਹਤ ਕਰਨ ਲਈ ਇੱਕ ਅਖਾੜਾ ਬਣਵਾਇਆ। ਇੱਥੇ ਗੁਰਦੁਆਰਾ ਅਖਾੜਾ ਸਾਹਿਬ ਸੁਸ਼ੋਭਿਤ ਹੈ। ਇੱਥੇ ਘੋਲ, ਕੁਸ਼ਤੀਆਂ, ਕਬੱਡੀ ਤੇ ਹੋਰ ਤਰਾਂ-ਤਰਾਂ ਦੀਆਂ ਜ਼ੋਰ ਅਜ਼ਮਾਈ ਵਾਲੀਆਂ ਖੇਡਾਂ ਵੀ ਕਰਵਾਈਆਂ। ਛਿੰਜਾਂ ਪਾਉਂਦੇ ਤੇ ਖਿਡਾਰੀਆਂ ਦੀ ਹੌਸਲਾ ਅਫ਼ਜ਼ਾਈ ਲਈ ਇਨਾਮ ਵੀ ਦਿੰਦੇ। ਸੰਨ 1540 ਵਿੱਚ ਸ਼ੇਰ ਸ਼ਾਹ ਸੂਰੀ ਹੱਥੋਂ ਹਾਰ ਖਾ ਕੇ ਭੱਜੇ ਆਉਂਦੇ ਹਮਾਯੂੰ ਨੂੰ ਨਿਮਰਤਾ ਦਾ ਪਾਠ ਪੜਾ ਕੇ ਉਸ ਦਾ ਹੰਕਾਰ ਤੋੜਿਆ। ਗੁਰੂ ਅੰਗਦ ਦੇਵ ਜੀ ਨੇ ਆਪ 9 ਵਾਰਾਂ ਵਿੱਚ ਅੰਕਿਤ 63 ਸ਼ਲੋਕਾਂ ਦੀ ਰਚਨਾ ਕੀਤੀ ਜੋ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ।

# ਸਿੱਖ ਇਨਕਲਾਬ ਦੀ ਦਾਸਤਾਨ ਵਿਸਾਖੀ

**- ਪ੍ਰੋ. ਬਲਵਿੰਦਰਪਾਲ ਸਿੰਘ**

ਵਿਸਾਖੀ ਦਾ ਤਿਉਹਾਰ ਪੁਰਾਤਨ ਸਮੇਂ ਤੋਂ ਹੀ ਮਨਾਉਣ ਦੀ ਪਰੰਪਰਾ ਰਹੀ ਹੈ। ਬਾਕੀ ਮਹੀਨਿਆਂ ਨਾਲੋਂ ਮਾਘ ਤੇ ਵਿਸਾਖ ਦੀ ਸੰਗਰਾਂਦ ਨੂੰ ਖਾਸ ਮਹਾਨਤਾ ਪ੍ਰਾਪਤ ਹੈ। ਸਿੱਖ ਧਰਮ, ਸਿੱਖ ਸਾਹਿਤ ਤੇ ਸਿੱਖ ਪੰਥ ਵਿਚ ਵਿਸਾਖੀ ਦਾ ਵਿਸ਼ੇਸ਼ ਮਹੱਤਵ ਹੈ। ਗੁਰੂ ਨਾਨਕ ਦੇਵ ਜੀ ਤੇ ਗੁਰੂ ਅਰਜਨ ਦੇਵ ਜੀ ਨੇ ਕਰਮਵਾਰ-'ਤੁਖਾਰੀ ਬਾਰਹਮਾਹਾ ਅਤੇ ਮਾਝ ਵਿਚ ਵਿਸਾਖੀ ਮਹੀਨੇ ਦਾ ਉਦੇਸ਼ ਪੇਸ਼ ਕੀਤਾ ਹੈ:

**ਨਾਨਕ ਵੈਸਾਖੀ ਪ੍ਰਭੁ ਭਾਵੈ।**
**ਸੁਰਤਿ ਸਬਦਿ ਮਨੁ ਮਾਨਾ॥**
**(ਬਾਰਹਮਾਹਾ ਤੁਖਾਰੀ)**

ਸਿੱਖ ਇਤਿਹਾਸ ਵਿਚ ਵਿਸਾਖੀ ਦਾ ਵਿਸ਼ੇਸ਼ ਮਹੱਤਵ ਹੈ, ਕਿਉਂਕਿ ਸਿੱਖ ਇਤਿਹਾਸ ਦੀਆਂ ਮਹੱਤਵਪੂਰਨ ਘਟਨਾਵਾਂ ਵਿਸਾਖ ਦੇ ਮਹੀਨੇ ਵਾਪਰੀਆਂ ਹਨ। ਗੁਰੂ ਨਾਨਕ ਦੇਵ ਜੀ ਦਾ ਜਨਮ 20 ਵਿਸਾਖ 1526 ਬਿਕਰਮੀ ਨੂੰ ਹੋਇਆ। ਉਨਾਂ ਨੇ ਵਿਸਾਖੀ ਵਾਲੇ ਦਿਨ ਹੀ ਹਰਿਦੁਆਰ ਵਿਖੇ ਲਹਿੰਦੇ ਵੱਲ ਪਾਣੀ ਦੇ ਕੇ ਪਿੱਤਰਾਂ ਨੂੰ ਪਹੁੰਚਾਣ ਵਾਲੇ ਪਾਣੀ ਸੰਬੰਧੀ ਪਏ ਭਰਮਜਾਲ ਨੂੰ ਤੋੜਿਆ ਸੀ। ਉਨਾਂ ਨੇ ਸਮਾਜ ਸੁਧਾਰ ਲਈ ਆਪਣੀਆਂ ਉਦਾਸੀਆਂ ਦੀ ਸ਼ੁਰੂਆਤ ਵੀ ਪਹਿਲੀ ਵਿਸਾਖ ਨੂੰ ਕੀਤੀ ਸੀ। ਗੁਰੂ ਅੰਗਦ ਦੇਵ ਜੀ ਮਹਾਰਾਜ ਦਾ ਜਨਮ 5 ਵਿਸਾਖ ਸੰਮਤ 1561 ਬਿਕਰਮੀ ਨੂੰ ਹੋਇਆ। ਗੁਰੂ ਅਮਰਦਾਸ ਜੀ ਦਾ ਜਨਮ ਵਿਸਾਖ ਸੁਦੀ 14 ਸੰਮਤ 1536 ਨੂੰ ਹੋਇਆ ਅਤੇ 3 ਵਿਸਾਖ 1609 ਬਿਕਰਮੀ ਨੂੰ ਆਪ ਸਿੱਖਾਂ ਦੇ ਤੀਸਰੇ ਗੁਰੂ ਬਣੇ। ਉਨਾਂ ਨੇ ਵਿਸਾਖੀ ਪੁਰਬ 'ਤੇ ਗੋਇੰਦਵਾਲ ਵਿਖੇ ਅਧਿਆਤਮਕ ਮੇਲਾ ਲਗਾਉਣ ਦੀ ਸ਼ੁਰੂਆਤ ਕੀਤੀ, ਜਿਸ ਦਾ ਸਿੱਖ ਲਹਿਰ ਦੇ ਵਿਕਾਸ ਵਿਚ ਖਾਸ ਮਹੱਤਵ ਹੈ। ਇਸ ਨਾਲ ਸਿੱਖ ਸੰਗਤਾਂ ਨੂੰ ਆਪਣੇ ਕੇਂਦਰ ਵਿਚ ਇਕੱਤਰ ਹੋਣ ਦਾ ਮੌਕਾ ਮਿਲ ਗਿਆ। ਮਹਾਨ ਕੋਸ਼ ਦੇ ਰਚੈਤਾ ਭਾਈ ਕਾਹਨ ਸਿੰਘ ਨਾਭਾ ਅਨੁਸਾਰ ਵੈਸਾਖੀ ਦਾ ਮੇਲਾ ਸਭ ਤੋਂ ਪਹਿਲਾਂ ਡੱਲਾ ਨਿਵਾਸੀ ਭਾਈ ਪਾਰੋ ਪਰਮਹੰਸ ਨੇ ਗੁਰੂ ਅਮਰਦੇਵ ਦੀ ਆਗਿਆ ਨਾਲ ਕਾਇਮ ਕੀਤਾ ਸੀ। ਗੁਰੂ ਅਮਰਦਾਸ ਜੀ ਵੱਲੋਂ ਗੋਇੰਦਵਾਲ ਵਿਖੇ ਬਣ ਰਹੀ ਬਉਲੀ ਦਾ ਕੜ ਵੀ ਵਿਸਾਖੀ ਵਾਲੇ ਦਿਨ ਟੁੱਟਿਆ ਸੀ। (ਪੰਨਾ 1110)

ਗੁਰੂ ਅਰਜਨ ਦੇਵ ਜੀ ਦਾ ਜਨਮ 19 ਵਿਸਾਖ ਵਦੀ 7 ਸੰਮਤ 1620 ਨੂੰ ਹੋਇਆ। ਗੁਰੂ ਹਰਗੋਬਿੰਦ



ਸਾਹਿਬ ਜੀ ਦਾ ਵਿਆਹ 8 ਵੈਸਾਖ 1670 ਨੂੰ ਹਰੀ ਚੰਦ ਦੀ ਸਪੁੱਤਰੀ ਬੀਬੀ ਨਾਨਕੀ ਨਾਲ ਹੋਇਆ। ਗੁਰੂ ਹਰਕ੍ਰਿਸ਼ਨ ਸਾਹਿਬ 3 ਵੈਸਾਖ ਸੰਮਤ 1721 ਨੂੰ ਜੋਤੀ ਜੋਤਿ ਸਮਾਏ। ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਉਪਰੰਤ ਗੁਰੂ ਗੋਬਿੰਦ ਸਿੰਘ ਜੀ ਦਾ ਸਿੰਘਾਸਨ ਉੱਤੇ ਬੈਠਣ ਦਾ ਦਿਨ ਵਿਸਾਖੀ ਹੀ ਸਵੀਕਾਰ ਕੀਤਾ ਜਾਂਦਾ ਹੈ। ਵਿਸਾਖੀ ਵਾਲੇ ਦਿਨ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਆਦਿ ਗ੍ਰੰਥ ਵਿਚ ਸ਼ਾਮਲ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪੂਰਨ ਹੋਣ ਦਾ ਐਲਾਨ ਕੀਤਾ। 1699 ਦੀ ਵਿਸਾਖੀ ਸਿੱਖ ਇਤਿਹਾਸ ਨਾਲ ਜੁੜੇ ਵਿਸਾਖੀ ਦਿਵਸਾਂ ਵਿਚੋਂ ਸਿੱਖ ਧਰਮ ਲਈ ਵੱਡੇ ਅਰਥ ਰੱਖਦੀ ਹੈ, ਕਿਉਂਕਿ ਇਸ ਦਿਨ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਜਾਤ ਪਾਤ, ਹਰੇਕ ਤਰਾਂ ਦੇ ਭੇਦ ਭਾਵ ਦੇ ਜੰਜਾਲਾਂ ਨੂੰ ਭੰਨ ਕੇ ਖਾਲਸਾ ਪੰਥ ਦੀ ਆਜ਼ਾਦ ਅਤੇ ਨਿਆਰੀ ਹਸਤੀ ਸਿਰਜੀ ਸੀ। ਖਾਲਸਾ ਪੰਥ ਦੀ ਸਿਰਜਣਾ ਕੋਈ ਅਚਾਨਕ ਘਾਲਣਾ ਨਹੀਂ ਸੀ, ਸਗੋਂ ਸੰਤ ਗੁਰੂਆਂ (ਜਿਨਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ) ਦੇ ਫਲਸਫੇ ੧ਓ, ਗੁਰੂ ਸਾਹਿਬਾਨਾਂ ਦੀ ਸ਼ਹਾਦਤਾਂ ਨਾਲ ਸਿੰਜਿਆ ਗਿਆ ਅਲੌਕਿਕ ਪ੍ਰਗਟਾਵਾ ਸੀ। ਭਾਈ ਗੁਰਦਾਸ ਜੀ ਨੇ ਆਪਣੀ ਮਹਾਨ ਵਾਰ ਵਿਚ ਖਾਲਸੇ ਦੀ ਵਿਸਾਖੀ ਦੇ ਕ੍ਰਿਸ਼ਮੇ ਅਤੇ ਖਾਲਸੇ ਦੀ ਵੱਖਰੀ ਪਛਾਣ ਨੂੰ ਇਉਂ ਬਿਆਨ ਕੀਤਾ ਹੈ।

**ਇਉਂ ਤੀਸਰ ਪੰਥ ਰਚਾਇਨ,**
**ਵਡ ਸੂਰ ਸਹੇਲਾ।**
**ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ।**

ਇਸ ਵਿਸ਼ੇਸ਼ ਇਕੱਠ ਵਿਚ ਅੱਸੀ ਹਜ਼ਾਰ ਤੱਕ ਸਿੱਖ ਇਕੱਠੇ ਹੋਏ। ਗੁਰੂ ਸਾਹਿਬ ਨੇ ਇਸ ਇਕੱਠ ਵਿਚੋਂ ਪੰਜ ਪਿਆਰਿਆਂ ਦੀ ਚੋਣ ਕੀਤੀ ਜੋ ਗੁਰਮਰਿਯਾਦਾ ਵਿਚ ਪਰਪੱਕ ਸਨ ਅਤੇ ਸਮਾਜ ਦੀਆਂ ਵੱਖ-ਵੱਖ ਜਾਤਾਂ ਨਾਲ ਸੰਬੰਧ ਰੱਖਦੇ ਸਨ। ਰਤਨ ਸਿੰਘ ਭੰਗੂ ਇਸ ਸੰਬੰਧ ਵਿਚ ਆਖਦੇ ਹਨ,

**ਪੰਚ ਭੁਜੰਗੀ ਲਏ ਉਠਾਏ।**
**ਚਾਰੇ ਬਰਨ ਇਕ ਕੀਏ ਭਰਾਏ।**

ਭਾਈ ਦਇਆ ਸਿੰਘ ਲਾਹੌਰ (ਪੰਜਾਬ) ਦਾ ਖੱਤਰੀ ਸੀ, ਭਾਈ ਧਰਮ ਸਿੰਘ ਹਸਤਨਾਪੁਰ (ਦਿੱਲੀ ਦਾ ਇਲਾਕਾ) ਦਾ ਜੱਟ ਸੀ, ਭਾਈ ਸਾਹਿਬ ਸਿੰਘ ਬਿਦਰ (ਕਰਨਾਟਕ), ਦਾ ਨਾਈ ਸੀ, ਭਾਈ ਮੋਹਕਮ ਸਿੰਘ (ਉੜੀਸਾ) ਦਾ ਛੀਂਬਾ ਸੀ ਤੇ ਭਾਈ ਹਿੰਮਤ ਸਿੰਘ ਪਟਿਆਲਾ (ਪੰਜਾਬ) ਝੀਵਰ ਸੀ।

ਖਾਲਸਾ ਪੰਥ ਦੀ ਸਿਰਜਣਾ ਤੋਂ 27 ਸਾਲ ਉਪਰੰਤ ਸੰਮਤ 1783 ਬਿਕਰਮੀ ਦੀ ਵਿਸਾਖੀ ਸਿੱਖ ਇਤਿਹਾਸ ਵਿਚ ਵਿਸ਼ੇਸ਼ ਮਹੱਤਵ ਹੈ, ਕਿਉਂਕਿ ਇਸ ਦਿਨ ਭਾਈ ਤਾਰਾ ਸਿੰਘ ਵਾਂ ਦੀ ਸ਼ਹਾਦਤ ਹੋਈ। ਇਸ ਮਹਾਨ ਯੋਧੇ ਦੀ ਸ਼ਹਾਦਤ ਨੇ ਸਿੱਖ ਕੌਮ ਨੂੰ ਇਤਿਹਾਸਕ ਗੁਰਮਤਾ ਕਰਨ ਦੀ ਪ੍ਰੇਰਣਾ ਦਿੱਤੀ, ਜਿਸ ਵਿਚ ਸ਼ਾਹੀ ਖਜ਼ਾਨਾ ਲੁੱਟਣਾ, ਸ਼ਾਹੀ ਫ਼ੌਜ ਦੇ ਘੋੜੇ ਤੇ ਹਥਿਆਰ ਲੁੱਟਣਾ ਤੇ ਪੰਥ ਦੋਖੀਆਂ ਨੂੰ ਸਜ਼ਾ ਦੇਣਾ ਸ਼ਾਮਲ ਸੀ। ਨਤੀਜੇ ਵਜੋਂ ਮੁਗਲ ਹਕੂਮਤ ਨੇ ਸੰਮਤ 1790 ਬਿਕਰਮੀ ਵਿਚ ਸਿੱਖਾਂ ਨੂੰ ਜਾਗੀਰ ਦੇਣ ਦੀ ਪੇਸ਼ਕਸ਼ ਕੀਤੀ। ਵਿਸਾਖੀ ਵਾਲੇ ਦਿਨ ਇਸ ਪੇਸ਼ਕਸ਼ 'ਤੇ ਵਿਚਾਰ ਕਰਨ ਲਈ ਅਕਾਲ ਤਖਤ ਸਾਹਿਬ 'ਤੇ ਸਰਬੱਤ ਖਾਲਸਾ ਬੁਲਾਇਆ ਗਿਆ। ਇਸ ਮੌਕੇ 'ਤੇ ਭਾਈ ਸੁਬੇਗ ਸਿੰਘ ਜੋ ਕਿ ਮੁਗਲ ਸਰਕਾਰ ਨਾਲ ਡੂੰਘੇ ਸੰਬੰਧ ਰੱਖਦੇ ਸਨ, ਅਕਾਲ ਤਖਤ ਸਾਹਿਬ 'ਤੇ ਪੇਸ਼ ਹੋਏ ਅਤੇ ਸਿੱਖ ਆਗੂਆਂ ਨੂੰ ਝਬਾਲ, ਕੰਗਨਪੁਰ, ਦੀਮਾਲਪੁਰ ਦੀ ਜਾਗੀਰ ਸੰਬੰਧੀ ਮੁਗਲ ਹਕੂਮਤ ਦੀ ਪੇਸ਼ਕਸ਼ ਬਾਰੇ ਦੱਸਿਆ। ਇਸ ਬਾਰੇ ਪੰਥਕ ਆਗੂਆਂ ਨੇ ਡੂੰਘੀ ਵਿਚਾਰ ਕੀਤੀ। ਇਕ ਆਗੂ ਜਥੇਦਾਰ ਦਰਬਾਰਾ ਸਿੰਘ ਮੁਗਲ ਹਕੂਮਤ ਦੀ ਪੇਸ਼ਕਸ਼ ਕਰਨ ਨੂੰ ਤਿਆਰ ਨਹੀਂ ਸੀ। ਭਾਈ ਰਤਨ ਸਿੰਘ ਭੰਗੂ ਇਸ ਸੰਬੰਧ ਵਿਚ ਆਖਦਾ ਹੈ,

**ਦਰਬਾਰੈ ਸਿੰਘ ਅਗਯੋਂ ਕਹੀ,**
**ਅਸੀਂ ਨਿਬਾਬੀ ਕਦ ਚਹੈਂ**

# ਕੋਰੋਨਾ ਸੰਬੰਧੀ ਕੁੱਝ ਸ਼ੰਕੇ



- ਡਾ. ਹਰਸ਼ਿੰਦਰ ਕੌਰ, ਐਮ. ਡੀ.

ਕੋਰੋਨਾ ਨੇ ਸਾਰੀ ਦੁਨੀਆ ਨੂੰ ਆਪਣੇ ਸ਼ਿਕੰਜੇ ਵਿਚ ਕਸ ਲਿਆ ਹੋਇਆ ਹੈ। ਇਸ ਬਾਰੇ ਵੱਖੋ-ਵੱਖ ਅਦਾਰੇ ਆਪੋ ਆਪਣੇ ਸ਼ੰਕੇ ਉਜਾਗਰ ਕਰ ਕੇ ਵੱਖੋ-ਵੱਖ ਖੋਜੀਆਂ ਦੇ ਆਧਾਰ ਉੱਤੇ ਜਵਾਬ ਦੇ ਰਹੇ ਹਨ ਜਿਸ ਨਾਲ ਆਮ ਲੋਕਾਂ ਵਿਚ ਭੰਬਲਭੂਸਾ ਪਿਆ ਹੋਇਆ ਹੈ। ਦਰਅਸਲ ਇਹ ਵਾਇਰਸ ਨਵੀਂ ਹੈ ਤੇ ਇਸ ਬਾਰੇ ਖੋਜਾਂ ਹਾਲੇ ਵੱਡੀ ਪੱਧਰ ਉੱਤੇ ਜਾਰੀ ਹਨ। ਇਸੇ ਲਈ ਹਰ ਰੋਜ਼ ਨਵੀਂ ਗਲ ਸਾਹਮਣੇ ਆ ਰਹੀ ਹੈ। ਕੁੱਝ ਪਿਛਲੀਆਂ ਖੋਜਾਂ ਬਾਰੇ ਕਿੰਤੂ ਪਰੰਤੂ ਹੋ ਜਾਂਦਾ ਹੈ ਤੇ ਕੁੱਝ ਖੋਜਾਂ ਨੂੰ ਉੱਕਾ ਹੀ ਰੱਦ ਕਰ ਦਿੱਤਾ ਜਾਂਦਾ ਹੈ।

ਮਜ਼ੇਦਾਰ ਗੱਲ ਇਹ ਹੈ ਕਿ ਬਹੁਤੀਆਂ ਖੋਜਾਂ ਉੱਤੇ ਕਿੰਤੂ ਪਰੰਤੂ ਕਰਨ ਵਾਲੇ ਜਾਂ ਤਾਂ ਗਿਣੇ ਚੁਣੇ ਮੀਡੀਆ ਦੇ ਕੁੱਝ ਲੋਕ ਹਨ ਜਾਂ ਉਹ ਲੋਕ ਜੋ ਵਿਗਿਆਨ ਦੇ ਨੇੜੇ-ਤੇੜੇ ਵੀ ਨਹੀਂ ਹਨ।
ਅਜਿਹੇ ਲੋਕ ਅੱਜ ਤੋਂ ਨਹੀਂ, ਸਦੀਆਂ ਤੋਂ ਇਸੇ ਤਰਾਂ ਕਰਦੇ ਆਏ ਹਨ। ਉਨਾਂ ਦਾ ਕੰਮ ਹੀ ਸਿਰਫ਼ ਵਿਰੋਧ ਕਰਨਾ ਹੁੰਦਾ ਹੈ ਕਿਉਂਕਿ ਹੋਰ ਕੁੱਝ ਉਨਾਂ ਦੇ ਪੱਲੇ ਹੁੰਦਾ ਹੀ ਨਹੀਂ। ਅਗਿਆਨਤਾ ਨੇ ਹਮੇਸ਼ਾ ਤੋਂ ਹੀ ਵਿਗਿਆਨੀਆਂ ਤੇ ਖੋਜੀਆਂ ਦੇ ਪੈਰੀਂ ਬੇੜੀਆਂ ਪਾਈਆਂ ਹਨ।

ਇਤਿਹਾਸ ਵਿਚ ਝਾਤ ਮਾਰੀਏ ਤਾਂ ਅਜਿਹੀਆਂ ਕਈ ਉਦਾਹਰਣਾਂ ਮਿਲ ਜਾਣਗੀਆਂ।
ਗੈਲੀਲੀਓ ਨੇ ਜਦੋਂ ਸਭਨਾਂ ਦੀ ਸੋਚ ਦੇ ਉਲਟ ਇਹ ਕਿਹਾ ਕਿ ਧਰਤੀ ਖਲੋਤੀ ਨਹੀਂ ਹੋਈ ਬਲਕਿ ਸੂਰਜ ਦੇ ਦੁਆਲੇ ਘੁੰਮਦੀ ਹੈ ਤਾਂ ਇਸ ਨੂੰ ਬਾਈਬਲ ਦੇ ਉਲਟ ਮੰਨਦਿਆਂ ਉਸ ਨੂੰ ਸਜ਼ਾ ਦੇ ਤੌਰ 'ਤੇ ਹਮੇਸ਼ਾ ਲਈ ਘਰ ਅੰਦਰ ਨਜ਼ਰਬੰਦ ਕਰ ਦਿੱਤਾ ਗਿਆ।
ਬਿਲਕੁਲ ਇੰਜ ਹੀ ਹਰ ਨਵੀਂ ਖੋਜ ਉੱਤੇ ਅੱਜ ਤੱਕ ਵੀ ਸਵਾਲੀਆ ਚਿੰਨ ਲੱਗ ਰਹੇ ਹਨ। ਮੌਜੂਦਾ ਕੋਰੋਨਾ ਵਾਇਰਸ ਏਨਾ ਮਹੀਨ ਕੀਟਾਣੂ ਹੈ ਜਿਸ ਬਾਰੇ ਹਾਲੇ ਤਕ ਪੂਰੀ ਜਾਣਕਾਰੀ ਹਾਸਲ ਹੀ ਨਹੀਂ ਹੋਈ। ਜਿੰਨਾ ਕੁੱਝ ਅੱਜ ਦੇ ਦਿਨ ਤਕ ਖੋਜਾਂ ਰਾਹੀਂ ਸਾਹਮਣੇ ਆਇਆ ਹੈ, ਉਨਾਂ ਨੂੰ ਸਾਂਝਾ ਕਰਨ ਲੱਗੀ ਹਾਂ। ਇਹ ਵੀ ਕੋਈ ਪਤਾ ਨਹੀਂ ਕਿ ਕੱਲ ਨੂੰ ਨਵੀਂ ਖੋਜ ਰਾਹੀਂ ਇਹ ਸਾਰੇ ਤੱਥ ਗਲਤ ਸਾਬਤ ਹੋ ਜਾਣ ਜਾਂ ਵਾਇਰਸ ਹੀ ਵੱਖ ਰੂਪ ਇਖ਼ਤਿਆਰ ਕਰ ਕੇ ਹੋਰ ਰੂਪ ਵਿਚ ਸਾਹਮਣੇ ਆ ਜਾਏ!

ਸਵਾਲ 1. ਕੀ ਇਹ ਵਾਇਰਸ ਨਵੀਂ ਹੈ?
ਜਵਾਬ : ਨਹੀਂ, ਕੋਰੋਨਾ ਵਾਇਰਸ ਕੀਟਾਣੂ ਲਗਭਗ 400 ਕਿਸਮਾਂ ਦੇ ਹਨ। ਕੋਵਿਡ 19 ਬੀਮਾਰੀ ਕਰਨ ਵਾਲਾ ਕੋਰੋਨਾ ਵਾਇਰਸ ਪਹਿਲਾਂ ਦੀ ਸਾਰਸ ਬੀਮਾਰੀ ਕਰਨ ਵਾਲੇ ਕੀਟਾਣੂ ਨਾਲ ਕਾਫੀ ਮਿਲਦਾ ਜੁਲਦਾ ਹੈ। ਇਸੇ ਲਈ ਇਸ ਨੂੰ "ਸਾਰਸ ਕੋਵ-2" ਨਾਂ ਦੇ ਦਿੱਤਾ ਗਿਆ ਹੈ।

ਸਵਾਲ 2. ਪਹਿਲੀ ਵਾਰ ਇਹ ਵਾਇਰਸ ਕਿੱਥੋਂ ਲਭੀ?
ਜਵਾਬ : ਵੂਹਾਨ (ਚੀਨ) ਵਿਚ ਦਸੰਬਰ 2019 ਵਿਚ ਪਹਿਲਾ ਕੇਸ ਲੱਭਿਆ ਤੇ ਇਸ
ਬੀਮਾਰੀ ਦਾ ਨਾਂ 'ਕੋਵਿਡ 19' ਦੇ ਦਿੱਤਾ ਗਿਆ।

ਸਵਾਲ 3. ਇਸ ਵਾਇਰਸ ਦਾ ਜਾਨਵਰਾਂ ਨਾਲ ਕੀ ਸੰਬੰਧ ਹੈ?
ਜਵਾਬ : 'ਸਾਰਸ ਵਾਇਰਸ' ਸਿਵਟ ਬਿੱਲੀਆਂ ਤੋਂ ਬੰਦਿਆਂ ਵਿਚ ਆਇਆ ਹੈ। 'ਮਰਸ ਵਾਇਰਸ' ਊਠਾਂ ਵਿੱਚੋਂ ਬੰਦਿਆਂ ਵਿਚ ਆਇਆ। ਇਹ ਦੋਨੋਂ ਕਿਸਮਾਂ ਕੋਰੋਨਾ ਦੀਆਂ ਹਨ। ਕੋਵਿਡ 19 ਬਾਰੇ ਕਿਆਸ ਲਾਇਆ ਜਾ ਰਿਹਾ ਹੈ ਕਿ ਇਹ ਚਮਗਾਦੜ ਤੋਂ ਇਨਸਾਨ ਵਿਚ ਵੜਿਆ ਤੇ ਅੱਗੋਂ ਹੁਣ ਤਕ ਕੁੱਝ ਪਾਲਤੂ (ਕੁੱਤੇ, ਬਿੱਲੀਆਂ) ਤੇ ਕੁੱਝ ਚਿੜੀਆ ਘਰ ਦੇ (ਬਾਂਦਰ, ਸ਼ੇਰ) ਜਾਨਵਰਾਂ ਵਿਚ ਲੱਭਿਆ ਜਾ ਚੁੱਕਿਆ ਹੈ। ਇਨਾਂ ਜਾਨਵਰਾਂ ਤੋਂ ਅੱਗੋਂ ਕਿਸੇ ਬੰਦੇ ਵਿਚ ਜਾਣ ਦੀਆਂ ਖੋਜਾ ਹਾਲੇ ਤੱਕ ਸ਼ੁਰੂ ਨਹੀਂ ਹੋਈਆਂ। ਚਿੜੀਆ ਘਰਾਂ ਵੱਲੋਂ ਪੰਛੀਆਂ ਵਿਚ ਵੀ ਇਸ ਵਾਇਰਸ ਦੇ ਲੱਛਣ ਲੱਭਣ ਦੀਆਂ ਹਦਾਇਤਾਂ ਦੇ ਦਿੱਤੀਆਂ ਗਈਆਂ ਹਨ।

ਸਵਾਲ 8. ਗਰਭਵਤੀ ਔਰਤਾਂ ਨੂੰ ਕਿੰਨਾ ਖ਼ਤਰਾ ਹੈ ?
ਜਵਾਬ : ਹਾਲੇ ਤਕ ਦੀਆਂ ਖੋਜਾਂ ਵਿਚ ਗਰਭਵਤੀ ਔਰਤਾਂ ਨੂੰ ਵੱਧ ਖ਼ਤਰਾ ਨਹੀਂ ਲੱਭਿਆ। ਭਰੂਣ ਤੱਕ ਕੋਰੋਨਾ ਦੇ ਪਹੁੰਚਣ ਬਾਰੇ ਵੀ ਹਾਲੇ ਤੱਕ ਕਿਸੇ ਖੋਜੀ ਨੇ ਨਹੀਂ ਦੱਸਿਆ। ਬਾਕੀਆਂ ਵਾਂਗ ਗਰਭਵਤੀ ਔਰਤਾਂ ਨੂੰ ਵੀ ਪਰਹੇਜ਼ ਤੇ ਸਫ਼ਾਈ ਰੱਖਣ ਦੀ ਲੋੜ ਹੈ?

ਸਵਾਲ 9. ਕੀ ਨਵਜੰਮੇ ਬੱਚੇ ਨੂੰ ਕੋਰੋਨਾ ਪੀੜਤ ਮਾਂ ਦੁੱਧ ਪਿਆ ਸਕਦੀ ਹੈ?
ਜਵਾਬ : ਜੀ ਹਾਂ।



ਸਵਾਲ 4. ਕੀ ਹੁਣ ਦੇ ਮਾਹੌਲ ਵਿਚ ਕੱਚਾ ਦੁੱਧ ਪੀਤਾ ਜਾ ਸਕਦਾ ਹੈ?
ਜਵਾਬ : ਕੱਚਾ ਦੁੱਧ ਪੀਣ ਨਾਲ ਕਈ ਕਿਸਮਾਂ ਦੇ ਵਾਇਰਸ ਤੇ ਬੈਕਟੀਰੀਆ ਕੀਟਾਣੂ ਹਮਲਾ ਬੋਲ ਸਕਦੇ ਹਨ ਜਿਨਾਂ ਵਿਚ ਅੰਤੜੀਆਂ ਦੀ ਟੀ.ਬੀ. ਵੀ ਸ਼ਾਮਲ ਹੈ। ਇਸੇ ਲਈ ਦੁੱਧ ਹਮੇਸ਼ਾ ਉਬਾਲ ਕੇ ਹੀ ਪੀਣਾ ਚਾਹੀਦਾ ਹੈ।

ਸਵਾਲ 5. ਕੋਰੋਨਾ ਕਿੰਨੀ ਦੇਰ ਤੱਕ ਆਲੇ ਦੁਆਲੇ ਦੀਆਂ ਚੀਜ਼ਾਂ ਉੱਤੇ ਜ਼ਿੰਦਾ ਰਹਿੰਦਾ ਹੈ?
ਜਵਾਬ : ਵੱਖੋ-ਵੱਖ ਤਾਪਮਾਨ ਤੇ ਨਮੀ ਦੇ ਹਿਸਾਬ ਨਾਲ ਕੁੱਝ ਘੰਟਿਆਂ ਤੋਂ ਕਈ ਦਿਨਾਂ ਤੱਕ ਕੋਰੋਨਾ ਜ਼ਿੰਦਾ ਰਹਿ ਸਕਦਾ ਹੈ। ਜਦੋਂ ਤਾਪਮਾਨ 53 ਡਿਗਰੀ ਫਾਰਨਹੀਟ ਤੱਕ ਪਹੁੰਚ ਜਾਵੇ ਤਾਂ ਇਹ ਵਾਇਰਸ ਮਰ ਜਾਂਦਾ ਹੈ। ਪਲਾਸਟਿਕ ਤੇ ਸਟੀਲ ਉੱਤੇ 4 ਦਿਨ ਤੱਕ ਟਿਕਿਆ ਰਹਿ ਸਕਦਾ ਹੈ। ਇਸੇ ਲਈ ਇਨਾਂ ਥਾਵਾਂ ਨੂੰ ਸਾਫ਼ ਕਰਨ ਲਈ ਸਾਬਣ ਜਾਂ ਡਿਟੋਲ ਜਾਂ ਸਪਿਰਿਟ ਵਰਤੀ ਜਾ ਸਕਦੀ ਹੈ।

ਸਵਾਲ 6. ਕੀ ਪਾਰਸਲ ਜਾਂ ਚਿੱਠੀਆਂ ਰਾਹੀਂ ਇਹ ਫੈਲਦਾ ਹੈ?
ਜਵਾਬ : ਬਾਹਰਲੇ ਗੱਤੇ ਜਾਂ ਕਾਗਜ਼ ਨੂੰ ਘਰੋਂ ਬਾਹਰ ਹੀ ਖੋਲ ਕੇ ਸਮਾਨ ਜਾਂ ਚਿੱਠੀ ਘਰ ਅੰਦਰ ਲਿਜਾਉਣੀ ਚਾਹੀਦੀ ਹੈ। ਹਾਲੇ ਤੱਕ ਦੀ ਖੋਜ ਦਰਸਾਉਂਦੀ ਹੈ ਕਿ ਇਨਾਂ ਰਾਹੀਂ ਵਾਇਰਸ ਫੈਲਣ ਦਾ ਖ਼ਤਰਾ ਘੱਟ ਹੈ।

ਸਵਾਲ 7. ਕੀ ਨੋਟਾਂ ਤੇ ਸਿੱਕਿਆਂ ਰਾਹੀਂ ਕੋਰੋਨਾ ਫੈਲਦਾ ਹੈ?
ਜਵਾਬ : ਨੋਟਾਂ ਤੇ ਸਿੱਕਿਆਂ ਰਾਹੀਂ ਬੀਮਾਰੀ ਫੈਲਣ ਦੀ ਸ਼ੰਕਾ ਵਿਸ਼ਵ ਪੱਧਰ ਉੱਤੇ ਜਤਾਈ ਜਾ ਰਹੀ ਹੈ। ਕਨੇਡਾ, ਅਸਟ੍ਰੇਲੀਆ ਤੇ ਯੂ.ਕੇ. ਵਿਚ ਪਲਾਸਟਿਕ ਦੇ ਨੋਟਾਂ ਨੂੰ ਵਰਤਣ ਦੀ ਸਲਾਹ ਦਿੱਤੀ ਗਈ ਹੈ। ਜਦ ਤੱਕ ਖੋਜਾਂ ਸਪਸ਼ਟ ਨਹੀਂ ਕਰਦੀਆਂ, ਧਿਆਨ ਰੱਖਣ ਦੀ ਲੋੜ ਹੈ ਤੇ ਇਹਤਿਆਤ ਵਜੋਂ ਸਿੱਲੇ ਨੋਟ ਕੁੱਝ ਘੰਟੇ ਧੁੱਪੇ ਰੱਖੇ ਜਾ ਸਕਦੇ ਹਨ। ਸਿੱਕੇ ਸਪਿਰਿਟ ਵਾਲੇ ਹੱਥਾਂ ਨਾਲ ਸੌਖਿਆਂ ਸਾਫ਼ ਕੀਤੇ ਜਾ ਸਕਦੇ ਹਨ।

ਸਵਾਲ 10.ਫਲੂ ਤੇ ਕੋਵਿਡ 19 ਵਿਚ ਕੀ ਫ਼ਰਕ ਹੈ?
ਜਵਾਬ : ਇਨਾਂ ਦੇ ਲੱਛਣ ਲਗਭਗ ਇੱਕੋ ਜਿਹੇ ਹੁੰਦੇ ਹਨ ਪਰ ਫਲੂ ਬੱਚਿਆਂ ਵਿਚ ਵੱਧ ਹੁੰਦਾ ਹੈ। ਇੱਕ ਤੋਂ ਦੂਜੇ ਵੱਲ ਜਾਣ ਦਾ ਖ਼ਤਰਾ ਕੋਵਿਡ 19 ਵਿਚ ਵੱਧ ਹੁੰਦਾ ਹੈ। ਫਲੂ ਦਾ ਖ਼ਤਰਾ ਗਰਭਵਤੀ ਔਰਤਾਂ ਤੇ ਬਜ਼ੁਰਗਾਂ ਵਿਚ ਵੀ ਵੱਧ ਹੁੰਦਾ ਹੈ। ਕੋਵਿਡ 19 ਬਜ਼ੁਰਗਾਂ ਤੇ ਬੀਮਾਰਾਂ ਉੱਤੇ ਵੱਧ ਹੱਲਾ ਬੋਲਦਾ ਹੈ, ਖ਼ਾਸ ਕਰ ਸ਼ੱਕਰ ਰੋਗੀਆਂ ਤੇ ਬਲੱਡ ਪ੍ਰੈੱਸ਼ਰ ਦੇ ਰੋਗੀਆਂ ਉੱਤੇ।

ਸਵਾਲ 11.ਕੋਵਿਡ ਤੋਂ ਮੌਤ ਦਾ ਖ਼ਤਰਾ ਕਿੰਨਾ ਹੈ?
ਜਵਾਬ : ਹਾਲੇ ਤੱਕ ਦੇ ਡਾਟੇ ਅਨੁਸਾਰ ਤਿੰਨ ਤੋਂ ਚਾਰ ਪ੍ਰਤੀਸ਼ਤ ਹੈ। ਫਲੂ ਤੋਂ ਹੋਈਆਂ ਮੌਤਾਂ ਦੀ ਦਰ ਸਿਰਫ਼ 0.1 ਪ੍ਰਤੀਸ਼ਤ ਹੈ।

ਸਵਾਲ 12.ਕੀ ਕੋਵਿਡ 19 ਬੀਮਾਰੀ ਦੇ ਹੁੰਦਿਆਂ ਵੀ ਟੈਸਟ ਨੈਗੇਟਿਵ ਆ ਸਕਦਾ ਹੈ?
ਜਵਾਬ : ਪੀ.ਸੀ.ਆਰ. ਟੈਸਟ 30 ਫੀਸਦੀ ਕੇਸਾਂ ਵਿਚ ਨੈਗੇਟਿਵ ਆ ਸਕਦੇ ਹਨ।

ਸਵਾਲ 13.ਕੀ ਮਾਸਕ ਪਾਉਣਾ ਹਰ ਕਿਸੇ ਲਈ ਜ਼ਰੂਰੀ ਹੈ?
ਜਵਾਬ : ਕਮਿਊਨਿਟੀ ਰਾਹੀਂ ਫੈਲਾਓ ਤੋਂ ਬਚਣ ਲਈ ਘਰੋਂ ਬਾਹਰ ਨਿਕਲਣ ਵੇਲੇ ਹਰ ਕਿਸੇ ਨੂੰ ਮਾਸਕ ਪਾ ਲੈਣਾ ਚਾਹੀਦਾ ਹੈ।

ਸਵਾਲ 14.ਕਿਸ ਕਿਸਮ ਦਾ ਮਾਸਕ ਬਿਹਤਰ ਹੈ?
ਜਵਾਬ : ਆਮ ਬੰਦਿਆਂ ਲਈ ਕਪੜੇ ਦਾ ਮਾਸਕ ਵੀ ਅਸਰਦਾਰ ਹੈ। ਇਸ ਮਾਸਕ ਨੂੰ ਰੋਜ਼ ਸਾਬਣ ਨਾਲ ਧੋਣਾ ਚਾਹੀਦਾ ਹੈ।

ਸਵਾਲ 15.ਕੀ ਇਹ ਹਵਾ ਰਾਹੀਂ ਫੈਲਦਾ ਹੈ?
ਜਵਾਬ : ਕਿਸੇ ਕੋਵਿਡ 19 ਦੀ ਬੀਮਾਰੀ ਨਾਲ ਪੀੜਤ ਮਰੀਜ਼ ਦੀ ਨਿੱਛ ਜਾਂ ਖੰਘ ਨਾਲ ਇੱਕ ਮੀਟਰ ਦੂਰ ਤੱਕ ਖੜੇ ਲੋਕਾਂ ਨੂੰ ਇਸ ਬੀਮਾਰੀ ਦੇ ਹੋਣ ਦਾ ਖ਼ਤਰਾ ਹੈ। ਇਸ ਤੋਂ ਅੱਗੇ ਦੀਆਂ ਖੋਜਾਂ ਕਿ ਇਹ ਕਿੰਨੀ ਦੇਰ ਹਵਾ ਵਿਚ ਟਿਕਿਆ ਰਹਿ ਸਕਦਾ ਹੈ, ਹਾਲੇ ਜਾਰੀ ਹਨ। ਹੁਣ ਤੱਕ ਇਹੀ ਕਿਹਾ ਜਾ ਰਿਹਾ ਹੈ ਕਿ ਨਿੱਛ ਮਾਰਨ ਬਾਅਦ ਆਲੇ-ਦੁਆਲੇ ਜਾਂ ਸਾਹਮਣੇ ਖੜੇ ਬੰਦੇ ਦੇ ਕਪੜਿਆਂ, ਮੂੰਹ, ਹੱਥਾਂ, ਰੇਲਿੰਗ, ਕੰਧਾਂ ਰਾਹੀਂ ਇਹ ਦੂਜੇ ਨੂੰ ਜਕੜ ਲੈਂਦਾ ਹੈ।

ਸਵਾਲ 16.ਕੀ ਹਰ ਕੋਰੋਨਾ ਪੀੜਤ ਬੰਦੇ ਨੂੰ ਬੀਮਾਰੀ ਦੇ ਲੱਛਣ ਹੁੰਦੇ ਹਨ?
ਜਵਾਬ : 80 ਫੀਸਦੀ ਵਿਚ ਲਗਭਗ ਨਾ ਬਰਾਬਰ ਲੱਛਣ ਹੁੰਦੇ ਹਨ। ਚੀਨ ਵਿਚ ਵੀ ਹਰ ਚਾਰਾਂ ਵਿੱਚੋਂ ਇੱਕ ਨੂੰ ਕੋਈ ਵੀ ਲੱਛਣ ਨਾ ਲੱਭੇ ਜਾਣ ਸਦਕਾ ਹੀ ਇਹ ਬੀਮਾਰੀ ਮਹਾਂਮਾਰੀ ਵਾਂਗ ਫੈਲੀ। ਇਹ ਲੋਕ, ਜਿਨਾਂ ਨੂੰ ਕੋਈ ਲੱਛਣ ਨਹੀਂ ਹਨ, ਅੱਗੋਂ ਬੀਮਾਰੀ ਫੈਲਾਉਣ ਦੇ ਸਮਰੱਥ ਹੁੰਦੇ ਹਨ। ਇਸੇ ਲਈ ਮਾਸਕ ਪਾ ਕੇ ਹੀ ਘਰੋਂ ਬਾਹਰ ਨਿਕਲਣਾ ਚਾਹੀਦਾ ਹੈ ਤੇ ਆਪਣੇ ਹੱਥ ਸਾਬਣ ਨਾਲ ਵਾਰ-ਵਾਰ ਧੋ ਕੇ ਸਾਫ਼ ਕਰਨੇ ਚਾਹੀਦੇ ਹਨ ਜਾਂ ਸੈਨੇਟਾਈਜ਼ ਕਰਨੇ ਚਾਹੀਦੇ ਹਨ।

ਸਵਾਲ 17.ਕੋਵਿਡ 19 ਦੇ ਲੱਛਣ ਕੀ ਹਨ ?
ਜਵਾਬ : ਤੇਜ਼ ਬੁਖਾਰ, ਸੁੱਕੀ ਖੰਘ, ਸਾਹ ਚੜਨਾ ਜਾਂ ਸਾਹ ਲੈਣ ਵਿਚ ਔਖਿਆਈ ਮਹਿਸੂਸ ਕਰਨੀ। ਕੁੱਝ ਮਰੀਜ਼ਾਂ ਨੂੰ ਸਰੀਰ ਟੁੱਟਦਾ ਮਹਿਸੂਸ ਹੋ ਸਕਦਾ ਹੈ, ਨੱਕ ਬੰਦ ਹੋਣਾ ਜਾਂ ਵੱਗਣਾ, ਟੱਟੀਆਂ ਲੱਗਣੀਆਂ, ਗਲੇ ਵਿਚ ਪੀੜ, ਆਦਿ ਵੀ ਹੋ ਸਕਦੇ ਹਨ।

ਸਵਾਲ 18.ਕੀ ਕੋਈ ਟੀਕਾ ਬਣਿਆ ਹੈ?
ਜਵਾਬ : ਹਾਲੇ ਤੱਕ ਕੋਵਿਡ 19 ਲਈ ਕੋਈ ਵੀ ਟੀਕਾ ਨਹੀਂ ਬਣਿਆ। ਖੋਜਾਂ ਜਾਰੀ ਹਨ।

ਸਵਾਲ 19.ਕੀ ਅਖਬਾਰਾਂ ਰਾਹੀਂ ਕੋਰੋਨਾ ਫੈਲ ਸਕਦਾ ਹੈ?
ਜਵਾਬ : ਸਿਰਫ਼ ਇੱਕ ਖੋਜ ਨੇ ਸਪਸ਼ਟ ਕੀਤਾ ਸੀ ਕਿ ਕੋਰੋਨਾ ਜੇ ਅਖ਼ਬਾਰੀ ਕਾਗਜ਼ ਉੱਤੇ ਲੱਗ ਜਾਵੇ ਤਾਂ 4 ਜਾਂ 5 ਦਿਨ ਤੱਕ ਉੱਥੇ ਟਿਕਿਆ ਰਹਿ ਸਕਦਾ ਹੈ।
ਵਿਸ਼ਵ ਸਿਹਤ ਸੰਸਥਾ ਨੇ ਵੀ ਖ਼ਦਸ਼ਾ ਜ਼ਾਹਿਰ ਕੀਤਾ ਹੈ ਕਿ ਬੈਂਕ ਦੇ ਨੋਟਾਂ ਤੇ ਅਖ਼ਬਾਰੀ ਕਾਗਜ਼ਾਂ ਰਾਹੀਂ ਕੋਰੋਨਾ ਵਾਇਰਸ ਦੇ ਫੈਲਣ ਦਾ ਖ਼ਤਰਾ ਹੋ ਸਕਦਾ ਹੈ। ਇਸ ਬਾਰੇ ਹਾਲੇ ਤੱਕ ਸਪਸ਼ਟ ਖੋਜ ਸਾਹਮਣੇ ਨਹੀਂ ਆਈ। ਇਸੇ ਲਈ ਸਿਰਫ਼ ਧਿਆਨ ਰੱਖਣ ਦੀ ਲੋੜ ਹੈ। ਅਖ਼ਬਾਰਾਂ ਬਿਸਤਰਿਆਂ ਵਿਚ ਨਾ ਰੱਖੀਆਂ ਜਾਣ। ਇਹਤਿਆਤ ਵਜੋਂ ਪੜਨ ਬਾਅਦ ਹੱਥ ਤੇ ਮੇਜ਼ ਸਾਫ਼ ਕਰ ਲੈਣੇ ਚਾਹੀਦੇ ਹਨ।

ਸਵਾਲ 20.ਕੀ ਹਾਈਡਰੌਕਸੀ ਕਲੋਰੋਕਵਿਨ ਦਵਾਈ ਕੋਰੋਨਾ ਲਈ ਅਸਰਦਾਰ ਹੈ?
ਜਵਾਬ : ਹਾਲੇ ਕੋਵਿਡ 19 ਬੀਮਾਰੀ ਬਾਰੇ ਪੂਰੀ ਸਮਝ ਹੀ ਨਹੀਂ ਪੈ ਸਕੀ। ਇਸੇ ਲਈ ਵੱਖੋ-ਵੱਖ ਮੁਲਕਾਂ ਵਿਚ ਇਸ ਦੇ ਇਲਾਜ ਲਈ ਵੱਖੋ-ਵੱਖ ਦਵਾਈਆਂ ਦਾ ਤਜਰਬਾ ਕੀਤਾ ਜਾ ਰਿਹਾ ਹੈ।
ਹਾਈਡਰੌਕਸੀ ਕਲੋਰੋਕਵਿਨ ਦਵਾਈ ਬਿਨਾਂ ਲੋੜ ਦੇ ਨਹੀਂ ਖਾਣੀ ਚਾਹੀਦੀ। ਇਹ ਦਵਾਈ ਕਈ ਤਰਾਂ ਦੀਆਂ ਜੋੜਾਂ ਦੀਆਂ ਬੀਮਾਰੀਆਂ ਤੇ ਮਲੇਰੀਆ ਲਈ ਵਰਤੀ ਜਾਂਦੀ ਹੈ। ਇਸ ਦੇ ਮਾੜੇ ਅਸਰ ਨਜ਼ਰ ਅਤੇ ਦਿਲ ਉੱਤੇ ਪੈਂਦੇ ਹਨ। ਇਸ ਬੀਮਾਰੀ ਤੋਂ ਬਚਾਓ ਵਾਸਤੇ ਹਾਲੇ ਤਕ ਇਸ ਦੇ ਖਾਣ ਨਾਲ ਆਮ ਜਨਤਾ ਨੂੰ ਕੋਈ ਫ਼ਾਇਦਾ ਹੋਇਆ ਨਹੀਂ ਲੱਭਿਆ। ਸਿਰਫ਼ ਡਾਕਟਰੀ ਦੇਖ-ਰੇਖ ਹੇਠਾਂ, ਬੀਮਾਰੀ ਦੇ ਲੱਛਣ ਦਿਸਣ ਬਾਅਦ ਹੀ ਇਸ ਦੀ ਵਰਤੋਂ ਲੋੜ ਅਨੁਸਾਰ ਕੀਤੀ ਜਾ ਸਕਦੀ ਹੈ।

ਸਵਾਲ 21.ਕੀ ਕੋਈ ਦੇਸੀ ਦਵਾਈ ਬਚਾਓ ਲਈ ਖਾਧੀ ਜਾ ਸਕਦੀ ਹੈ?
ਜਵਾਬ : ਹਾਲੇ ਤਕ ਦੀਆਂ ਵਿਸ਼ਵ ਪੱਧਰੀ ਖੋਜਾਂ ਵਿਚ ਕੋਈ ਦੇਸੀ ਜਾਂ ਅੰਗਰੇਜ਼ੀ ਦਵਾਈ ਅਸਰਦਾਰ ਸਾਬਤ ਨਹੀਂ ਹੋਈ। ਸਿਰਫ਼ ਪਰਹੇਜ਼ ਤੇ ਸਾਫ਼ ਸਫਾਈ ਰੱਖਣ ਬਾਅਦ ਆਪਣੇ ਆਪ ਨੂੰ ਭੀੜ ਤੋਂ ਪਰਾਂ ਰੱਖ ਕੇ ਹੀ ਕੋਰੋਨਾ ਤੋਂ ਬਚਿਆ ਜਾ ਸਕਦਾ ਹੈ!

# ਚੀਨ ਦੀ ਲਾਪਰਵਾਹੀ ਕਾਰਨ ਕੋਰੋਨਾ ਦੁਨੀਆ ਭਰ ਵਿਚ ਫੈਲਿਆ



**- ਬ੍ਰਹਮ ਚੇਲਾਨੀ**

ਚੀਨ ਤੋਂ ਨਿਕਲੇ ਕੋਰੋਨਾ ਵਾਇਰਸ ਨੇ ਪੂਰੀ ਦੁਨੀਆ ਨੂੰ ਆਪਣੀ ਲਪੇਟ ਵਿਚ ਲੈ ਲਿਆ ਹੈ। ਜੇਕਰ ਚੀਨ ਨੇ ਸ਼ੁਰੂਆਤ ਵਿਚ ਇਸ ਦੀਆਂ ਸੂਚਨਾਵਾਂ ਲੁਕਾਉਣ ਦੀ ਥਾਂ ਕਾਰਗਰ ਕਦਮ ਚੁੱਕੇ ਹੁੰਦੇ ਤਾਂ ਅਜਿਹੇ ਵਿਸ਼ਵ ਪੱਧਰੀ ਸੰਕਟ ਦੀ ਨੌਬਤ ਹੀ ਨਹੀਂ ਆਉਂਦੀ। ਚੀਨ ਅਤੇ ਉਸ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਦੀ ਲਾਪਰਵਾਹੀ ਨੇ ਪੂਰੀ ਦੁਨੀਆ ਨੂੰ ਇਕ ਵੱਡੇ ਜਾਂ ਕਹਿ ਲਓ ਕਿ ਜਾਨਲੇਵਾ ਖ਼ਤਰੇ ਵਿਚ ਪਾ ਦਿੱਤਾ ਹੈ। ਉੱਥੇ ਲੋਕ ਇਸ ਵਾਇਰਸ ਦੇ ਸ਼ਿਕੰਜੇ ਵਿਚ ਫਸ ਕੇ ਦਮ ਤੋੜਦੇ ਰਹੇ ਅਤੇ ਚੀਨੀ ਪ੍ਰਸ਼ਾਸਨ ਝੂਠ ਦਾ ਸਹਾਰਾ ਲੈਂਦਾ ਰਿਹਾ। ਇਸ ਦੀ ਪੋਲ 21 ਜਨਵਰੀ ਨੂੰ ਜਾ ਕੇ ਖੁੱਲੀ ਜਦ ਚੀਨ ਨਾਲ ਜੁੜੀ ਇਨਫੈਕਸ਼ਨ ਦੇ ਮਾਮਲੇ ਥਾਈਲੈਂਡ ਅਤੇ ਤਾਇਵਾਨ ਵਿਚ ਵੀ ਸਾਹਮਣੇ ਆਏ ਜਦਕਿ ਪਹਿਲਾ ਮਾਮਲਾ ਵੁਹਾਨ ਵਿਚ ਦੋ ਮਹੀਨੇ ਪਹਿਲਾਂ ਹੀ ਸਾਹਮਣੇ ਆ ਗਿਆ ਸੀ। ਹੁਣ ਚੀਨ ਵਿਸ਼ਵ ਪੱਧਰੀ ਦਵਾਈ ਉਦਯੋਗ ਵਿਚ ਜ਼ਰੂਰੀ ਤੱਤਾਂ ਦੇ ਮੁੱਖ ਸਪਲਾਇਰ ਦੇ ਰੂਪ ਵਿਚ ਆਪਣੇ ਦਬਦਬੇ ਦੀ ਰਾਜਨੀਤੀ ਦਿਖਾਉਂਦੇ ਹੋਏ ਕਹਿ ਰਿਹਾ ਹੈ ਕਿ ਉਸ ਨੇ ਆਪਣੀ ਇਸ ਚੜਤ ਨੂੰ ਹਥਿਆਰ ਨਹੀਂ ਬਣਾਇਆ। ਚੀਨੀ ਨਿਊਜ਼ ਏਜੰਸੀ ਸ਼ਿਨਹੁਆ ਨੇ ਸਾਫ਼-ਸਪਸ਼ਟ ਲਹਿਜ਼ੇ ਵਿਚ ਕਿਹਾ ਹੈ ਕਿ ਜੇਕਰ ਚੀਨ ਇਸ ਸਮਰੱਥਾ ਨੂੰ ਢਾਲ ਬਣਾਉਂਦਾ ਤਾਂ ਅਮਰੀਕਾ ਵਿਚ ਕੋਰੋਨਾ ਦੇ ਮਾਮਲਿਆਂ ਦੀ ਭਿਆਨਕਤਾ ਦਾ ਸੈਲਾਬ ਆ ਜਾਂਦਾ। ਇਹ ਪਹਿਲਾ ਮੌਕਾ ਨਹੀਂ ਜਦ ਚੀਨ ਨੇ ਵਿਸ਼ਵ ਪੱਧਰੀ ਦਵਾ ਸਪਲਾਈ ਦੇ ਮਾਮਲੇ ਵਿਚ ਆਪਣੇ ਦਬਦਬੇ ਦਾ ਅਜਿਹਾ ਮੁਜ਼ਾਹਰਾ ਕੀਤਾ ਹੋਵੇ। ਚੀਨ ਐਕਟਿਵ ਫਾਰਮਾਸਿਊਟੀਕਲਜ਼ ਇੰਗ੍ਰੀਡੀਏਂਟਸ ਯਾਨੀ ਏਪੀਆਈ ਦਾ ਸਭ ਤੋਂ ਵੱਡਾ ਉਤਪਾਦਕ ਹੈ ਜਿਸ ਦਾ ਇਸਤੇਮਾਲ ਐਂਟੀਬਾਇਓਟਿਕ, ਵਿਟਾਮਿਨਜ਼, ਵੈਕਸੀਨ ਅਤੇ ਹੋਰ ਦਵਾਈਆਂ ਬਣਾਉਣ ਵਿਚ ਹੁੰਦਾ ਹੈ। ਚੀਨ ਦੇ ਅਰਥ ਸ਼ਾਸਤਰੀ ਲੀ ਡਾਓਕੁਈ ਨੇ ਚੀਨ ਵਿਰੁੱਧ ਚੁੱਕੇ ਜਾ ਰਹੇ ਕੁਝ ਕਦਮਾਂ ਦੇ ਜਵਾਬ ਵਿਚ ਬੀਤੇ ਸਾਲ ਏਪੀਆਈ ਦੀ ਬਰਾਮਦ ਨੂੰ ਘੱਟ ਕਰਨ ਦਾ ਸੁਝਾਅ ਦਿੱਤਾ ਸੀ। ਉਨ੍ਹਾਂ ਨੇ ਨੈਸ਼ਨਲ ਕਾਂਗਰਸ ਵਿਚ ਕਿਹਾ ਸੀ, " ਜਦ ਇਹ ਬਰਾਮਦ ਘੱਟ ਹੋ ਜਾਵੇਗੀ, ਉਦੋਂ ਕੁਝ ਵਿਕਸਤ ਦੇਸ਼ਾਂ ਦਾ ਸਿਹਤ ਢਾਂਚਾ ਢਹਿ-ਢੇਰੀ ਹੋ ਜਾਵੇਗਾ। ਹਾਲਾਂਕਿ ਕੋਵਿਡ-19 ਮਹਾਮਾਰੀ ਕਾਰਨ ਚੀਨੀ ਏਪੀਆਈ ਉਤਪਾਦਨ ਵਿਚ ਠਹਿਰਾਅ ਆ ਗਿਆ ਹੈ ਪਰ ਇਹ ਸਾਫ਼ ਹੈ ਕਿ ਚੀਨ ਵਿਚ ਦਵਾ ਅਤੇ ਹੋਰ ਬਣੀਆਂ ਵਸਤਾਂ ਸਸਤੇ ਵਿਚ ਤਿਆਰ ਹੋਣ ਦੀ ਦੁਨੀਆ ਬਹੁਤ ਵੱਡੀ ਕੀਮਤ ਦਾ ਭੁਗਤਾਨ ਕਰ ਚੁੱਕੀ ਹੈ। ਚੀਨ ਵਿਚ ਪਸਤ ਪਏ ਉਤਪਾਦਨ ਕਾਰਨ ਹੋਰ ਖੇਤਰਾਂ ਦੀ ਤਰ੍ਹਾਂ ਦਵਾਈਆਂ ਦੀ ਕੌਮਾਂਤਰੀ ਸਪਲਾਈ ਅਤੇ ਉਨ੍ਹਾਂ ਦੀਆਂ ਕੀਮਤਾਂ 'ਤੇ ਵੀ ਉਲਟ ਅਸਰ ਪਿਆ ਹੈ। ਭਾਰਤ ਦੁਨੀਆ ਵਿਚ ਸਭ ਤੋਂ ਵੱਧ ਜੈਨੇਰਿਕ ਦਵਾਈਆਂ ਬਣਾਉਂਦਾ ਹੈ ਪਰ ਚੀਨ ਤੋਂ ਏਪੀਆਈ ਸਪਲਾਈ ਵਿਚ ਅੜਿੱਕਾ ਪੈਣ ਕਾਰਨ ਭਾਰਤ ਨੇ ਇਸ ਮਹੀਨੇ ਤਮਾਮ ਆਮ ਦਵਾਈਆਂ ਦੀ ਬਰਾਮਦ ਨੂੰ ਸੀਮਤ ਕਰ ਦਿੱਤਾ ਹੈ ਤਾਂ ਜੋ ਘਰੇਲੂ ਪੱਧਰ 'ਤੇ ਦਵਾਈਆਂ ਦੀ ਕਿੱਲਤ ਨਾ ਹੋਵੇ। ਭਾਰਤ ਵਿਚ ਬਣਨ ਵਾਲੀਆਂ ਦਵਾਈਆਂ ਲਈ 70 ਫ਼ੀਸਦੀ ਏਪੀਆਈ ਚੀਨ ਤੋਂ ਆਉਂਦਾ ਹੈ। ਅਮਰੀਕਾ ਵਿਚ ਵਿਕਣ ਵਾਲੀਆਂ 97 ਫ਼ੀਸਦੀ ਐਂਟੀਬਾਇਓਟਿਕ ਦਵਾਈਆਂ ਵਿਚ ਚੀਨੀ ਏਪੀਆਈ ਹੀ ਲੱਗਦਾ ਹੈ। ਜੇਕਰ ਚੀਨ ਵਿਚ ਉਤਪਾਦਨ ਜਲਦ ਜ਼ੋਰ ਨਹੀਂ ਫੜਦਾ ਤਾਂ ਵਿਸ਼ਵ ਪੱਧਰ 'ਤੇ ਦਵਾਈਆਂ ਦੀ ਭਾਰੀ ਕਮੀ ਦਾ ਖ਼ਦਸ਼ਾ ਹੋਰ ਜ਼ਿਆਦਾ ਵੱਧ ਸਕਦਾ ਹੈ। ਕਈ ਦੇਸ਼ਾਂ ਵਿਚ ਤਾਂ ਦਵਾਈਆਂ ਦੀਆਂ ਕੀਮਤਾਂ ਵਿਚ ਭਾਰੀ ਇਜ਼ਾਫ਼ਾ ਵੀ ਹੋ ਗਿਆ ਹੈ ਜਿਸ ਵਿਚ ਕੋਵਿਡ-19 ਤੋਂ ਰੋਕਥਾਮ ਵਾਲੀਆਂ ਦਵਾਈਆਂ ਵੀ ਸ਼ਾਮਲ ਹਨ। ਇਸ ਤਰ੍ਹਾਂ ਦੇਖੀਏ ਤਾਂ ਚੀਨ ਕੋਵਿਡ-19 ਬਿਮਾਰੀ ਨੂੰ ਫੈਲਾਉਣ ਵਾਲਾ ਵੀ ਹੈ ਅਤੇ ਨਾਲ ਹੀ ਉਸ ਦੇ ਇਲਾਜ ਵਿਚ ਅੜਿੱਕਾ ਪਾਉਣ ਵਾਲਾ ਵੀ। ਜੇ ਚੀਨ ਨੇ ਇਸ ਮਹਾਮਾਰੀ 'ਤੇ ਉਦੋਂ ਰੋਕ ਲਗਾਉਣ ਲਈ ਉਪਾਅ ਕੀਤੇ ਹੁੰਦੇ ਜਦ ਉਸ ਨੇ ਵੁਹਾਨ ਵਿਚ ਸਿਰ ਚੁੱਕਿਆ ਸੀ ਤਾਂ ਦੁਨੀਆ ਨੂੰ ਇਕ ਵੱਡੇ ਨੁਕਸਾਨ ਤੋਂ ਬਚਾਇਆ ਜਾ ਸਕਦਾ ਸੀ। ਉਸ ਨੇ ਇਸ 'ਤੇ ਕਾਬੂ ਪਾਉਣ ਦੀ ਥਾਂ ਬਿਮਾਰੀ ਨੂੰ ਲੁਕਾਉਣ ਦੀ ਤਿਕੜਮਬਾਜ਼ੀ ਕੀਤੀ ਜਿਸ ਕਾਰਨ ਦੁਨੀਆ ਨੂੰ ਸਿਹਤ ਤੇ ਵਿੱਤੀ ਮੋਰਚੇ 'ਤੇ ਭਾਰੀ ਨੁਕਸਾਨ ਹੋਇਆ ਅਤੇ ਸਮਾਜਿਕ ਜਨਜੀਵਨ ਪੂਰੀ ਤਰ੍ਹਾਂ ਅਸਤ-ਵਿਅਸਤ ਹੋ ਗਿਆ।

ਸੱਚਾਈ 'ਤੇ ਪਰਦਾ ਪਾਉਣ ਅਤੇ ਸ਼ੀਸ਼ਾ ਦਿਖਾਉਣ ਵਾਲਿਆਂ ਨੂੰ ਟਿਕਾਣੇ ਲਗਾਉਣ ਦਾ ਚੀਨ ਦਾ ਕਾਲਾ ਅਤੀਤ ਰਿਹਾ ਹੈ। ਸਾਮਵਾਦੀ ਸੰਸਕ੍ਰਿਤੀ, ਜਵਾਬਦੇਹੀ ਦੀ ਘਾਟ ਅਤੇ ਗੁਪਤਤਾ ਦੇ ਮਾਹੌਲ ਕਾਰਨ ਉੱਥੇ ਹਾਲਾਤ ਹੋਰ ਖ਼ਰਾਬ ਹੋਏ। ਚੀਨ ਦੀ ਪੁਲਿਸ ਨੇ ਕੋਰੋਨਾ ਵਿਰੁੱਧ ਚੇਤਾਵਨੀ ਦੇਣ ਵਾਲੇ ਅੱਠ ਡਾਕਟਰਾਂ ਨੂੰ ਆਪਣੀ ਪਕੜ ਵਿਚ ਲੈ ਲਿਆ ਸੀ। ਸੰਨ 2002-03 ਵਿਚ ਕਹਿਰ ਢਾਹੁਣ ਵਾਲਾ ਸਾਰਸ ਵੀ ਚੀਨ ਤੋਂ ਹੀ ਨਿਕਲਿਆ ਸੀ। ਉਸ 'ਤੇ ਚੀਨੀ ਪ੍ਰਸ਼ਾਸਨ ਤਕਰੀਬਨ ਮਹੀਨੇ ਕੁ ਤਕ ਪਰਦਾ ਪਾਉਂਦਾ ਰਿਹਾ ਅਤੇ ਉਸ ਵਿਰੁੱਧ ਮੁਹਿੰਮ ਛੇੜਨ ਵਾਲੇ ਡਾਕਟਰ ਨੂੰ ਫ਼ੌਜ ਨੇ ਡੇਢ ਮਹੀਨੇ ਤਕ ਆਪਣੀ ਕੈਦ ਵਿਚ ਰੱਖਿਆ ਸੀ। ਇੰਨਾ ਹੀ ਨਹੀਂ, ਬੀਤੇ 19 ਮਹੀਨਿਆਂ ਦੌਰਾਨ ਅਫਰੀਕਨ ਸਵਾਈਨ ਫਲੂ ਦੇ ਮਾਮਲਿਆਂ ਨੂੰ ਲੁਕਾਉਣ ਦਾ ਨਤੀਜਾ ਇਹ ਨਿਕਲਿਆ ਕਿ ਦੁਨੀਆ ਮਵੇਸ਼ੀਆਂ ਦੀਆਂ ਸਭ ਤੋਂ ਵੱਡੀਆਂ ਮਹਾਮਾਰੀਆਂ ਵਿਚੋਂ ਇਕ ਦੀ ਲਪੇਟ ਵਿਚ ਹੈ। ਇਸ ਕਾਰਨ ਲੱਖਾਂ ਸੂਰਾਂ ਨੂੰ ਮਾਰਨਾ ਪਿਆ। ਕੋਵਿਡ-19 ਦੇ ਮਾਮਲੇ ਵਿਚ ਤਾਂ ਚੀਨ ਨੇ ਡਬਲਯੂਐੱਚਓ ਤਕ ਨੂੰ ਗੁਮਰਾਹ ਕੀਤਾ। 14 ਜਨਵਰੀ ਨੂੰ ਡਬਲਯੂਐੱਚਓ ਨੇ ਕਿਹਾ ਸੀ ਕਿ ਵਿਚੀਨ ਵਿਚ ਸਾਹਮਣੇ ਆਈ ਨਵੀਂ ਬਿਮਾਰੀ ਦੇ ਮਾਮਲੇ ਵਿਚ ਮਨੁੱਖ ਤੋਂ ਮਨੁੱਖ ਵਿਚ ਇਨਫੈਕਸ਼ਨ ਦੇ ਸੰਕੇਤ ਦਿਖਾਈ ਨਹੀਂ ਦਿੱਤੇ ਹਨ। ਇਕ ਅਧਿਐਨ ਮੁਤਾਬਕ ਚੀਨੀ ਪ੍ਰਸ਼ਾਸਨ ਨੇ ਜੋ ਕਦਮ ਚੁੱਕੇ ਹਨ ਜੇ ਉਨ੍ਹਾਂ ਨੂੰ ਤਿੰਨ ਹਫ਼ਤੇ ਪਹਿਲਾਂ ਹੀ ਚੁੱਕ ਲਿਆ ਜਾਂਦਾ ਤਾਂ ਨਾ ਸਿਰਫ਼ ਚੀਨ ਵਿਚ ਕੋਰੋਨਾ ਦੇ ਮਾਮਲੇ 95 ਫ਼ੀਸਦੀ ਘੱਟ ਹੋ ਜਾਂਦੇ ਬਲਕਿ ਇਸ ਦਾ ਭੂਗੋਲਿਕ ਪ੍ਰਸਾਰ ਵੀ ਸੀਮਤ ਹੁੰਦਾ। ਚੀਨੀ ਕਮਿਊਨਿਸਟ ਪਾਰਟੀ ਦੀ ਪ੍ਰਾਪੇਗੰਡਾ ਇਕਾਈ ਦੀ ਮਦਦ ਨਾਲ ਸ਼ੀ ਜਿਨਪਿੰਗ ਪ੍ਰਸ਼ਾਸਨ ਹੁਣ ਇਹ ਧਾਰਨਾ ਬਣਾਉਣ ਵਿਚ ਰੁੱਝਿਆ ਹੋਇਆ ਹੈ ਕਿ ਕੋਵਿਡ-19 ਵਰਗੀ ਆਫ਼ਤ ਨੂੰ ਕੰਟਰੋਲ ਕਰਨ ਵਿਚ ਚੀਨ ਨੇ ਕਿੱਦਾਂ ਮਿਸਾਲ ਕਾਇਮ ਕੀਤੀ ਜਦਕਿ ਇਹ ਉਸ ਦੀ ਲਾਪਰਵਾਹੀ ਹੀ ਸੀ ਜਿਸ ਕਾਰਨ ਜਾਨਲੇਵਾ ਵਾਇਰਸ ਦੁਨੀਆ ਭਰ ਵਿਚ ਫੈਲਿਆ। ਅਜਿਹਾ ਲੱਗਦਾ ਹੈ ਕਿ ਦੁਨੀਆ ਵਿਚ ਸਭ ਤੋਂ ਅਮੀਰ ਤੇ ਸ਼ਕਤੀਸ਼ਾਲੀ ਤਾਨਾਸ਼ਾਹੀ ਲਈ ਸੱਤਾ ਦੀ ਭੁੱਖ ਹੀ ਸਭ ਤੋਂ 'ਤੇ ਹੈ ਅਤੇ ਇਨਸਾਨੀ ਜ਼ਿੰਦਗੀ ਦਾ ਕੋਈ ਮੁੱਲ ਨਹੀਂ। ਸ਼ੀ ਜਿਨਪਿੰਗ ਪ੍ਰਸ਼ਾਸਨ ਦੀ ਕਰਤੂਤ ਦਾ ਦੁਨੀਆ 'ਤੇ ਬਹੁਤ ਦੂਰਗਾਮੀ ਪ੍ਰਭਾਵ ਪਿਆ ਹੈ। ਇਸ ਨਾਲ ਨਾ ਸਿਰਫ਼ ਸਿਹਤ ਦੇ ਮੋਰਚੇ 'ਤੇ ਹੰਗਾਮੀ ਸਥਿਤੀ ਉਤਪੰਨ ਹੋਈ ਹੈ ਬਲਕਿ ਆਮ ਆਵਾਜਾਈ ਅਤੇ ਵਪਾਰ ਵਿਚ ਵੀ ਅੜਿੱਕਾ ਪੈ ਗਿਆ ਹੈ। ਕੌਮਾਂਤਰੀ ਵਿੱਤੀ ਤੰਤਰ ਤ੍ਰਾਹਿਮਾਮ ਕਰ ਰਿਹਾ ਹੈ। ਸ਼ੇਅਰ ਬਾਜ਼ਾਰਾਂ ਵਿਚ ਤਬਾਹੀ ਦਾ ਮੰਜ਼ਰ ਹੈ। ਵਿਸ਼ਵ ਮੰਦੀ ਦੀਆਂ ਬਰੂਹਾਂ 'ਤੇ ਖੜਾ ਹੈ। ਜੇ ਕਿਸੇ ਹੋਰ ਦੇਸ਼ ਨੇ ਸੰਸਾਰ ਨੂੰ ਇੰਨੇ ਡੂੰਘੇ ਸੰਕਟ ਵਿਚ ਫਸਾਇਆ ਹੁੰਦਾ ਤਾਂ ਉਹ ਪੂਰੀ ਦੁਨੀਆ ਦੇ ਗੁੱਸੇ ਦਾ ਸ਼ਿਕਾਰ ਬਣਦਾ। ਚੀਨ ਆਪਣੇ ਆਰਥਿਕ ਰਸੂਖ ਅਤੇ ਸਪਲਾਈ ਤੰਤਰ 'ਤੇ ਪਕੜ ਕਾਰਨ ਅਜਿਹੀ ਸਥਿਤੀ ਦਾ ਸਾਹਮਣਾ ਕਰਨ ਤੋਂ ਬਚ ਨਿਕਲਿਆ ਹੈ।

ਇਸ ਸੰਕਟ ਦਾ ਬੁਨਿਆਦੀ ਸਬਕ ਇਹੀ ਹੈ ਕਿ ਲਗਾਤਾਰ ਜੁੜਦੀ ਅਤੇ ਇਕ-ਦੂਜੇ 'ਤੇ ਨਿਰਭਰ ਹੁੰਦੀ ਦੁਨੀਆ ਦੇ ਦੌਰ ਵਿਚ ਹਕੀਕਤ 'ਤੇ ਪਰਦਾ ਪਾਉਣਾ ਵਿਸ਼ਵੀਕਰਨ ਅਤੇ ਕੌਮਾਂਤਰੀ ਸੁਰੱਖਿਆ ਲਈ ਵੱਡਾ ਝਟਕਾ ਹੈ। ਕੋਵਿਡ-19 ਦੇ ਫੱਟ ਦਾ ਵਿਸ਼ਵ ਪੱਧਰੀ ਪ੍ਰਭਾਵ ਇਹੀ ਰੇਖਾਂਕਿਤ ਕਰਦਾ ਹੈ ਕਿ ਸ਼ੀ ਜਿਨਪਿੰਗ ਦੀ ਦਬੰਗਈ ਦੀ ਕੀਮਤ ਚੀਨ ਤੋਂ ਬਾਹਰ ਵੀ ਅਦਾ ਕਰਨੀ ਪੈ ਰਹੀ ਹੈ। ਦੁਨੀਆ ਨੂੰ ਇਸ ਸੰਕਟ ਤੋਂ ਹੋਰ ਸਬਕ ਲੈਣੇ ਚਾਹੀਦੇ ਹਨ। ਵਿਸ਼ਵ ਪੱਧਰੀ ਸਪਲਾਈ ਚੇਨ 'ਤੇ ਚੀਨ ਦੇ ਦਬਦਬੇ ਦੀ ਸਮੀਖਿਆ ਕੀਤੀ ਜਾਵੇ। ਦਵਾਈਆਂ ਅਤੇ ਵੈਕਸੀਨ ਦੇ ਮਾਮਲੇ ਵਿਚ ਚੀਨ 'ਤੇ ਨਿਰਭਰਤਾ ਘਟਾਉਣੀ ਹੋਵੇਗੀ। ਭਾਰਤੀ ਦਵਾਈ ਨਿਰਮਾਣਕਾਰਾਂ ਨੂੰ ਵੀ ਚੀਨੀ ਸਮੱਗਰੀ ਦਾ ਬਦਲ ਲੱਭਣਾ ਹੋਵੇਗਾ। ਭਾਰਤੀ ਅਰਥਚਾਰੇ ਦੀ ਚੰਗੀ ਸਿਹਤ ਲਈ ਇਹ ਬਹੁਤ ਜ਼ਰੂਰੀ ਹੈ ਕਿ ਚੀਨ 'ਤੇ ਲੋੜ ਤੋਂ ਵੱਧ ਨਿਰਭਰ ਨਾ ਹੋਇਆ ਜਾਵੇ। ਭਾਰਤ ਸਰਕਾਰ ਦੇਸ਼ ਵਿਚ ਕਾਰੋਬਾਰੀ ਮਾਹੌਲ ਨੂੰ ਸਰਲ ਅਤੇ ਸੁਖਾਵਾਂ ਬਣਾ ਕੇ ਚੀਨ 'ਤੇ ਨਿਰਭਰਤਾ ਘੱਟ ਕਰ ਸਕਦੀ ਹੈ। ਜਦ ਚੀਨ ਨੂੰ ਅਜਿਹੇ ਝਟਕੇ ਲੱਗਣੇ ਸ਼ੁਰੂ ਹੋਣਗੇ ਤਾਂ ਹੀ ਉਸ ਦੀ ਅਕਲ ਟਿਕਾਣੇ ਆਵੇਗੀ। ਦੁਨੀਆ ਦੀਆਂ ਮਹਾਸ਼ਕਤੀਆਂ ਖ਼ਾਸ ਤੌਰ 'ਤੇ ਅਮਰੀਕਾ ਅਤੇ ਚੀਨ ਦਾ ਜਦ ਤਕ ਗ਼ੈਰ-ਜ਼ਿੰਮੇਵਾਰਾਨਾ ਵਤੀਰਾ ਜਾਰੀ ਰਹਿੰਦਾ ਹੈ, ਉਦੋਂ ਤਕ ਦੁਨੀਆ ਨੂੰ ਅਜਿਹੀਆਂ ਮਨੁੱਖ ਦੁਆਰਾ ਸਿਰਜੀਆਂ ਆਫ਼ਤਾਂ ਦਾ ਸਾਹਮਣਾ ਕਰਨਾ ਹੀ ਪਵੇਗਾ।

# ਸੁੰਨੇ ਸੁੰਨੇ ਰਾਹਵਾਂ ਵਿੱਚ ਕੋਈ ਕੋਈ ਪੈੜ ਏ...



**- ਮਨਜਿੰਦਰ ਸਿੰਘ ਸਰੌਦ**

ਕਦੇ ਕਿਸੇ ਨੇ ਸੋਚਿਆ ਵੀ ਨਹੀਂ ਹੋਣਾ ਕਿ ਕੋਰੋਨਾ ਵਰਗੀ ਨਾ-ਮੁਰਾਦ ਬਿਮਾਰੀ ਕਾਰਨ ਦੁਨੀਆਂ ਇੱਕ ਤਰਾਂ ਨਾਲ ਰੁਕ ਜਾਵੇਗੀ 'ਤੇ ਚਾਰੇ ਪਾਸੇ ਇੱਕ ਖੌਫ਼ਜ਼ਦਾ ਸੰਨਾਟਾ ਛਾ ਜਾਵੇਗਾ ਅਤੇ ਸੁੰਨੀਆਂ ਹੋ ਜਾਣਗੀਆਂ 24 ਘੰਟੇ ਚੱਲਣ ਵਾਲੀਆਂ ਉਹ ਸੜਕਾਂ , ਭਰੇ ਬਾਜ਼ਾਰ ਅਤੇ ਕਦੇ ਵੀ ਕਿਸੇ ਆਮ ਆਦਮੀ ਨੂੰ ਸਮਾਂ ਨਾ ਦੇਣ ਵਾਲੀਆਂ ਵੱਡੀਆਂ ਹਸਤੀਆਂ ਲੋਕਾਂ ਦੇ ਦਰਸ਼ਨਾਂ ਨੂੰ ਤਰਸ ਜਾਣਗੀਆਂ । ਇਸ ਸਾਰੇ ਘਟਨਾਕ੍ਰਮ ਦੀ ਸਭ ਤੋਂ ਅਹਿਮ ਗੱਲ ਇਹ ਹੋਵੇਗੀ ਕਿ ਇਹ ਸਮਾਂ 'ਨੰਗਾ' ਕਰ ਦੇਵੇਗਾ ਉਨਾਂ ਲੋਕਾਂ ਨੂੰ ਜਿਹੜੇ ਹਰ ਸਮੇਂ ਆਪਣੇ ਆਪ ਨੂੰ ਗੁਰਬਤ ਦੇ ਮਾਰੇ ਇਨਸਾਨਾਂ ਦੀ ਜ਼ਿੰਦਗੀ ਦਾ ਅਸਲ ਸੇਵਾਦਾਰ ਕਹਾਉਂਦੇ ਸਨ ।

ਪੰਜਾਬ ਅੰਦਰ 22 ਮਾਰਚ ਤੋਂ ਕੀਤੀ ਗਈ ਤਾਲਾਬੰਦੀ ਕਾਰਨ ਪੂਰੇ ਸੂਬੇ ਦੀ ਦੁਨੀਆਂ ਥੰਮ ਚੁੱਕੀ ਹੈ ਲੋਕ ਆਪੋ-ਆਪਣੇ ਘਰਾਂ ਵਿੱਚ ਕੈਦ ਹਨ , ਕੇਵਲ ਸੜਕਾਂ ਉੱਤੇ ਪੁਲਿਸ ਅਤੇ ਡਾਕਟਰਾਂ ਦੀਆਂ ਗੱਡੀਆਂ ਦੀ ਆਵਾਜਾਈ ਤੋਂ ਇਲਾਵਾ ਬੇਹੱਦ ਜ਼ਰੂਰੀ ਵਸਤਾਂ ਦੀ ਸਪਲਾਈ ਕਰਨ ਵਾਲੇ ਜ਼ਰੂਰ ਵਿਖਾਈ ਦਿੰਦੇ ਹਨ। ਜਿਨਾਂ ਸੜਕਾਂ 'ਤੇ ਕੁੱਝ ਦਿਨ ਪਹਿਲਾਂ ਤਿਲ ਸੁੱਟਣ ਨੂੰ ਜਗਾ ਨਹੀਂ ਸੀ ਮਿਲਦੀ ਅੱਜ ਉਨਾਂ ਸੜਕਾਂ 'ਤੇ ਦੁਪਹਿਰ ਮੌਕੇ ਨਿੱਕਲਦਿਆਂ ਇੱਕ ਓਪਰੀ ਜਿਹੀ ਕਿਸਮ ਦਾ ਡਰ ਆਉਂਦੇ ਅਤੇ ਕਈ-ਕਈ ਕਿਲੋਮੀਟਰ ਤੱਕ ਕੋਈ ਇਨਸਾਨ ਨਜ਼ਰ ਨਹੀਂ ਪੈਂਦਾ । ਸ਼ਾਇਦ ਇਸ ਚੁੱਪ ਅਤੇ ਸੰਨਾਟੇ ਅੰਦਰ ਅੱਜ ਇਨਸਾਨ ਦੀ ਜ਼ਿੰਦਗੀ ਛੁਪੀ ਹੈ ਇਸ ਲਈ ਕੋਈ ਵੀ ਬਾਹਰ ਨਿਕਲਕੇ ਜ਼ਿੰਦਗੀ ਦਾ ਰਿਸਕ ਲੈਣ ਨੂੰ ਤਿਆਰ ਨਹੀਂ। ਸਮੇਂ ਦਾ ਫੇਰ ਵੇਖੋ ਜਿਹੜੇ ਕਲਾਕਾਰ ਫੋਨ ਕਰਨ 'ਤੇ ਕਿਸੇ ਗੀਤ ਦੀ ਸ਼ੂਟਿੰਗ ਵਿੱਚ ਬਿਜੀ ਹੋਣ ਦਾ ਬਹਾਨਾ ਲਾਉਂਦੇ ਨਹੀਂ ਸੀ ਥੱਕਦੇ ਉਨਾਂ ਨੂੰ ਕੋਰੋਨਾ ਨੇ ਘਰਾਂ ਵਿੱਚ ਡੱਕ ਦਿੱਤੈ ਅਤੇ ਉਨਾਂ ਕੋਲੋਂ ਚਹਿਲ-ਪਹਿਲ ਨਾਂ ਦੀ ਜ਼ਿੰਦਗੀ ਮਨਫ਼ੀ ਹੋ ਚੁੱਕੀ ਹੈ ਹੁਣ ਉਹ ਆਪਣੇ ਮਨ ਦੀ



ਭੜਾਸ ਸਿਰਫ਼ ਆਪਣੇ ਬਾਜੇ ਜ਼ਰੀਏ ਸੋਸ਼ਲ ਮੀਡੀਆ 'ਤੇ ਜਾਂ ਆਪਣੇ ਸਰੋਤਿਆਂ ਦੇ ਨਾਲ ਫੋਨ 'ਤੇ ਦਿਲ ਦੀਆਂ ਗੱਲਾਂ ਕਰਕੇ ਕੱਢਦੇ ਨੇ , ਇਹ ਗੱਲ ਵੱਖਰੀ ਹੈ ਕਿ ਇਹ ਉਹੀ ਸਰੋਤੇ ਨੇ ਜਿਨਾਂ ਨੂੰ ਇਨਾਂ ਕਲਾਕਾਰਾਂ ਵੱਲੋਂ ਕਦੇ ਗੱਲ ਕਰਨ ਦਾ ਸਮਾਂ ਵੀ ਨਹੀਂ ਸੀ ਦਿੱਤਾ ਜਾਂਦਾ । ਸਮਾਂ ਬੜਾ ਬਲਵਾਨ ਹੁੰਦੈ ਚੱਤੋਪਹਿਰ ਬਾਊਂਸਰਾਂ ਵਿੱਚ ਘਿਰੇ ਰਹਿਣ ਵਾਲੇ ਅੱਜ ਇੱਕ ਅਨੋਖੀ ਤਰਾਂ ਦੀ ਕੈਦ ਕੱਟ ਰਹੇ ਪ੍ਰਤੀਤ ਹੁੰਦੇ ਨੇ। ਹਰ ਰੋਜ਼ ਕਈ ਪ੍ਰੋਗਰਾਮਾਂ 'ਤੇ ਹਾਜ਼ਰੀ ਲਗਾਉਣ ਵਾਲੇ ਵੱਡੇ ਲੋਕ ਘਰਾਂ ਵਿਚ ਬੰਦ ਨੇ , ਜਿਨਾਂ ਕੋਲ ਕਦੇ ਇੱਕ ਮਿੰਟ ਦੀ ਵੇਹਲ ਨਹੀਂ ਸੀ ਹੁੰਦੀ ਉਨਾਂ ਨੂੰ ਅੱਜ ਕੋਈ ਵਿਅਕਤੀ ਜ਼ੁਬਾਨ ਸਾਂਝੀ ਕਰਨ ਵਾਲਾ ਵੀ ਨਹੀਂ ਮਿਲ ਰਿਹਾ ਜਾਂ ਉਹ ਮਿਲਣਾ ਹੀ ਨਹੀਂ ਚਾਹੁੰਦੇ , ਕਿਉਂਕਿ ਜ਼ਿੰਦਗੀ ਰਹੀ ਤਾਂ ਸਭ ਕੁਝ ਹਾਸਲ ਕੀਤਾ ਜਾ ਸਕਦਾ ਹੈ , ਲੱਗਦੈ ਇਸ ਕਹਾਵਤ 'ਤੇ ਪਹਿਰਾ ਦਿੱਤਾ ਜਾ ਰਿਹਾ ਹੈ । ਬਿਨਾਂ ਸ਼ੱਕ ਮਨੁੱਖੀ ਜ਼ਿੰਦਗੀਆਂ ਨੂੰ ਬਚਾਉਣ ਦੇ ਲਈ ਡਾਕਟਰ ਪੁਲਿਸ ਕਰਮੀ ਅਤੇ ਸਮਾਜ ਸੇਵੀ ਸੱਜਣ ਆਪਣੀ ਵਾਹ ਜ਼ਰੂਰ ਲਾ ਰਹੇ ਨਜਰੀ ਪੈਂਦੇਂ ਹਨ , ਦਾਦ ਦੇਣੀ ਬਣਦੀ ਹੈ ਇਨਾਂ ਜੰਗਜੂ ਜਰਨੈਲਾਂ ਦੀ ।

ਕਈ ਵੱਡੇ-ਵੱਡੇ ਭਲੇ ਪੁਰਸ਼ਾਂ ਦੇ ਚਿਹਰਿਆਂ ਤੋਂ ਇਸ ਕੋਰੋਨਾ ਨਾਮ ਦੇ ਇਸ ਛੋਟੇ ਜਿਹੇ ਵਾਇਰਸ ਨੇ ਨਕਾਬ ਵੀ ਲਾਹ ਕੇ ਰੱਖ ਦਿੱਤੇ, ਅੱਜ ਇਨਸਾਨ ਇਨਸਾਨ ਤੋਂ ਭੱਜ ਰਿਹੈ , ਢਿੱਡੋਂ ਜੰਮੇ ਪਾਸਾ ਵੱਟ ਕੇ ਲੰਘਣ ਵਿੱਚ ਹੀ ਆਪਣੀ ਭਲਾਈ ਸਮਝਣ ਲੱਗੇ ਹਨ ਉਨਾਂ ਨੂੰ ਕੌਣ ਸਮਝਾਵੇ ਕਿ ਅੱਜ ਵੇਲਾ ਇਸ ਤਰਾਂ ਹੱਥ ਛੁਡਾ ਕੇ ਭੱਜਣ ਦਾ ਨਹੀਂ ਸਗੋਂ ਮੁਸ਼ਕਲ ਭਰੇ ਦੌਰ ਵਿੱਚੋਂ ਹੱਥ ਫੜ ਕੇ ਨਾਲ ਭਜਾਉਣ ਦਾ ਹੈ । ਕਈ ਵਿਚਾਰੇ ਭਵਿੱਖ ਦੇ ਆਗੂ ਬਣ ਕੇ ਸਮਾਜ ਸੇਵਾ ਦੇ ਨਾਂ 'ਤੇ ਸਿਆਸਤ ਦੀਆਂ ਰੋਟੀਆਂ ਜ਼ਰੂਰ ਪੱਕਾ ਰਹੇ ਨੇ ਇਹ ਤਾਂ ਸਮਾਂ ਹੀ ਦੱਸੇਗਾ ਕਿ ਉਨਾਂ ਦੀ ਸਿਆਸਤ ਦੀ ਕਿਸ਼ਤੀ ਬੰਨੇ ਲੱਗੇਗੀ ਜਾ ਨਹੀਂ ।

ਇਸ ਤਰਾਂ ਦੀਆਂ ਮਹਾਂਮਾਰੀਆਂ ਨਾਲ ਲੰਘੇ ਸਮੇਂ ਵੀ ਇਨਸਾਨ ਨੂੰ ਦੋ ਚਾਰ ਹੋਣਾ ਪਿਆ ਪਰ ਉਨਾਂ ਨੇ ਅੱਤ ਮੁਸ਼ਕਿਲ ਭਰੇ ਦੌਰ ਵਿੱਚੋਂ ਵੀ ਆਪਣਿਆਂ ਦਾ ਸਾਥ ਨਹੀਂ ਛੱਡਿਆ, ਉਂਝ ਤਾਂ ਅਸੀਂ ਪੰਜਾਬੀ ਲੋਕ ਆਪਣੇ ਆਪ ਨੂੰ ਅਣਖੀ ਅਤੇ ਬੇਹੱਦ ਜ਼ੋਖਮ ਭਰੇ ਵਿੱਚ ਸਮੇਂ ਵਿੱਚ ਵੀ ਨਾ ਡੋਲਣ ਵਾਲੇ ਅਖਵਾਉਨੇ ਹਾਂ ਪਰ ਕੋਰੋਨਾ ਨੇ ਅਜਿਹਾ ਕੀ ਕਰ ਦਿੱਤਾ ਕਿ ਅਸੀਂ ਇਸ ਸੰਸਾਰ ਤੋਂ ਜਾ ਚੁੱਕੇ ਆਪਣਿਆਂ ਨੂੰ ਹੀ ਪਛਾਨਣ ਤੋਂ ਇਨਕਾਰੀ ਹੋ ਗਏ । ਠੀਕ ਹੈ ਕਿ ਸਮਾਂ ਅੰਤਾਂ ਦਾ ਨਾਜ਼ੁਕ ਜ਼ਰੂਰ ਚੱਲ ਰਿਹੈ ਜਿਸ ਨੂੰ ਸਿਆਣਪ , ਸੂਝ-ਬੂਝ ਅਤੇ ਅਹਿਤਿਆਤ ਨਾਲ ਲੰਘਾਉਣ ਦੀ ਲੋੜ ਹੈ ਨਾ ਕਿ ਆਪਣੇ ਫ਼ਰਜ਼ਾਂ ਤੋਂ ਅੱਖਾਂ ਫੇਰ ਸਿਰਫ਼ 'ਤੇ ਸਿਰਫ਼ ਨਿੱਜ ਤੱਕ ਸੀਮਤ ਹੋ ਕੇ ਅਕ੍ਰਿਤਘਣ ਕਹਾਉਣ ਦੀ । ਖ਼ੈਰ ਕੁਝ ਵੀ ਹੋਵੇ ਅੱਜ ਇਸ ਰੁੱਕ ਚੁੱਕੀ ਦੁਨੀਆਂ 'ਤੇ ਪਸਰੇ ਸੰਨਾਟੇ ਦੇ ਵਿੱਚੋਂ ਇਨਸਾਨੀ ਜ਼ਿੰਦਗੀ ਦੇ ਦਰਸ਼ਨ ਹੋਣ ਅਤੇ ਅਸੀਂ ਇਸ ਜੰਗ ਨੂੰ ਜਿੱਤ ਕੇ ਆਉਣ ਵਾਲੇ ਭਵਿੱਖ ਦੇ ਦਰਾਂ ਤੇ ਦਸਤਕ ਦੇਣ ਵਿੱਚ ਕਾਮਯਾਬ ਹੋਈ ।

# ਕੋਵਿਡ-19 ਦਾ ਰਾਜਨੀਤਕ ਅਰਥਸ਼ਾਸਤਰ

– ਮਨੀਸ਼ ਆਜ਼ਾਦ

(ਮਨੀਸ਼ ਆਜ਼ਾਦ ਇੱਕ ਰਾਜਨੀਤਕ ਕਾਰਕੁੰਨ ਹਨ। ਇਸ ਲਈ ਸੱਤਾ ਦੇ ਜ਼ਬਰ ਦਾ ਸ਼ਿਕਾਰ ਵੀ ਹੋ ਚੁੱਕੇ ਹਨ। 29 ਫਰਵਰੀ ਨੂੰ 8 ਮਹੀਨੇ ਬਾਅਦ ਉਹ ਜੇਲ ਤੋਂ ਰਿਹਾਅ ਹੋ ਕੇ ਪਰਤੇ ਹਨ। ਇਸ ਤੋਂ ਪਹਿਲਾਂ ਵੀ ਉਹ 'ਦਸਤਕ' ਲਈ ਲਿਖਦੇ ਰਹੇ ਹਨ। ਉਹਨਾਂ ਦਾ ਇਹ ਲੇਖ ਕੋਰੋਨਾ ਵਾਇਰਸ ਦੀ ਮਹਾਂਮਾਰੀ ਨਾਲ ਜੁੜੇ ਤਮਾਮ ਪਹਿਲੂਆਂ ਦੀ ਨਜ਼ਰਸਾਨੀ ਕਰਦਾ ਹੈ। ਇਹ ਲੇਖ ਇਸ ਮਾਅਨੇ ਵਿੱਚ ਬਹੁਤ ਮਹੱਤਵਪੂਰਨ ਹੈ ਕਿ ਜਿੱਥੇ ਅਮਰੀਕੀ ਸਾਮਰਾਜਵਾਦ ਚੀਨ ਨੂੰ ਇਸਦੇ ਲਈ ਦੋਸ਼ੀ ਗਰਦਾਨ ਰਿਹਾ ਹੈ, ਉੱਥੇ ਹੀ ਭਾਰਤ ਇਸਦਾ ਸਾਰਾ ਠੀਕਰਾ ਮੁਸਲਮਾਨਾਂ ਸਿਰ ਭੰਨ ਰਿਹਾ ਹੈ। ਇਹ ਲੇਖ ਇਸ ਮਹਾਂਮਾਰੀ ਦੇ ਕਾਰਨਾਂ ਉੱਪਰ ਵਿਗਿਆਨਕ ਰੂਪ ਵਿੱਚ ਚਾਨਣਾ ਪਾਉਂਦਾ ਹੈ, ਤਾਂ ਕਿ ਭਵਿੱਖ ਵਿੱਚ ਅਸੀਂ ਆਪਣੀ ਤਰੱਕੀ ਦਾ ਰਾਹ ਸਾਫ ਸਾਫ ਦੇਖ ਸਕੀਏ)

ਨਾਜ਼ੀ ਜਰਮਨੀ ਵਿੱਚ ਜਦੋਂ 'ਸੋਫੀ' ਨਾਮ ਦੀ ਇੱਕ ਔਰਤ ਨੂੰ ਉਸਦੇ ਦੋ ਬੱਚਿਆਂ ਸਮੇਤ ਨਾਜ਼ੀ ਸਿਪਾਹੀ ਗੈਸ ਚੈਂਬਰ ਵਿੱਚ ਲੈ ਕੇ ਆਏ ਤਾਂ ਉਹਨਾਂ ਨੇ ਸੋਫੀ ਦੇ ਰੋਣ-ਕੁਰਲਾਉਣ ਤੋਂ ਮਗਰੋਂ ਉਸਦੇ ਦੋ ਬੱਚਿਆਂ ਵਿੱਚੋਂ ਇੱਕ ਨੂੰ ਜ਼ਿੰਦਾ ਛੱਡਣ ਦਾ ਵਾਅਦਾ ਕੀਤਾ, ਪਰ ਕੌਣ ਜ਼ਿੰਦਾ ਰਹੇਗਾ ਅਤੇ ਕੌਣ ਗੈਸ ਚੈਂਬਰ ਵਿੱਚ ਜਾਵੇਗਾ, ਇਸਦਾ ਫੈਸਲਾ ਉਹਨਾਂ ਨੇ ਸੋਫੀ 'ਤੇ ਹੀ ਛੱਡ ਦਿੱਤਾ। 1979 ਵਿੱਚ ਇਸੇ ਕਹਾਣੀ 'ਤੇ ਆਧਾਰਿਤ ਸੋਫੀਜ਼ ਚੁਆਇਸ ਨਾਮ ਦੇ ਨਾਵਲ ਦੀ ਸਫਲਤਾ ਤੋਂ ਬਾਅਦ ਅੰਗਰੇਜ਼ੀ ਵਿੱਚ 'ਸੋਫੀਜ਼ ਚੁਆਇਸ' (Sophie's choice) ਇੱਕ ਮੁਹਾਵਰਾ ਹੀ ਚੱਲ ਪਿਆ। ਅੱਜ ਜਦੋਂ ਮੈਂ ਕੋਰੋਨਾ ਵਾਇਰਸ ਨਾਲ ਭਿਆਨਕ ਲੌਕਡਾਊਨ ਝੱਲ ਰਹੀ ਦੁਨੀਆ ਨੂੰ ਦੇਖਦਾ ਹਾਂ ਤਾਂ ਮੈਨੂੰ ਅੰਗਰੇਜ਼ੀ ਦਾ ਇਹ ਮੁਹਾਵਰਾ ਯਾਦ ਆਉਂਦਾ ਹੈ। ਜੇ ਲੌਕਡਾਊਨ ਵੱਧਦਾ ਹੈ ਤਾਂ ਦੁਨੀਆ ਦੀ ਅਰਥ ਵਿਵਸਥਾ ਇੱਕ ਡੂੰਘੇ ਟੋਏ ਵਿੱਚ ਡਿੱਗ ਪਵੇਗੀ, ਕਰੋੜਾਂ ਲੋਕਾਂ ਅੱਗੇ ਆਪਣੀ ਹੋਂਦ ਬਚਾਉਣ ਦਾ ਸੰਕਟ ਖੜਾ ਹੋ ਜਾਵੇਗਾ ਅਤੇ ਜੇਕਰ ਲੌਕਡਾਊਨ ਖੋਲਦੇ ਹਨ ਤਾਂ ਕੋਰੋਨਾ ਮਹਾਂਮਾਰੀ ਲੱਖਾਂ ਕਰੋੜਾਂ ਲੋਕਾਂ ਨੂੰ ਨਿਗਲ ਸਕਦੀ ਹੈ। ਲਗਭਗ ਹਰ ਦੇਸ਼ ਵਿੱਚ ਇਹ ਦੁਬਿਧਾ ਮੂੰਹ ਅੱਡੀ ਖੜੀ ਹੈ। ਪਰ ਅਸਲ ਸਵਾਲ ਤਾਂ ਇਹ ਹੈ ਕਿ ਅਸੀਂ ਇੱਥੇ ਤੱਕ ਪਹੁੰਚੇ ਕਿਵੇਂ? ਕੀ ਇਹ ਹੋਣਾ ਹੀ ਸੀ? ਕੋਰੋਨਾ ਨੇ ਆਉਣਾ ਹੀ ਸੀ? ਜਾਂ ਇਸ ਪਿੱਛੇ ਚੀਨ ਦੀ ਸਾਜਿਸ਼ ਹੈ ਜਿਸਨੇ ਵਿਸ਼ਵ-ਜੇਤੂ ਬਣਨ ਲਈ ਕੋਰੋਨਾ ਨਾਲ ਪਹਿਲਾਂ ਆਪਣੇ ਲੋਕਾਂ ਨੂੰ ਮਾਰਿਆ ਅਤੇ ਫਿਰ ਪੂਰੀ ਦੁਨੀਆ ਨੂੰ ਮਾਰ ਰਿਹਾ ਹੈ। ਜਾਂ ਫਿਰ ਚੀਨ ਦੀ ਗੱਲ ਸਹੀ ਹੈ ਜੋ ਕਹਿ ਰਿਹਾ ਹੈ ਕਿ ਅਮਰੀਕਾ ਨੇ ਉਲੰਪਿਕ ਖੇਡਾਂ ਦੌਰਾਨ ਇਹ ਵਾਇਰਸ ਚੀਨ ਵਿੱਚ ਛੱਡਿਆ ਸੀ, ਤਾਂ ਕਿ ਚੀਨ ਨੂੰ ਕਮਜ਼ੋਰ ਕੀਤਾ ਜਾ ਸਕੇ। ਜਾਂ ਫਿਰ ਕੋਈ ਹੋਰ ਗੱਲ ਹੈ। ਆਓ ਕੁੱਝ ਜਾਂਚ ਕਰਦੇ ਹਾਂ। ਸਭ ਤੋਂ ਪਹਿਲੀ ਗੱਲ ਤਾਂ ਇਹ ਹੈ ਕਿ Scripps Research Instituteਸਮੇਤ ਹੋਰ ਅਨੇਕਾਂ ਪ੍ਰਯੋਗਸ਼ਾਲਾਵਾਂ ਨੇ ਕੋਵਿਡ-19 ਦੀ ਜੀਨ ਬਣਤਰ ਦਾ ਅਧਿਐਨ ਕਰਕੇ ਇਹ ਸਾਬਿਤ ਕੀਤਾ ਹੈ ਕਿ ਇਸਨੂੰ ਪ੍ਰਯੋਗਸ਼ਾਲਾਵਾਂ ਵਿੱਚ ਤਿਆਰ ਨਹੀਂ ਕੀਤਾ ਜਾ ਸਕਦਾ। ਇਸ ਲਈ ਇਹ ਆਪਣੇ ਆਪ ਵਿਕਸਤ (ਮਿਊਟੇਸ਼ਨ) ਹੋਇਆ ਹੈ। ਅਰਥਾਤ ਇਸ ਪਿੱਛੇ ਕਿਸੇ ਕਿਸੇ ਦੇਸ਼ ਦਾ ਹੱਥ ਨਹੀਂ ਹੈ। ਇਹ ਕੋਰੋਨਾ ਪਰਿਵਾਰ ਦਾ ਹੀ ਨਵਾਂ ਵਾਇਰਸ ਹੈ। ਇਸ ਪਰਿਵਾਰ ਦੇ ਹੀ ਸਾਰਸ ਨੇ ਵੀ 2003-04 ਵਿੱਚ ਦੁਨੀਆ ਦੇ ਕਈ ਦੇਸ਼ਾਂ ਵਿੱਚ ਤਬਾਹੀ ਮਚਾਈ ਸੀ। ਇਹ ਕੋਵਿਡ-19 ਸਾਰਸ-2 ਹੈ। ਇਹ ਚੀਨ ਦੇ ਵੂਹਾਨ ਸ਼ਹਿਰ ਵਿੱਚ ਪੈਦਾ ਹੋਇਆ ਦੱਸਿਆ ਜਾਂਦਾ ਹੈ (ਹਾਲਾਂਕਿ ਨਾਮਵਰ ਮੈਡੀਕਲ ਜਰਨਲ 'ਲੈਂਸੈੱਟ' ਅਨੁਸਾਰ ਸ਼ੁਰੂਆਤੀ 43 ਕੋਰੋਨਾ ਦੇ ਮਰੀਜ਼ਾਂ ਵਿੱਚੋਂ 13 ਮਰੀਜ਼ ਵੂਹਾਨ ਤੋਂ ਬਾਹਰ ਦੇ ਸਨ ਅਤੇ ਉਹਨਾਂ ਦਾ ਵੂਹਾਨ ਦੇ ਕੋਰੋਨਾ ਮਰੀਜ਼ਾਂ ਜਾਂ ਉੱਥੋਂ ਦੀ 'ਵੈੱਟ ਮਾਰਕਿਟ' ਨਾਲ ਕੋਈ ਸੰਪਰਕ ਨਹੀਂ ਸੀ)। ਦੂਜੀ ਕਹਾਣੀ ਮੀਡੀਆ ਵਿੱਚ ਇਹ ਹੈ ਕਿ ਇਹ ਵਾਇਰਸ ਉੱਥੋਂ ਦੇ 'ਵੈੱਟ ਬਾਜ਼ਾਰ' (ਮੱਛੀ ਅਤੇ ਤਰਾਂ ਤਰਾਂ ਦਾ ਮਾਸ ਵੇਚਣ ਵਾਲੇ ਛੋਟੇ ਬਾਜ਼ਾਰ ਜਿਵੇਂ ਆਪਣੇ ਇੱਥੋਂ ਦੀ ਕੋਈ ਮੱਛੀ ਮਾਰਕਿਟ) ਤੋਂ ਪੂਰੀ ਦੁਨੀਆ ਵਿੱਚ ਫੈਲਿਆ ਹੈ। Scripps Research Institute ਨੇ ਆਪਣੇ ਅਧਿਐਨ ਵਿੱਚ ਇਸ ਤੋਂ ਇਨਕਾਰ ਕੀਤਾ ਹੈ। ਉਸਦੇ ਅਨੁਸਾਰ ਕੋਵਿਡ-19 ਜਿਸ ਤਰਾਂ ਵਿਕਸਿਤ (ਮਿਊਟੇਸ਼ਨ) ਹੋਇਆ ਹੈ ਅਤੇ ਜਿਸ ਤਰਾਂ ਦੀ ਉਸਦੀ ਜੀਨ ਬਣਤਰ ਹੈ, ਉਸਦੇ ਲਈ ਜਾਨਵਰਾਂ ਦੀ ਉੱਚ ਆਬਾਦੀ ਘਣਤਾ (high population density) ਜ਼ਰੂਰੀ ਹੈ। ਅਤੇ ਇਹ ਜਾਨਵਰਾਂ ਦੇ ਉਦਯੋਗਿਕ ਉਤਪਾਦਨ ਵਾਲੀਆਂ ਥਾਵਾਂ 'ਤੇ ਹੀ ਸੰਭਵ ਹੈ। ਜਿੱਥੇ ਉਹਨਾਂ ਨੂੰ ਤੂੰਨ ਕੇ ਰੱਖਿਆ ਜਾਂਦਾ ਹੈ। ਚਿਕਨ ਅਤੇ ਸੂਰ ਦਾ ਉਤਪਾਦਨ ਵਿਸ਼ੇਸ਼ ਤੌਰ 'ਤੇ ਇਹੋ ਜਿਹੀਆਂ ਹਾਲਤਾਂ ਵਿੱਚ ਹੀ ਹੁੰਦਾ ਹੈ। ਖੋਜ ਵਿੱਚ ਇਹ ਕਿਹਾ ਗਿਆ ਹੈ ਕਿ ਕਿਉਂਕਿ ਸੂਰ ਦਾ 'ਇਮਿਊਨ ਸਿਸਟਮ' ਤੁਲਨਾਤਮਕ ਤੌਰ 'ਤੇ ਮਨੁੱਖ ਨਾਲ ਜ਼ਿਆਦਾ ਮੇਲ ਖਾਂਦਾ ਹੈ, ਇਸ ਲਈ ਇਹ ਕੋਵਿਡ-19 ਸੂਰਾਂ ਦੇ ਮਾਧਿਅਮ ਰਾਹੀਂ ਮਨੁੱਖ ਵਿੱਚ ਆਇਆ ਹੈ। ਇਸ ਖੇਤਰ ਵਿੱਚ ਕੰਮ ਕਰਨ ਵਾਲੀ ਮਸ਼ਹੂਰ ਵੈੱਬਸਾਈਟ grain.org ਦਾ ਇਹ ਦਾਅਵਾ ਵੀ ਸਹੀ ਲੱਗਦਾ ਹੈ ਕਿ ਕੋਰੋਨਾ ਦੇ ਬਹਾਨੇ ਵੂਹਾਨ ਦੀ 'ਵੈੱਟ ਮਾਰਕਿਟ' ਨੂੰ ਬੰਦ ਕਰਨ ਦੀ ਸਾਜਿਸ਼ ਦੇ ਤਹਿਤ ਇਹ ਪ੍ਰਚਾਰ ਕੀਤਾ ਜਾ ਰਿਹਾ ਹੈ, ਕਿਉਂਕਿ ਇਸ ਬਾਜ਼ਾਰ ਦੇ ਮਾਧਿਅਮ ਨਾਲ ਲੱਖਾਂ ਛੋਟੇ ਲੋਕਾਂ ਦਾ ਜੀਵਨ ਚੱਲਦਾ ਹੈ ਅਤੇ ਗਰੀਬ ਲੋਕਾਂ ਨੂੰ ਸਸਤਾ ਮੀਟ ਉਪਲਬਧ ਹੁੰਦਾ ਹੈ (ਇਹ ਛੋਟੇ ਅਤੇ ਗਰੀਬ ਲੋਕ ਆਮ ਤੌਰ 'ਤੇ ਉਹ ਹੀ ਹਨ ਜਿਹਨਾਂ ਪਾਸੋਂ ਸਮਾਜਵਾਦ ਤੋਂ ਬਾਅਦ ਦੇ ਦੌਰ ਵਿੱਚ ਉੱਥੋਂ ਦੇ 'ਕਾਪਰੇਟਿਵ' ਅਤੇ 'ਕਮਿਊਨਾਂ' ਨੂੰ ਤੋੜ ਕੇ ਉਹਨਾਂ ਦੀ ਜ਼ਮੀਨ ਖੋਹ ਲਈ ਗਈ ਅਤੇ ਉਹਨਾਂ ਉੱਪਰ ਹੀ ਅਨੇਕਾਂ ਪ੍ਰਕਾਰ ਦੇ ਵੱਡੇ ਵੱਡੇ ਉਦਯੋਗ, ਜਿਹਨਾਂ ਵਿੱਚ ਮੀਟ ਉਦਯੋਗ ਵੀ ਸ਼ਾਮਿਲ ਹੈ, ਅਤੇ ਵੱਡੇ ਵੱਡੇ ਖੇਤੀ ਉਦਯੋਗਿਕ ਫਾਰਮਾਂ ਦੀ ਸਥਾਪਨਾ ਕੀਤੀ ਗਈ)। ਜ਼ਾਹਿਰ ਹੈ ਕਿ ਵੱਡੇ ਮੀਟ ਉਦਯੋਗਾਂ ਦਾ ਹਿੱਤ ਇਸ ਵਿੱਚ ਹੀ ਹੈ ਕਿ ਇਹ 'ਵੈੱਟ ਮਾਰਕਿਟ' ਬੰਦ ਹੋ ਜਾਵੇ ਅਤੇ ਉਹਨਾਂ ਦੇ ਆਪਣਾ ਬਾਜ਼ਾਰ ਦਾ ਹੋਰ ਵਧੇਰੇ ਵਿਸਤਾਰ ਹੋ ਜਾਵੇ। ਇਸ ਤੋਂ ਪਹਿਲਾਂ ਕੋਰੋਨਾ ਪਰਿਵਾਰ ਦੇ ਸਾਰਸ ਕੋਰੋਨਾ ਨੇ ਵੀ 2003-04 ਵਿੱਚ ਕਾਫੀ ਲੋਕਾਂ ਦੀ ਜਾਨ ਲਈ ਸੀ। ਇਹ ਵਾਇਰਸ ਸਿਰਫ ਜਾਨਵਰਾਂ ਤੋਂ ਹੀ ਮਨੁੱਖਾਂ ਵਿੱਚ ਆਉਂਦਾ ਹੈ। ਇਸ ਤੋਂ ਪਹਿਲਾਂ ਸਵਾਈਨ ਫਲੂ (8੧©੧) ਨੇ ਵੀ ਪੂਰੀ ਦੁਨੀਆ ਵਿੱਚ ਲੱਖਾਂ ਲੋਕਾਂ ਦੀ ਜਾਨ ਲਈ ਸੀ (ਇਕੱਲੇ ਅਮਰੀਕਾ ਵਿੱਚ ਹੀ ਇਸ ਨਾਲ 1200 ਤੋਂ ਜ਼ਿਆਦਾ ਲੋਕ ਮਾਰੇ ਗਏ ਸਨ)। ਇਹ ਮੈਕਸੀਕੋ ਤੋਂ ਸ਼ੁਰੂ ਹੋਇਆ ਸੀ ਅਤੇ ਸ਼ੁਰੂ ਵਿੱਚ ਇਸ ਨੂੰ ਵੀ 'ਮੈਕਸੀਕਨ ਫਲੂ' ਦਾ ਨਾਮ ਦਿੱਤਾ ਗਿਆ ਜਿਵੇਂ ਅੱਜ ਕੋਰੋਨਾ ਨੂੰ 'ਚਾਇਨੀਜ਼ ਕੋਰੋਨਾ' ਕਿਹਾ ਜਾ ਰਿਹਾ ਹੈ। ਪਰ ਹੁਣ 'ਸਵਾਈਨ ਫਲੂ' ਬਾਰੇ ਕਾਫੀ ਜਾਣਕਾਰੀ ਮਿਲ ਗਈ ਹੈ। ਇਹ ਉਦਯੋਗਿਕ ਉਤਪਾਦਨ ਵਾਲੇ ਸੂਰਾਂ ਤੋਂ ਮਨੁੱਖ ਵਿੱਚ ਆਇਆ। ਮੈਕਸੀਕੋ ਦੇ ਇੱਕ ਸੂਰ ਮੀਟ ਉਦਯੋਗ ਤੋਂ ਇਸਦੀ ਸ਼ੁਰੂਆਤ ਹੋਈ। ਇਸ ਸੂਰ ਮੀਟ ਉਦਯੋਗ ਦਾ ਨਾਮ ਸੀ - 'ਸਮਿੱਥਫੀਲਡ ਫੂਡ ਕੰਪਨੀ'। ਇਹ ਅਮਰੀਕੀ ਕੰਪਨੀ ਦੁਨੀਆ ਦੀ ਤੀਜੀ ਸਭ ਤੋਂ ਵੱਡੀ ਸੂਰ ਦਾ ਉਤਪਾਦਨ ਅਤੇ ਉਸਦੀ ਪ੍ਰੋਸੈਸਿੰਗ ਕਰਨ ਵਾਲੀ ਕੰਪਨੀ ਹੈ। ਇਸਦੇ ਵੱਖ ਵੱਖ ਕਾਰਖਾਨਿਆਂ ਵਿੱਚ ਹਰ ਸਾਲ 28 ਮਿਲੀਅਨ ਸੂਰਾਂ ਨੂੰ ਕੱਟਿਆ ਜਾਂਦਾ ਹੈ ਅਤੇ ਪੂਰੇ ਦੁਨੀਆ ਵਿੱਚ ਅਨੇਕ ਰੂਪਾਂ (ਹਾਮ, ਸਾਸੇਸ ਬੇਕਨ, ਆਦਿ) ਵਿੱਚ ਉਸਦੀ ਸਪਲਾਈ ਹੁੰਦੀ ਹੈ। ਇਸਦੀਆਂ ਪ੍ਰਮੁੱਖ ਖਰੀਦਦਾਰ ਕੰਪਨੀਆਂ ਮੈਕਡਾਨਲਡ, ਕੇਐੱਫਸੀ, ਆਦਿ ਹਨ। ਇਹ ਵੀ ਅਮਰੀਕੀ ਕੰਪਨੀਆਂ ਹੀ ਹਨ। ਜਿਸ ਤਰਾਂ ਸਾਰੀਆਂ ਅਮਰੀਕੀ ਕੰਪਨੀਆਂ ਜਿਵੇਂ ਐਪਲ, ਪੈਪਸੀ, ਨਾਇਕ, ਜਨਰਲ ਮੋਟਰਜ਼, ਆਦਿ ਨੇ ਚੀਨ ਦੀ ਸਸਤੀ ਕਿਰਤ ਨੂੰ ਨਿਚੋੜਣ ਲਈ ਆਪਣੇ ਕਾਰਖਾਨੇ ਚੀਨ ਵਿੱਚ ਸਥਾਪਤ ਕੀਤੇ ਹਨ, ਇਸੇ ਤਰਾਂ ਇਸ ਕੰਪਨੀ ਦਾ ਇੱਕ ਵੱਡਾ ਕਾਰਖਾਨਾ ਚੀਨ ਵਿੱਚ ਵੀ ਹੈ। ਦੁਨੀਆ ਦੀ ਪੰਜਵੀਂ ਸੂਰ ਦਾ ਮਾਸ ਤਿਆਰ ਕਰਨ ਵਾਲੀ ਡੈਨਮਾਰਕ ਦੀ ਕੰਪਨੀ 'ਡੈਨਿਸ਼ ਕ੍ਰਾਊਨ', ਸੂਰ ਮੀਟ ਉਤਪਾਦਨ ਵਿੱਚ ਦੁਨੀਆ ਦੀ ਸੱਤਵੀਂ ਵੱਡੀ ਕੰਪਨੀ ਜਰਮਨੀ ਦੀ 'ਟੋਨੀ', ਇਹਨਾਂ ਸਾਰਿਆਂ ਦੇ ਚੀਨ ਵਿੱਚ ਮੀਟ ਉਤਪਾਦਨ ਅਤੇ ਉਸਦੀ ਪ੍ਰੋਸੈਸਿੰਗ ਦੇ ਵੱਡੇ ਕਾਰਖਾਨੇ ਹਨ। ਇਹ ਮੀਟ ਇੱਥੋਂ ਚੀਨ ਸਮੇਤ ਦੁਨੀਆ ਭਰ ਦੇ ਬਾਜ਼ਾਰਾਂ ਵਿੱਚ ਸਪਲਾਈ ਕੀਤਾ ਜਾਂਦਾ ਹੈ। 'ਮੈਕਡਾਨਲਡ' ਅਤੇ 'ਕੇਐੱਫਸੀ' ਵਰਗੀਆਂ ਕੰਪਨੀਆਂ ਇਸਦੀਆਂ ਪ੍ਰਮੁੱਖ ਖਰੀਦਦਾਰ ਹਨ। ਇਹ ਵੀ ਸਪੱਸ਼ਟ ਹੈ ਕਿ ਚੀਨੀ ਕੰਪਨੀਆਂ ਵੀ ਇਸ ਦੌੜ ਵਿੱਚ ਸ਼ਾਮਲ ਹਨ। 2008 ਦੀ ਮੰਦੀ ਤੋਂ ਬਾਅਦ ਦੁਨੀਆ ਦੀ ਸਭ ਤੋਂ ਵੱਡੀ ਨਿਵੇਸ਼ਕ ਕੰਪਨੀ 'ਗੋਲਡਮੈਨ ਸੈਸ਼' ਨੇ ਆਪਣੇ ਨਿਵੇਸ਼ ਨੂੰ ਵਿਭਿੰਨ ਕਰਨ ਦੀ ਕੋਸ਼ਿਸ਼ ਵਿੱਚ 300 ਮਿਲੀਅਨ ਡਾਲਰ ਦਾ ਨਿਵੇਸ਼ ਕਰਦੇ ਹੋਏ ਚੀਨ ਦੇ 10 ਵੱਡੇ ਪੋਲਟਰੀ ਫਾਰਮਾਂ 'ਤੇ ਕਬਜ਼ਾ ਕਰ ਲਿਆ। ਇਸ ਤੋਂ ਇਲਾਵਾ ਚੀਨ ਦੇ ਸੂਰ ਉਤਪਾਦਨ ਵਿੱਚ ਵੀ ਇਸਦਾ ਲਗਭਗ 200 ਮਿਲੀਅਨ ਡਾਲਰ ਦਾ ਨਿਵੇਸ਼ ਹੈ। ਇਸ ਤੋਂ ਇਲਾਵਾ ਦੂਜੀ ਵੱਡੀ ਅਮਰੀਕੀ ਕੰਪਨੀ 'ਓਐੱਸਆਈ' ਨਾਲ ਜੁੜਿਆ ਇੱਕ ਮਾਮਲਾ ਪਿਛਲੇ ਦਿਨੀਂ ਕਾਫੀ ਚਰਚਾ ਵਿੱਚ ਰਿਹਾ। ਇਹ ਕੰਪਨੀ ਚਿਕਨ ਮੀਟ ਨੂੰ ਪ੍ਰੋਸੈਸ ਕਰਦੀ ਹੈ ਅਤੇ ਇਸਦੇ ਵੀ ਚੀਨ ਵਿੱਚ 10 ਵੱਡੇ ਕਾਰਖਾਨੇ ਹਨ। ਇਹ ਵੀ ਮੈਕਡਾਨਲਡ ਅਤੇ ਕੇਐੱਫਸੀ ਵਰਗੀਆਂ ਅਮਰੀਕੀ ਕੰਪਨੀਆਂ ਦੇ ਮਾਧਿਅਮ ਨਾਲ ਹੀ ਚੀਨ ਸਮੇਤ ਪੂਰੀ ਦੁਨੀਆ ਦੇ ਬਾਜ਼ਾਰਾਂ ਵਿੱਚ ਮੀਟ ਦੇ ਵਿਭਿੰਨ ਰੂਪਾਂ ਦੀ ਸਪਲਾਈ ਕਰਦੀ ਹੈ। ਇਸਨੇ ਸੜੇ ਹੋਏ ਮਾਸ ਨੂੰ ਪ੍ਰੋਸੈਸ ਕਰਕੇ ਚੀਨ ਦੇ ਬਾਜ਼ਾਰਾਂ ਵਿੱਚ ਇਸਦੀ ਸਪਲਾਈ ਕਰ ਦਿੱਤੀ ਸੀ। ਜਿਸ ਕਾਰਨ ਚੀਨ ਵਿੱਚ ਇਸ 'ਤੇ ਭਾਰੀ ਜੁਰਮਾਨਾ ਲਗਾਇਆ ਗਿਆ ਅਤੇ 10 ਕਰਮਚਾਰੀਆਂ ਨੂੰ ਜੇਲ ਭੇਜ ਦਿੱਤਾ। ਇਹ ਵਿਸਥਾਰ ਇਸ ਲਈ ਜ਼ਰੂਰੀ ਹੈ ਤਾਂ ਕਿ ਅਸੀਂ ਦੇਖ ਸਕੀਏ ਕਿ ਦੁਨੀਆ ਦੇ ਲਗਭਗ 945 ਮਿਲੀਅਨ ਡਾਲਰ ਦੇ ਮੀਟ ਵਪਾਰ ਵਿੱਚ ਅਮਰੀਕਾ ਅਤੇ ਹੋਰ ਯੂਰਪੀ ਦੇਸ਼ਾਂ ਦੀ ਹਿੱਸੇਦਾਰੀ ਕੀ ਹੈ ਅਤੇ ਚੀਨ ਨਾਲ ਇਸਦਾ ਕੀ ਸੰਬੰਧ ਹੈ। ਆਓ ਨਜ਼ਰ ਮਾਰਦੇ ਹਾਂ ਕਿ ਇੱਥੇ ਉਤਪਾਦਨ ਕਿਵੇਂ ਕੀਤਾ ਜਾਂਦਾ ਹੈ। 1906 ਵਿੱਚ ਅਪਟਨ ਸਿੰਕਲੇਅਰ ਦਾ ਪ੍ਰਸਿੱਧ ਨਾਵਲ 'ਜੰਗਲ' ਆਇਆ ਸੀ। ਇਸ ਵਿੱਚ ਅਮਰੀਕੀ ਮੀਟ ਉਦਯੋਗ ਦਾ ਬਹੁਤ ਹੀ ਗ੍ਰਾਫਿਕ ਵੇਰਵਾ ਮਿਲਦਾ ਹੈ। ਉਸਦੀ ਇੱਕ ਪੰਕਤੀ ਅੱਜ ਵੀ ਮੈਨੂੰ ਯਾਦ ਹੈ। ਲੇਖਕ ਕਹਿੰਦਾ ਹੈ ਕਿ ਇੱਥੇ ਸੂਰਾਂ ਦੀ ਚੀਖ ਤੋਂ ਬਿਨਾਂ ਸਭ ਕੁੱਝ ਵੇਚ ਦਿੱਤਾ ਜਾਂਦਾ ਹੈ। ਪਰ ਅੱਜ ਮਾਮਲਾ 'ਜੰਗਲ' ਤੋਂ ਵੀ ਕਿਤੇ ਅੱਗੇ ਨਿਕਲ ਚੁੱਕਾ ਹੈ। ਅੱਜ ਉਦਯੋਗਾਂ ਵਿੱਚ ਜਿਸ ਤਰਾਂ ਜੁੱਤੇ ਜਾਂ ਕੱਪੜੇ ਬਣਾਏ ਜਾਂਦੇ ਹਨ, ਠੀਕ ਉਸੇ ਤਰਾਂ ਹੀ ਇੱਥੇ ਜੀਵਤ ਜਾਨਵਰਾਂ ਜਿਵੇਂ ਸੂਰ, ਚਿਕਨ, ਆਦਿ ਦਾ ਮੀਟ ਤਿਆਰ ਕੀਤਾ ਜਾਂਦਾ ਹੈ। ਵੱਖ ਵੱਖ ਤਰਾਂ ਦੀਆਂ ਐਂਟੀਬਾਇਓਟਿਕ ਦਵਾਈਆਂ, ਹਾਰਮੋਨਜ਼ ਅਤੇ ਜੈਨੇਟਿਕ ਇੰਜੀਨੀਅਰਿੰਗ ਦੇ ਸਹਾਰੇ ਇਸ ਨੂੰ ਤਿਆਰ ਕੀਤਾ ਜਾਂਦਾ ਹੈ (ਇਸ ਲਈ ਹੁਣ ਤਾਂ ਉਹਨਾਂ ਨੂੰ ਚੀਖਣ ਦੀ ਵੀ ਇਜਾਜ਼ਤ ਨਹੀਂ ਹੈ ਜਾਂ ਇਹ ਕਹੋ ਕਿ ਚੀਖਣਾ ਇਹਨਾਂ ਦੇ ਜੀਵਨ ਵਿੱਚ ਹੈ ਹੀ ਨਹੀਂ)। ਜਲਦੀ ਵੱਡਾ ਕਰਨ ਲਈ ਤਮਾਮ ਕਿਸਮ ਦੀਆਂ ਦਵਾਈਆਂ ਉਹਨਾਂ ਨੂੰ ਦਿੱਤੀਆਂ ਜਾਂਦੀਆਂ ਹਨ। ਕਿਉਂਕਿ ਉਹ ਜਿੰਨਾ ਦੇਰੀ ਨਾਲ ਵੱਡੇ ਹੋਣਗੇ, ਓਨਾ ਹੀ ਵਧੇਰੇ ਖਰਚਾ ਹੋਵੇਗਾ। ਖਰਚਾ ਘਟਾਉਣ ਲਈ ਹੀ ਉਹਨਾਂ ਨੂੰ ਝੁੰਡ ਵਿੱਚ ਰੱਖਿਆ ਜਾਂਦਾ ਹੈ ਜਿੱਥੇ ਉਹਨਾਂ ਦਾ ਹਿੱਲਣਾ-ਜੁਲਣਾ ਵੀ ਮੁਸ਼ਕਿਲ ਹੁੰਦਾ ਹੈ। ਪੂੰਜੀਵਾਦੀ ਤਰਕ ਅਨੁਸਾਰ ਉਤਪਾਦਨ ਦੀ ਲਾਗਤ ਨੂੰ ਘਟਾਉਣ ਲਈ ਉਹ ਨਿਰੰਤਰ ਉਹਨਾਂ ਦੀ ਜੀਨ ਬਣਤਰ ਵਿੱਚ ਬਦਲਾਵ ਕਰਦੇ ਰਹਿੰਦੇ ਹਨ। ਉਦਾਹਰਣ ਦੇ ਤੌਰ 'ਤੇ ਮੁਰਗੇ ਦੇ ਖੰਭ ਨੂੰ ਹਟਾਉਣਾ ਇੱਕ ਵਾਧੂ ਕੰਮ ਹੁੰਦਾ ਹੈ। ਜਿਸ ਵਿੱਚ ਕਿਰਤ ਅਤੇ ਸਮਾਂ ਦੋਵੇਂ ਲੱਗਦੇ ਹਨ। ਇਸ ਲਈ ਉਹਨਾਂ ਦੇ ਜੀਨਾਂ ਵਿੱਚ ਅਜਿਹੀ ਤਬਦੀਲੀ ਕੀਤੀ ਜਾਂਦੀ ਹੈ ਕਿ ਖੰਭ ਘੱਟ ਤੋਂ ਘੱਟ ਹੋਣ। ਇਸ ਤਰਾਂ ਚਿਕਨ, ਸੂਰ ਅਤੇ ਹੋਰ ਜਾਨਵਰਾਂ ਦੇ ਵੱਖ ਵੱਖ ਅੰਗ ਵੀ ਪੈਕ ਕਰਕੇ ਵੇਚੇ ਜਾਂਦੇ ਹਨ, ਜਿਵੇਂ ਮੁਰਗੇ ਦਾ 'ਲੈਗ ਪੀਸ'। ਇਸ ਲਈ ਇਹਨਾਂ ਜਾਨਵਰਾਂ ਵਿੱਚ ਅਜਿਹੀਆਂ ਤਬਦੀਲੀਆਂ ਕੀਤੀਆਂ ਜਾਂਦੀਆਂ ਹਨ ਕਿ ਸਾਰੇ ਜਾਨਵਰਾਂ ਦਾ ਆਕਾਰ (ਅਤੇ ਉਹਨਾਂ ਦੇ ਖਾਸ ਅੰਗਾਂ ਦਾ ਆਕਾਰ) ਲਗਭਗ ਇੱਕ ਬਰਾਬਰ ਹੋਵੇ, ਭਾਵ ਉਹਨਾਂ ਵਿੱਚ ਇਕਸਾਰਤਾ ਰਹੇ, ਨਹੀਂ ਤਾਂ ਉਹਨਾਂ ਨੂੰ ਤੋਲਣ ਦਾ ਇੱਕ ਵਾਧੂ ਕੰਮ ਜੁੜ ਜਾਵੇਗਾ। ਉਦਯੋਗਾਂ ਦੇ ਪੱਧਰ 'ਤੇ ਪੈਦਾ ਹੋਣ ਵਾਲੇ ਇਹ ਜਾਨਵਰ ਕੁਦਰਤੀ ਵਾਤਾਵਰਣ ਵਿੱਚ ਨਹੀਂ ਜੀਅ ਸਕਦੇ। ਇਹਨਾਂ ਲਈ ਇੱਕ ਬਣਾਉਟੀ ਵਾਤਾਵਰਣ ਬਣਾਉਣਾ ਪੈਂਦਾ ਹੈ। ਜਿਵੇਂ ਬਿਨਾਂ ਖੰਭ ਵਾਲੇ ਮੁਰਗੇ ਇੱਕ ਵਿਸ਼ੇਸ਼ ਤਾਪਮਾਨ 'ਤੇ ਹੀ ਜੀਵਤ ਰਹਿ ਸਕਦੇ ਹਨ। ਯਾਨੀ ਇੱਥੇ ਨਾ ਸਿਰਫ ਬਣਾਉਟੀ ਤਰੀਕੇ ਨਾਲ ਜਾਨਵਰਾਂ ਦਾ ਨਿਰਮਾਣ ਕੀਤਾ ਜਾਂਦਾ ਹੈ ਬਲਕਿ ਉਹਨਾਂ ਦੇ ਰਹਿਣ ਲਈ ਬਣਾਉਟੀ ਵਾਤਾਵਰਣ ਦਾ ਵੀ ਨਿਰਮਾਣ ਕੀਤਾ ਜਾਂਦਾ ਹੈ। ਪਰ ਇਸ ਪ੍ਰਕਿਰਿਆ ਵਿੱਚ ਹੁੰਦਾ ਇਹ ਹੈ ਕਿ ਇਹਨਾਂ ਜਾਨਵਰਾਂ ਦੀ ਪ੍ਰਤਿਰੋਧ ਸ਼ਕਤੀ ਲਗਭਗ ਖਤਮ ਹੋ ਜਾਂਦੀ ਹੈ। ਡਾਰਵਿਨ ਦਾ 'ਕੁਦਰਤੀ ਚੋਣ' ਦਾ ਨਿਯਮ ਇੱਥੇ ਕੰਮ ਨਹੀਂ ਕਰਦਾ। ਇਸ ਦੀ ਜਗਾ 'ਪੂੰਜੀਵਾਦੀ ਚੋਣ' ਲੈ ਲੈਂਦਾ ਹੈ। ਇਸ ਸਥਿਤੀ ਵਿੱਚ ਕੋਰੋਨਾ ਵਰਗੇ ਵਾਇਰਸ ਜਦੋਂ ਇਹਨਾਂ ਜਾਨਵਰਾਂ ਦੇ ਸੰਪਰਕ ਵਿੱਚ ਆਉਂਦੇ ਹਨ ਤਾਂ ਉਹਨਾਂ ਦੇ ਵਧਣ-ਫੁਲਣ ਦਾ (ਯਾਨੀ ਮਿਊਟੇਟ ਕਰਨ ਦਾ) ਅਤੇ ਹਜ਼ਾਰਾਂ ਲੱਖਾਂ ਜਾਨਵਰਾਂ ਦੇ ਇੱਕ ਝੁੰਡ ਵਿੱਚ ਹੋਣ ਕਰਕੇ ਤੇਜ਼ ਰਫਤਾਰ ਨਾਲ ਫੈਲਣਾ ਸੌਖਾ ਹੋ ਜਾਂਦਾ ਹੈ। ਜਦੋਂ ਇਹ ਜਾਨਵਰ ਆਪਣੇ ਕੁਦਰਤੀ ਵਾਤਾਵਰਣ ਵਿੱਚ ਕੁਦਰਤੀ ਢੰਗ ਨਾਲ ਮੁਕਾਬਲਤਨ ਦੂਰ ਦੂਰ ਪਲਦੇ ਹਨ ਤਾਂ ਉਹਨਾਂ ਦੀ ਪ੍ਰਤਿਰੋਧ ਸ਼ਕਤੀ ਮਜ਼ਬੂਤ ਹੁੰਦੀ ਹੈ ਅਤੇ ਵੱਖ ਵੱਖ ਹੁੰਦੀ ਹੈ। ਅਜਿਹੀ ਸਥਿਤੀ ਵਿੱਚ ਜਦੋਂ ਕੋਈ ਵਾਇਰਸ ਉਹਨਾਂ ਦੇ ਸੰਪਰਕ ਵਿੱਚ ਆਉਂਦਾ ਹੈ ਤਾਂ ਉਸ ਅੱਗੇ ਵਧਣ ਅਤੇ ਫੈਲਣ ਦਾ ਰਾਹ ਬਹੁਤ ਮੁਸ਼ਕਲ ਹੁੰਦਾ ਹੈ। ਇੱਕ ਤਰਾਂ ਨਾਲ ਵਾਇਰਸ ਦੇ ਸਾਹਮਣੇ ਕਈ ਅੜਚਨਾਂ ਖੜੀਆਂ ਹੁੰਦੀਆਂ ਹਨ। ਅਤੇ ਕੁਦਰਤੀ ਚੋਣ ਦੁਆਰਾ ਵਾਇਰਸ ਨਾਲ ਬਿਹਤਰ ਤਰੀਕੇ ਨਾਲ ਲੜ ਸਕਣ ਵਾਲੇ ਜਾਨਵਰਾਂ ਦੀ ਚੋਣ ਹੁੰਦੀ ਰਹਿੰਦੀ ਹੈ। ਪਰ ਜਦੋਂ ਇਹਨਾਂ ਨੂੰ ਬਾਜ਼ਾਰ ਦੇ ਦਬਾਅ ਹੇਠ ਉਦਯੋਗਾਂ ਦੀ ਤਰਜ਼ 'ਤੇ ਪੈਦਾ ਕੀਤਾ ਜਾਂਦਾ ਹੈ ਤਾਂ ਇੱਕ ਤਰਾਂ ਨਾਲ ਵਾਇਰਸ ਨੂੰ ਤੇਜ਼ੀ ਨਾਲ ਫੈਲਣ ਅਤੇ ਵਿਕਸਤ (ਮਿਊਟੇਟ) ਹੋਣ ਲਈ ਖੁੱਲਾ ਰਾਹ ਮਿਲ ਜਾਂਦਾ ਹੈ। ਇਸ ਉਦਯੋਗ ਵਿੱਚ ਕੰਮ ਕਰਨ ਵਾਲੇ ਲੋਕਾਂ ਨਾਲ ਇਹ ਫਿਰ ਪੂਰੇ ਸਮਾਜ ਅਤੇ ਵਿਸ਼ਵੀਕਰਨ ਦੇ ਇਸ ਦੌਰ ਵਿੱਚ ਪੂਰੀ ਦੁਨੀਆ ਵਿੱਚ ਫੈਲ ਜਾਂਦਾ ਹੈ। ਉਦਯੋਗਿਕ ਪੱਧਰ 'ਤੇ ਉਤਪਾਦਨ ਦੇ ਕਾਰਨ ਲੱਖਾਂ ਲੋਕ, ਖਾਸਕਰ ਇਹਨਾਂ ਉਦਯੋਗਾਂ ਵਿੱਚ ਕੰਮ ਕਰਨ ਵਾਲੇ ਮਜ਼ਦੂਰ, 12-14 ਘੰਟੇ ਲਗਾਤਾਰ ਇਹਨਾਂ ਜਾਨਵਰਾਂ ਅਤੇ ਹੋਰ ਕਿਸਮਾਂ ਰਾਹੀਂ ਇਹਨਾਂ ਵਾਇਰਸਾਂ ਦੇ ਸੰਪਰਕ ਵਿੱਚ ਰਹਿੰਦੇ ਹਨ। ਇੰਨੇ ਲੰਮੇ ਸਮੇਂ ਤੱਕ ਬਹੁਤ ਸਾਰੇ ਲੋਕਾਂ ਵਿੱਚ ਰਹਿਣ ਕਾਰਨ ਇਹਨਾਂ ਦੇ ਅੰਦਰ ਵੀ ਵਾਇਰਸ ਦੇ 'ਮਿਊਟੇਟ' ਕਰਨ ਦੀ ਪੂਰੀ ਸੰਭਾਵਨਾ ਰਹਿੰਦੀ ਹੈ। ਕੋਵਿਡ-19 ਵਾਇਰਸ ਅਤੇ ਇਸ ਤੋਂ ਪਹਿਲਾਂ ਆਉਣ ਵਾਲੇ ਅਨੇਕਾਂ ਵਾਇਰਸ ਜਿਵੇਂ ਸਾਰਸ, ਇਬੋਲਾ, ਸਵਾਈਨ ਫਲੂ, ਜ਼ੀਕਾ, ਮਰਸ ਦਾ ਇਸ ਤਰਾਂ ਦੇ ਉਦਯੋਗਿਕ ਮੀਟ ਉਤਪਾਦਨ ਨਾਲ ਰਿਸ਼ਤਾ ਹੁਣ ਸਪੱਸ਼ਟ ਹੋ ਚੁੱਕਾ ਹੈ। 'ਬਿੱਗ ਫਾਰਮਜ਼ ਮੇਕ ਬਿੱਗ ਫਲ' (Big Farms Make Big Flu) ਜਿਹੀ ਚਰਚਿਤ ਕਿਤਾਬ ਲਿਖਣ ਵਾਲੇ ਜੀਵ ਵਿਗਿਆਨੀ 'ਰਾਬ ਵਾਲਸ' (Rob Wallace) ਕਹਿੰਦੇ ਹਨ, ਜਿਹੜਾ ਵੀ ਇਹ ਸਮਝਣਾ ਚਾਹੁੰਦਾ ਹੈ ਕਿ ਵਾਇਰਸ ਨਿਰੰਤਰ ਇੰਨੇ ਘਾਤਕ ਕਿਉਂ ਹੋ ਰਹੇ ਹਨ, ਉਹਨਾਂ ਨੂੰ ਖੇਤੀ ਦੇ ਉਦਯੋਗਿਕ ਮਾਡਲ ਅਤੇ ਖਾਸਕਰ ਪਸ਼ੂ ਉਤਪਾਦਨ ਦੇ ਉਦਯੋਗਿਕ ਮਾਡਲ ਦੀ ਜਾਂਚ ਕਰਨੀ ਹੋਵੇਗੀ। ਇੱਕ ਸ਼ਬਦ ਵਿੱਚ ਕਹੀਏ ਤਾਂ ਪੂੰਜੀਵਾਦ ਨੂੰ ਸਮਝਣਾ ਹੋਵੇਗਾ। ਰਾਬ ਵਾਲਸ ਹੀ ਇੱਕ ਹੋਰ ਜਗਾ ਕਹਿੰਦੇ ਹਨ ਕਿ ਇਹ ਕੰਪਨੀਆਂ ਨਾ ਸਿਰਫ ਮੀਟ ਪੈਦਾ ਕਰਦੀਆਂ ਹਨ ਬਲਕਿ ਇਸਦੇ ਨਾਲ ਨਾਲ ਹੀ ਗੰਭੀਰ ਬਿਮਾਰੀ ਪੈਦਾ ਕਰਨ ਵਾਲੇ ਵਾਇਰਸ ਦੀ ਵੀ ਖੇਤੀ ਕਰਦੀ ਹੈ। ਲਗਭਗ ਇਹੀ ਸਥਿਤੀ ਖੇਤੀਬਾੜੀ ਦੀ ਹੈ। ਬਲਕਿ ਇੱਥੇ ਪੌਦਿਆਂ ਦੀ ਜੀਨ ਬਣਤਰ ਸਧਾਰਣ ਹੋਣ ਕਾਰਨ ਜੀਨ ਤਕਨਾਲੋਜੀ ਦੀ ਵੱਡੇ ਪੱਧਰ 'ਤੇ ਵਰਤੋਂ ਹੋ ਰਹੀ ਹੈ। ਇਸਦੇ ਨਾਲ ਹੀ ਜਿਸ ਤਰੀਕੇ ਨਾਲ 'ਕੀਟਨਾਸ਼ਕਾਂ' ਅਤੇ 'ਹਰਬੀਸਾਈਡਜ਼' ਨੂੰ ਖੇਤੀਬਾੜੀ ਵਿੱਚ ਵੱਡੇ ਪੱਧਰ 'ਤੇ ਵਰਤਿਆ ਜਾ ਰਿਹਾ ਹੈ, ਉਸਨੇ ਗਲੋਬਲ ਵਾਰਮਿੰਗ (Global Warming) ਵਿੱਚ ਤਾਂ ਆਪਣਾ ਯੋਗਦਾਨ ਪਾਇਆ ਹੀ ਹੈ, ਇਸਨੇ ਧਰਤੀ ਦੇ ਵਾਯੂਮੰਡਲ ਵਿੱਚ ਇੱਕ ਫੈਸਲਾਕੁੰਨ ਤਬਦੀਲੀ ਲਿਆਂਦੀ ਹੈ। ਸੂਰ ਨੂੰ ਚਰਾਉਣ ਲਈ ਸੋਇਆਬੀਨ ਦਾ ਆਟਾ ਦਿੱਤਾ ਜਾਂਦਾ ਹੈ, ਇਸ ਸੋਇਆਬੀਨ ਦੀ ਕਾਸ਼ਤ ਲਈ ਬ੍ਰਾਜ਼ੀਲ ਵਿੱਚ ਐਮਾਜ਼ਾਨ ਦੇ ਜੰਗਲ ਨੂੰ ਸਾਫ ਕੀਤਾ ਗਿਆ। ਨਤੀਜੇ ਵਜੋਂ ਨਾ ਸਿਰਫ ਵਾਤਾਵਰਣ ਦਾ ਸੰਤੁਲਨ ਪ੍ਰਭਾਵਿਤ ਹੋਇਆ ਹੈ, ਬਲਕਿ ਮਨੁੱਖ ਅਜਿਹੇ ਵਾਇਰਸਾਂ ਦੇ ਸੰਪਰਕ ਵਿੱਚ ਵੀ ਆ ਗਿਆ ਜੋ ਪਹਿਲਾਂ ਅਛੂਤ ਜੰਗਲਾਂ ਵਿੱਚ ਸਥਾਨਕ ਤੌਰ 'ਤੇ ਬਣੇ ਹੋਏ ਸਨ। ਕੁਦਰਤ ਦੀ ਗੁੰਝਲਦਾਰ ਬਣਤਰ ਬਹੁਤ ਸਾਰੇ ਖਤਰਨਾਕ ਵਾਇਰਸਾਂ ਨੂੰ ਉਹਨਾਂ ਦੇ ਸਥਾਨਕ 'ਘਰਾਂ' ਵਿੱਚ ਕੈਦ ਰੱਖਦੀ ਹੈ। ਇੱਕ ਵਿਗਿਆਨਕ ਖੋਜ ਅਨੁਸਾਰ ਜਿਸ ਤਰੀਕੇ ਨਾਲ ਐਮਾਜ਼ਾਨ ਦੇ ਜੰਗਲਾਂ ਨੂੰ ਸਾਫ ਕੀਤਾ ਜਾ ਰਿਹਾ ਹੈ, ਇਸ ਨਾਲ ਅਗਲੇ 15 ਸਾਲਾਂ ਵਿੱਚ ਐਮਾਜ਼ਾਨ ਕਾਰਬਨ ਜਜ਼ਬ ਕਰਨ ਵਾਲਾ ਖੇਤਰ ਨਾ ਰਹਿ ਕੇ ਕਾਰਬਨ ਨਿਕਾਸੀ ਵਾਲਾ ਖੇਤਰ ਬਣ ਜਾਵੇਗਾ। ਜਦੋਂ ਪੂੰਜੀਵਾਦੀ ਲਾਲਚ ਵਿੱਚ ਅਸੀਂ ਇਸ ਗੁੰਝਲਦਾਰ ਕੁਦਰਤੀ ਬਣਤਰ ਵਿੱਚ ਦਖ਼ਲਅੰਦਾਜ਼ੀ ਕਰਕੇ ਉਸਨੂੰ ਇਕਸਾਰ ਬਣਾਉਂਦੇ ਹਾਂ ਤਾਂ ਇੱਕ ਤਰਾਂ ਨਾਲ ਅਸੀਂ ਇਹਨਾਂ ਵਾਇਰਸਾਂ ਲਈ ਖੁੱਲਾ ਰਾਹ ਤਿਆਰ ਕਰ ਦਿੰਦੇ ਹਾਂ। ਇਸ ਪ੍ਰਕਿਰਿਆ ਵਿੱਚ ਪੂੰਜੀਵਾਦੀ ਉਸਯੋਗਿਕ ਖੇਤੀ ਨੇ ਦੁਨੀਆ ਭਰ ਦੇ ਕਰੋੜਾਂ ਲੋਕਾਂ ਨੂੰ ਉਹਨਾਂ ਦੇ ਖੇਤਾਂ ਤੋਂ ਬੇਦਖਲ ਕਰ ਦਿੱਤਾ ਹੈ, ਉਹਨਾਂ ਨੂੰ ਕਰਜ਼ੇ ਦੇ ਜਾਲ ਵਿੱਚ ਫਸਾ ਦਿੱਤਾ (ਜਿਸਦੇ ਨਤੀਜੇ ਵਜੋਂ ਕਿਸਾਨ ਖੁਦਕੁਸ਼ੀਆਂ ਲਈ ਮਜਬੂਰ ਹੋਇਆ ਹੈ) ਅਤੇ ਸਾਰੇ ਵਾਤਾਵਰਣ ਵਿੱਚ ਜ਼ਹਿਰ ਘੋਲ ਦਿੱਤਾ ਹੈ। ਇਹ ਹੈਰਾਨੀ ਵਾਲੀ ਗੱਲ ਹੈ ਕਿ ਅੱਜ ਜੋ ਕੰਪਨੀਆਂ ਬੀਜ ਅਤੇ ਕੀਟਨਾਸ਼ਕ ਖੇਤਰਾਂ ਵਿੱਚ ਹਨ, ਉਹਨਾਂ ਵਿੱਚੋਂ ਜ਼ਿਆਦਾਤਰ ਪਹਿਲੇ ਅਤੇ ਦੂਜੇ ਵਿਸ਼ਵ ਯੁੱਧ ਅਤੇ ਵੀਅਤਨਾਮ ਯੁੱਧ ਵਿੱਚ ਵਰਤੀਆਂ ਗਈਆਂ ਜ਼ਹਿਰੀਲੀਆਂ ਗੈਸਾਂ ਦੇ ਉਤਪਾਦਨ ਵਿੱਚ ਲੱਗੀਆਂ ਹੋਈਆਂ ਸਨ। DuPont, Monsanto, Dow Chemical, ਆਦਿ ਕੰਪਨੀਆਂ ਜਿੱਥੇ ਅਮਰੀਕਾ ਅਤੇ ਇਸ ਦੇ ਸਹਿਯੋਗੀ ਦੇਸ਼ਾਂ ਨੂੰ ਜ਼ਹਿਰੀਲੀਆਂ ਗੈਸਾਂ ਦੀ ਸਪਲਾਈ ਕਰਦੀਆਂ ਸਨ, ਉੱਥੇ ਹੀ ਅੱਜ ਦੀ Bayer ਵਰਗੀ ਕੀਟਨਾਸ਼ਕ ਖੇਤਰ ਦੀ ਪ੍ਰਮੁੱਖ ਕੰਪਨੀ ਹਿਟਲਰ ਨੂੰ ਜ਼ਹਿਰੀਲੀ ਗੈਸ ਦੀ ਸਪਲਾਈ ਕਰਦੀ ਰਹੀ ਹੈ। Dow Chemical ਅਤੇ Monsanto ਨੇ ਵੀਅਤਨਾਮ ਯੁੱਧ ਦੌਰਾ

ਅਮਰੀਕੀ ਫੌਜ ਨੂੰ ਬਦਨਾਮ 'ਏਜੰਟ ਓਰੇਂਜ' ਗੈਸ ਅਤੇ 'ਨੇਪਾਮ ਬੰਬ' ਦੀ ਸਪਲਾਈ ਕੀਤੀ ਸੀ। ਸ਼ਾਂਤੀਕਾਲ ਵਿੱਚ ਹੁਣ ਇਹੀ ਕੰਪਨੀਆਂ ਉਹਨਾਂ ਜ਼ਹਿਰੀਲੇ ਰਸਾਇਣਾਂ ਦੀ ਵਰਤੋਂ ਇਸ ਵਾਤਾਵਰਣ ਦੇ ਖਿਲਾਫ ਕੀਟਨਾਸ਼ਕਾਂ ਦੇ ਰੂਪ ਵਿੱਚ ਕਰ ਰਹੀਆਂ ਹਨ। ਮਸ਼ਹੂਰ ਖੇਤੀਬਾੜੀ ਵਿਗਿਆਨੀ ਦਵੇਂਦਰ ਸ਼ਰਮਾ ਨੇ ਇੱਕ ਨਾਮਵਰ ਰਸਾਲੇ ਵਿੱਚ ਪ੍ਰਕਾਸ਼ਤ ਕੀਤੇ ਇੱਕ ਖੋਜ ਪੱਤਰ ਦਾ ਹਵਾਲਾ ਦਿੰਦੇ ਹੋਏ ਕਿਹਾ ਹੈ ਕਿ ਕੀਟਨਾਸ਼ਕਾਂ ਦਾ 99.9% ਸਿੱਧਾ ਵਾਤਾਵਰਣ ਵਿੱਚ ਚਲ ਜਾਂਦਾ ਹੈ ਅਤੇ ਸਿਰਫ 0.1% ਹੀ ਆਪਣੇ ਨਿਸ਼ਾਨੇ 'ਤੇ ਵਾਰ ਕਰਦਾ ਹੈ। ਇਸ 99.9% ਕਾਰਨ ਕਿੰਨੇ ਹੀ ਦੋਸਤ ਬੈਕਟੀਰੀਆ ਅਤੇ ਹੋਰ ਫਾਇਦੇਮੰਦ ਜਾਨਵਰ ਜਿਵੇਂ ਕੀੜੇ ਖਤਮ ਹੋ ਗਏ ਹਨ। ਆਪਣੇ ਦੇਸ਼ ਦੇ ਪੰਜਾਬ ਸੂਬੇ ਵਿੱਚ ਕੈਂਸਰ ਦੇ ਮਰੀਜ਼ਾਂ ਦੀ ਵਧ ਰਹੀ ਗਿਣਤੀ ਅਤੇ ਖੇਤਾਂ ਵਿੱਚ ਵਰਤੇ ਜਾਣ ਵਾਲੇ ਕੀਟਨਾਸ਼ਕਾਂ ਵਿਚਾਲੇ ਸੰਬੰਧ ਹੁਣ ਕਿਸੇ ਤੋਂ ਲੁਕੇ ਨਹੀਂ ਹਨ। ਪੰਜਾਬ ਦੇ ਬਠਿੰਡੇ ਤੋਂ ਬੀਕਾਨੇਰ ਦੇ ਟੀਬੀ ਹਸਪਤਾਲ ਤੱਕ ਚੱਲਣ ਵਾਲੀ ਟਰੇਨ ਦਾ ਨਾਮ ਹੀ 'ਕੈਂਸਰ ਐਕਸਪ੍ਰੈਸ' ਪੈ ਗਿਆ ਹੈ। ਇਸਦੇ ਨਾਲ ਹੀ ਜੇਕਰ 'ਜੀਓ ਇੰਜੀਨੀਅਰਿੰਗ' ਅਤੇ 'ਯੁੱਧ ਉਦਯੋਗ' ਨੂੰ ਸ਼ਾਮਲ ਕਰ ਲਿਆ ਜਾਵੇ ਤਾਂ ਸਥਿਤੀ ਹੋਰ ਵੀ ਭਿਆਨਕ ਬਣ ਜਾਂਦੀ ਹੈ। ਇਹ ਸਾਲ ਏਂਗਲਜ਼ ਦੇ ਜਨਮ ਦਾ 200ਵਾਂ ਸਾਲ ਹੈ। ਮਾਰਕਸ ਏਂਗਲਜ਼ ਨੇ ਪੂੰਜੀਵਾਦ ਦੇ ਇਸ ਰੁਝਾਨ ਨੂੰ ਆਪਣੇ ਸਮੇਂ ਵਿੱਚ ਹੀ ਸਮਝ ਲਿਆ ਸੀ ਅਤੇ ਆਪਣੇ ਪੂੰਜੀਵਾਦ ਦੇ ਅਧਿਐਨ ਵਿੱਚ ਇਸਨੂੰ ਸ਼ਾਮਲ ਕੀਤਾ ਸੀ। ਏਂਗਲਜ਼ ਨੇ ਚੇਤਾਵਨੀ ਦਿੰਦੇ ਹੋਏ ਕਿਹਾ ਹੈ- ਸਾਨੂੰ ਹਮੇਸ਼ਾ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਅਸੀਂ ਕਿਸੇ ਵਿਦੇਸ਼ੀ ਹਮਲਾਵਰ ਦੀ ਤਰਾਂ ਕੁਦਰਤ 'ਤੇ ਰਾਜ ਨਹੀਂ ਕਰਦੇ, ਪਰ ਅਸੀਂ ਆਪਣੇ ਹੱਡ-ਮਾਸ ਅਤੇ ਦਿਮਾਗ ਨਾਲ ਕੁਦਰਤ ਦਾ ਹਿੱਸਾ ਹਾਂ ਅਤੇ ਇਸ ਕੁਦਰਤ ਨਾਲ ਹੀ ਸਾਡੀ ਹੋਂਦ ਬਰਕਰਾਰ ਹੈ। ਕੁਦਰਤ ਉੱਤੇ ਸਾਡਾ ਨਿਯੰਤਰਣ ਇਸ ਤੱਥ ਵਿੱਚ ਹੈ ਕਿ ਅਸੀਂ ਕੁਦਰਤੀ ਨਿਯਮਾਂ ਨੂੰ ਹੋਰ ਜੀਵ-ਜੰਤੂਆਂ ਦੇ ਮੁਕਾਬਲੇ ਬਿਹਤਰ ਜਾਣਦੇ ਹਾਂ ਅਤੇ ਸਹੀ ਤਰੀਕੇ ਨਾਲ ਲਾਗੂ ਕਰਦੇ ਹਾਂ। ਪੂੰਜੀਵਾਦ ਤੋਂ ਪਹਿਲਾਂ ਜੋ ਵੀ ਜਮਾਤੀ ਪ੍ਰਣਾਲੀ ਸੀ, ਉਹ ਸਿਰਫ ਕਿਰਤ ਦਾ ਸ਼ੋਸ਼ਣ ਕਰਦੀ ਸੀ। ਪੂੰਜੀਵਾਦ ਅਜਿਹੀ ਪਹਿਲੀ ਜਮਾਤੀ ਪ੍ਰਣਾਲੀ ਹੈ ਜੋ ਕਿਰਤ ਦੇ ਨਾਲ ਨਾਲ ਕੁਦਰਤ ਨੂੰ ਵੀ ਨਿਚੋੜ ਰਹੀ ਹੈ। ਅਤੇ ਸਾਰੀ ਮਨੁੱਖ ਜਾਤੀ ਨੂੰ ਇਸਦੇ ਨਤੀਜੇ ਭੁਗਤਣੇ ਪੈਂਦੇ ਹਨ। 2011 ਤੋਂ 2018 ਤੱਕ ਡਬਲਿਊ.ਐੱਚ.ਓ. ਨੇ 172 ਦੇਸ਼ਾਂ ਵਿੱਚ ਕੁੱਲ 1483 ਮਹਾਂਮਾਰੀਆਂ ਦੀ ਪਹਿਚਾਣ ਕੀਤੀ ਹੈ। ਇਹਨਾਂ ਵਾਇਰਸਾਂ (ਮੁੱਖ ਤੌਰ 'ਤੇ ਇਨਫਲੂਐਂਜ਼ਾ, ਸਾਰਸ, ਐਮਈਆਰਐੱਸ, ਈਬੋਲਾ, ਜ਼ੀਕਾ, ਪਲੇਗ, ਪੀਲਾ ਬੁਖਾਰ, ਆਦਿ) ਦੇ ਅਧਿਐਨ ਦੇ ਆਧਾਰ 'ਤੇ ਜੀਪੀਐੱਮਬੀ (Global Preparedness Monitoring Board)ਨੇ ਅੱਜ ਦੀ ਕੋਰੋਨਾ ਵਰਗੀ ਮਹਾਂਮਾਰੀ ਫੈਲਣ ਦੀ ਸਹੀ ਚੇਤਾਵਨੀ ਸਤੰਬਰ 2019 ਵਿੱਚ ਹੀ ਦੇ ਦਿੱਤੀ ਸੀ। ਰਿਪੋਰਟ ਦਾ ਨਾਮ ਹੀ ਸੀ- A world at

risk ਪਰ ਇਸ ਰਿਪੋਰਟ ਵੱਲ ਧਿਆਨ ਦੇਣ ਵਾਲਾ ਕੋਈ ਵੀ ਨਹੀਂ ਸੀ। ਇਸ ਤੋਂ ਪਹਿਲਾਂ ਵੀ 2003-04 ਵਿੱਚ ਸਾਰਸ ਮਹਾਂਮਾਰੀ ਆਉਣ ਮਗਰੋਂ ਵੀ ਵਿਗਿਆਨੀਆਂ ਨੇ ਇਹ ਚੇਤਾਵਨੀ ਜਾਰੀ ਕੀਤੀ ਸੀ ਕਿ ਕੋਰੋਨਾ ਪਰਿਵਾਰ ਦਾ ਵਾਇਰਸ ਭਵਿੱਖ ਵਿੱਚ ਹੋਰ ਖ਼ਤਰਨਾਕ ਰੂਪ ਲੈ ਸਕਦਾ ਹੈ। ਇੱਥੋਂ ਤੱਕ ਕਿ ਵਿਸ਼ਵ ਸਿਹਤ ਸੰਗਠਨ ਨੇ ਤਿੰਨ ਸਾਲ ਪਹਿਲਾਂ ਸਾਰੇ ਦੇਸ਼ਾਂ ਦੀਆਂ ਜਨਤਕ ਸਿਹਤ ਸੰਸਥਾਵਾਂ ਨੂੰ ਚੇਤਾਵਨੀ ਦਿੱਤੀ ਸੀ ਕਿ ਕਿਸੇ ਖਾਸ ਵਾਇਰਸ ਦੇ ਕਾਰਨ ਭਿਆਨਕ ਮਹਾਂਮਾਰੀ ਫੈਲ ਸਕਦੀ ਹੈ ਅਤੇ ਸਾਰੀਆਂ ਸਰਕਾਰਾਂ ਨੂੰ ਇਸਦੇ ਲਈ ਹੁਣ ਤੋਂ ਹੀ ਤਿਆਰੀ ਕਰਨੀ ਪਵੇਗੀ। ਇਹਨਾਂ ਚੇਤਾਵਨੀਆਂ ਨੂੰ ਸੁਣਨ ਦਾ ਅਰਥ ਹੈ ਕਿ ਇਸ ਦੀ ਖੋਜ ਕਰਨਾ ਅਤੇ ਭਵਿੱਖ ਦੀ ਤਿਆਰੀ ਲਈ ਜਨਤਕ ਸਿਹਤ ਸੇਵਾਵਾਂ ਨੂੰ ਮਜ਼ਬੂਤ ਕਰਨਾ। ਪਰ ਜਦੋਂ ਇਹ ਸਾਮਰਾਜਵਾਦੀ-ਪੂੰਜੀਵਾਦੀ ਪ੍ਰਣਾਲੀ, ਵਿਸ਼ੇਸ਼ ਤੌਰ 'ਤੇ 2007-08 ਦੀ ਮੰਦੀ ਤੋਂ ਬਾਅਦ ਖੁਦ 'ਆਈਸੀਯੂ' ਵਿੱਚ ਹੈ ਤਾਂ ਫਿਰ ਭਵਿੱਖ ਦੀ ਤਿਆਰੀ ਕੌਣ ਕਰੇ? 90 ਟ੍ਰਿਲੀਅਨ ਡਾਲਰ ਵਾਲਾ ਵਿਸ਼ਵ ਪੂੰਜੀਵਾਦ 270 ਟ੍ਰਿਲੀਅਨ ਡਾਲਰ ਦੇ ਕਰਜ਼ੇ ਹੇਠਾਂ ਕਲਪ ਰਿਹਾ ਹੈ। ਦੁਨੀਆ ਦੇ ਬਹੁਤੇ ਦੇਸ਼ਾਂ ਵਿੱਚ ਨਿੱਜੀਕਰਨ ਦੇ ਤੂਫ਼ਾਨ ਵਿੱਚ ਜੋ ਕੁੱਝ ਵੀ ਜਨਤਕ ਸੀ, ਉਹ ਸਭ ਤਬਾਹ ਹੋ ਚੁੱਕਾ ਹੈ। ਸਭ ਕੁੱਝ ਨਿੱਜੀ ਹੱਥਾਂ ਵਿੱਚ ਜਾ ਚੁੱਕਾ ਹੈ। ਬਹੁਤੇ ਦੇਸ਼ਾਂ ਨੇ ਆਪਣੀਆਂ ਸਰਕਾਰੀ ਸਿਹਤ ਸੇਵਾਵਾਂ ਨੂੰ ਤਬਾਹ ਕਰ ਲਿਆ ਹੈ। ਅਮਰੀਕਾ ਅਤੇ ਬ੍ਰਿਟੇਨ ਨੇ ਕਿਵੇਂ ਆਪਣੀਆਂ ਸਰਕਾਰੀ ਸਿਹਤ ਸੇਵਾਵਾਂ ਨੂੰ ਤਬਾਹ ਕਰ ਦਿੱਤਾ ਹੈ, ਇਹ ਜਾਣਨ ਲਈ 'ਮਾਈਕਲ ਮੂਰ' ਅਤੇ 'ਜੌਨ ਪਿਲਜ਼ਰ' ਦੀ ਦਸਤਾਵੇਜ਼ੀ ਫਿਲਮ ਨੂੰ ਦੇਖਿਆ ਜਾ ਸਕਦਾ ਹੈ। ਦੂਜੇ ਪਾਸੇ, ਨਿੱਜੀ ਕੰਪਨੀਆਂ ਇਸ ਉੱਪਰ ਖੋਜ ਕਿਉਂ ਕਰਨ ਜਿਸ ਵਿੱਚ ਕੋਈ ਫੌਰੀ ਲਾਭ ਨਹੀਂ ਹੈ। ਇਸਨੂੰ ਇੱਕ ਉਦਾਹਰਣ ਨਾਲ ਸਪੱਸ਼ਟ ਤੌਰ 'ਤੇ ਸਮਝਿਆ ਜਾ ਸਕਦਾ ਹੈ। 'ਜੀਨ ਥੈਰੇਪੀ' ਉੱਪਰ ਰਿਸਰਚ ਕਰ ਰਹੀ ਇੱਕ ਕੰਪਨੀ ਨੂੰ ਉਸਦੇ ਫੰਡ ਕਰਨ ਵਾਲੇ 'ਗੋਲਡਮੈਨ ਸਾਕਸ਼' ਨੇ ਇੱਕ ਲੀਕ ਹੋਈ ਈ-ਮੇਲ ਵਿੱਚ ਕਿਹਾ ਕਿ ਜੀਨ ਵਿੱਚ ਬਦਲਾਅ ਕਰਕੇ ਬਿਮਾਰੀ ਨੂੰ ਸਦਾ ਲਈ ਖਤਮ ਕਰਨਾ 'ਟਿਕਾਊ ਵਪਾਰਕ ਮਾਡਲ' ਨਹੀਂ ਹੈ। ਕਿਉਂਕਿ ਇਸ ਨਾਲ ਨਿਰੰਤਰ ਲਾਭ ਹੋਣ ਦੀ ਸੰਭਾਵਨਾ ਖਤਮ ਹੋ ਜਾਂਦੀ ਹੈ। ਸੱਚਾਈ ਤਾਂ ਇਹ ਹੈ ਕਿ 2020 ਦੀ ਸ਼ੁਰੂਆਤ ਵਿੱਚ ਜਿਸ ਦੁਨੀਆ 'ਤੇ ਕੋਰੋਨਾ ਨੇ ਕਹਿਰ ਬਰਸਾਇਆ ਹੈ ਉਸਨੂੰ ਪਿਛਲੇ 30 ਸਾਲਾਂ ਦੀ ਨਵ-ਉਦਾਰਵਾਦੀ ਪ੍ਰਣਾਲੀ ਰੂਪੀ ਸਿਓਂਕ ਨੇ ਚੂਸ ਚੂਸ ਕੇ ਪਹਿਲਾਂ ਹੀ ਖੋਖਲਾ ਕਰ ਦਿੱਤਾ ਹੈ। ਅੱਜ ਇਹ ਦੁਨੀਆ ਕਿਸ ਤਰਾਂ ਦੀ ਹੈ, ਤੁਸੀਂ ਇਸਨੂੰ ਸਿਰਫ ਦੋ ਤੱਥਾਂ ਨਾਲ ਬਾਖ਼ੂਬੀ ਸਮਝ ਸਕਦੇ ਹੋ- ਸਾਡੇ ਕੋਲ ਧਰਤੀ ਨੂੰ 9 ਬਾਰ ਤਬਾਹ ਕਰਨ ਦਾ ਸਮਾਨ ਮੌਜੂਦ ਹੈ, ਪਰ ਜੀਵਨ ਦੇਣ ਵਾਲੇ ਮਾਮੂਲੀ ਵੈਂਟੀਲੇਟਰ ਦੀ ਭਾਰੀ ਕਮੀ ਹੈ। ਵੈਂਟੀਲੇਟਰ ਦੀ ਇਹ ਭਾਰੀ ਕਮੀ ਕੋਰੋਨਾ ਹੱਥੋਂ ਮਰਨ ਦਾ ਇੱਕ ਵੱਡਾ ਕਾਰਨ ਬਣ ਰਹੀ ਹੈ। ਦੂਜਾ, ਦੁਨੀਆ ਦੇ 2153 ਖਰਬਪਤੀਆਂ ਦੀ ਕੁੱਲ ਦੌਲਤ ਦੁਨੀਆ ਦੇ 4 ਅਰਬ 60 ਕਰੋੜ ਲੋਕਾਂ ਦੀ ਕੁੱਲ ਦੌਲਤ ਦੇ ਬਰਾਬਰ ਹੈ। ਇਹੀ ਕਾਰਨ ਹੈ ਕਿ ਨਵ-ਉਦਾਰਵਾਦੀ ਪ੍ਰਣਾਲੀ ਦਾ ਝੰਡਾਬਰਦਾਰ ਅਮਰੀਕਾ ਇਸ ਸਮੇਂ ਸਭ ਤੋਂ ਮਾੜੀ ਸਥਿਤੀ ਵਿੱਚ ਹੈ ਅਤੇ ਇਸਦੇ ਉਲਟ ਸਮਾਜਕ-ਆਰਥਕ ਪ੍ਰਣਾਲੀ ਵਾਲਾ ਕਿਊਬਾ ਸਭ ਤੋਂ ਚੰਗੀ ਸਥਿਤੀ ਵਿੱਚ ਹੈ। ਉਸਨੇ ਨਾ ਸਿਰਫ ਕੋਰੋਨਾ ਨੂੰ ਨਿਯੰਤਰਣ ਵਿੱਚ ਲਿਆ ਹੈ ਬਲਕਿ ਉਹ ਦੁਨੀਆ ਦੇ 62 ਦੇਸ਼ਾਂ ਵਿੱਚ ਆਪਣੇ ਡਾਕਟਰਾਂ ਅਤੇ ਦਵਾਈਆਂ ਦੇ ਨਾਲ ਕੋਰੋਨਾ ਖਿਲਾਫ ਲੜਾਈ ਵਿੱਚ ਸਭ ਤੋਂ ਅੱਗੇ ਖੜਾ ਹੈ। ਜਦੋਂ ਅਮਰੀਕਾ ਦੂਜੇ ਦੇਸ਼ਾਂ ਵਿੱਚ ਫੌਜ ਅਤੇ ਟੈਂਕ ਭੇਜ ਰਿਹਾ ਹੈ ਤਾਂ ਕਿਊਬਾ ਆਪਣੇ ਡਾਕਟਰ ਅਤੇ ਦਵਾਈਆਂ ਭੇਜ ਰਿਹਾ ਹੈ। ਇਹ ਦੋ ਵਿਪਰੀਤ ਸਮਾਜਕ ਪ੍ਰਣਾਲੀਆਂ ਦਾ ਹੀ ਫਰਕ ਹੈ ਕਿ ਇੱਕ ਮੌਤ ਦਾ ਨਿਰਯਾਤ ਕਰ ਰਿਹਾ ਹੈ ਅਤੇ ਦੂਜਾ ਜੀਵਨ ਦਾ। ਦਰਅਸਲ ਜਿਵੇਂ ਪ੍ਰਸਿੱਧ ਲੇਖਕ ਨਓਮੀ ਕਲੇਨ ਨੇ ਕਿਹਾ ਹੈ ਕਿ ਹਾਕਮ ਜਮਾਤ ਜਦੋਂ ਭੂਚਾਲ, ਤੂਫਾਨ ਜਾਂ ਮਹਾਂਮਾਰੀ ਵਰਗੀ ਬਿਪਤਾ ਦਾ ਸਾਹਮਣਾ ਕਰਦੀ ਹੈ ਤਾਂ ਉਹ ਆਪਣੀ ਵਿਚਾਰਧਾਰਾ ਕਿਤੇ ਛੱਡ ਕੇ ਨਹੀਂ ਆਉਂਦੀ ਬਲਕਿ ਆਪਣੇ ਨਾਲ ਹੀ ਲੈ ਕੇ ਆਉਂਦੀ ਹੈ। ਇਸ ਲਈ ਅਜਿਹੀ ਬਿਪਤਾ ਵਿੱਚ ਵੀ ਉਹ ਆਪਣੇ ਜਮਾਤੀ ਹਿੱਤ ਅਤੇ ਭਵਿੱਖ ਦੇ ਮੁਨਾਫਿਆਂ ਨੂੰ ਦੇਖਦੀ ਹੈ। ਉਸਦੀਆਂ ਦੱਬੀਆਂ ਇੱਛਾਵਾਂ ਵੀ ਇਸ ਸਮੇਂ ਹੀ ਉੱਭਰਦੀਆਂ ਹਨ ਅਤੇ ਉਹ ਉਹਨਾਂ ਨੂੰ ਪੂਰਾ ਕਰਨ ਲਈ ਹਰ ਕੋਸ਼ਿਸ਼ ਕਰਦਾ ਹੈ। 20 19 ਸ਼ਾਨਦਾਰ ਪ੍ਰਦਰਸ਼ਨਾਂ ਅਤੇ ਅੰਦੋਲਨਾਂ ਦਾ ਸਾਲ ਸੀ। ਬਹੁਤ ਸਾਰੇ ਰਾਜਨੀਤਕ ਵਿਸ਼ਲੇਸ਼ਕ 2019 ਦੀ ਤੁਲਨਾ 1848 ਅਤੇ 1968 ਨਾਲ ਕਰਨ ਲੱਗ ਪਏ ਸਨ। ਇਸ ਸਾਲ ਧਰਤੀ ਦਾ ਕੋਈ ਵੀ ਕੋਨਾ ਵਿਸ਼ਾਲ ਲੋਕ ਲਹਿਰਾਂ ਤੋਂ ਵਾਂਝਾ ਨਹੀਂ ਰਿਹਾ ਸੀ। ਭਾਰਤ ਵਿੱਚ ਸੀਏਏ ਵਿਰੁੱਧ ਜਨਤਕ ਪ੍ਰਦਰਸ਼ਨ ਇਸ ਸਮੇਂ ਦੌਰਾਨ ਹੀ ਹੋ ਰਿਹਾ ਸੀ। ਕੋਰੋਨਾ ਦੇ ਬਹਾਨੇ ਹਾਕਮ ਜਮਾਤ ਇਹਨਾਂ ਸਾਰੇ ਅੰਦੋਲਨਾਂ ਨੂੰ ਫੌਰੀ ਤੌਰ 'ਤੇ ਖਤਮ ਕਰਨ ਵਿੱਚ ਸਫਲ ਹੋ ਗਈ ਹੈ। ਕੋਰੋਨਾ ਦੇ ਬਹਾਨੇ ਪੂਰੇ ਦੁਨੀਆਂ ਵਿੱਚ ਏਨੇ ਵੱਡੇ ਪੱਧਰ 'ਤੇ ਰਾਜਨੀਤਕ ਪ੍ਰਦਰਸ਼ਨਾਂ ਦੀ ਮੌਤ, ਉਹਨਾਂ ਮੌਤਾਂ ਨਾਲੋਂ ਘੱਟ ਨਹੀਂ ਹੈ, ਜਿਸਦੀਆਂ ਖਬਰਾਂ ਨਾਲ ਅੱਜ ਦੁਨੀਆ ਭਰ ਦੇ ਅਖਬਾਰ ਭਰੇ ਪਏ ਹਨ। ਤੁਸੀਂ ਜਾਣਦੇ ਹੀ ਹੋ ਕਿ ਆਪਣੇ ਦੇਸ਼ ਵਿੱਚ ਹੀ ਸ਼ਾਹੀਨ ਬਾਗ਼ ਦੇ ਪ੍ਰਦਰਸ਼ਨ ਨੂੰ ਕਿਵੇਂ ਖ਼ਤਮ ਕਰਵਾਇਆ ਗਿਆ। ਪੂਰੀ ਦੁਨੀਆ ਵਿੱਚ ਮੰਦੀ ਦੇ ਕਾਰਨ ਆਪਣੇ ਮੁਨਾਫੇ ਨੂੰ ਬਚਾਈ ਰੱਖਣ ਲਈ ਕੰਪਨੀਆਂ ਆਪਣੇ ਮਜ਼ਦੂਰਾਂ-ਕਰਮਚਾਰੀਆਂ ਦੀ ਛਾਂਟੀ ਕਰ ਰਹੀਆਂ ਸਨ। ਪਰ ਉਹਨਾਂ ਨੂੰ ਮਜ਼ਦੂਰਾਂ-ਕਰਮਚਾਰੀਆਂ ਦੇ ਵਿਰੋਧ ਦਾ ਸਾਹਮਣਾ ਵੀ ਕਰਨਾ ਪੈ ਰਿਹਾ ਸੀ। ਕੋਰੋਨਾ ਨੇ ਉਹਨਾਂ ਨੂੰ ਇਹ ਸ਼ਾਨਦਾਰ ਮੌਕਾ ਦੇ ਦਿੱਤਾ। ਇਸ ਕੋਰੋਨਾ ਕਾਲ ਵਿੱਚ ਕਿੰਨੇ ਲੋਕਾਂ ਦੀ ਛਾਂਟੀ ਹੋਈ ਹੈ, ਇਸਦੇ ਅਸਲੀ ਅੰਕੜੇ ਤਾਂ ਬਾਅਦ ਵਿੱਚ ਆਉਣਗੇ। ਪਰ ਸਿਰਫ ਇੱਕ ਤੱਥ ਤੋਂ ਹੀ ਇਸਦਾ ਅੰਦਾਜ਼ਾ ਲਗਾ ਸਕਦੇ ਹਾਂ। ਇਕੱਲੇ ਅਮਰੀਕਾ ਵਿੱਚ ਹੀ ਪਿਛਲੇ 2 ਮਹੀਨਿਆਂ ਵਿੱਚ 1 ਕਰੋੜ 80 ਲੱਖ ਲੋਕਾਂ ਨੇ ਬੇਰੁਜ਼ਗਾਰੀ ਭੱਤੇ ਲਈ ਅਰਜ਼ੀ ਦਿੱਤੀ ਹੈ। 1929-30 ਦੀ ਮਹਾਂਮੰਦੀ ਤੋਂ ਬਾਅਦ ਇਹ ਸਭ ਤੋਂ ਜ਼ਿਆਦਾ ਹੈ। ਇਸ ਕੋਰੋਨਾ ਕਾਲ ਵਿੱਚ ਜਿਸ ਢੰਗ ਨਾਲ ਦੁਨੀਆ ਦੀਆਂ ਸਰਕਾਰਾਂ ਨੇ ਤਾਨਾਸ਼ਾਹੀ ਤਰੀਕੇ ਅਪਣਾਏ ਹਨ, ਉਹ ਉਹਨਾਂ ਦੀ ਦੱਬੀ ਹੋਈ ਇੱਛਾ ਦਾ ਹੀ ਪ੍ਰਗਟਾਵਾ ਹੈ। ਹੰਗਰੀ ਸਮੇਤ ਕਈ ਦੇਸ਼ਾਂ ਨੇ ਤਾਂ ਸਿੱਧੇ ਸਿੱਧੇ ਐਮਰਜੈਂਸੀ ਦੀ ਘੋਸ਼ਣਾ ਕਰ ਦਿੱਤੀ ਹੈ। ਆਪਣੇ ਦੇਸ਼ ਭਾਰਤ ਵਿੱਚ ਵੀ ਮੋਦੀ ਨੇ ਸਾਫ ਸਾਫ 'ਸਮਾਜਕ ਐਮਰਜੈਂਸੀ' ਬੋਲ ਦਿੱਤੀ ਹੈ। ਭਾਰਤ ਵਰਗੇ ਤੀਜੀ ਦੁਨੀਆ ਦੇ ਦੇਸ਼ਾਂ ਵਿੱਚ ਸਥਿਤੀ ਬਦ ਤੋਂ ਬਦਤਰ ਹੈ। 21 ਮਾਰਚ ਨੂੰ ਕੋਲੰਬੀਆ ਦੀ ਬਗੋਟਾ ਜੇਲ ਵਿੱਚ ਕੋਰੋਨਾ ਨਾਲ ਨਜਿੱਠਣ ਲਈ ਬਿਹਤਰ ਹਾਲਤਾਂ ਦੀ ਮੰਗ ਕਰਦੇ ਕੈਦੀਆਂ ਉੱਪਰ ਪੁਲਿਸ ਨੇ ਹਮਲਾ ਕਰ ਦਿੱਤਾ ਅਤੇ 23 ਕੈਦੀਆਂ ਨੂੰ ਮਾਰ ਮੁਕਾਇਆ। ਕੀਨੀਆ ਦੀਆਂ ਸੜਕਾਂ 'ਤੇ ਪੁਲਿਸ ਦੀ ਗੋਲੀਬਾਰੀ ਨਾਲ ਮਾਰੇ ਗਏ ਲੋਕਾਂ ਦੀ ਗਿਣਤੀ ਕੋਰੋਨਾ ਨਾਲ ਮਰਨ ਵਾਲਿਆਂ ਤੋਂ ਕਿਤੇ ਜ਼ਿਆਦਾ ਹੈ। ਇਹ ਆਮ ਸਮਿਆਂ ਵਿੱਚ ਇੱਕ ਵੱਡੀ ਖ਼ਬਰ ਬਣਦੀ, ਪਰ ਕੋਰੋਨਾ ਕਾਲ ਵਿੱਚ ਕਿਸੇ ਨੇ ਵੀ ਇਸ ਪਾਸੇ ਧਿਆਨ ਨਹੀਂ ਦਿੱਤਾ। ਦੁਨੀਆ ਦੀਆਂ ਸਰਕਾਰਾਂ ਨੇ ਇੰਟਰਨੈੱਟ ਕੰਪਨੀਆਂ ਨਾਲ ਮਿਲ ਕੇ ਕੋਰੋਨਾ ਨਾਲ ਨਜਿੱਠਣ ਦੇ ਬਹਾਨੇ ਆਪਣੇ ਮੁਲਕਾਂ ਨੂੰ 'ਐਕਏਰੀਅਮ' ਵਿੱਚ ਤਬਦੀਲ ਕਰ ਦਿੱਤਾ ਹੈ। ਨਾਗਰਿਕਾਂ ਦੀ ਹਰ ਕਾਰਵਾਈ 'ਤੇ ਨਜ਼ਰ ਰੱਖੀ ਜਾ ਰਹੀ ਹੈ। ਆਮ ਸਮੇਂ ਵਿੱਚ ਇਸਦੇ ਖਿਲਾਫ ਬਹੁਤ ਵਿਰੋਧ ਹੁੰਦਾ ਪਰ ਹੁਣ ਇਹ 'ਨਵਾਂ ਨੌਰਮਲ' ਬਣਦਾ ਜਾ ਰਿਹਾ ਹੈ। 'ਸਰਵੇਲੈਂਸ ਕੈਪੀਟਲਿਜ਼ਮ' (Surveillance Capitalism)ਆਪਣੇ ਸਭ ਤੋਂ ਨੰਗੇ ਰੂਪ ਵਿੱਚ ਅੱਜ ਸਾਡੇ ਸਾਹਮਣੇ ਹੈ। '1984' ਫਿਲਮ ਹੁਣ ਫਿਲਮ ਨਹੀਂ ਬਲਕਿ ਇੱਕ ਹਕੀਕਤ ਹੈ। ਮਜ਼ੇ ਦੀ ਗੱਲ ਇਹ ਹੈ ਕਿ ਇਹ ਫਿਲਮ ਸਮਾਜਵਾਦ ਨੂੰ ਬਦਨਾਮ ਕਰਨ ਲਈ ਬਣਾਈ ਗਈ ਸੀ, ਪਰ ਅੱਜ ਪੂੰਜੀਵਾਦ ਇਸ 'ਤੇ ਪੂਰਾ ਖਰਾ ਉੱਤਰ ਰਿਹਾ ਹੈ। 'ਸੋਚ ਪੁਲਿਸ' (Thought Police) ਅਤੇ 'ਸੋਚ ਕ੍ਰਾਈਮ' (Thought Crime) ਦਾ ਸੰਕਲਪ ਕੋਰੋਨਾ ਕਾਲ ਦੌਰਾਨ ਘੱਟੋ ਘੱਟ ਭਾਰਤ ਵਰਗੇ ਦੇਸ਼ਾਂ ਵਿੱਚ ਹਕੀਕਤ ਬਣ ਚੁੱਕਿਆ ਹੈ। ਇਸ ਪੰਕਤੀ ਨੂੰ ਲਿਖਦੇ ਸਮੇਂ ਹੀ ਪਤਾ ਚੱਲਿਆ ਹੈ ਕਿ ਫੇਸਬੁੱਕ 'ਤੇ ਕੋਰੋਨਾ ਪ੍ਰਤੀ ਸਰਕਾਰ ਦੀ ਨਾਕਾਮੀ ਬਾਰੇ ਇੱਕ ਪੋਸਟ ਲਿਖਣ ਲਈ 'ਇਨਕਲਾਬੀ ਮਜ਼ਦੂਰ ਕੇਂਦਰ' ਦੇ ਕੈਲਾਸ਼ ਭੱਟ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਮੁੱਖਧਾਰਾ ਮੀਡੀਆ ਵੀ ਇਸ ਗੱਲ 'ਤੇ ਨਿਰੰਤਰ ਜ਼ੋਰ ਦੇ ਰਿਹਾ ਹੈ ਕਿ ਕੋਰੋਨਾ ਅਮੀਰ ਗਰੀਬ ਵਿੱਚ ਫਰਕ ਨਹੀਂ ਕਰਦਾ। ਪਰ ਹਮੇਸ਼ਾ ਵਾਂਗ ਇਸ ਵਾਰ ਵੀ ਇਹ ਗਲਤ ਹੈ। ਕੋਰੋਨਾ ਸਾਰੀਆਂ ਆਰਥਕ ਸਮਾਜਕ ਵੰਡਾਂ ਦਾ ਪੂਰਾ ਖਿਆਲ ਰੱਖ ਰਿਹਾ ਹੈ। ਸਿਰਫ ਅਮਰੀਕਾ ਦੇ ਹੀ ਅੰਕੜਿਆਂ ਨੂੰ ਦੇਖੀਏ ਤਾਂ ਉੱਥੇ ਹੋ ਰਹੀਆਂ ਮੌਤਾਂ ਵਿੱਚ 70 ਫੀਸਦੀ ਮੌਤਾਂ ਕਾਲੇ ਅਤੇ ਅਫਰੀਕੀ-ਅਮਰੀਕੀਆਂ ਦੀਆਂ ਹਨ। ਹੁਣ ਬਹੁਤ ਸਾਰੀਆਂ ਸੰਸਥਾਵਾਂ ਨੇ ਫੋਨ ਲੋਕੇਸ਼ਨ ਦੇ ਆਧਾਰ 'ਤੇ ਕੋਰੋਨਾ ਕਾਲ ਵਿੱਚ ਸਮਾਜਕ ਗਤੀਸ਼ੀਲਤਾ (Social Mobility) ਬਾਰੇ ਅੰਕੜਾ ਦੇਣਾ ਵੀ ਸ਼ੁਰੂ ਕਰ ਦਿੱਤਾ ਹੈ। ਅਮਰੀਕਾ ਅਤੇ ਯੂਰਪ ਦੇ ਉਤਲੇ 10 ਫੀਸਦੀ ਲੋਕਾਂ ਵਿੱਚ ਲਗਭਗ 'ਜ਼ੀਰੋ ਮੋਬਿਲਿਟੀ' ਦਰਜ ਕੀਤੀ ਗਈ। ਭਾਵ, ਉਹ ਸਫਲਤਾਪੂਰਵਕ ਆਪਣੇ ਘਰਾਂ ਵਿੱਚ ਹਨ। ਉਸੇ ਸਮੇਂ ਹੇਠਲੇ 30 ਫੀਸਦੀ ਲੋਕਾਂ ਵਿੱਚ ਕਈ ਪੱਧਰਾਂ 'ਤੇ 'ਮੋਬਿਲਿਟੀ' ਦੇਖੀ ਗਈ। ਇਹੀ ਆਬਾਦੀ ਕੋਰੋਨਾ ਦੀ ਸਭ ਤੋਂ ਵੱਧ ਸ਼ਿਕਾਰ ਹੋ ਰਹੀ ਹੈ। ਜਿਹਨਾਂ ਨੂੰ ਆਪਣੀ ਰੋਜ਼ੀ ਰੋਟੀ ਲਈ ਕੋਈ ਨਾ ਕੋਈ ਗਤੀਸ਼ੀਲਤਾ ਕਰਨੀ ਪੈਂਦੀ ਹੈ। ਭਾਵ ਕਿ ਘਰ ਤੋਂ ਬਾਹਰ ਨਿਕਲਣਾ ਪੈਂਦਾ ਹੈ। ਇਸ ਪ੍ਰਸੰਗ ਵਿੱਚ ਤੁਸੀਂ ਰਾਣਾ ਅਯੂਬ ਦਾ ਲੇਖ 'ਸੋਸ਼ਲ ਡਿਸਟੈਂਸਿੰਗ ਇਜ਼ ਏ ਪ੍ਰੀਵਿਲੇਜ' ਵੀ ਦੇਖ ਸਕਦੇ ਹੋ। ਭਾਰਤ ਅਤੇ ਦੁਨੀਆ ਦੀਆਂ ਤਮਾਮ ਝੁੱਗੀਆਂ ਝੌਂਪੜੀਆਂ ਵਿੱਚ 'ਸੋਸ਼ਲ ਡਿਸਟੈਂਸਿੰਗ' ਇੱਕ ਮਜ਼ਾਕ ਹੈ। ਦਰਅਸਲ ਹੜਾਂ ਦੇ ਪਾਣੀ ਲੰਘਣ ਮਗਰੋਂ ਹੀ ਇਲਾਕੇ ਦੀ ਅਸਲ ਬਦਸੂਰਤੀ ਨਜ਼ਰ ਆਉਂਦੀ ਹੈ। ਕੋਰੋਨਾ ਦੇ ਲੰਘ ਜਾਣ ਮਗਰੋਂ ਹੀ ਇਸ ਪ੍ਰਣਾਲੀ ਦੀ ਅਸਲ ਬਦਸੂਰਤੀ ਦਿਖਾਈ ਦੇਵੇਗੀ। ਪਰ ਬਹੁਤ ਸਾਰੀਆਂ ਚੀਜ਼ਾਂ ਤੁਸੀਂ ਹੜ ਦੇ ਪਾਣੀ ਵਿੱਚ ਵੀ ਦੇਖ ਸਕਦੇ ਹੋ। ਸਪੇਨ ਦੇ ਸਿਹਤ ਮੰਤਰਾਲੇ ਨੇ ਇੱਕ ਗੁਪਤ ਦਿਸ਼ਾ-ਨਿਰਦੇਸ਼ ਜਾਰੀ ਕੀਤਾ ਕਿ 60 ਸਾਲ ਤੋਂ ਵੱਧ ਉਮਰ ਵਾਲਿਆਂ ਨੂੰ ਆਈਸੀਯੂ ਵਿੱਚ ਭਰਤੀ ਨਾ ਕੀਤਾ ਜਾਵੇ। ਇਸ ਦੀ ਬਜਾਏ, ਨੌਜਵਾਨ ਮਰੀਜ਼ਾਂ ਨੂੰ ਪਹਿਲ ਦਿੱਤੀ ਜਾਵੇ। ਅਮਰੀਕਾ ਦੇ ਟੈਕਸਾਸ ਰਾਜ ਦੇ ਗਵਰਨਰ ਡਾਨ ਪੈਟਰਿਕ ਨੇ ਹੋਰ ਵੀ ਬੇਰਹਿਮੀ ਦਿਖਾਉਂਦੇ ਹੋਏ ਕਿਹਾ ਕਿ ਬਜ਼ੁਰਗ ਲੋਕਾਂ ਨੂੰ ਅਮਰੀਕੀ ਅਰਥਚਾਰੇ ਅਤੇ ਨੌਜਵਾਨ ਪੀੜੀ ਲਈ ਆਪਣੀ ਜਾਨ ਦੇ ਦੇਣੀ ਚਾਹੀਦੀ ਹੈ। ਅਮਰੀਕੀ ਖਰਬਪਤੀ ਟੌਮ ਗਾਲੀਸੈਨੋ ਨੇ ਕਾਰੋਬਾਰੀ ਰਸਾਲੇ 'ਬਲੂਮਬਰਗ' ਨੂੰ ਦਿੱਤੇ ਇੱਕ ਇੰਟਰਵਿਊ ਵਿੱਚ ਇਸ ਬੇਸ਼ਰਮੀ ਨੂੰ ਹੋਰ ਅੱਗੇ ਵਧਾਇਆ। ਉਸਨੇ ਕਿਹਾ ਕਿ ਅਰਥ ਵਿਵਸਥਾ ਨੂੰ ਬੰਦ ਕਰਨ ਨਾਲੋਂ ਚੰਗਾ ਹੈ ਕਿ ਕੁੱਝ ਲੋਕ ਮਰ ਜਾਣ। ਇੰਗਲੈਂਡ ਦੇ ਪ੍ਰਧਾਨ ਮੰਤਰੀ ਇਸ ਤੋਂ ਵੀ ਅੱਗੇ ਗਏ ਕਿ ਜਦੋਂ ਲੋਕ ਮਰ ਜਾਣਗੇ ਤਾਂ ਕੋਰੋਨਾ ਦੇ ਉਲਟ ਵਿਰੋਧ ਵਿਕਸਿਤ ਹੋਵੇਗਾ। ਸ਼ਾਇਦ ਉਸਦੀ ਗੱਲ ਕੋਰੋਨਾ ਨੂੰ ਪਸੰਦ ਆਈ ਅਤੇ ਅੱਜ ਉਹ ਲੰਡਨ ਦੇ ਇੱਕ ਹਸਪਤਾਲ ਦੇ ਆਈਸੀਯੂ ਵਿੱਚ ਹੈ। ਇਹਨਾਂ ਬਿਆਨਾਂ ਨਾਲ ਚਰਚਿਲ ਦੇ ਉਸ ਬਿਆਨ ਦੀ ਯਾਦ ਤਾਜ਼ਾ ਹੋ ਜਾਂਦੀ ਹੈ ਜੋ ਉਸਨੇ ਭਾਰਤ ਵਿਚਲੇ 1942 ਦੇ ਅਕਾਲ ਦੌਰਾਨ ਦਿੱਤਾ ਸੀ। ਚਰਚਿਲ ਦਾ ਕਹਿਣਾ ਸੀ ਕਿ ਭਾਰਤੀ ਚੂਹਿਆਂ ਦੀ ਤਰਾਂ ਆਪਣੀ ਆਬਾਦੀ ਵਧਾ ਰਹੇ ਸਨ। ਇਸ ਅਕਾਲ ਨਾਲ ਉਹ ਨਿਯੰਤਰਿਤ ਹੋ ਜਾਵੇਗੀ।

ਚਲੋ ਹੁਣ ਇੱਕ ਝਾਤ ਭਾਰਤ ਵੱਲ ਮਾਰੀਏ। ਜਿਹਨਾਂ ਲੋਕਾਂ ਨੇ 5 ਅਪ੍ਰੈਲ ਦੀ ਦਿਵਾਲੀ ਨੂੰ ਭਗਤੀ ਭਾਵਨਾ ਵਿੱਚੋਂ ਨਹੀਂ ਦੇਖਿਆ ਹੋਵੇਗਾ, ਉਹਨਾਂ ਨੂੰ ਸ਼ਾਇਦ ਇਹ ਅਹਿਸਾਸ ਹੋਇਆ ਹੋਵੇਗਾ ਕਿ ਇਸ ਦਿਨ ਭਾਰਤ ਦਾ ਰਸਮੀ ਲੋਕਤੰਤਰ ਇੱਕ ਅਸਲ ਮੂਰਖਤੰਤਰ ਵਿੱਚ ਬਦਲ ਗਿਆ ਹੈ। ਭਾਰਤੀ ਹਾਕਮ ਜਮਾਤਾਂ 'ਤੇ ਗਾਲਿਬ ਦਾ ਇੱਕ ਸ਼ੇਅਰ ਬਹੁਤ ਢੁੱਕਦਾ ਹੈ- 'ਮਰਜ਼ ਬੜਤਾ ਗਯਾ ਜਿਓ ਜਿਓ ਦਵਾ ਕੀ'। ਨੋਟਬੰਦੀ ਨੂੰ ਯਾਦ ਕਰੋ। ਨੋਟਬੰਦੀ ਦਿਖਾਵੇ ਦੇ ਤੌਰ 'ਤੇ ਇਸ ਲਈ ਕੀਤੀ ਗਈ ਕਿ ਕਾਲਾ ਧਨ ਫੜਿਆ ਜਾਵੇ। ਨੋਟਬੰਦੀ ਤੋਂ ਬਾਅਦ ਸਾਰਾ ਕਾਲਾ ਧਨ ਸਫ਼ੈਦ ਹੋ ਗਿਆ। ਜਿੰਨੇ ਨੋਟ ਬੰਦ ਹੋਏ ਸਨ, ਉਸ ਨਾਲੋਂ ਜ਼ਿਆਦਾ ਬੈਂਕਾਂ ਵਿੱਚ ਵਾਪਸ ਆ ਗਏ। ਪਰ ਤਾਨਾਸ਼ਾਹ ਦੇ ਇਸ ਪਾਗਲਪਨ ਨੇ ਕਰੋੜਾਂ ਲੋਕਾਂ ਦੀ ਰੋਜ਼ੀ ਰੋਟੀ ਖੋਹ ਲਈ ਅਤੇ ਭਾਰਤ ਦੀ ਅਰਥ ਵਿਵਸਥਾ ਨੂੰ ਲੀਹੋਂ ਲਾਹ ਦਿੱਤਾ। ਉਸੇ ਤਰਾਂ 24 ਤਰੀਕ ਦੇ ਲੌਕਡਾਊਨ ਤੋਂ ਬਾਅਦ ਬਣੀਆਂ ਸਥਿਤੀਆਂ ਨੇ ਕੋਰੋਨਾ ਦੇ ਬਿਹਤਰ ਢੰਗ ਨਾਲ ਫੈਲਣ ਵਿੱਚ ਸਹਾਇਤਾ ਕੀਤੀ। ਲੱਖਾਂ ਪਰਵਾਸੀ ਮਜ਼ਦੂਰ 'ਰਿਵਰਸ ਲੌਂਗ ਮਾਰਚ' ਕਰਨ ਲਈ ਮਜਬੂਰ ਹੋਏ। ਧੁੱਪ ਅਤੇ ਮੀਂਹ ਵਿੱਚ ਭੁੱਖੇ ਪਿਆਸੇ ਇਹ ਲੋਕ ਕੋਰੋਨਾ ਦੇ ਆਸਾਨੀ ਨਾਲ ਸ਼ਿਕਾਰ ਬਣੇ ਹੋਣਗੇ। ਚੰਦ ਕੁ ਰਹਿਣ ਬਸੇਰਿਆਂ ਵਿੱਚ ਲੋਕ ਉਵੇਂ ਹੀ ਤੁੰਨੇ ਪਏ ਹਨ ਜਿਵੇਂ ਉਹ ਆਪਣੀਆਂ ਮਜ਼ਦੂਰ ਬਸਤੀਆਂ ਵਿੱਚ ਰਹਿੰਦੇ ਸਨ। ਸੜਕ ਅਤੇ ਪਿੰਡਾਂ ਦੇ ਕਿਨਾਰੇ ਬਹੁਤ ਸਾਰੇ 'ਏਕਾਂਤਵਾਸ/ਕੁਆਰੰਟਾਈਨ ਸੈਂਟਰ' ਸੱਪ ਅਤੇ ਬਿੱਛੂ ਦਾ ਕੇਂਦਰ ਬਣੇ ਹੋਏ ਹਨ। ਜ਼ਿਆਦਾਤਰ ਏਕਾਂਤਵਾਸ/ਕੁਆਰੰਟਾਈਨ ਸੈਂਟਰ ਲਗਭਗ ਜੇਲਾਂ ਹਨ। ਜਿੱਥੇ ਬਿਨਾਂ ਕਿਸੇ ਜ਼ੁਰਮ ਦੇ ਲੱਖਾਂ ਲੋਕਾਂ ਨੂੰ ਰੱਖਿਆ ਗਿਆ ਹੈ। ਇਹ ਸਭ ਕੋਰੋਨਾ ਦੇ ਆਸਾਨ ਸ਼ਿਕਾਰ ਹਨ। ਹਾਂ, ਉੱਚ ਅਤੇ ਮੱਧ ਵਰਗ ਨਿਸ਼ਚਿਤ ਤੌਰ 'ਤੇ ਆਪਣੇ ਘਰਾਂ ਵਿੱਚ ਸੁਰੱਖਿਅਤ ਹੈ। ਭਾਰਤ ਵਿੱਚ ਸੋਸ਼ਲ ਡਿਸਟੈਂਸਿੰਗ ਦਰਅਸਲ 'ਕਲਾਸ ਡਿਸਟੈਂਸਿੰਗ' ਹੈ। ਇਸਦੇ ਪਿੱਛੇ ਅਸਲ ਮਨੋਰਥ ਉੱਚ ਵਰਗ-ਮੱਧ ਵਰਗ ਅਤੇ ਗਰੀਬਾਂ ਦਰਮਿਆਨ ਦੂਰੀ ਨੂੰ ਵਧਾਉਣਾ ਹੈ। ਅਤੇ ਕੋਰੋਨਾ ਨੂੰ ਗਰੀਬਾਂ ਵੱਲ ਜਾਣ ਦਾ ਰਾਹ ਦੇਣਾ ਹੈ। ਆਪਣੀਆਂ ਸਾਰੀਆਂ ਇੰਟਰਵਿਊਆਂ ਵਿੱਚ ਸੜਕ 'ਤੇ ਆ ਗਏ ਇਹਨਾਂ ਮਜ਼ਦੂਰਾਂ ਨੇ ਕਿਹਾ ਹੈ ਕਿ ਸਾਨੂੰ ਕੋਰੋਨਾ ਤੋਂ ਉਨਾਂ ਡਰ ਨਹੀਂ, ਜਿੰਨਾ ਭੁੱਖਮਰੀ ਅਤੇ ਪੁਲਿਸ ਦੀਆਂ ਡਾਂਗਾਂ ਤੋਂ ਹੈ। ਇਹ ਬੇਸਹਾਰਾ ਲਾਚਾਰ ਮਜ਼ਦੂਰ ਖੁਸ਼ੀ ਖੁਸ਼ੀ ਆਪਣੇ ਪਿੰਡ ਨਹੀਂ ਪਰਤ ਰਹੇ। ਇਹ ਉਹਨਾਂ ਪਿੰਡਾਂ ਵੱਲ ਪਰਤ ਰਹੇ ਹਨ ਜਿੱਥੇ ਰੋਜ਼ਾਨਾ 31 ਕਿਸਾਨ ਖੁਦਕੁਸ਼ੀਆਂ ਕਰ ਰਹੇ ਹਨ। ਅਜਿਹੇ ਸੰਕਟ ਦੇ ਸਮੇਂ ਵਿੱਚ ਵੀ ਜਿਸ ਤਰਾਂ ਪੁਲਿਸ ਸੜਕਾਂ 'ਤੇ ਮਜ਼ਦੂਰਾਂ ਤੋਂ ਬੈਠਕਾਂ ਲਵਾ ਰਹੀ ਹੈ ਅਤੇ ਉਹਨਾਂ 'ਤੇ ਡਾਂਗਾਂ ਵਰਾ ਰਹੀ ਹੈ, ਇਹ ਬੇਹੱਦ ਸ਼ਰਮਨਾਕ ਹੈ ਅਤੇ ਇਹ ਹਾਕਮ ਜਮਾਤ ਦੇ ਜਮਾਤੀ/ਜਾਤੀ ਪੱਖਪਾਤ ਅਤੇ ਉਸਦੇ ਭੈੜੇ ਚਰਿੱਤਰ ਦਾ ਹੀ ਪਰਦਾਫਾਸ਼ ਕਰਦਾ ਹੈ। ਉੱਤਰ ਪ੍ਰਦੇਸ਼ ਸਰਕਾਰ ਦੇ ਦੀਵਾਲੀਆਪਣ ਦੀ ਇਸ ਤੋਂ ਵਧੀਆ ਉਦਾਹਰਣ ਹੋਰ ਕੀ ਹੋ ਸਕਦੀ ਹੈ ਕਿ ਕੋਰੋਨਾ ਮਹਾਂਮਾਰੀ ਦੇ ਕਾਰਨ ਸੁਪਰੀਪ ਕੋਰਟ ਦੇ ਆਦੇਸ਼ਾਂ ਦੀ ਪਾਲਣਾ ਕਰਦੇ ਹੋਏ ਉਸਨੇ 11000 ਕੈਦੀਆਂ ਨੂੰ ਛੱਡਣ ਦਾ ਫੈਸਲਾ ਲਿਆ, ਪਰ ਲੌਕਡਾਊਨ ਦੀ ਕਥਿਤ ਉਲੰਘਣਾ ਦੇ ਦੋਸ਼ ਵਿੱਚ ਇਸ ਤੋਂ ਕਿਤੇ ਜ਼ਿਆਦਾ ਗਿਣਤੀ ਲੋਕਾਂ ਨੂੰ ਜੇਲਾਂ ਵਿੱਚ ਤੁੰਨ ਦਿੱਤਾ। ਇਸ ਤੋਂ ਤੁਸੀਂ ਸਰਕਾਰ ਦੇ ਕੰਮ ਕਰਨ ਦਾ ਦੀਵਾਲੀਆ ਤਰੀਕਾ ਸਮਝ ਸਕਦੇ ਹੋ। ਦਰਅਸਲ ਭਾਰਤ ਸਰਕਾਰ ਕੋਲ ਕੋਈ ਰਣਨੀਤੀ ਜਾਂ ਕੋਈ ਤਿਆਰੀ ਨਹੀਂ ਹੈ। ਇੱਥੋਂ ਤੱਕ ਕਿ ਉਸ ਕੋਲ ਕੋਈ ਭਰੋਸੇਮੰਦ ਅੰਕੜੇ ਵੀ ਨਹੀਂ ਹਨ। ਹਾਂ, ਹਰ ਮੌਕੇ ਨੂੰ 'ਜਸ਼ਨ' ਵਿੱਚ ਤਬਦੀਲ ਕਰਨਾ ਮੋਦੀ ਸਰਕਾਰ ਨੂੰ ਬਾਖ਼ੂਬੀ ਆਉਂਦਾ ਹੈ। ਫਿਰ ਚਾਹੇ ਕੋਈ ਮਾਤਮ ਹੀ ਕਿਉਂ ਨਾ ਹੋਵੇ। ਅਤੇ ਇਹ ਕੰਮ ਉਹ ਬਾਖ਼ੂਬੀ ਕਰ ਰਹੀ ਹੈ। ਯੂਰਪੀ ਦੇਸ਼ਾਂ ਦੀ ਨਕਲ ਕਰਦੇ ਹੋਏ ਭਾਰਤ ਸਰਕਾਰ ਨੇ ਬਿਨਾਂ ਕਿਸੇ ਤਿਆਰੀ ਦੇ ਅਚਾਨਕ ਲੌਕਡਾਊਨ ਕਰ ਦਿੱਤਾ। ਪਰ ਨਕਲ ਦੇ ਨਾਲ ਕੁੱਝ ਅਕਲ ਵੀ ਤਾਂ ਹੋਣੀ ਚਾਹੀਦੀ ਹੈ। ਰਾਤ ਅੱਠ ਵਜੇ ਲੌਕਡਾਊਨ ਦੀ ਘੋਸ਼ਣਾ ਹੁੰਦੇ ਹੀ ਲੋਕ 'ਸੋਸ਼ਲ ਡਿਸਟੈਂਸਿੰਗ' ਦੀਆਂ ਧੱਜੀਆਂ ਉਡਾਉਂਦੇ ਹੋਏ ਵੱਡੀ ਗਿਣਤੀ ਵਿੱਚ ਦੁਕਾਨਾਂ 'ਤੇ ਆ ਗਏ। ਹੋਸਟਲ ਵਿੱਚ ਰਹਿਣ ਵਾਲੇ ਵਿਦਿਆਰਥੀ-ਨੌਜਵਾਨ ਅਤੇ ਅਸਥਾਈ ਮਜ਼ਦੂਰਾਂ ਦੇ ਝੁੰਡ ਸੜਕਾਂ, ਬੱਸ ਅੱਡਿਆਂ, ਰੇਲਵੇ ਸਟੇਸ਼ਨਾਂ 'ਤੇ ਆ ਪਹੁੰਚੇ। ਇਸ ਨੂੰ ਵੇਖਦਿਆਂ ਇਹ ਹੀ ਕਿਹਾ ਜਾ ਸਕਦਾ ਹੈ ਕਿ ਇਹ ਸਿਰਫ ਉੱਚੇ ਅਤੇ ਮੱਧ ਵਰਗ ਨੂੰ ਕੋਰੋਨਾ ਤੋਂ ਬਚਾਉਣ ਲਈ ਕੀਤਾ ਗਿਆ ਸੀ ਅਤੇ ਬਦਲੇ ਵਿੱਚ ਸਾਰੇ ਗਰੀਬ ਮਜ਼ਦੂਰਾਂ ਨੂੰ ਕੋਰੋਨਾ ਨਾਮੀ ਸ਼ੇਰ ਦੇ ਅੱਗੇ ਪਰੋਸ ਦਿੱਤਾ ਜਾਵੇ। ਭਾਰਤ ਵਿੱਚ ਹਰ ਸਾਲ 4 ਲੱਖ ਲੋਕ ਟੀਬੀ ਨਾਲ ਮਰਦੇ ਹਨ। ਜਿਸਦਾ ਇੱਕ ਵੱਡਾ ਕਾਰਨ ਗਰੀਬੀ ਹੈ। ਇਹ ਲੌਕਡਾਊਨ ਇਸ ਗਰੀਬੀ ਨੂੰ ਹੋਰ ਵਧਾਏਗਾ (ਆਈਐੱਲਓ ਦੀ ਤਾਜ਼ਾ ਰਿਪੋਰਟ ਕਹਿੰਦੀ ਹੈ ਕਿ ਲੌਕਡਾਊਨ ਤੋਂ ਬਾਅਦ ਭਾਰਤ ਦੀ 40 ਕਰੋੜ ਆਬਾਦੀ ਗਰੀਬੀ ਦੇ ਖੱਡੇ ਵਿੱਚ ਹੋਰ ਗਹਿਰੀ ਧਸ ਜਾਵੇਗੀ) ਅਤੇ ਟੀਬੀ ਨਾਲ ਮਰਨ ਵਾਲਿਆਂ ਦੀ ਗਿਣਤੀ ਇਸ ਸਾਲ ਵਧ ਸਕਦੀ ਹੈ। ਇਹ ਰਣਨੀਤੀ ਕਿੰਨੀ ਕੁ ਪ੍ਰਭਾਵਸ਼ਾਲੀ ਹੈ ਕਿ ਅਸੀਂ 1 ਵਿਅਕਤੀ ਨੂੰ ਕੋਰੋਨਾ ਤੋਂ ਬਚਾ ਕੇ ਬਦਲੇ ਵਿੱਚ 4 ਲੋਕਾਂ ਨੂੰ ਟੀਬੀ ਨਾਲ ਮਾਰ ਦਈਏ। ਇਸ ਕੋਰੋਨਾ ਕਾਲ ਵਿੱਚ ਲਗਭਗ ਸਾਰੇ ਹਸਪਤਾਲਾਂ ਦੀ ਓਪੀਡੀ ਬੰਦ ਹੈ। ਦਿੱਲੀ ਦੇ ਏਮਜ਼ ਵਰਗੇ ਹਸਪਤਾਲ ਨੇ ਵੀ ਆਪਣੀ ਓਪੀਡੀ ਬੰਦ ਕਰ ਦਿੱਤੀ ਹੈ। ਕੈਂਸਰ ਦੇ ਗੰਭੀਰ ਮਰੀਜ਼ਾਂ ਦਾ ਵੀ ਇਲਾਜ ਨਹੀਂ ਕੀਤਾ ਜਾ ਰਿਹਾ ਹੈ। ਤਮਾਮ ਕੈਂਸਰ ਦੇ ਮਰੀਜ਼ ਏਮਜ਼ ਅਤੇ ਦਿੱਲੀ ਦੇ ਹੋਰ ਹਸਪਤਾਲਾਂ ਦੇ ਆਸ ਪਾਸ ਆਪਣੇ ਮਰਨ ਦਾ ਇੰਤਜ਼ਾਰ ਕਰ ਰਹੇ ਹਨ। ਪ੍ਰਾਈਵੇਟ ਕਲੀਨਿਕ ਚਲਾਉਣ ਵਾਲੇ ਬਹੁਤ ਸਾਰੇ ਡਾਕਟਰਾਂ ਨੇ ਆਪਣੀ ਸੁਰੱਖਿਆ ਦਾ ਖਿਆਲ ਰੱਖਦੇ ਹੋਏ ਆਪਣੇ ਕਲੀਨਿਕ ਬੰਦ ਕਰ ਰੱਖੇ ਹਨ। ਸ਼ਾਇਦ ਇਹ ਅੰਕੜਾ ਕਦੇ ਨਹੀਂ ਆਵੇਗਾ ਕਿ ਅਸੀਂ ਕਿੰਨੇ ਕੋਰੋਨਾ ਦੇ ਮਰੀਜ਼ਾਂ ਨੂੰ ਬਚਾਇਆ ਅਤੇ ਇਸਦੇ ਬਦਲੇ ਵਿੱਚ ਕਿੰਨੇ ਹੋਰ ਬਿਮਾਰ ਲੋਕਾਂ ਨੂੰ ਮਾਰ ਦਿੱਤਾ। ਆਖਿਰ ਭਾਰਤ ਕਰ ਵੀ ਕੀ ਸਕਦਾ ਹੈ। ਪਿਛਲੇ ਦਹਾਕਿਆਂ ਵਿੱਚ ਅਸੀਂ ਹਿੰਦੂ-ਮੁਸਲਿਮ ਕਰਨ 'ਤੇ ਹੀ ਆਪਣਾ ਸਮਾਂ ਗਵਾਇਆ ਹੈ। ਸਾਡਾ ਬਾਕੀ ਕੰਮ ਤਾਂ ਵਿਸ਼ਵ ਬੈਂਕ, ਆਈਐੱਮਐੱਫ ਵਰਗੀਆਂ ਸਾਮਰਾਜਵਾਦੀ ਸੰਸਥਾਵਾਂ ਜਾਂ ਅਮਰੀਕਾ ਹੀ ਕਰਦਾ ਰਿਹਾ ਹੈ। ਅਤੇ ਇਹਨਾਂ ਦੇ 'ਖੂਬਸੂਰਤ' ਕੰਮਾਂ ਦਾ ਨਤੀਜਾ ਹੀ ਹੈ ਕਿ ਅੱਜ ਸਾਡੇ ਕੋਲ 10000 ਲੋਕਾਂ ਪਿੱਛੇ ਇੱਕ ਸਰਕਾਰੀ ਐੱਮਬੀਬੀਐੱਸ ਡਾਕਟਰ ਹੈ। ਇਹਨਾਂ ਸਥਿਤੀਆਂ ਦੇ ਕਾਰਨ ਭਾਰਤ ਵਿੱਚ ਹਰ ਸਾਲ 5 ਕਰੋੜ 5 ਲੱਖ ਲੋਕ ਸਿਰਫ ਸਿਹਤ ਖਰਚਿਆਂ ਕਰਕੇ ਗਰੀਬੀ ਰੇਖਾ ਤੋਂ ਹੇਠਾਂ ਚਲੇ ਜਾਂਦੇ ਹਨ। ਭਾਰਤ ਕਿਸੇ ਵੀ ਲਿਹਾਜ਼ ਨਾਲ ਕੋਰੋਨਾ ਵਰਗੀ ਮਹਾਂਮਾਰੀ ਲਈ ਤਿਆਰ ਨਹੀਂ ਸੀ। ਪਰ ਇੱਥੋਂ ਦਾ ਮੀਡੀਆ ਹਰ ਚੀਜ਼ ਲਈ ਤਿਆਰ ਰਹਿੰਦਾ ਹੈ। ਕੋਰੋਨਾ ਲਈ ਵੀ ਇਹ ਪਹਿਲਾਂ ਤੋਂ ਹੀ ਤਿਆਰ ਸੀ। ਪਹਿਲਾਂ ਅਮਰੀਕਾ ਦੇ ਪਿੱਛੇ ਲੱਗ ਕੇ ਇਸਨੇ ਕੋਰੋਨਾ ਦੇ ਲਈ ਚੀਨ ਨੂੰ ਨਿਸ਼ਾਨਾ ਬਣਾਇਆ ਪਰ ਜਦੋਂ ਭਾਰਤ ਨੂੰ 'ਵੈਂਟੀਲੇਟਰ' ਅਤੇ 'ਟੈਸਟਿੰਗ ਕਿੱਟਾਂ' ਲਈ ਚੀਨ ਅੱਗੇ ਹੱਥ ਅੱਡਣੇ ਪਏ ਤਾਂ ਮੀਡੀਆ ਆਪਣਾ ਅਭਿਆਨ ਵਿਚਾਲੇ ਰੋਕ ਕੇ ਆਪਣੇ ਪਸੰਦੀਦਾ ਦੁਸ਼ਮਣ ਮੁਸਲਮਾਨ 'ਤੇ ਆ ਗਿਆ ਅਤੇ ਕੋਰੋਨਾ ਦਾ ਸਾਰਾ ਠੀਕਰਾ ਮੁਸਲਮਾਨਾਂ ਸਿਰ ਭੰਨ ਦਿੱਤਾ। ਸੰਘ ਦੇ ਆਈ.ਟੀ. ਸੈੱਲ ਵਾਲੇ ਵੀ ਲੌਕਡਾਊਨ ਦੀ ਪੂਰੀ ਵਰਤੋਂ ਕਰਦੇ ਹੋਏ ਖੁਦ ਕੋਰੋਨਾ ਦੀ ਭੂਮਿਕਾ ਵਿੱਚ ਆ ਗਏ ਹਨ। ਅਤੇ ਲੋਕਾਂ ਨੂੰ ਨਵੇਂ ਰੂਪ ਵਿੱਚ ਸੰਕਰਮਿਤ ਕਰਨ ਦਾ ਕੋਈ ਮੌਕਾ ਨਹੀਂ ਛੱਡ ਰਹੇ। ਸਰਕਾਰ ਨੂੰ ਸੀਏਏ ਦੇ ਮਾਮਲੇ ਵਿੱਚ ਮੁਸਲਮਾਨਾਂ ਦੀ ਭੂਮਿਕਾ ਦਾ ਬਦਲਾ ਲੈਣ ਦਾ ਮੌਕਾ ਮਿਲ ਗਿਆ ਹੈ। ਰਾਣਾ ਅਯੂਬ ਦੇ ਟਵਿੱਟਰ ਖਾਤੇ 'ਤੇ ਜਾਰੀ ਕੀਤੀ ਗਈ ਵੀਡੀਓ ਨੂੰ ਕੌਣ ਭੁੱਲ ਸਕਦਾ ਹੈ ਜਿੱਥੇ ਇੱਕ ਮਸਜਿਦ ਵਿੱਚੋਂ ਬਾਹਰ ਨਿਕਲਦੇ ਮੁਸਲਮਾਨਾਂ ਉੱਪਰ ਪੁਲਿਸ ਡਾਂਗਾਂ ਵਰਾ ਰਹੀ ਹੈ। ਕਿੰਨੇ ਹੀ ਮੁਸਲਮਾਨਾਂ ਅਤੇ ਮੁਸਲਮਾਨ ਬਸਤੀਆਂ ਨੂੰ ਕੋਰੋਨਾ ਦੇ ਕਾਰਨ ਕੁਆਰੰਟਾਈਨ ਕੀਤਾ ਗਿਆ ਅਤੇ ਕਿੰਨਿਆਂ ਨੂੰ ਉਹਨਾਂ ਦੇ ਮੁਸਲਮਾਨ ਹੋਣ ਦੇ ਕਾਰਨ ਕੀਤਾ ਗਿਆ, ਇਹ ਹੁਣ ਕਿਸੇ ਤੋਂ ਲੁਕਿਆ ਨਹੀਂ ਹੈ। ਜਦੋਂ ਪੂਰੀ ਦੁਨੀਆ ਕੋਰੋਨਾ ਵਾਇਰਸ ਦੇ ਜੀਨੋਮ ਦਾ ਅਧਿਐਨ ਕਰ ਰਹੀ ਹੈ ਤਾਂ ਅਸੀਂ ਕੋਰੋਨਾ ਦੇ ਧਰਮ ਦੇ ਅਧਿਐਨ ਵਿੱਚ ਰੁੱਝੇ ਹੋਏ ਹਾਂ। ਦਰਅਸਲ ਭਾਰਤ ਵਰਗੇ ਗਰੀਬ ਦੇਸ਼ ਵਿੱਚ ਜਿੱਥੇ 94 ਫੀਸਦੀ ਮਜ਼ਦੂਰ ਸ਼ਕਤੀ ਅਸੰਗਠਿਤ ਖੇਤਰ ਵਿੱਚ ਕੰਮ ਕਰ ਰਹੀ ਹੈ, ਅੱਧੀ ਤੋਂ ਵੱਧ ਆਬਾਦੀ ਭਿਆਨਕ ਗਰੀਬੀ ਵਿੱਚ ਜੀ ਰਹੀ ਹੈ, ਮੁਕੰਮਲ ਤਾਲਾਬੰਦੀ ਸਹੀ ਬਦਲ ਕਦੇ ਨਹੀਂ ਹੋ ਸਕਦਾ। ਇੱਥੇ ਜ਼ਿਆਦਾ ਤੋਂ ਜ਼ਿਆਦਾ ਟੈਸਟ ਹੋਣੇ ਚਾਹੀਦੇ ਸਨ ਅਤੇ ਇਹਨਾਂ ਟੈਸਟਾਂ ਦੇ ਆਧਾਰ 'ਤੇ ਸਥਾਨਕ ਲੌਕਡਾਊਨ/ਕੁਆਰੰਟਾਈਨ ਦਾ ਸਹਾਰਾ ਲੈਣਾ ਚਾਹੀਦਾ ਸੀ। ਪਰ ਸੱਚਾਈ ਇਹ ਹੈ ਕਿ ਭਾਰਤ ਪ੍ਰਤੀ 10 ਲੱਖ ਵਿਅਕਤੀ ਸਿਰਫ 137 ਟੈਸਟ ਹੀ ਕਰ ਪਾ ਰਿਹਾ ਹੈ। ਸਾਡੇ ਨਾਲੋਂ ਬਿਹਤਰ ਅੰਕੜਾ ਤਾਂ ਪਾਕਿਸਤਾਨ ਅਤੇ ਸ੍ਰੀਲੰਕਾ ਦਾ ਹੈ ਜੋ ਕ੍ਰਮਵਾਰ 262 ਅਤੇ 152 ਟੈਸਟ ਕਰ ਰਹੇ ਹਨ, ਜਦੋਂ ਕਿ ਇਟਲੀ ਅਤੇ ਜਰਮਨੀ ਦਾ ਅੰਕੜਾ 15000 ਦੇ ਆਸ ਪਾਸ ਹੈ। ਅੱਜ ਬੇਸ਼ੱਕ ਕੋਰੋਨਾ ਕਾਲ ਵਿੱਚ ਉਹਨਾਂ ਤਾਕਤਾਂ ਦੀ ਆਵਾਜ਼ ਦੱਬੀ ਜਾ ਰਹੀ ਹੈ ਜੋ ਲਗਾਤਾਰ ਵਾਤਾਵਰਣ, ਸਿਹਤ, ਗਰੀਬੀ, ਜਲ-ਜੰਗਲ-ਜ਼ਮੀਨ ਦਾ ਮੁੱਦਾ ਪੁਰਜ਼ੋਰ ਢੰਗ ਨਾਲ ਚੁੱਕ ਰਹੇ ਸਨ, ਇਸ ਅਣਮਨੁੱਖੀ ਪ੍ਰਣਾਲੀ ਦੀ ਮੌਜੂਦਗੀ 'ਤੇ ਹੀ ਸਵਾਲ ਖੜਾ ਕਰ ਰਹੇ ਸਨ ਅਤੇ ਆਪਣੇ ਆਪਣੇ ਤਰੀਕੇ ਨਾਲ ਲੜ ਵੀ ਰਹੇ ਸਨ, ਪਰ ਕੋਰੋਨਾ ਤੋਂ ਬਾਅਦ ਦੇ ਸਮੇਂ ਵਿੱਚ ਉਹਨਾਂ ਦੀ ਆਵਾਜ਼ ਹੋਰ ਤੇਜ਼ ਸੁਣਾਈ ਦੇਵੇਗੀ। 14ਵੀਂ ਸ਼ਤਾਬਦੀ ਵਿੱਚ ਜਦੋਂ ਯੂਰਪ ਪਲੇਗ ਨਾਮੀ ਮਹਾਂਮਾਰੀ ਦੀ ਮਾਰ ਹੇਠ ਆਇਆ ਸੀ ਅਤੇ ਇਸਦੇ ਕਾਰਨ ਯੂਰਪ ਦੀ ਇੱਕ ਤਿਹਾਈ ਆਬਾਦੀ ਖਤਮ ਹੋ ਗਈ ਸੀ, ਤਾਂ ਇਸਦਾ ਇੱਕ ਮਹੱਤਵਪੂਰਨ ਨਤੀਜਾ ਇਹ ਹੋਇਆ ਕਿ ਆਮ ਲੋਕਾਂ ਵਿੱਚ ਚਰਚ ਪ੍ਰਤੀ ਸ਼ਰਧਾ ਖ਼ਤਮ ਹੋ ਗਈ ਅਤੇ ਇਸਨੇ ਯੂਰਪ ਵਿੱਚ ਪੁਨਰ-ਜਾਗ੍ਰਿਤੀ ਸ਼ੁਰੂ ਕਰਨ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ, ਜਿਸਦੇ ਨਤੀਜੇ ਵਜੋਂ ਕਈ ਬੁਰਜੂਆ ਇਨਕਲਾਬ ਹੋਏ। ਕੀ ਇਸ ਵਾਰ ਵੀ ਅਜਿਹਾ ਹੋਵੇਗਾ? ਐਡਵਰਡੋ ਗੈਲੁਆਨੋ ਦਾ ਕਹਿਣਾ ਸੀ ਕਿ ਇਤਿਹਾਸ ਅਸਲ ਵਿੱਚ ਕਦੇ ਅਲਵਿਦਾ ਨਹੀਂ ਕਹਿੰਦਾ। ਉਹ ਕਹਿੰਦਾ ਹੈ - ਦੁਬਾਰਾ ਮਿਲਾਂਗੇ। (History never really says goodbye. History says, Ósee you later.) ਭਾਵੇਂ ਰਾਤ ਕਿੰਨੀ ਵੀ ਹਨੇਰੀ ਹੋਵੇ, ਉਸ ਵਿੱਚ ਆਉਣ ਵਾਲੀ ਸਵੇਰ ਦਸਤਕ ਦਿੰਦੀ ਹੈ। ਚਾਰਲਸ ਡਿਕਨਜ਼ ਦੇ ਮਸ਼ਹੂਰ ਨਾਵਲ 'ਏ ਟੇਲ ਆਫ ਟੂ ਸਿਟੀਜ਼' ਦੀ ਇਸ ਮਸ਼ਹੂਰ ਪੰਕਤੀ ਨੂੰ ਇੱਕ ਵਾਰ ਦੁਹਰਾਉਣ ਦਾ ਮਨ ਕਰ ਰਿਹਾ ਹੈ- ਇਹ ਸਭ ਤੋਂ ਚੰਗਾ ਸਮਾਂ ਹੈ, ਇਹ ਸਭ ਤੋਂ ਖਰਾਬ ਸਮਾਂ ਹੈ। ਇਹ ਸਿਆਣਪ ਦਾ ਯੁੱਗ ਹੈ, ਇਹ ਮੂਰਖਤਾ ਦਾ ਯੁੱਗ ਹੈ। ਇਹ ਵਿਸ਼ਵਾਸ ਦਾ ਯੁੱਗ ਹੈ, ਇਹ ਅਵਿਸ਼ਵਾਸ ਦਾ ਯੁੱਗ ਹੈ। ਇਹ ਰੋਸ਼ਨੀ ਦਾ ਮੌਸਮ ਹੈ, ਇਹ ਹਨੇਰੇ ਦਾ ਮੌਸਮ ਹੈ। ਇਹ ਉਮੀਦ ਦੀ ਬਹਾਰ ਹੈ, ਇਹ ਨਿਰਾਸ਼ਾ ਦੀ ਸਰਦੀ ਹੈ।

**ਤਰਜ਼ਮਾ : ਅੰਤਰਪ੍ਰੀਤ**

# ਸਮਾਜ ਸੁਧਾਰਕ ਤੇ ਮਹਾਨ ਵਿਦਵਾਨ ਗਿਆਨੀ ਦਿੱਤ ਸਿੰਘ

**- ਮਨਦੀਪ ਸਿੰਘ**

ਗਿਆਨੀ ਦਿੱਤ ਸਿੰਘ ਸਿੱਖ ਕੌਮ ਦੇ ਅਣਥੱਕ ਸੇਵਕ, ਪ੍ਰਸਿੱਧ ਕਵੀ, ਸਮਾਜ ਸੁਧਾਰਕ ਤੇ ਮਹਾਨ ਵਿਦਵਾਨ ਸਨ। ਉਨਾਂ ਦਾ ਜਨਮ 21 ਅਪਰੈਲ 1852 ਨੂੰ ਪਟਿਆਲਾ ਰਿਆਸਤ ਦੇ ਨਗਰ ਨੰਦਪੁਰ ਕਲੌੜ ਵਿੱਚ ਭਾਈ ਦੀਵਾਨ ਸਿੰਘ ਦੇ ਗ੍ਰਹਿ ਵਿੱਚ ਹੋਇਆ। ਆਪ ਦੇ ਪਿਤਾ ਦਾ ਸੁਭਾਅ ਧਾਰਮਿਕ ਬਿਰਤੀ ਵਾਲਾ ਹੋਣ ਕਰਕੇ ਸਿੱਖੀ ਜੀਵਨ ਆਪ ਨੂੰ ਘਰ ਤੋਂ ਹੀ ਪ੍ਰਾਪਤ ਹੋਇਆ। ਆਪ ਦੇ ਘਰ ਵਿੱਚ ਸਾਧੂ-ਸੰਤਾਂ ਦਾ ਆਉਣਾ-ਜਾਣਾ ਅਕਸਰ ਰਹਿੰਦਾ ਸੀ। ਧਰਮੀ ਪਿਤਾ ਤੇ ਸੰਤ-ਮਹਾਪੁਰਸ਼ਾਂ ਦਾ ਆਪ ਦੇ ਬਾਲ ਮਨ ਉੱਤੇ ਵਿਸ਼ੇਸ਼ ਪ੍ਰਭਾਵ ਰਿਹਾ। ਆਪ ਦੀ ਧਾਰਮਿਕ ਲਗਨ ਤੇ ਰੁਚੀ ਨੂੰ ਵੇਖ ਕੇ ਆਪ ਦੇ ਪਿਤਾ ਨੇ ਆਪ ਨੂੰ ਸੰਤ ਗੁਰਬਖ਼ਸ਼ ਸਿੰਘ ਕੋਲ ਪਿੰਡ ਤਿਊੜ ਜ਼ਿਲਾ ਅੰਬਾਲਾ ਵਿੱਚ ਭੇਜ ਦਿੱਤਾ। ਉੱਥੇ ਰਹਿ ਕੇ ਆਪ ਨੇ ਧਾਰਮਿਕ ਗ੍ਰੰਥ ਦਾ ਅਧਿਐਨ ਕੀਤਾ। ਆਪ ਨੇ ਇਸੇ ਡੇਰੇ ਵਿੱਚ ਪਰਸ਼ੀਅਨ ਦੇ ਉਸਤਾਦ ਦਇਆ ਨੰਦ ਖੱਤਰੀ ਕੋਲੋਂ ਪਰਸ਼ੀਅਨ ਦੀ ਸਿੱਖਿਆ ਪ੍ਰਾਪਤ ਕੀਤੀ ਅਤੇ ਪਿੰਗਲ, ਵਿਆਕਰਨ, ਵੇਦਾਂਤ ਅਤੇ ਰਾਜਨੀਤੀ ਆਦਿ ਦੇ ਗ੍ਰੰਥਾਂ ਦਾ ਅਧਿਐਨ ਕੀਤਾ। ਇਸ ਗੰਭੀਰ ਅਧਿਐਨ ਨੇ ਆਪ ਵਿੱਚ ਹਰੇਕ ਵਿਸ਼ੇ 'ਤੇ ਬਹਿਸ ਕਰਨ ਦੀ ਸਮਰੱਥਾ ਪੈਦਾ ਕਰ ਦਿੱਤੀ।

ਜ਼ਿਲਾ ਅੰਬਾਲਾ ਦੇ ਪਿੰਡ ਤਿਊੜ ਦੇ ਡੇਰੇ ਤੋਂ ਬਾਅਦ ਆਪ ਲਾਹੌਰ ਦੇ ਗੁਲਾਬਦਾਸੀਆਂ ਦੇ ਡੇਰੇ ਵਿੱਚ ਆ ਗਏ। ਇੱਥੇ ਆ ਕੇ ਆਪ ਗੁਲਾਬਦਾਸੀ ਸੰਪ੍ਰਦਾਇ ਦੇ ਬੁਲਾਰੇ ਅਤੇ ਪ੍ਰਚਾਰਕ ਬਣ ਗਏ। ਲਾਹੌਰ ਰਹਿੰਦਿਆਂ ਹੀ ਆਪ ਦੀ ਮੁਲਾਕਾਤ ਓਰੀਐਂਟਲ ਕਾਲਜ ਦੇ ਪੰਜਾਬੀ ਦੇ ਪ੍ਰੋਫ਼ੈਸਰ ਸਰਦਾਰ ਗੁਰਮੁਖ ਸਿੰਘ ਨਾਲ ਹੋਈ। ਪਹਿਲੀ ਮੁਲਾਕਾਤ ਵਿੱਚ ਦੋਵੇਂ ਇੱਕ ਦੂਜੇ ਤੋਂ ਬਹੁਤ ਪ੍ਰਭਾਵਿਤ ਹੋਏ। ਉਸੇ ਸਮੇਂ ਪ੍ਰੋਫ਼ੈਸਰ ਸਾਹਿਬ ਅਤੇ ਆਪ ਦੇ ਵਿਚਕਾਰ ਸਿੱਖ ਕੌਮ ਦੀ ਡੁੱਬਦੀ ਬੇੜੀ ਨੂੰ ਨਿਘਾਰ ਤੋਂ ਬਚਾਉਣ ਬਾਰੇ ਗੱਲ ਚੱਲੀ। ਪ੍ਰੋਫ਼ੈਸਰ ਸਾਹਿਬ ਦੇ ਕਹਿਣ 'ਤੇ ਆਪ ਨੇ ਗਿਆਨੀ ਦੀ ਪ੍ਰੀਖਿਆ ਪਾਸ ਕੀਤੀ। ਇਸ ਮਗਰੋਂ ਆਪ ਨੇ ਕਾਲਜ ਦੇ ਪ੍ਰੋਫ਼ੈਸਰਾਂ ਸਾਹਮਣੇ ਮਨੁੱਖਤਾ, ਮਨੁੱਖੀ-ਗੁਣਾਂ, ਮਨੁੱਖੀ-ਜੀਵਨ-ਆਦਰਸ਼ਾਂ ਆਦਿ ਵਿਸ਼ਿਆਂ 'ਤੇ ਕਈ ਲੈਕਚਰ ਦਿੱਤੇ। ਕਾਲਜ ਦਾ ਪ੍ਰਿੰਸੀਪਲ ਆਪ ਤੋਂ ਕਾਫ਼ੀ ਪ੍ਰਭਾਵਿਤ ਹੋਇਆ ਅਤੇ ਉਸ ਨੇ ਆਪ ਨੂੰ ਧਾਰਮਿਕ ਪ੍ਰੋਫ਼ੈਸਰ ਦੀ ਪੱਕੀ ਨੌਕਰੀ ਦੇ ਦਿੱਤੀ। ਇਸ ਤੋਂ ਬਾਅਦ ਚਾਰੇ ਪਾਸੇ ਆਪ ਦੀ ਚਰਚਾ ਹੋਣ ਲੱਗ ਪਈ।



ਗਿਆਨੀ ਦਿੱਤ ਸਿੰਘ ਦਾ ਸਿੱਖ ਧਰਮ ਵਿੱਚ ਸਭ ਤੋਂ ਵੱਡਾ ਯੋਗਦਾਨ ਸਿੰਘ ਸਭਾ ਲਹਿਰ ਨੂੰ ਸ਼ੁਰੂ ਕਰਨਾ ਸੀ। ਇਸ ਦਾ ਮੁੱਖ ਮਕਸਦ ਲੋਕਾਂ ਨੂੰ ਅੰਧ-ਵਿਸ਼ਵਾਸਾਂ, ਵਹਿਮਾਂ-ਭਰਮਾਂ ਅਤੇ ਫੋਕੀਆਂ ਰਹੁ ਰੀਤਾਂ ਤੋਂ ਮੁਕਤ ਕਰਵਾਉਣਾ ਸੀ। ਸਿੰਘ ਸਭਾ ਲਹਿਰ ਦਾ ਪ੍ਰਭਾਵ ਦੂਰ-ਦੁਰਾਡੇ ਫੈਲਣ ਮਗਰੋਂ ਆਰੀਆ ਸਮਾਜ ਨੇ ਇਸ ਦੀ ਵਿਰੋਧਤਾ ਕੀਤੀ। ਸਿੰਘ ਸਭਾ ਲਹਿਰ ਦੇ ਬਾਨੀਆਂ ਵਿੱਚੋਂ ਆਪ ਨੇ ਆਰੀਆ ਸਮਾਜ ਦੇ ਸਵਾਮੀ ਦਯਾਨੰਦ ਨਾਲ ਧਰਮ ਦੇ ਵਿਸ਼ੇ 'ਤੇ ਬਹਿਸ ਕਰਨ ਲਈ ਟੱਕਰ ਲਈ। 18 ਅਪਰੈਲ 1877 ਨੂੰ ਸਵਾਮੀ ਦਯਾਨੰਦ ਲਾਹੌਰ ਆਏ ਤਾਂ ਉਨਾਂ ਨੇ ਰਤਨ ਚੰਦ ਦਾਹੜੀਵਾਲੇ ਬਾਗ਼ ਵਿੱਚ ਬਹਿਸਾਂ ਕਰਨੀਆਂ ਸ਼ੁਰੂ ਕੀਤੀਆਂ। ਜਿਹੜਾ ਵਿਅਕਤੀ ਸਵਾਮੀ ਦਯਾਨੰਦ ਦੀ ਗੱਲ ਨਾਲ ਸਹਿਮਤ ਨਹੀਂ ਸੀ ਹੁੰਦਾ, ਉਹ (ਸਵਾਮੀ) ਉਸ ਵਿਅਕਤੀ ਦੀ ਮੂਰਖ ਕਹਿ ਕੇ ਬੇਇੱਜ਼ਤੀ ਕਰ ਦਿੰਦੇ ਸਨ। ਸਵਾਮੀ ਦਯਾਨੰਦ ਦੀਆਂ ਬਹਿਸਾਂ ਦੀ ਹਰ ਪਾਸੇ ਚਰਚਾ ਸੁਣ ਕੇ ਆਪ ਨੇ ਉਨਾਂ ਨਾਲ ਸ੍ਰਿਸ਼ਟੀ ਦੀ ਰਚਨਾ ਦੇ ਵਿਸ਼ੇ 'ਤੇ ਬਹਿਸ ਕੀਤੀ ਅਤੇ ਉਨਾਂ ਦੇ ਅੰਦਰ ਪੈਦਾ ਹੋਏ ਹੰਕਾਰ ਨੂੰ ਤੋੜਿਆ। ਇਸ ਸਬੰਧੀ ਆਪ ਨੇ ਇੱਕ ਪੁਸਤਕ 'ਮੇਰਾ ਅਤੇ ਸਾਧੂ ਦਯਾਨੰਦ ਜੀ ਦਾ ਸੰਵਾਦ' ਵੀ ਲਿਖੀ।

ਗਿਆਨੀ ਦਿੱਤ ਸਿੰਘ ਨੇ ਜਾਤ-ਪਾਤ, ਵਹਿਮਾਂ-ਭਰਮਾਂ, ਅੰਧ-ਵਿਸ਼ਵਾਸਾਂ ਦੇ ਵਿਸ਼ਿਆਂ 'ਤੇ ਪੁਸਤਕਾਂ, ਪੈਂਫਲਿਟ ਅਤੇ ਇਸ਼ਤਿਹਾਰ ਛਾਪ ਕੇ ਵੰਡੇ। ਸਿੰਘ ਸਭਾ ਦੇ ਪ੍ਰਚਾਰਕ ਨੇ 'ਖ਼ਾਲਸਾ ਅਖ਼ਬਾਰ' ਛਾਪਣਾ ਸ਼ੁਰੂ ਕੀਤਾ ਤੇ ਇਸ ਵਿੱਚ ਸਭ ਤੋਂ ਵੱਧ ਲੇਖ ਆਪ ਹੀ ਲਿਖਦੇ ਸਨ। ਇਸ ਤੋਂ ਇਲਾਵਾ ਉਰਦੂ ਵਿੱਚ 'ਖ਼ਾਲਸਾ ਗਜ਼ਟ' ਪ੍ਰਸਿੱਧ ਹੋਇਆ। ਆਪ ਨੇ 'ਸੁਪਨ ਨਾਟਕ' ਨਾਂ ਦਾ ਇੱਕ ਨਾਟਕ ਵੀ ਲਿਖਿਆ, ਜਿਸ ਵਿੱਚ ਵਿਅੰਗਾਤਮਕ ਸ਼ੈਲੀ ਵਿੱਚ ਬਾਬਾ ਖੇਮ ਸਿੰਘ ਬੇਦੀ, ਰਾਜਾ ਬਿਕਰਮ ਸਿੰਘ, ਗਿਆਨੀ ਝੰਡਾ ਸਿੰਘ ਆਦਿ ਨੂੰ ਨਾਟਕ ਦੇ ਪਾਤਰ ਬਣਾ ਕੇ ਇਹ ਦੱਸਣ ਦੀ ਕੋਸ਼ਿਸ਼ ਕੀਤੀ ਕਿ ਇਹ ਅਖੌਤੀ ਸੇਵਾਦਾਰ ਪੰਥ ਨੂੰ ਕਿਵੇਂ ਉਜਾੜਨ 'ਤੇ ਲੱਗੇ ਹੋਏ ਹਨ। ਇਨਾਂ ਅਖੌਤੀ ਸੇਵਾਦਾਰਾਂ ਨੇ ਗੁੱਸੇ ਵਿੱਚ ਆ ਕੇ ਆਪ 'ਤੇ ਮਾਣਹਾਨੀ ਦਾ ਕੇਸ ਕਰ ਕੇ 'ਖ਼ਾਲਸਾ ਪ੍ਰੈਸ' ਅਤੇ 'ਖ਼ਾਲਸਾ ਅਖ਼ਬਾਰ' ਬੰਦ ਕਰਵਾ ਦਿੱਤੇ ਸਨ। ਇਸ ਕੇਸ ਵਿੱਚ ਆਪ ਨੂੰ 51 ਰੁਪਏ ਜੁਰਮਾਨਾ ਕੀਤਾ ਗਿਆ ਸੀ। ਇੱਕ ਮਈ 1893 ਨੂੰ 'ਖ਼ਾਲਸਾ ਅਖ਼ਬਾਰ' ਮੁੜ ਜਾਰੀ ਕੀਤਾ ਗਿਆ ਤੇ ਫਿਰ ਆਪ ਇਸ ਦੇ ਅੱਠ ਸਾਲ ਸੰਪਾਦਕ ਰਹੇ। ਇਸ ਦੇ 2 ਸਾਲ ਮਗਰੋਂ 'ਖ਼ਾਲਸਾ ਪ੍ਰੈਸ' ਜਾਰੀ ਕੀਤਾ ਗਿਆ।

ਗਿਆਨੀ ਦਿੱਤ ਸਿੰਘ ਨੇ ਪੰਜਾਬੀ ਸਾਹਿਤ ਦੀ ਝੋਲੀ ਕਾਫ਼ੀ ਪੁਸਤਕਾਂ ਪਾਈਆਂ ਹਨ। 'ਸਿੱਖ ਬੱਚੇ ਦੀ ਸ਼ਹੀਦੀ', 'ਭਾਈ ਤਾਰਾ ਸਿੰਘ ਵਾਈਏ ਦੀ ਸ਼ਹੀਦੀ', 'ਭਾਈ ਬੋਤਾ ਸਿੰਘ ਦੀ ਸ਼ਹੀਦੀ', 'ਸਿੰਘਣੀਆਂ ਦੇ ਸਿਦਕ', 'ਗੁੱਗਾ ਗਪੌੜਾ', 'ਦੁਰਗਾ ਪ੍ਰਬੋਧ' ਆਦਿ ਆਪ ਦੀਆਂ ਪ੍ਰਸਿੱਧ ਪੁਸਤਕਾਂ ਹਨ।

ਗਿਆਨੀ ਦਿੱਤ ਸਿੰਘ ਨੇ ਆਪਣੇ ਪ੍ਰੋਫ਼ੈਸਰ ਸਾਹਿਬ ਨਾਲ ਮਿਲ ਕੇ ਸਿੱਖ ਵਿੱਦਿਅਕ ਸੰਸਥਾ ਸਥਾਪਤ ਕਰਨ ਦੇ ਚਾਹਵਾਨ ਵਿਅਕਤੀਆਂ ਨੂੰ 20 ਫਰਵਰੀ 1890 ਨੂੰ ਇਕੱਤਰਤਾ ਲਈ ਸੱਦਾ ਪੱਤਰ ਭੇਜੇ। ਇਸ ਮੀਟਿੰਗ ਵਿੱਚ ਸਰਦਾਰ ਅਤਰ ਸਿੰਘ ਨੂੰ ਪ੍ਰਧਾਨ ਚੁਣਿਆ ਗਿਆ ਤੇ ਖ਼ਾਲਸਾ ਕਾਲਜ ਦੀ ਸਥਾਪਨਾ ਲਈ ਕੋਸ਼ਿਸ਼ ਹੋਣ ਲੱਗੀ। ਆਪ ਨੇ ਇਸ ਕਾਲਜ ਲਈ ਅਣਥੱਕ ਮਿਹਨਤ ਕੀਤੀ। ਪੰਜ ਮਾਰਚ 1882 ਨੂੰ ਖ਼ਾਲਸਾ ਕਾਲਜ ਅੰਮ੍ਰਿਤਸਰ ਦੀ ਨੀਂਹ ਰੱਖੀ ਗਈ। ਇਸ ਕਾਲਜ ਨੂੰ ਵਸਾਉਣ ਲਈ ਆਪ ਦੀ ਮਿਹਨਤ ਨੂੰ ਵੇਖਦਿਆਂ ਕਾਲਜ ਦੇ ਵਿਦਿਆਰਥੀਆਂ ਨੂੰ ਆਪ ਦੇ ਨਾਂ 'ਤੇ ਸਕਾਲਰਸ਼ਿਪ ਵੀ ਦਿੱਤੀ ਜਾਂਦੀ ਹੈ। ਪਤਨੀ ਦੀ ਮੌਤ ਤੋਂ ਬਾਅਦ ਆਪ ਦਾ ਇੱਕ ਬੇਟਾ ਅਤੇ ਇੱਕ ਬੇਟੀ ਰਹਿ ਗਈ ਸੀ। ਮਗਰੋਂ ਇੱਕ ਭਿਆਨਕ ਬੀਮਾਰੀ ਨੇ ਆਪ ਦੀ ਬੇਟੀ ਵੀ ਖੋਹ ਲਈ ਤੇ ਬੇਟਾ ਬਲਦੇਵ ਸਿੰਘ ਨੂੰ ਆਰਥਿਕ ਤੰਗੀ ਕਾਰਨ ਡਾਕਟਰੀ ਪੜ੍ਹਾਈ ਵਿੱਚ-ਵਿਚਾਲੇ ਹੀ ਛੱਡਣੀ ਪਈ। ਸਿੱਖ ਧਰਮ ਤੇ ਸਮਾਜ ਲਈ ਅਣਥੱਕ ਮਿਹਨਤ ਕਰਦਿਆਂ 6 ਸਤੰਬਰ 1901 ਦੀ ਸਵੇਰ ਨੂੰ ਤਕਰੀਬਨ ਸਾਢੇ ਦਸ ਵਜੇ ਸਿੱਖ ਕੌਮ ਦੇ ਮਹਾਨ ਪ੍ਰਚਾਰਕ, ਵਿਦਵਾਨ ਅਤੇ ਸਮਾਜ ਸੁਧਾਰਕ ਗਿਆਨੀ ਦਿੱਤ ਸਿੰਘ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ।

# ਸਿੱਖ ਇਤਿਹਾਸਕ ਗ੍ਰੰਥਾਂ ਦੇ ਰਚੇਤਾ ਗਿਆਨੀ ਗਿਆਨ ਸਿੰਘ

**- ਮੁਹੰਮਦ ਸ਼ਫ਼ੀਕ (ਡਾ.)**

ਸਿੱਖ ਇਤਿਹਾਸ ਦੀਆਂ ਤੰਦਾਂ ਨੂੰ ਸਮੇਂ ਸਮੇਂ 'ਤੇ ਇਤਿਹਾਸਕਾਰਾਂ ਦੁਆਰਾ ਆਪਣੇ ਤਰੀਕੇ ਨਾਲ ਆਪਣੀਆਂ ਰਚਨਾਵਾਂ ਵਿੱਚ ਪਰੋਇਆ ਜਾਂਦਾ ਰਿਹਾ ਹੈ। ਗਿਆਨੀ ਗਿਆਨ ਸਿੰਘ ਵੀ ਇਨਾਂ ਇਤਿਹਾਸ ਪਰੋਣ ਵਾਲਿਆਂ ਵਿੱਚੋਂ ਇੱਕ ਸਨ। ਗਿਆਨੀ ਗਿਆਨ ਸਿੰਘ ਦਾ ਜਨਮ 15 ਅਪਰੈਲ, 1822 ਨੂੰ ਅਜੋਕੇ ਸੰਗਰੂਰ ਜ਼ਿਲੇ ਦੇ ਪਿੰਡ ਲੌਂਗੋਵਾਲ ਵਿੱਚ ਹੋਇਆ। ਉਨਾਂ ਦੇ ਪਿਤਾ ਦਾ ਨਾਂ ਭਾਗ ਸਿੰਘ ਤੇ ਮਾਤਾ ਦੇਸਾਂ ਸੀ। ਉਨਾਂ ਦੀ ਮਾਤਾ ਧਾਰਮਿਕ ਔਰਤ ਸੀ ਤੇ ਹਰ ਵੇਲੇ ਗੁਰਬਾਣੀ ਦਾ ਪਾਠ ਕਰਦੀ ਰਹਿੰਦੀ ਸੀ, ਜਿਸ ਦਾ ਪ੍ਰਭਾਵ ਗਿਆਨੀ ਗਿਆਨ ਸਿੰਘ ਦੇ ਜੀਵਨ ਉੱਤੇ ਵੀ ਪਿਆ। ਇਹ ਵੀ ਮੰਨਿਆ ਜਾਂਦਾ ਹੈ ਕਿ ਉਹ ਸ਼ਹੀਦ ਭਾਈ ਮਨੀ ਸਿੰਘ ਦੀ ਪੰਜਵੀਂ ਪੀੜੀ ਵਿੱਚੋਂ ਸਨ।

ਡਾ. ਕਿਰਪਾਲ ਸਿੰਘ ਅਨੁਸਾਰ ਗਿਆਨੀ ਗਿਆਨ ਸਿੰਘ ਨੇ ਮੁੱਢਲੀ ਸਿੱਖਿਆ ਪਿੰਡ ਦੇ ਗੁਰਦਆਰੇ ਤੋਂ ਭਾਈ ਭੋਲਾ ਸਿੰਘ ਤੋਂ ਅਤੇ ਸੰਸਕ੍ਰਿਤ ਦੀ ਵਿੱਦਿਆ ਪੰਡਿਤ ਆਤਮਾ ਰਾਮ ਤੋਂ ਪ੍ਰਾਪਤ ਕੀਤੀ। ਬਚਪਨ ਵਿੱਚ ਉਨਾਂ ਦੇ ਘਰ ਦੀ ਆਰਥਿਕ ਹਾਲਤ ਬਹੁਤੀ ਚੰਗੀ ਨਹੀਂ ਸੀ। ਗਿਆਨੀ ਜੀ ਦੀ ਆਵਾਜ਼ ਚੰਗੀ ਹੋਣ ਕਾਰਨ ਉਨਾਂ ਦਾ ਮਾਮਾ ਕਰਮ ਸਿੰਘ, ਜੋ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਵਿੱਚ ਸੂਬੇਦਾਰ ਸੀ, ਉਨਾਂ ਨੂੰ ਆਪਣੇ ਨਾਲ ਲਾਹੌਰ ਮਹਾਰਾਜੇ ਦੇ ਦਰਬਾਰ ਲੈ ਗਿਆ। ਉੱਥੇ ਧੰਨਾ ਸਿੰਘ ਮਲਵਈ ਦੀ ਸਿਫ਼ਾਰਸ਼ ਨਾਲ ਉਹ ਮਹਾਰਾਜਾ ਰਣਜੀਤ ਸਿੰਘ ਨੂੰ ਪਾਠ ਸੁਣਾਉਣ ਲਈ ਨਿਯੁਕਤ ਹੋ ਗਿਆ। ਉਸ ਸਮੇਂ ਉਨਾਂ ਦੀ ਉਮਰ ਲਗਪਗ 12-13 ਸਾਲ ਦੀ ਸੀ। ਇਸ ਤਰਾਂ ਮਹਾਰਾਜੇ ਦੇ ਦਰਬਾਰ ਵਿੱਚ ਰਹਿਣ ਨਾਲ ਉਨਾਂ ਨੂੰ ਸਿੱਖ ਰਾਜ ਨੂੰ ਨੇੜਿਓਂ ਦੇਖਣ ਦਾ ਮੌਕਾ ਮਿਲਿਆ। ਇੱਥੇ ਉਨਾਂ ਪੰਜ-ਛੇ ਸਾਲ ਨੌਕਰੀ ਕੀਤੀ ਤੇ ਗਿਆਨੀ ਰਾਮ ਸਿੰਘ ਦੀ ਸਰਪ੍ਰਸਤੀ ਹੇਠ ਆਪਣੀ ਪੜ੍ਹਾਈ ਜਾਰੀ ਰੱਖੀ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਉਹ ਆਪਣੇ ਪਿੰਡ ਵਾਪਸ ਆ ਗਏ। 1841 ਵਿੱਚ ਪਟਿਆਲੇ ਦੇ ਮਹਾਰਾਜਾ ਕਰਮ ਸਿੰਘ ਨੇ ਉਨਾਂ ਦੀ ਵਿਦਵਤਾ ਨੂੰ ਦੇਖਦਿਆਂ ਨੌਕਰੀ 'ਤੇ ਰੱਖ ਲਿਆ। ਇਸ ਤਰਾਂ ਉਨਾਂ ਨੂੰ ਰਿਆਸਤਾਂ ਦੇ ਰਾਜ ਪ੍ਰਬੰਧ ਬਾਰੇ ਜਾਣਕਾਰੀ ਪ੍ਰਾਪਤ ਹੋਈ।

ਗਿਆਨੀ ਗਿਆਨ ਸਿੰਘ ਧਾਰਮਿਕ ਰੁਚੀ ਵਾਲੇ ਵਿਅਕਤੀ ਸਨ ਪਰ ਉਨਾਂ ਨੂੰ ਸਮੇਂ ਦੀ ਨਜ਼ਾਕਤ ਨਾਲ ਕਈ ਫ਼ੌਜੀ ਕਾਰਵਾਈਆਂ ਵਿੱਚ ਵੀ ਹਿੱਸਾ ਲੈਣਾ ਪਿਆ। 1845 ਵਿੱਚ ਸਿੱਖਾਂ ਤੇ ਅੰਗਰੇਜ਼ਾਂ ਦੀ ਲੜਾਈ ਸਮੇਂ ਉਨਾਂ ਨੂੰ ਮਹਾਰਾਜਾ ਕਰਮ ਸਿੰਘ ਵੱਲੋਂ ਮੁਦਕੀ ਵਿੱਚ ਅੰਗਰੇਜ਼ਾਂ ਦੀ ਸਹਾਇਤਾ ਲਈ ਭੇਜਿਆ ਗਿਆ। 1849-50 ਵਿੱਚ ਜੀਂਦ ਰਿਆਸਤ ਵਿੱਚ ਬਾਂਗਰੂਆਂ ਦੇ ਪੰਦਰਾਂ ਪਿੰਡਾਂ ਵਿੱਚ ਉੱਠੀ ਬਗ਼ਾਵਤ ਨੂੰ ਦਬਾਉਣ ਲਈ ਜਿਹੜੀ ਫ਼ੌਜ ਜੀਂਦ ਰਿਆਸਤ ਦੇ ਰਾਜਾ ਸਰੂਪ ਸਿੰਘ ਦੀ ਮਦਦ ਲਈ ਭੇਜੀ ਗਈ, ਉਸ ਵਿੱਚ ਗਿਆਨੀ ਗਿਆਨ ਸਿੰਘ ਵੀ ਸ਼ਾਮਲ ਸੀ। ਇੱਥੇ ਹੀ ਬਾਗ਼ੀਆਂ ਨਾਲ ਲੜਦਿਆਂ ਉਨਾਂ ਦੇ ਖੱਬੇ ਪੱਟ 'ਤੇ ਗੋਲੀ ਲੱਗਣ ਕਾਰਨ ਹੱਡੀ ਟੁੱਟ ਗਈ, ਜਿਸ ਕਾਰਨ ਉਨਾਂ ਦੀ ਇੱਕ ਲੱਤ ਸਦਾ ਲਈ ਨਕਾਰੀ ਹੋ ਗਈ। ਇਸ ਪਿੱਛੋਂ ਕੁਝ ਦੇਰ ਬਿਮਾਰ ਰਹਿਣ ਕਾਰਨ ਉਨਾਂ ਦੀ ਫ਼ੌਜ ਦੀ ਨੌਕਰੀ ਵੀ ਜਾਂਦੀ ਰਹੀ। ਇਸ ਮਗਰੋਂ ਗਿਆਨੀ ਜੀ ਨੂੰ ਦੁੱਖਾਂ ਤੇ ਮੁਸੀਬਤਾਂ ਨੇ ਘੇਰ ਲਿਆ।

1853 ਵਿੱਚ ਉਨਾਂ ਦੇ ਪਿਤਾ ਦੀ ਮੌਤ ਹੋ ਗਈ। ਉਹ ਆਪਣੀ ਮਾਤਾ ਨਾਲ ਪਿੰਡ ਵਿੱਚ ਰਹਿਣ ਲੱਗੇ, ਜਿੱਥੇ ਉਨਾਂ ਨੂੰ ਆਰਥਿਕ ਤੰਗੀ ਝੱਲਣੀ ਪਈ। ਉਹ ਮਿਹਨਤ ਮਜ਼ਦੂਰੀ ਕਰਨ ਲੱਗੇ। ਇਸੇ ਦੌਰਾਨ ਉਨਾਂ ਦੇ ਤਾਇਆ ਪ੍ਰੇਮ ਸਿੰਘ, ਜੋ ਕਿ ਪਟਿਆਲਾ ਰਿਆਸਤ ਵਿੱਚ ਨੌਕਰ ਸਨ, ਨੇ ਗਿਆਨੀ ਜੀ ਨੂੰ ਪਟਿਆਲਾ ਵਿੱਚ 10 ਰੁਪਏ ਮਹੀਨਾ ਗ੍ਰੰਥੀ ਦੀ ਨੌਕਰੀ ਦਿਵਾ ਦਿੱਤੀ। ਗਿਆਨੀ ਗਿਆਨ ਸਿੰਘ ਨੂੰ ਗੁਰਮਤਿ ਗਿਆਨ ਬਹੁਤ ਜ਼ਿਆਦਾ ਸੀ। ਉਨਾਂ ਨੂੰ ਗੁਰਮਤਿ ਵਿੱਚ ਪ੍ਰਵੀਨਤਾ ਤੇ ਗੁਰਮੁਖੀ ਲਿਖਾਈ ਪੜ੍ਹਾਈ ਕਰਕੇ ਹੀ ਗਿਆਨੀ ਕਿਹਾ ਜਾਂਦਾ ਸੀ। ਪਟਿਆਲਾ ਵਿੱਚ ਰਹਿੰਦਿਆਂ ਉਨਾਂ ਹੋਰ ਧਾਰਮਿਕ ਵਿੱਦਿਆ ਦਾ ਅਧਿਐਨ ਕੀਤਾ। ਇੱਥੇ ਹੀ ਉਨਾਂ ਮਹਾਰਾਜਾ ਭੁਪਿੰਦਰ ਸਿੰਘ ਦੇ ਆਨੰਦ ਕਾਰਜ ਦੀ ਰਸਮ ਵੀ ਅਦਾ ਕਰਵਾਈ। ਉਨਾਂ ਨੇ 1856 ਤੋਂ 1877 ਤਕ ਦੂਰ-ਦੁਰਾਡੇ ਇਲਾਕਿਆਂ ਦੀ ਯਾਤਰਾ ਕੀਤੀ। ਇੱਕ ਉਦਾਸੀ ਸੰਤ ਮੰਗਤ ਰਾਮ ਨਾਲ ਉਨਾਂ ਨੇ ਹਿੰਦੂ ਧਾਰਮਿਕ ਸਥਾਨ ਜਿਵੇਂ ਕਾਸ਼ੀ, ਹਰਿਦੁਆਰ, ਸ੍ਰੀਨਗਰ (ਗੜਵਾਲ), ਰਿਸ਼ੀਕੇਸ਼, ਕੁਰੂਕਸ਼ੇਤਰ, ਮਥੁਰਾ, ਪਾਉਂਟਾ ਸਾਹਿਬ, ਨਾਹਨ ਅਤੇ ਵ੍ਰਿੰਦਾਬਨ ਆਦਿ ਸਥਾਨਾਂ ਦੀ ਯਾਤਰਾ ਕੀਤੀ। ਇਸੇ ਦੌਰਾਨ 1857 ਦੇ ਗ਼ਦਰ ਸਮੇਂ ਉਹ ਪਾਣੀਪਤ ਵਿੱਚ ਫੜੇ ਗਏ ਕਿਉਂਕਿ ਉਸ ਸਮੇਂ ਸਾਧੂ ਸੰਤਾਂ ਨੂੰ ਜਾਸੂਸ ਸਮਝਿਆ ਜਾਂਦਾ ਸੀ। ਇੱਥੇ ਉਹ ਸੋਲਾਂ ਦਿਨ ਕੈਦ ਰਹੇ। ਮਗਰੋਂ ਸਿੱਖ ਪਲਟਨ ਨੇ ਉਨਾਂ ਨੂੰ ਰਿਹਾਅ ਕਰਵਾਇਆ।

ਗਿਆਨੀ ਗਿਆਨ ਸਿੰਘ ਨੇ ਕੁਝ ਸਮਾਂ ਤਲਵੰਡੀ ਸਾਬੋ ਵਿੱਚ ਬਿਤਾਇਆ ਤੇ ਫੇਰ ਹਜ਼ੂਰ ਸਾਹਿਬ ਤੇ ਪਟਨਾ ਸਾਹਿਬ ਦੀ ਯਾਤਰਾ ਕਰ ਕੇ ਕਲਕੱਤੇ ਗਏ। ਇੱਥੇ ਉਹ ਬ੍ਰਹਮੋ ਸਮਾਜ ਦੇ ਲੀਡਰਾਂ ਨੂੰ ਮਿਲੇ ਤੇ ਫਿਰ ਜਗਨਨਾਥ ਪੁਰੀ, ਦਵਾਰਕਾ ਤੇ ਬਹਾਵਲਪੁਰ ਦੀ ਯਾਤਰਾ ਕਰਨ ਤੋਂ ਬਾਅਦ ਵਾਪਸ ਪੰਜਾਬ ਆ ਗਏ। ਉਹ ਜਿੱਥੇ ਵੀ ਗਏ, ਉਸ ਸਥਾਨ ਨਾਲ ਸਬੰਧਿਤ ਸਿੱਖ ਰਵਾਇਤਾਂ ਨੂੰ ਇਕੱਠਾ ਕਰਦੇ, ਜਿਨਾਂ ਨੂੰ ਉਨਾਂ ਬਾਅਦ ਵਿੱਚ ਆਪਣੀਆਂ ਲਿਖਤਾਂ ਵਿੱਚ ਸੰਗਠਿਤ ਕੀਤਾ।

ਗਿਆਨੀ ਗਿਆਨ ਸਿੰਘ ਨੇ ਆਪਣਾ ਵਿੱਦਿਆ ਦਾਤਾ ਗੁਰੂ ਪੰਡਿਤ ਤਾਰਾ ਸਿੰਘ ਨਰੋਤਮ ਨੂੰ ਮੰਨਿਆ, ਜਿਨਾਂ ਨੇ ਆਪ ਕਈ ਗ੍ਰੰਥਾਂ ਦੀ ਰਚਨਾ ਕੀਤੀ ਸੀ। ਇਨਾਂ ਵਿੱਚੋਂ 'ਗੁਰੂ ਤੀਰਥ ਸੰਗ੍ਰਹਿ' ਤੇ 'ਗੁਰੂ ਗਰਾਰਥ ਪ੍ਰਕਾਸ਼' ਪ੍ਰਮੁੱਖ ਹਨ। ਇਨਾਂ ਨੇ ਹੀ ਗਿਆਨੀ ਜੀ ਨੂੰ ਲਿਖਣ ਦੀ ਪ੍ਰੇਰਣਾ ਦਿੱਤੀ। ਗਿਆਨ ਸਿੰਘ ਨੇ ਸਭ ਤੋਂ ਪਹਿਲਾ ਗ੍ਰੰਥ 'ਪੰਥ ਪ੍ਰਕਾਸ਼' ਰਚਿਆ। ਇਸ ਵਿੱਚ ਗਿਆਨੀ ਗਿਆਨ ਸਿੰਘ ਨੇ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਅੰਗਰੇਜ਼ੀ ਰਾਜ ਤਕ ਦੇ ਹਾਲਾਤ ਦੱਸੇ ਹਨ। ਪੰਥ ਪ੍ਰਕਾਸ਼ ਦੀ ਰਚਨਾ 1878 ਵਿੱਚ ਗਿਆਨੀ ਜੀ ਨੇ ਦਿੱਲੀ ਤੋਂ ਹਾਜ਼ੀ ਕੁਤਬਦੀਨ ਦੀ ਪ੍ਰੈਸ ਤੋਂ ਬੜੀ ਮਿਹਨਤ ਨਾਲ ਕਰਵਾਈ। ਇਸ ਪਿੱਛੋਂ ਉਨਾਂ ਨੇ ਆਪਣੀਆਂ ਇਤਿਹਾਸਕ ਤੇ ਧਾਰਮਿਕ ਲਿਖਤਾਂ ਨੂੰ ਅੰਜਾਮ ਦੇਣਾ ਸ਼ੁਰੂ ਕਰ ਦਿੱਤਾ।



ਅੰਮ੍ਰਿਤਸਰ ਵਿੱਚ ਪੁਜਾਰੀ ਤੇਜਾ ਸਿੰਘ ਦੇ ਘਰ ਬੈਠ ਕੇ ਉਨਾਂ ਨੇ ਇਤਿਹਾਸਕ ਸਮੱਗਰੀ ਇਕੱਠੀ ਕੀਤੀ। ਕਪੂਰਥਲਾ ਵਿੱਚ ਦੀਵਾਨ ਕੋਲ ਰਹਿ ਕੇ ਇਤਿਹਾਸਕ ਦਸਤਾਵੇਜ਼ ਇਕੱਠੇ ਕੀਤੇ ਤੇ ਆਪਣੇ ਅਗਲੇ ਗ੍ਰੰਥ 'ਤਵਾਰੀਖ਼ ਗੁਰੂ ਖ਼ਾਲਸਾ' ਦਾ ਖਰੜਾ ਉਲੀਕਿਆ। ਇਸ ਗ੍ਰੰਥ ਵਿੱਚ 1469 ਤੋਂ ਲਗਪਗ 1891 ਤਕ ਦੇ ਸਿੱਖ ਇਤਿਹਾਸ ਨੂੰ ਲਿਖਿਆ ਹੈ। ਇਸ ਗ੍ਰੰਥ ਨੂੰ ਪੰਜ ਭਾਗਾਂ ਵਿੱਚ ਵੰਡ ਕੇ ਲਿਖਿਆ ਗਿਆ। ਪਹਿਲਾ ਭਾਗ ਸਤਿਗੁਰਾਂ ਦੇ ਜੀਵਨ ਬਿਰਤਾਂਤ, ਦੂਜਾ ਭਾਗ 'ਸ਼ਮਸ਼ੇਰ ਖ਼ਾਲਸਾ' ਦੇ ਨਾਂ 'ਤੇ ਹੈ, ਤੀਜਾ 'ਰਾਜ ਖ਼ਾਲਸਾ' ਦੇ ਨਾਂ ਨਾਲ ਸਬੰਧਿਤ ਹੈ, ਚੌਥਾ 'ਸਰਦਾਰ ਖ਼ਾਲਸਾ' ਦੇ ਨਾਂ ਹੇਠ ਹੈ ਤੇ ਪੰਜਵਾਂ ਭਾਗ 'ਪੰਥ ਖ਼ਾਲਸਾ'।

ਉਨਾਂ ਦੀ ਅਗਲੀ ਰਚਨਾ 'ਨਿਰਮਲ ਪੰਥ ਪ੍ਰਦੀਪਨਾ' 1891 ਵਿੱਚ ਛਪੀ। ਇਨਾਂ ਤੋਂ ਇਲਾਵਾ ਗਿਆਨੀ ਗਿਆਨ ਸਿੰਘ ਨੇ 'ਰਿਪੁਦਮਨ ਪ੍ਰਕਾਸ਼' 1917 ਵਿੱਚ ਲਿਖੀ, ਜੋ ਮਹਾਰਾਜਾ ਰਿਪੁਦਮਨ ਸਿੰਘ ਦੇ ਜੀਵਨ-ਵਿਹਾਰ ਬਾਰੇ ਹੈ।

ਪਟਿਆਲਾ ਦੇ ਮਹਾਰਾਜਾ ਭੁਪਿੰਦਰ ਸਿੰਘ ਬਾਰੇ ਉਸ ਨੇ 'ਭੁਪਿੰਦਰਾ ਨੰਦ' ਦੀ ਰਚਨਾ ਕੀਤੀ, ਜੋ ਮਹਾਰਾਜਾ ਦੀ ਬਹੁਪੱਖੀ ਸ਼ਖ਼ਸੀਅਤ 'ਤੇ ਚਾਨਣਾ ਪਾਉਂਦੀ ਹੈ। ਇਤਿਹਾਸ ਨਾਲ ਸਬੰਧਿਤ ਕਈ ਕਿਤਾਬਾਂ ਜਿਵੇਂ 'ਤਵਾਰੀਖ਼ ਸ੍ਰੀ ਅੰਮ੍ਰਿਤਸਰ ਸਾਹਿਬ', 'ਤਵਾਰੀਖ਼ ਲਾਹੌਰ', 'ਇਤਿਹਾਸ ਰਿਆਸਤ ਬਾਗੜੀਆਂ', 'ਇਤਿਹਾਸ ਭਾਈ ਰੂਪ ਚੰਦ' ਆਦਿ ਦੀ ਰਚਨਾ ਕੀਤੀ। ਭਾਈ ਸੰਤੋਖ ਸਿੰਘ ਦੁਆਰਾ ਰਚਿਤ ਗ੍ਰੰਥ 'ਸੂਰਜ ਪ੍ਰਕਾਸ਼' ਨੂੰ ਉਨਾਂ ਵਾਰਤਕ ਰੂਪ ਵਿੱਚ ਲਿਖ ਕੇ ਆਮ ਲੋਕਾਂ ਦੇ ਪੜ੍ਹਨ ਲਈ ਅਨੁਕੂਲ ਬਣਾਇਆ।

ਬਾਕੀ ਸਫ਼ਾ 31 'ਤੇ

**ਅਦਾਰਾ 'ਅੰਮ੍ਰਿਤਸਰ ਟਾਈਮਜ਼' ਵੱਲੋਂ ਆਪਣੇ ਪਾਠਕਾਂ ਲਈ ਸਿੱਖ ਧਰਮ ਦੇ ਬਾਨੀ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੇਖ ਲੜੀ ਸ਼ੁਰੂ ਕੀਤੀ ਗਈ ਹੈ। ਇਸ ਲੜੀ ਤਹਿਤ ਹਥਲਾ ਲੇਖ ਪਾਠਕਾਂ ਲਈ ਪੇਸ਼ ਕੀਤਾ ਜਾ ਰਿਹਾ ਹੈ - ਸੰਪਾਦਕ**

# ਸ੍ਰੀ ਗੁਰੂ ਨਾਨਕ ਦੇਵ ਜੀ ਦੇ ਫ਼ਲਸਫ਼ੇ ਦਾ ਸੰਦੇਸ਼

**- ਪ੍ਰੋ. ਕਿਰਪਾਲ ਸਿੰਘ ਬਡੂੰਗਰ**
ਸਾਬਕਾ ਪ੍ਰਧਾਨ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ।

ਭਾਰਤੀ ਚਿੰਤਨ ਅਨੁਸਾਰ ਸੰਤਾਂ ਮਹਾਂਪੁਰਖਾਂ ਦਾ ਆਗਮਨ ਮਨੁੱਖਾ ਜੀਵਨ ਨੂੰ ਗਿਰਾਵਟ ਵੱਲ ਲੈ ਜਾਣ ਵਾਲੇ ਪੱਖਾਂ ਨੂੰ ਖਤਮ ਕਰਨ ਲਈ ਹੁੰਦਾ ਹੈ। ਪੰਜਾਬ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਆਗਮਨ (੧੪੬੯ ਈ.) ਇਸੇ ਧਾਰਨਾ ਅਨੁਸਾਰ 'ਮਿਟੀ ਧੁੰਧੁ ਜਗਿ ਚਾਨਣੁ ਹੋਆ' ਵੱਲ ਸੰਕੇਤ ਕਰਦਾ ਹੈ। ਇਸ ਤਰ੍ਹਾਂ ਦੇ ਮਹਾਂਪੁਰਸ਼ ਧਰਮਵੀਰ, ਕਰਮਵੀਰ, ਦਾਨਵੀਰ ਤੇ ਦਯਾਵੀਰ ਹੋਣ ਦੇ ਨਾਲ ਨਾਲ ਜਨ-ਮਾਨਸ ਨੂੰ ਕਰੁਣਾ ਦਾ ਅੰਮ੍ਰਿਤ ਪ੍ਰਦਾਨ ਕਰਕੇ ਸਹੀ ਦਿਸ਼ਾ ਦਿੰਦੇ ਹਨ ਅਤੇ ਲੋਕਾਂ ਦਾ ਮਾਰਗ ਦਰਸ਼ਨ ਕਰਦੇ ਹਨ। ਇਹ ਮਾਰਗ ਦਰਸ਼ਨ ਪਿਆਰ ਦੇ ਜ਼ਰੀਏ ਨਵੇਂ ਆਦਰਸ਼ਾਂ ਦੀ ਸਥਾਪਨਾ ਕਰਕੇ ਸੰਸਾਰ ਨੂੰ ਗਿਆਨ ਦੀ ਰੌਸ਼ਨੀ ਪ੍ਰਦਾਨ ਕਰਦੇ ਹਨ।

ਗੁਰੂ ਜੀ ਦਾ ਆਗਮਨ ਜਿਸ ਸਮੇਂ ਹੋਇਆ ਉਦੋਂ ਭਾਰਤ ਦੇ ਰਾਜਨੀਤਿਕ, ਸਮਾਜਿਕ, ਧਾਰਮਿਕ, ਆਰਥਿਕ, ਅਤੇ ਸੱਭਿਆਚਾਰਕ ਹਾਲਤਾਂ ਵਿਚ ਗਿਰਾਵਟ ਆ ਚੁੱਕੀ ਸੀ। ਸਮੇਂ ਦੇ ਹਾਲਾਤਾਂ ਦਾ ਮਨੁੱਖ ਦੇ ਦ੍ਰਿਸ਼ਟੀਕੋਣ ਦੇ ਨਿਰਮਾਣ ਵਿਚ ਬਹੁਤ ਵੱਡਾ ਹੱਥ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਨੇ ਸਮੇਂ ਦੇ ਅਨੁਸਾਰ ਆਪਣੇ ਮਕਸਦ ਨੂੰ ਸਨਮੁੱਖ ਰੱਖਿਆ ਅਤੇ ਉਸ ਉੱਪਰ ਅਮਲ ਕੀਤਾ। ਗੁਰੂ ਜੀ ਨੇ ਆਪਣੇ ਸਮੇਂ ਦੇ ਭਾਰਤੀ ਜੀਵਨ ਨੂੰ ਡੂੰਘੀ ਨੀਝ ਨਾਲ ਦੇਖਿਆ ਅਤੇ ਉਸ ਵਿਚ ਵਿਆਪਕ ਧਾਰਮਿਕ ਅੰਧਕਾਰ, ਸਮਾਜਿਕ ਗਿਰਾਵਟ ਅਤੇ ਰਾਜਸੀ ਅਨਿਆਂ ਨੂੰ ਆਪਣੀ ਬਾਣੀ ਵਿਚ ਚੰਗੀ ਤਰ੍ਹਾਂ ਚਿਤਰਿਆ ਹੈ ਤੇ ਉਸ ਦੀ ਕਰੜੀ ਪੜਚੋਲ ਕੀਤੀ ਹੈ।

ਗੁਰੂ ਨਾਨਕ ਦੇਵ ਜੀ ਨੇ ਅਜਿਹੇ ਧਰਮ ਦੀ ਨੀਂਹ ਰੱਖੀ, ਜਿਸ ਨੇ 'ਸਭੇ ਸਾਝੀਵਾਲ ਸਦਾਇਨਿ' ਦਾ ਇਲਾਹੀ ਨਾਦ ਦੁਨੀਆਂ ਵਿਚ ਗੂੰਜਾ ਕੇ ਮਨੁੱਖਤਾ ਦੇ ਆਲੇ-ਦੁਆਲੇ ਖੜੀਆਂ ਕੀਤੀਆਂ ਵਲਗਣਾਂ ਨੂੰ ਖਤਮ ਕਰ ਸ਼ੋਸ਼ਿਤ ਤੋਂ ਸੁਤੰਤਰਤਾ ਦਾ ਪ੍ਰਸੰਗ ਸਥਾਪਿਤ ਕੀਤਾ। ਗੁਰੂ ਸਾਹਿਬ ਜੀ ਬਹੁਮੁੱਖੀ ਪ੍ਰਤਿਭਾ ਦੇ ਸੁਆਮੀ ਸਨ। ਆਪ ਆਦਰਸ਼ ਸ਼ਖ਼ਸੀਅਤ ਦੇ ਮਾਲਕ, ਸਚਾਈ, ਪ੍ਰੇਮ, ਸਿਮਰਨ, ਸੇਵਾ ਤੇ ਸ਼ਕਤੀ ਦੇ ਪੁੰਜ ਸਨ। ਉਨ੍ਹਾਂ ਦਾ ਜੀਵਨ ਸਦੀਆਂ ਤੋਂ ਲੱਖਾਂ ਲੋਕਾਂ ਲਈ ਚਾਨਣ ਮੁਨਾਰੇ ਦਾ ਕੰਮ ਕਰਦਾ ਆ ਰਿਹਾ ਹੈ। ਗੁਰੂ ਸਾਹਿਬ ਨੇ ਜੋ ਵੀ ਸੰਦੇਸ਼ ਦਿੱਤੇ, ਉਹ ਸਰਵਕਾਲੀਨ ਹਨ। ਉਨ੍ਹਾਂ ਦੇ ਮਹਾਨ ਸੰਦੇਸ਼ ਦਾ ਅਧਿਐਨ ਜੇਕਰ ਅੱਜ ਦੀਆਂ ਸਮਾਜਿਕ, ਰਾਜਨੀਤਿਕ ਤੇ ਆਰਥਿਕ ਸਮੱਸਿਆਵਾਂ ਨੂੰ ਮੁੱਖ ਰੱਖਕੇ ਕੀਤਾ ਜਾਵੇ ਤਾਂ ਵੀ ਉਹ ਪ੍ਰੇਰਨਾਦਾਇਕ ਹੈ। ਗੁਰੂ ਨਾਨਕ ਦੇਵ ਜੀ ਜਗਤ ਗੁਰੂ ਸਨ, ਉਨ੍ਹਾਂ ਨੇ ਮਨੁੱਖਾ ਜੀਵਨ ਦੀਆਂ ਸਾਰੀਆਂ ਸਮੱਸਿਆਵਾਂ ਦਾ ਗਹਿਰਾ ਅਧਿਐਨ ਕੀਤਾ ਅਤੇ ਆਪਣਾ ਸਾਰਾ ਜੀਵਨ ਲੋਕਾਂ ਨੂੰ ਜੀਵਨ-ਜਾਚ ਸਿਖਾਉਣ ਲਈ ਅਰਪਣ ਕਰ ਦਿੱਤਾ। ਉਨ੍ਹਾਂ ਆਪਣੀ ਜ਼ਿੰਦਗੀ ਦਾ ਬਹੁਤਾ ਹਿੱਸਾ ਲੋਕਾਂ ਨੂੰ ਸੱਚੀ ਸਿੱਖਿਆ ਦੇਣ ਲਈ ਦੇਸ ਦੇਸਾਂਤਰਾਂ ਦੀਆਂ ਯਾਤਰਾਵਾਂ ਵਿਚ ਗੁਜ਼ਾਰਿਆ, ਜਿਨ੍ਹਾਂ ਨੂੰ ਗੁਰੂ ਨਾਨਕ ਸਹਿਬ ਦੀਆਂ ਉਦਾਸੀਆਂ ਕਿਹਾ ਜਾਂਦਾ ਹੈ। ਆਪ ਦੀਆਂ ਯਾਤਰਾਵਾਂ ਚਲਦੀਆਂ ਫਿਰਦੀਆਂ ਪਾਠਸ਼ਾਲਾਵਾਂ ਸਨ।

ਉਸ ਸਮੇਂ ਦੇ ਸ਼ਾਸਕਾਂ ਨਾਲ ਗੁਰੂ ਜੀ ਦਾ ਮਿਲਾਪ ਹੋਇਆ, ਉਨ੍ਹਾਂ ਨੇ ਗੁਰੂ ਜੀ ਦੇ ਸੁਤੰਤਰ ਵਿਚਾਰਾਂ ਕਾਰਨ ਕੈਦ ਕਰ ਲਿਆ ਸੀ। ਉਸ ਸਮੇਂ ਸਜਾ ਦੇ ਨਿਯਮ ਬਹੁਤ ਸਖ਼ਤ ਸਨ। ਦੋਸ਼ੀਆਂ ਨੂੰ ਆਮ ਤੌਰ ਤੇ ਅੰਗ ਭੰਗ



ਕਰਨ ਅਤੇ ਮੌਤ ਦੀ ਸਜਾ ਦਿੱਤੀ ਜਾਂਦੀ ਸੀ। ਦੋਸ਼ੀਆਂ ਕੋਲੋਂ ਦੋਸ਼ ਦਾ ਇਕਬਾਲ ਕਰਵਾਉਣ ਲਈ ਸਖ਼ਤੀ ਤੇ ਜ਼ੁਲਮ ਦਾ ਪ੍ਰਯੋਗ ਕੀਤਾ ਜਾਂਦਾ ਸੀ। ਸਮੇਂ ਦੇ ਅਫਸਰਾਂ ਵਿਚ ਰਿਸ਼ਵਤ ਦਾ ਬੋਲਬਾਲਾ ਸੀ। ਇਤਿਹਾਸ ਦੇ ਅਨੁਸਾਰ ਇਹ ਸਮਾਂ ਰਾਜਨੀਤਿਕ ਹਲਚਲ ਤੇ ਅਰਾਜਕਤਾ ਦਾ ਜ਼ਮਾਨਾ ਸੀ। ਆਪਣੇ ਸਮੇਂ ਦਾ ਹਾਲ ਗੁਰੂ ਜੀ ਨੇ ਬਾਣੀ ਵਿਚ ਬਿਆਨ ਕੀਤਾ ਹੈ:-

**-ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥**
**ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥**
(ਪੰਨਾ ੧੪੫)

ਬਾਬਰ ਨੇ ਤਾਂ ਖੂਨ ਦੀਆਂ ਨਦੀਆਂ ਹੀ ਵਗਾ ਦਿੱਤੀਆਂ। ਉਨ੍ਹਾਂ ਹਲਾਤਾਂ ਨੂੰ ਗੁਰੂ ਸਾਹਿਬ ਜੀ ਨੇ ਬਿਆਨ ਕਰਦਿਆਂ ਫੁਰਮਾਇਆ:

**ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥**
**ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ ॥**
**ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ ॥**
**ਮੁਸਲਮਾਨੀਆ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ ॥**
**ਜਾਤਿ ਸਨਾਤੀ ਹੋਰਿ ਹਿਦਵਾਣੀਆ ਏਹਿ ਭੀ ਲੇਖੈ ਲਾਇ ਵੇ ਲਾਲੋ ॥**
**ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ ॥**
(ਪੰਨਾ ੭੨੨)

ਉਸ ਵਕਤ ਦੀ ਮੁਸਲਿਮ ਹਕੂਮਤ ਆਪਣਾ ਧਰਮ ਫੈਲਾਉਣ ਦਾ ਯਤਨ ਕਰ ਰਹੀ ਸੀ। ਹਿੰਦੂਆਂ ਨੂੰ ਹਰ ਪਾਸੇ ਤੋਂ ਮਾਰਾਂ ਪੈ ਰਹੀਆਂ ਸਨ। ਉਹ ਆਪਣੇ ਆਪ ਨੂੰ ਨਿਹੱਥੇ ਤੇ ਨਿਤਾਣੇ ਸਮਝ ਕੇ ਹੀਣ ਭਾਵਨਾ ਵਿਚ ਗ੍ਰਸਤ ਹੋ ਚੁੱਕੇ ਸਨ। ਉਨ੍ਹਾਂ ਵਿਚੋਂ ਸਵੈਮਾਨ ਅਤੇ ਆਤਮ ਵਿਸ਼ਵਾਸ ਦੀ ਭਾਵਨਾ ਖਤਮ ਹੋ ਚੁੱਕੀ ਸੀ। ਸਤਾਏ ਤੇ ਗ਼ੁਲਾਮ ਮਾਨਸਿਕਤਾ ਵਾਲਿਆਂ ਨੂੰ ਉੱਚਾ ਉਠਾਉਣ ਲਈ ਗੁਰੂ ਜੀ ਨੇ ਉਨ੍ਹਾਂ ਨੂੰ ਇਕ ਨਵਾਂ ਰਾਹ ਦਿਖਾਇਆ। ਦੂਜੇ ਪਾਸੇ ਹਰ ਧਰਮ ਕੇਵਲ ਦਿਖਾਵਾ ਮਾਤਰ ਹੀ ਰਹਿ ਗਏ ਸਨ। ਉਨ੍ਹਾਂ ਦੀ ਆਤਮਾ ਮਰ ਚੁੱਕੀ ਸੀ। ਸਰਮ ਧਰਮ ਦੋਏ ਛਪ ਖਲੋਏ ਸਨ। ਚੌਹੀਂ ਪਾਸੀਂ ਝੂਠ ਫਰੇਬ ਦਾ ਪਸਾਰਾ ਪਸਰਿਆ ਤੇ ਧਰਮ ਖੰਭ ਲਾਕੇ ਉੱਡ ਗਿਆ ਸੀ। ਧਾਰਮਿਕ ਆਗੂ ਆਪਣੇ ਸਵਾਰਥ ਲਈ ਲੋਕਾਂ ਨੂੰ ਠੱਗ ਰਹੇ ਸਨ। ਧਾਰਮਿਕ ਪਰਪੰਚਾਂ ਅਤੇ ਫੋਕੇ ਰੀਤੀ ਰਿਵਾਜਾਂ ਨੇ ਲੋਕਾਂ ਨੂੰ ਜਕੜ ਰੱਖਿਆ ਸੀ। ਬ੍ਰਾਹਮਣ ਜਿਹੜਾ ਆਪਣੇ ਗੁਆਂਢੀ ਮੁਸਲਮਾਨ ਅੱਗੇ ਤਾਂ ਝੁਕਦਾ ਸੀ ਪਰ ਆਪਣੇ ਸ਼ੂਦਰ ਭਰਾ ਤੇ ਅਤਿਆਚਾਰ ਕਰਦਾ ਸੀ ਤੇ ਉਸ ਨੂੰ ਨੀਵਾਂ ਅਤੇ ਅਛੂਤ ਸਮਝ ਕੇ ਸਮਾਜ ਵਿਚੋਂ ਬਾਹਰ ਕੱਢ ਦਿੰਦਾ ਸੀ।

ਗਰੀਬਾਂ ਨੂੰ ਮੁਸਲਮਾਨਾਂ ਅਤੇ ਹਿੰਦੂਆਂ ਦੋਵਾਂ ਦੇ ਅਤਿਆਚਾਰਾਂ ਦੀ ਚੋਟ ਸਹਿਣੀ ਪੈ ਰਹੀ ਸੀ। ਮੁਸਲਮਾਨ ਹਾਕਮ ਗੈਰ-ਮੁਸਲਿਮਾਂ ਉੱਪਰ ਜ਼ੁਲਮ ਕਰਨਾ ਇਕ ਸਵਾਬ ਸਮਝਦੇ ਸਨ। ਉਸ ਵਕਤ ਭਾਰਤ ਵਿਚ ਸਾਰੇ ਪਾਸੇ ਪਸਰੀ ਧਾਰਮਿਕ ਖਿਚੋਤਾਣ ਦਾ ਵਰਣਨ ਭਾਈ ਗੁਰਦਾਸ ਜੀ ਨੇ ਵੀ ਆਪਣੀਆਂ ਵਾਰਾਂ ਵਿਚ ਕੀਤਾ ਹੈ:

**ਚਾਰਿ ਵਰਨ ਚਾਰਿ ਮਜਹਬਾਂ ਜਗ ਵਿਚਿ ਹਿੰਦੂ ਮੁਸਲਮਾਣੇ ॥**
**ਖੁਦੀ ਬਖੀਲਿ ਤਕਬਰੀ ਖਿੰਚੋਤਾਣ ਕਰੇਨਿ ਧਿਙਾਣੇ ॥**
**ਗੰਗ ਬਨਾਰਸਿ ਹਿੰਦੂਆਂ ਮਕਾ ਕਾਬਾ ਮੁਸਲਮਾਣੇ ॥**
**ਸੁੰਨਤਿ ਮੁਸਲਮਾਣ ਦੀ ਤਿਲਕ ਜੰਞੂ ਹਿੰਦੂ ਲੋਭਾਣੇ ॥**
**ਰਾਮ ਰਹੀਮ ਕਹਾਇਦੇ ਇਕੁ ਨਾਮੁ ਦੁਇ ਰਾਹ ਭੁਲਾਣੇ ॥**
**ਬੇਦ ਕਤੇਬ ਭੁਲਾਇਕੈ ਮੋਹੇ ਲਾਲਚ ਦੁਨੀ ਸੈਤਾਣੇ ॥**
**ਸਚੁ ਕਿਨਾਰੇ ਰਹਿ ਗਿਆ ਖਹਿ ਮਰਦੇ ਬਾਹਮਣ ਮਉਲਾਣੇ ॥**
**ਸਿਰੋ ਨ ਮਿਟੇ ਆਵਣ ਜਾਣੇ ॥**
(ਵਾਰ ੧, ਪਉੜੀ ੨੧)

ਗੁਰੂ ਜੀ ਨੇ ਲੋਕਾਂ ਨੂੰ ਸਮਝਾਇਆ ਕਿ ਮਨੁੱਖ ਦਾ ਅਸਲੀ ਧਰਮ ਕੀ ਹੈ? ਉਨ੍ਹਾਂ ਨੇ ਸੱਚੇ ਧਰਮ ਦਾ ਸਰੂਪ ਉਨ੍ਹਾਂ ਦੇ ਸਾਹਮਣੇ ਸਰਲ ਭਾਸ਼ਾ ਵਿਚ ਰੱਖਿਆ। ਜਿਹੜੇ ਜਨ-ਸਾਧਾਰਨ ਲੋਕ ਸਦੀਆਂ ਤੋਂ ਧਾਰਮਿਕ ਕਰਮਕਾਂਡਾਂ ਵਿਚ ਜਕੜੇ ਆ ਰਹੇ ਸਨ, ਖਾਸ ਕਰਕੇ ਇਸਤਰੀ ਅਤੇ ਪੱਛੜਿਆ ਵਰਗ ਉਨ੍ਹਾਂ ਦੇ ਜ਼ੁਲਮ ਦਾ ਸ਼ਿਕਾਰ ਹੋ ਰਿਹਾ ਸੀ। ਗੁਰੂ ਜੀ ਦੀ ਬਾਣੀ ਨੇ ਜਨ-ਸਾਧਾਰਨ ਵਿਚ ਇਕ ਨਵੀਂ ਰੂਹਾਨੀ ਸ਼ਕਤੀ ਅਤੇ ਇਕ ਨਵਾਂ ਆਤਮ-ਵਿਸ਼ਵਾਸ ਪੈਦਾ ਕੀਤਾ।

ਉਸ ਸਮੇਂ ਦੀ ਆਰਥਿਕ ਦਸ਼ਾ ਬਹੁਤ ਮਾੜੀ ਸੀ। ਸਮਾਜ ਅਮੀਰ ਤੇ ਗਰੀਬ ਦੋ ਧਿਰਾਂ ਵਿਚ ਵੰਡਿਆ ਹੋਇਆ ਸੀ। ਰਾਜੇ ਰੰਗ ਤਮਾਸ਼ਿਆਂ ਵਿਚ ਮਸਤ ਰਹਿੰਦੇ ਸਨ:

**ਸਾਹਾਂ ਸੁਰਤਿ ਗਵਾਈਆ ਰੰਗਿ ਤਮਾਸੈ ਚਾਇ ॥** (ਪੰਨਾ ੪੧੭)

ਗਰੀਬ ਲੋਕਾਂ 'ਤੇ ਭਾਰੀ ਕਰ ਲਗਾਏ ਜਾਂਦੇ ਸਨ। ਜਦੋਂ ਕਾਲ ਪੈਂਦਾ ਸੀ ਤਾਂ ਲੋਕਾਂ ਦੀ ਹਾਲਤ ਹੋਰ ਵੀ ਮਾੜੀ ਹੋ ਜਾਂਦੀ ਸੀ। ਇਸਨੂੰ ਰਾਜਸ਼ਾਹੀ ਰੱਬ ਦੀ ਕਰੋਪੀ ਦੱਸ ਕੇ ਆਪਣੀ ਜ਼ਿੰਮੇਵਾਰੀ ਤੋਂ ਮੁਕਤ ਹੋ ਜਾਂਦੀ ਸੀ। ਹਰ ਪਾਸੇ ਰਿਸ਼ਵਤ ਦਾ ਬੋਲਬਾਲਾ ਸੀ। ਭਾਈ ਗੁਰਦਾਸ ਜੀ ਨੇ ਲਿਖਿਆ ਹੈ:

**ਕਾਜੀ ਹੋਏ ਰਿਸਵਤੀ ਵਢੀ ਲੈ ਕੇ ਹਕੁ ਗਵਾਈ ॥** (ਵਾਰ ੧, ਪਉੜੀ ੩੦)

ਗੁਰੂ ਜੀ ਨੇ ਅਜਿਹੇ ਅਮੀਰਾਂ ਦੀ ਨਿੰਦਾ ਕੀਤੀ ਜਿਹੜੇ ਆਪ ਖੁਸ਼ਹਾਲ ਜੀਵਨ ਜਿਉਣ ਲਈ ਗਰੀਬਾਂ ਦਾ ਸ਼ੋਸ਼ਣ ਕਰਦੇ ਸਨ ਇਹ ਤੱਥ ਮਲਕ ਭਾਗੋ ਅਤੇ ਦੁਨੀ ਚੰਦ ਦੇ ਉਦਾਹਰਨ ਤੋਂ ਸਪਸ਼ਟ ਹੈ। ਆਪ ਨੇ ਅਜਿਹੇ ਅਮੀਰਾਂ ਨੂੰ ਆਪਣਾ ਧਨ ਗਰੀਬਾਂ ਦੀ ਸੇਵਾ ਹਿਤ ਲਾਉਣ ਲਈ ਪ੍ਰੇਰਤ ਕੀਤਾ:

**ਘਾਲ ਖਾਇ ਕਿਛੁ ਹਥਹੁ ਦੇਇ ॥**
**ਨਾਨਕ ਰਾਹੁ ਪਛਾਣਹਿ ਸੇਇ ॥**
(ਪੰਨਾ ੧੨੪੫)

ਰਾਜੇ, ਧਨਵਾਨ ਅਤੇ ਸ਼ਾਸ਼ਕ ਵਿਲਾਸੀ ਸਨ। ਉਹ ਨੀਵੀਆਂ ਅਤੇ ਸੰਸਾਰਿਕ ਖ਼ੁਸ਼ੀਆਂ ਵਿਚ ਗਲਤਾਨ ਸਨ ਤੇ ਉਨ੍ਹਾਂ ਦੀਆਂ ਰਾਜ ਸਭਾਵਾਂ ਨ੍ਰਿਤਕਾਵਾਂ (ਨਚਣ ਵਾਲੀਆਂ) ਤੇ ਜਾਦੂਗਰਾਂ ਦੇ ਕੇਂਦਰ ਬਣ ਚੁੱਕੇ ਸਨ। ਰਾਜਿਆਂ ਤੇ ਉਨ੍ਹਾਂ ਦੇ ਮਹਿਲਾਂ ਦੇ ਹਰਮ ਉਨ੍ਹਾਂ ਦੀਆਂ ਇਸਤਰੀਆਂ ਅਤੇ ਰਖੇਲਾਂ ਨਾਲ ਭਰੇ ਪਏ ਸਨ। ਇਸਤਰੀ ਦਾ ਸਮਾਜ ਵਿਚ ਬਹੁਤ ਨੀਵਾਂ ਦਰਜਾ ਸੀ ਅਤੇ ਉਸ ਨੂੰ ਕਾਮਵਾਸ਼ਨਾ ਦੀ ਪੂਰਤੀ ਦਾ ਸਾਧਨ ਸਮਝਿਆ ਜਾਂਦਾ ਸੀ। ਸਤੀ ਹੋਣ ਦਾ ਆਮ ਰਿਵਾਜ਼ ਸੀ। ਗੁਰੂ ਜੀ ਨੇ ਇਸ ਕੁਰੀਤੀ ਵਿਰੁੱਧ ਬੁਲੰਦ ਆਵਾਜ਼ ਕਰਦਿਆਂ ਫੁਰਮਾਇਆ:

**ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥**
(ਪੰਨਾ ੪੭੩)

ਇਸੇ ਤਰ੍ਹਾਂ ਉਨ੍ਹਾਂ ਧਾਰਮਿਕ ਮੰਡਲ ਵਿਚ ਵਿਚਰ ਰਹੇ ਯੋਗੀਆਂ ਨੂੰ ਕਿਹਾ ਕਿ ਉਹ ਆਪਣਾ ਆਤਮ-ਵਿਕਾਸ ਇਕਾਂਤ ਸਮਾਧੀਆਂ ਦੀ ਬਜਾਏ ਲੋਕਾਂ ਦੀ ਸੇਵਾ ਵਿਚ ਕਰਨ।

ਗੁਰੂ ਸਾਹਿਬ ਜੀ ਨੇ ਚੰਗੇ ਸਮਾਜ ਦੇ ਨਿਰਮਾਣ ਲਈ ਦੁਨੀਆਂ ਸਾਹਮਣੇ ਤਿੰਨ ਸਿਧਾਂਤ ਰੱਖੇ ਕਿਰਤ ਕਰੋ, ਨਾਮ ਜਪੋ, ਵੰਡ ਛਕੋ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਗੁਰੂ ਨਾਨਕ ਸਾਹਿਬ ਜੀ ਨੇ ਸਾਂਝੀਵਾਲਤਾ, ਭਾਈਚਾਰੇ, ਅਤੇ ਰਾਸ਼ਟਰੀ ਏਕਤਾ ਦਾ ਉਪਦੇਸ਼ ਦਿੱਤਾ। ਉਨ੍ਹਾਂ ਦਾ ਫ਼ਲਸਫ਼ਾ, ਉਨ੍ਹਾਂ ਦਾ ਮਾਰਗ ਹਰ ਦੇਸ਼ ਤੇ ਹਰ ਕੌਮ ਦੇ ਉਸ ਪ੍ਰਾਣੀ ਲਈ ਹੈ ਜੋ ਸਚ ਦਾ ਪਾਂਧੀ ਹੋਵੇ, ਸ਼ਾਂਤੀ ਤੇ ਮਾਨਵ ਏਕਤਾ ਦਾ ਚਾਹਵਾਨ ਹੋਵੇ। ਗੁਰੂ ਸਾਹਿਬ ਜੀ ਦੇ ਮਨ ਵਿਚ ਕੇਵਲ ਆਪਣੇ ਦੇਸ਼ ਲਈ ਹੀ ਪਿਆਰ ਨਹੀਂ ਸੀ ਉਹ ਤਾਂ ਸਾਰੀ ਸ੍ਰਿਸ਼ਟੀ ਦੇ ਕਲਿਆਣ ਲਈ ਪਰਮਾਤਮਾ ਅੱਗੇ ਬੇਨਤੀ ਕਰਦੇ ਹਨ:

**ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ॥**
**ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ॥**
(ਪੰਨਾ ੮੫੩)

ਅੱਜ ਜਦੋਂ ਅਸੀਂ ਗੁਰੂ ਜੀ ਦਾ ਪ੍ਰਕਾਸ਼ ਦਿਹਾੜਾ ਮਨਾ ਰਹੇ ਹਾਂ ਤਾਂ ਸਮੂਹ ਗੁਰੂ ਨਾਨਕ ਨਾਮ-ਲੇਵਾ ਸੰਗਤਾਂ ਨੂੰ ਆਪਣੇ ਅੰਦਰ ਝਾਤ ਮਾਰ ਕੇ ਦੇਖਣਾ ਹੋਵੇਗਾ ਕਿ ਕੀ ਅਸੀਂ ਗੁਰੂ ਸਾਹਿਬ ਜੀ ਦੀਆਂ ਸਿੱਖਿਆਵਾਂ 'ਤੇ ਅਮਲ ਕਰ ਰਹੇ ਹਾਂ। ਇਸ ਮੁਬਾਰਕ ਮੌਕੇ 'ਤੇ ਸਾਡਾ ਫਰਜ਼ ਬਣਦਾ ਹੈ ਕਿ ਗੁਰੂ ਡੰਮ ਤੇ ਹੋਰ ਸਮਾਜਿਕ ਕੁਰੀਤੀਆਂ ਤੋਂ ਦੂਰ ਹੁੰਦੇ ਹੋਏ ਕੁਦਰਤੀ ਖਜ਼ਾਨਿਆਂ ਨੂੰ ਸਾਂਭਣ ਲਈ ਕਾਰਜਸ਼ੀਲ ਹੋਈਏ, ਗੁਰੂ ਉਪਦੇਸ਼ ਨੂੰ ਆਪਣੇ ਹਿਰਦੇ ਵਿਚ ਵਸਾਈਏ ਅਤੇ ਨਵੀਂ ਪੀੜ੍ਹੀ ਨੂੰ ਗੁਰਮਤਿ ਮਾਰਗ 'ਤੇ ਪ੍ਰਪੱਕ ਰੂਪ ਵਿਚ ਤੋਰਨ ਲਈ ਹੰਭਲਾ ਮਾਰੀਏ। ਸੋ, ਅੱਜ ਗੁਰੂ ਜੀ ਦੀ ਕ੍ਰਾਂਤੀਕਾਰੀ ਵਿਚਾਰਧਾਰਾ ਨੂੰ ਸੰਸਾਰ ਵਿਚ ਅਪਣਾਉਣ ਦੀ ਸਖ਼ਤ ਲੋੜ ਹੈ।

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

# ਨਹੀਂ ਲੱਭਣੇ ਲਾਲ ਗੁਆਚੇ

**ਕਾਂਡ 12**

## - ਬਲਦੇਵ ਸਿੰਘ ਬੁੱਧ ਸਿੰਘ ਵਾਲਾ

ਸਾਰੇ ਧਰਮੀ ਫੌਜੀ ਕੇਵਲ ਤੇ ਸ਼ਿੰਗਾਰੇ ਦੀ ਉਡੀਕ ਵਿੱਚ ਬੈਠੇ ਸਨ। ਪਰ ਉਹ ਅਜੇ ਤੱਕ ਆਏ ਨਹੀਂ ਸਨ। ਕਿਉਂਕਿ ਭਗੌੜੇ ਫੌਜੀ ਨੂੰ ਹੱਸਪਤਾਲ ਸਿਰਫ਼ ਦਿਖਾਉਣ ਵਾਸਤੇ ਲਿਜਾਂਦੇ ਸਨ। ਡਾਕਟਰ ਮਾੜੀ ਮੋਟੀ ਦੁਆ ਦਾਰੂ ਦੇ ਕੇ ਵਾਪਸ ਕਰ ਦਿੰਦੇ ਸਨ। ਉਹਨਾਂ ਨੂੰ ਵੀ ਉੱਤੋਂ ਆਡਰ ਸੀ ਕਿ ਭਗੌੜੇ ਫੌਜੀ ਨੂੰ ਦਾਖਲ ਨਹੀਂ ਕਰਨਾ। ਸਿਰਫ਼ ਤੰਗ ਕਰਨ ਵਾਸਤੇ ਵਈ ਜੇ ਕੋਈ ਮਰਦਾ ਤਾਂ ਮਰ ਜਾਵੇ। ਫਿਰ ਬਹਾਨਾ ਇਹ ਸੀ ਕਿ ਕਿਤੇ ਦੁਬਾਰਾ ਨਾ ਭੱਜ ਜਾਣ।

'ਯਾਰ ਕੌਰਿਆ ਦੋਨਾਂ 'ਚੋਂ' ਇੱਕ ਵੀ ਨੀ ਆਇਆ!' ਦਰਸ਼ਨ ਨੇ ਉਦਾਸ ਹੋ ਕੇ ਕਿਹਾ।

'ਕੀ ਕਰੀਏ ਦਰਸ਼ਨਾ ਉਨ੍ਹਾ ਦਾ ਸਾਰਿਆਂ ਨੂੰ ਫ਼ਿਕਰ ਆ' ਕੌਰੇ ਨੇ ਕਿਹਾ।'

'ਦਰਸ਼ਨਾ ਤੂੰ ਸਿਆਣਾ ਲਾ ਕੋਈ ਟੇਵਾ ਟੂਵਾ' ਕੇਵਲ ਨੇ ਕਿਹਾ।

'ਮੇਰੇ ਕੋਲ ਕੇੜ੍ਹਾ ਜੰਤਰੀ ਫੜੀ ਆ, ਜੇ ਮੈਂ ਕੋਈ ਮਾੜਾ ਚੰਗਾ ਬੋਲਤਾ ਤਾਂ ਤੁਸੀਂ ਸਾਰੇ ਮੇਰੇ ਗਲ ਪਵੋਂਗੇ ਕਿ ਬਾਮ੍ਹਣ ਨੇ ਪੁੱਠੀ ਗੱਲ ਕਰਤੀ!' ਦਰਸ਼ਨ ਨੇ ਕਿਹਾ।

'ਚਲੋ ਰਲ ਕੇ ਅਰਦਾਸ ਕਰੋ' ਗਿਆਨੀ ਨੇ ਕਿਹਾ।

'ਗਿਆਨੀਆਂ ਜੇ ਅਰਦਾਸਾਂ ਨਾਲ ਕੰਮ ਬਣ ਜਾਣ ਤੇ ਲੋਕ ਵਕੀਲਾਂ ਨੂੰ ਪੈਸੇ ਨਾ ਦੇਣ, ਜੇ ਅਰਦਾਸਾਂ ਨਾਲ ਮੀਂਹ ਪੈ ਜੇ ਤਾਂ ਲੋਕ ਮੱਛੀ ਮੋਟਰਾਂ ਨਾ ਪੌਣ!' ਕਾਮਰੇਡ ਨੇ ਕਿਹਾ।

'ਇੱਕ ਤਾਂ ਆਪਾਂ ਫਸੇ ਵੇ ਆਂ ਦੂਜਾ ਆਹ ਕੰਮਰੇੜ ਪੁੱਠੀਆਂ ਗੱਲਾਂ ਕਰਦਾ' ਮੀਕੇ ਨੇ ਕਿਹਾ।

'ਮੈਂ ਤਾਂ ਕੈਨ੍ਹਾ ਹੋਰ ਕੁਸ਼ ਹੋਵੇ ਜਾਂ ਨਾ ਪੈਲ੍ਹਾਂ ਕੌਮਨਿਸ਼ਟ ਦਾ ਮੱਕੂ ਬੰਨ੍ਹੀਏ ਫੇਰ ਏਹ ਪੁੱਠੀਆਂ ਗੱਲਾਂ ਕਰਨੋ ਹਟੂ ਮੇਰਾ ਸਾਲਾ'! ਦਰਸ਼ਨ ਗੁੱਸੇ ਨਾਲ ਕਿਹਾ।

'ਹਾਂ ਹਾਂ ਏਦ੍ਹੇ ਸਾਲੇ ਦੇ ਮਾਰੋ ਚਾਰ ਛਿੱਤਰ!' ਗਿਆਨੀ ਨੇ ਕਿਹਾ।

'ਲੈ ਏਹ ਪੁੱਠੀਆਂ ਗੱਲਾਂ? ਜੇ ਆਪਣੇ ਮੀਂਹ ਨਾ ਪਵੇ ਤਾਂ ਖੰਡ ਪਾਠ ਕਰੌਂਦੇ ਆਂ, ਦੱਸ ਗਿਆਨੀਆਂ ਕਰੌਂਦੇ ਕਿ ਨਹੀਂ ਕਰੌਂਦੇ'?

'ਹਾਂ ਕੌਮਨਸ਼ਟਾ ਕਰੌਂਦੇ ਆਂ ਹੋਰ ਸ਼ਰਾਬ ਕੱਢਣ ਲੱਗ ਪਿਆ ਕਰਨ?'

'ਮੈਂ ਏਹ ਕਦੋਂ ਕਿਹੈ, ਪਰ ਸਿੱਧਾ ਬੋਲ ਕੌਮਨਸ਼ਟ ਨਾ ਆਖ!' ਕਾਮਰੇਡ ਨੇ ਕਿਹਾ।

'ਤੁਸੀਂ ਏਹ ਦੱਸੋ ਖੰਡ ਪਾਠ ਤੋਂ ਬਾਅਦ ਮੀਂਹ ਪੈ ਜਾਂਦੈ?'

'ਕਦੇ ਪੈ ਜਾਂਦਾ ਕਦੇ ਨਹੀਂ'

'ਆਹ ਆਪਣਾਂ ਗੁਆਂਢੀ ਚੀਨ ਏਹ ਤਾਂ ਰੱਬ ਨੂੰ ਮੰਨਦਾ ਨੀ ਤੇ ਜਦੋਂ ਚਾਹੇ ਮੀਂਹ ਪੁਆ ਲੈਂਦਾ' ਕਾਮਰੇਡ ਨੇ ਕਿਹਾ।

'ਕੌਮਨਿਸਟਾ ਝੂਠ ਘੱਟ ਬੋਲ' ਮੀਕੇ ਨੇ ਕਿਹਾ।

'ਨਾ ਏਹ ਝੂਠ ਆ?'

'ਹਾਂ ਭਲਾ ਚੀਨ ਕਿਵੇਂ ਮਨਮਰਜ਼ੀ ਨਾਲ ਮੀਂਹ ਪੁਆ ਲੂ?' ਸਾਰਿਆਂ ਨੇ ਪੁੱਛਿਆ।

'ਓਹ ਅਸਮਾਨ 'ਚ' ਬੱਦਲ ਬੀਜ ਦਿੰਦੇ ਆ'

'ਇੱਕ ਹੋਰ ਗਪੌੜ ਸੁਣੋ ਸਾਲੇ ਕੰਮਰੇੜ ਦਾ ਭਲਾ ਬੱਦਲ ਆਲੂ ਆ ਜਿਹੜੇ ਬੀਜ ਦਿੰਦੇ ਆ' ਦਰਸ਼ਨ ਨੇ ਕਿਹਾ ਤਾਂ ਸਾਰੇ ਹੱਸ ਪਏ।

'ਭਲਿਓ ਲੋਕੋ ਸਾਇੰਸ ਤਰੱਕੀ ਕਰਗੀ ਉਹ ਬੱਦਲ ਬੀਜ ਕੇ ਮੀਂਹ ਆਵਦੀ ਮਰਜ਼ੀ ਨਾਲ ਪੁਆ ਸਕਦੇ ਕੋਈ ਪੂਜਾ ਪਾਠ ਨੀ ਕਰਦੇ ਪਰ ਥੋਨੂੰ ਖੂਹ ਦੇ ਡੱਡੂਆਂ ਨੂੰ ਕੀ ਪਤਾ'? ਕਾਮਰੇਡ ਨੇ ਕਿਹਾ।

'ਹੱਛਾ ਫੇਰ ਮੀਂਹ ਪੈਂਦਾ? ਫਿਰ ਤਾਂ ਮੀਂਹ ਹਟਾ ਵੀ ਸਕਦੇ ਹੋਣੇ ਆ' ਮੀਕੇ ਨੇ ਟਿੱਚਰ ਨਾਲ ਕਿਹਾ।

'ਹਾਂ ਮੀਂਹ ਹਟਾ ਵੀ ਦਿੰਦੇ ਆ, ਜਿੰਨ੍ਹਾਂ ਨੇ ਸੁੱਥਣਾ ਸੁਆਈਆਂ ਊਨਾਂ . . . ਰਾਹ ਵੀ ਰੱਖੇ ਆ!' ਕਾਮਰੇਡ ਨੇ ਕਿਹਾ।

'ਏਹ ਅੱਜ ਕੁਛ ਖਾ ਕੇ ਆਇਆ' ਗਿਆਨੀ ਨੇ ਕਿਹਾ।

'ਮੈਂ ਕੀ ਖਾ ਲਿਆ ਸਵੇਰ ਦਾ ਥੋਡੇ ਕੋਲ ਆਂ' ਕਾਮਰੇਡ ਨੇ ਕਿਹਾ।

'ਫਿਰ ਤੂੰ ਪਾਗਲ ਹੋ ਗਿਐਂ?' ਮੀਕੇ ਨੇ ਕਿਹਾ।

'ਥੋਨੂੰ ਮੈਂ ਪਾਗਲ ਲਗਦਾਂ ਪਰ ਮੈਨੂੰ ਤੁਸੀਂ ਪਾਗਲ ਲਗਦੇ ਓ ਜਿਹੜੇ ਮੀਂਹ ਪੁਆਉਣ ਵਾਸਤੇ ਖੰਡ ਪਾਠ ਰਖੌਂਦੇ ਓ' ਕਾਮਰੇਡ ਨੇ ਕਿਹਾ।

'ਕਾਮਰੇਡਾ ਚੁੱਪ ਕਰ ਜਾ ਨਈਂ ਤਾਂ ਜੁੱਤੀਆਂ ਖਾਏਂਗਾ' ਦਰਸ਼ਨ ਨੇ ਕਿਹਾ।

'ਹਾਂ ਯਾਰ ਇੱਕ ਤਾਂ ਆਪਾਂ ਫਸੇ ਆਂ ਰੱਬ ਨੇ ਮੱਦਦ ਕਰਨੀ ਆ ਤੇ ਏਹ ਰੱਬ ਨੂੰ ਨਿੰਦੀ ਜਾਂਦੈ ਚਲੋ ਅਰਦਾਸ ਕਰੋ' ਗਿਆਨੀ ਨੇ ਕਿਹਾ ਤਾ ਸਾਰੇ ਅਰਦਾਸ ਕਰਨ ਲੱਗ ਪਏ। ਨਾਲ ਕਾਮਰੇਡ ਵੀ ਅਰਦਾਸ ਵਿੱਚ ਸ਼ਾਮਲ ਹੋ ਗਿਆ। ਅਰਦਾਸ ਕੀਤੀ ਕਿ ਰੱਬਾ ਸਾਨੂੰ ਨਰਕ ਵਿੱਚੋਂ ਕੱਢ। ਸਾਰਾ ਦਿਨ ਉਡੀਕਦੇ ਰਹੇ ਦੋਨਾ ਦਾ ਕੋਈ ਸੁੱਖ ਸੁਨੇਹਾ ਨਾ ਆਇਆ। ਸਾਰਿਆਂ ਦੇ ਸਾਹ ਸੁੱਕ ਗਏ। ਕੀ ਭਾਣਾ ਵਰਤ ਗਿਆ? ਕੱਲ ਦੇ ਗਏ ਅਜੇ ਤੱਕ ਨਹੀਂ ਆਏ। ਸ਼ਾਮ ਚਾਹ ਦਾ ਵਕਤ ਹੋ ਗਿਆ ਲਾਂਗਰੀ ਨੇ ਪਤੀਲਾ ਖੜਕਾ ਦਿੱਤਾ ਸਾਰੇ ਲੰਗਰ ਵਿੱਚੋਂ ਚਾਹ ਲੈਣ ਚਲੇ ਗਏ। ਉੱਧਰੋਂ ਇੱਕ ਐਂਬੂਲੈਂਸ ਆਉਂਦੀ ਦਿਖਾਈ ਦਿੱਤੀ। ਸਾਰਿਆਂ ਦਾ ਧਿਆਨ ਉੱਧਰ ਹੋ ਗਿਆ। ਐਂਬੂਲੈਂਸ ਵਿੱਚ ਇਕ ਆਦਮੀ ਨੂੰ ਸਟੇਚਰ ਤੇ ਪਾ ਕੇ ਬੈਰਕ 'ਚ ਕਿਸੇ ਬੇਜ਼ਾਨ ਚੀਜ਼ ਵਾਂਗੂੰ ਵਿੱਚ ਛੱਡ ਗਏ। ਉਦੋਂ ਨੂੰ ਸਾਰੇ ਚਾਹ ਵਾਲੇ ਕੱਪ ਲੈ ਕੇ ਬੈਰਕ ਵੱਲ ਦੌੜ ਪਏ। ਅੰਦਰ ਕੇਵਲ ਫਰਸ਼ ਤੇ ਲੇਟਿਆ ਪਿਆ ਸੀ।

'ਜਾਹ ਓਏ ਏਦ੍ਹੇ ਵਾਸਤੇ ਚਾਹ ਲਿਆ।

'ਲੈ ਬਾਈ ਚਾਹ ਪੀ' ਮੀਕੇ ਨੇ ਚਾਹ ਦਾ ਕੱਪ ਕੇਵਲ ਵੱਲ ਕਰਦੇ ਹੋਏ ਸਹਾਰਾ ਦੇ ਕੇ ਬਿਠਾ ਦਿੱਤਾ ਕੇਵਲ ਨੇ ਚਾਹ ਦਾ ਕੱਪ ਕੱਪ ਮੂੰਹ ਨੂੰ ਲਾਇਆ ਉਸਦੇ ਬੁੱਲ ਕੰਬ ਰਹੇ ਸਨ ਤੇ ਹੱਥ ਵੀ ਕੰਬ ਰਹੇ ਸਨ। ਦੋ ਤਿੰਨ ਘੁੱਟ ਚਾਹ ਦੇ ਭਰਕੇ ਕੱਪ ਥੱਲੇ ਰੱਖ ਦਿੱਤਾ।

'ਹਾਂ ਬਾਈ ਸ਼ਿੰਗਾਰਾ ਭਾਊ ਨੀ ਆਇਆ'? ਸਾਰਿਆਂ ਨੇ ਤਾਂਘ ਨਾਲ ਪੁੱਛਿਆ।

'ਮੈਂ ਸੁੱਤਾ ਪਿਆ ਸੀ ਮੇਰੇ ਨਾਲਦੇ ਦਸਦੇ ਸੀ ਕਿ ਰਾਤ ਨੂੰ ਬਾਰਾਂ ਕੁ ਵਜੇ ਡਾਕਟਰ ਚਾਰ ਪੰਜ ਕੰਪਾਊਡਰ ਲੈ ਕੇ ਆਇਆ ਤੇ ਪਤਾ ਨੀ ਕਿੱਥੇ ਲੈ ਗਏ!'




'ਪਤਾ ਨੀ ਵਿਚਾਰੇ ਨੂੰ ਕਿੰਨਾ ਕੁ ਕੁੱਟਦੇ ਮਾਰਦੇ ਹੋਣਗੇ'? ਕੇਵਲ ਨੇ ਉਦਾਸ ਹੋ ਕੇ ਦੱਸਿਆ।

'ਕੁੱਟਮਾਰ ਤਾਂ ਠੀਕ ਆ ਪਰ ਰਾਤ ਨੂੰ ਮੈਨੂੰ ਬੌੜ੍ਹ ਭੈੜੇ ਸੁਫ਼ਨੇ ਆਏ ਆ ਕਿਤੇ ਸ਼ਹੀਦ ਹੀ ਨਾ ਕਰਤਾ ਹੋਵੇ'? ਦਰਸ਼ਨ ਨੇ ਦੁੱਖ ਨਾਲ ਕਿਹਾ।

'ਕੀ ਪਤਾ? ਏਥੇ ਕਿਹੜਾ ਕਿਸੇ ਨੇ ਪੁੱਛਣਾ ਨਾਲੇ ਹਿੰਦੂ ਅਫਸਰ ਆ ਕੇ ਦੱਸ ਤਾਂ ਗਿਆ ਸੀ ਕਿ ਨਿਰੰਕਾਰੀ ਥੋਡੇ ਪਿੱਛੇ ਪਿਆ'

'ਹਾਏ ਓਏ ਮਰਗਿਆ' ਕੇਵਲ ਨੇ ਕਿਹਾ ਕਿਉਂਕਿ ਉਸਦੇ ਰੇਤੀ ਨਾਲ ਰਗੜੇ ਹੋਏ ਨਹੂੰ ਬਹੁਤ ਦਰਦ ਕਰ ਰਹੇ ਸਨ। ਹਪਸਤਾਲ ਵਿੱਚ ਦੋ ਚਾਰ ਗੋਲੀਆਂ ਪੇਨ ਕਿੱਲਰ ਦੀਆਂ ਦਿੱਤੀਆ ਸਨ। ਉਹਨਾਂ ਦਾ ਅਸਰ ਖਤਮ ਹੋ ਗਿਆ। ਹੁਣ ਦਰਦ ਹੋਣਾ ਹੀ ਸੀ।

'ਬਾਈ ਕਸੀਸ ਵੱਟ ਕੇ ਦਰਦ ਸਹਿ ਹੁਣ ਪਤਾ ਨੀ ਕੀਦ੍ਹੀ ਵਾਰੀ ਆ?' ਦਰਸ਼ਨ ਨੇ ਕਿਹਾ।

'ਤੁਸੀਂ ਫਿਕਰ ਨਾ ਕਰੋ ਹੁਣ ਮੈਂ ਹੀ ਊਨਾ ਦਾ ਟਾਰਗੇਟ ਆਂ, ਓਹ ਮੇਰੇ ਤੇ ਮੀਕੇ ਪਿੱਛੇ ਪਏ ਆ'

'ਕੋਈ ਨੀ ਅਸੀਂ ਫਿਰ ਸਾਰੇ ਅਰਦਾਸ ਕਰਾਂਗੇ' ਗਿਆਨੀ ਨੇ ਕਿਹਾ ਤਾਂ ਕਾਮਰੇਡ ਹੱਸ ਪਿਆ। ਦਰਸ਼ਨ ਨੇ ਦੇਖ ਲਿਆ ਤੇ ਪੰਡਤ ਨੂੰ ਗੁੱਸਾ ਆ ਗਿਆ।

'ਅਰਦਾਸ ਤੋਂ ਪੈਲ੍ਹਾਂ ਇਸ ਭੈਣ ਚੋ.ੜ ਕੰਮਰੇੜ ਦਾ ਅਰਦਾਸਾ ਸੋਧੋ ਜੇ ਬਚਣੈ ਤਾਂ!' ਦਰਸ਼ਨ ਨੇ ਗੁੱਸੇ ਨਾਲ ਕਿਹਾ।

'ਹਾਂ ਯਾਰ ਜੇ ਰੱਬ ਦਾ ਨਾਂ ਲੈਂਦੇ ਆਂ ਤਾਂ ਏਹ ਹਸਦੈ, ਜੇ ਅਰਦਾਸ ਨੂੰ ਕੈਨ੍ਹੇ ਤਾਂ ਹਸਦਾ, ਪੈਲ੍ਹਾਂ ਏਦ੍ਹਾ ਹੈਲੀਕਾਪਟਰ ਬਣਾਓ ਮੇਰੇ ਸਾਲੇ ਦਾ'

'ਮਾੜੀ ਧਾੜ ਚਮਿਆਰਾਂ ਤੇ' ਕਾਮਰੇਡ ਨੇ ਕਿਹਾ।

'ਜੇ ਤੂੰ ਹੁਣ ਕੁਸ਼ ਭੌਂਕਿਆ ਤਾਂ ਤੇਰੇ ਝੱਗੇ ਦਾ ਮੇਚ ਜਰੂਰ ਲਵਾਂਗੇ' ਗਿਆਨੀ ਨੇ ਕਿਹਾ ਕਾਮਰੇਡ ਚੁੱਪ ਹੋ ਗਿਆ। ਦਿਨ ਛਿਪ ਗਿਆ। ਗਿਆਨੀ ਦੇ ਰਹਿਰਾਸ ਕੰਠ ਸੀ ਉਸਨੇ ਰਹਿਰਾਸ ਸਾਹਬ ਦਾ ਪਾਠ ਕਰਕੇ ਅਰਦਾਸ ਵਿੱਚ ਕਿਹਾ ਕਿ ਰੱਬਾ ਅੰਗ ਸੰਗ ਰਹੀਂ ਸ਼ਿੰਗਾਰੇ ਦਾ ਵਾਲ ਵਿੰਗਾ ਨਾ ਹੋਵੇ। ਆਖ ਕੇ ਫਤਹਿ ਬੁਲਾ ਦਿੱਤੀ ਪਰ ਕਿਸੇ ਨੂੰ ਪਤਾ ਨਹੀਂ ਸੀ ਕਿ ਸ਼ਿੰਗਾਰਾ ਸ਼ਹੀਦੀ ਪਾ ਗਿਐ!

ਇਕ ਹਫਤਾ ਬੀਤ ਗਿਆ ਹਫਤੇ ਵਿੱਚ ਕੇਵਲ ਨੂੰ ਐਨਾ ਤੰਗ ਕਤਿਾ ਕਿ ਉੱਠ ਕੇ ਖੜ੍ਹਾ ਨਹੀਂ ਸੀ ਹੋ ਸਕਦਾ ਦੋਨੋਂ ਨਿਰੰਕਾਰੀ ਅਫਸਰ ਕੁੱਟਮਾਰ ਕਰਵਾਉਂਦੇ ਰਹੇ। ਪਰ ਕੇਵਲ ਨੇ ਬ੍ਰਗੇਡੀਅਰ ਦਾ ਕਤਲ ਆਪਣੇ ਜੁੰਮੇ ਨਹੀਂ ਲਿਆ। ਕਰਨਲ ਤੇ ਕੈਪਟਨ ਗੱਲਾਂ ਕਰ ਰਹੇ ਸਨ।

'ਸਾਹਬ ਕੇਵਲ ਦਾ ਹੁਣ ਕੀ ਕਰੀਏ'? ਕੈਪਟਨ ਨੇ ਕਰਨਲ ਤੋਂ ਪੁੱਛਿਆ।

'ਹਾਹਾ, ਹਾਹਾ, ਹਾਹਾ! ਤੂੰ ਵੀ ਕਮਲਾ ਜੇੜ੍ਹੇ ਰਾਹ ਸ਼ਿੰਗਾਰਾ ਗਿਆ ਓਸੇ ਰਾਹ ਏਨੂੰ ਤੋਰ ਦਿੰਨੇ' ਆਂ! ਕਰਨਲ ਨੇ ਹੱਸ ਕੇ ਕਿਹਾ।

'ਸਾਹਬ ਤੁਸੀਂ ਵੀ ਕਮਾਲ ਦੇ ਅਫਸਰ ਓ, ਇੱਕ ਬੰਦਾ ਤਾਂ ਮਾਰਤਾ ਆਪਾਂ! ਓਦ੍ਹੇ ਨਾਂ ਕਤਲ ਪਾ ਦਿੱਨੇ ਆਂ'

'ਤੈਨੂੰ ਪਤਾ ਪੁਲੀਸ ਵਾਲੇ ਇੱਕ ਮਾਮੂਲੀ ਕਤਲ ਦੇ ਮੁਕੱਦਮੇ ਵਿੱਚ ਦੋ ਤਿੰਨ ਆਦਮੀ ਕੁੱਟ ਕੁੱਟ ਕੇ ਮਾਰ ਦਿੰਦੇ ਆ ਤੇ ਆਪਣਾਂ ਤਾਂ ਬ੍ਰਗੇਡੀਅਰ ਮਰਿਐ'

'ਠੀਕ ਆ ਫੇਰ ਸ਼ੁਭ ਕਾਮ ਮੇਂ ਦੇਰ ਕੈਸੀ?'

'ਠੀਕ ਕੱਲ ਨੂੰ ਕੇਵਲ ਨੂੰ ਹਸਪਤਾਲ ਦਾਖਲ ਕਰਵਾ ਦੇਵੋ'

'ਠੀਕ ਆ ਸਰ' ਕੈਪਟਨ ਨੇ ਪੱਗ ਠੀਕ ਕਰਕੇ ਕਰਨਲ ਨੂੰ ਸਲੂਟ ਮਾਰਦੇ ਹੋਏ ਕਿਹਾ।

'ਚਲੋ ਫਿਰ ਖੁਸ਼ੀ ਦੇ ਮੌਕੇ ਪੈਗ ਪੈਗ ਹੋ ਜਾਏ'

'ਜਿਵੇਂ ਥੋਡੀ ਮਰਜ਼ੀ' ਕੈਪਟਨ ਨੇ ਹਾਂ 'ਚ' ਹਾਂ ਮਿਲਾਈ ਦੋਨੋਂ ਮੈਸ ਵਿੱਚ ਚਲੇ ਗਏ।

ਦੂਜੀ ਸਵੇਰ ਕੇਵਲ ਨੂੰ ਲੈਣ ਐਂਬੂਲੈਂਸ ਪਹੁੰਚ ਗਈ। ਐਂਬੂਲੈਂਸ ਦੇਖ ਕੇ ਸਾਰੇ ਘਬਰਾ ਗਏ। ਵੈਸੇ ਤਾਂ ਐਂਬੂਲੈਂਸ ਜਾਨ ਬਚਾਉਣ ਵਾਸਤੇ ਹੁੰਦੀ ਹੈ ਪਰ ਅੱਜ ਮੀਕੇ ਨੂੰ ਇਹ ਫ਼ਾਂਸੀ ਦਾ ਖੂਹ ਲੱਗ ਰਹੀ ਸੀ! ਚਿੱਟੇ ਕੱਪੜਿਆਂ ਵਿੱਚ ਚਾਰ ਕੰਪਾਊਡਰ ਜੱਲਾਦ ਲੱਗ ਰਹੇ ਸਨ।

'ਕੇਵਲ ਸਿੰਘ ਕੌਨ ਹੈ'? ਇੱਕ ਲੈਸ ਨਾਇਕ ਨੇ ਪੁੱਛਿਆ।

'ਹਾਂ ਜੀ ਮੈਂ ਆਂ' ਕੇਵਲ ਨੇ ਦਬੀ ਆਵਾਜ਼ ਵਿੱਚ ਕਿਹਾ।

'ਚਲੋ ਉੱਠੋ ਹਸਪਤਾਲ ਤੇਰਾ ਇਲਾਜ ਕਰਨਾ ਹੈ'

'ਮਗਰ ਮੈਂ ਤੋ ਠੀਕ ਹੂੰ'

'ਤੇਰੇ ਕਹਿਨੇ ਸੇ ਕਿਆ ਹੋਗਾ ਉਪਰ ਸੇ ਆਡਰ ਹੈ ਕਿ ਤੇਰੀ ਸਿਹਤ ਠੀਕ ਨਹੀਂ'

'ਨਹੀਂ ਜੀ ਮੇਰੇ ਕੋ ਛੌੜ ਦੋ'

'ਛੋਟੇ ਭਾਈ ਹਮ ਭੀ ਹੁਕਮ ਕੇ ਗੁਲਾਮ ਹੈ ਛੋੜ ਨਹੀਂ ਸਕਤੇ ਹਮ ਛੋੜ ਭੀ ਗਏ ਤੋ ਦੂਸਰੇ ਆ ਜਾਏਂਗੇ' ਕੰਪਾਊਡਰ ਨੇ ਆਵਦੀ ਮਜਬੂਰੀ ਦੱਸੀ। ਕੇਵਲ ਨੇ ਸੋਚਿਆ ਮਿੰਨਤਾਂ ਕਰਨੀਆਂ ਫਜ਼ੂਲ ਹਨ ਕਿਉਂ ਸਿੱਖਾਂ ਨੂੰ ਲੀਕ ਲੁਆਉਣੀ ਆ ਤਕੜਾ ਹੋ ਕੇ ਮੁਕਾਬਲਾ ਕਰੀਏ। ਧੰਨ ਸੀ ਸਾਡਾ ਗੁਰੂ ਗੋਬਿੰਦ ਸਿੰਘ ਜੀ ਜਿਸਨੇ ਸਾਰਾ ਪ੍ਰਵਾਰ ਸਿੱਖ ਕੌਮ ਤੋਂ ਵਾਰ ਦਿੱਤਾ ਤੇ ਫਿਰ ਵੀ ਚੜਦੀਆਂ ਕਲਾਂ ਵਿੱਚ ਰਹੇ। ਨਾਲੇ ਮੈਂ ਕਿਹੜਾ ਚੋਰੀ ਯਾਰੀ ਕੀਤੀ ਹੈ ਜੋ ਕੁਛ ਕੀਤਾ ਕੌਮ ਵਾਸਤੇ ਕੀਤਾ। ਭਗਤ ਸਿੰਘ, ਰਾਜਗੁਰੂ, ਸੁਖਦੇਵ ਵਰਗੇ ਵੀ ਫ਼ਾਂਸੀ ਚੜ ਗਏ। ਸੰਤ ਭਿੰਡਰਾਂਵਾਲੇ, ਸ਼ਬੇਗ ਸਿੰਘ ਤੇ ਅਮਰੀਕ ਸਿੰਘ ਵਰਗੇ ਤੇ ਹੋਰ ਕਈ ਅਣਗਿਣਤ ਯੋਧੇ ਵੀ ਸ਼ਹੀਦ ਹੋ ਗਏ! ਜੇ ਮੇਰੀ ਜਿੰਦਗੀ ਵੀ ਦੇਸ਼ ਕੌਮ ਦੇ ਲੇਖੇ ਲੱਗ ਜਾਵੇਗੀ ਤਾਂ ਮੈਂ ਆਵਦੇ ਆਪ ਨੂੰ ਖੁਸ਼ਕਿਸਮਤ ਸਮਝੂੰਗਾ ਪਰ ਝੁਕੂੰਗਾ ਨਹੀਂ, ਘਰਦੇ ਕੀ ਕਰਨਗੇ? ਚਲੋ ਦੇਖੀ ਜਾਊ ਰੱਬ ਘਰਦਿਆਂ ਨੂੰ ਵੀ ਸਬਰ ਸੰਤੋਖ ਬਖਸ਼ੂ। ਕੰਪਾਊਡਰਾਂ ਨੇ ਕੇਵਲ ਨੂੰ ਅੱਗੇ ਲਾ ਲਿਆ ਜਿਵੇਂ ਕਸਾਈ ਬੱਕਰੇ ਨੂੰ!

'ਅੱਛਾ ਦੋਸਤੋ ਜਿਉਂਦੇ ਰਹੇ ਤਾ ਮਿਲਾਂਗੇ ਮਰਗੇ ਤਾਂ ਰੱਬ ਰਾਜ਼ੀ' ਕੇਵਲ ਨੇ ਜਾਂਦੇ ਹੋਏ ਨੇ ਹੱਥ ਹਿਲਾ ਕੇ ਕਿਹਾ।

'ਸਿੱਖ ਤਾਂ ਚਲਦੇ ਆਰਿਆਂ ਤੇ ਨੀ ਘਬਰਾਉਂਦਾ ਤੂੰ ਘਬਰਾਵੀਂ ਨਾ ਵਧੀ ਨੂੰ ਕੋਈ ਘਟਾ ਨੀ ਸਕਦਾ ਤੇ ਘਟੀ ਨੂੰ ਕੋਈ ਵਧਾ ਨੀ ਸਕਦਾ!

'ਅਨਿਕ ਕਤਨ ਕਰ ਕਾਲ ਸਤਾਏ ਮਰਨ ਲਿਖਾਏ ਮੰਡਲ ਮਹਿ ਆਏ' ਗਿਆਨੀ ਨੇ ਕਿਹਾ।

ਸਾਰੇ ਅੰਦਰੋਂ ਰੋ ਰਹੇ ਸਨ ਪਰ ਜ਼ਾਹਰ ਨਹੀਂ ਸਨ ਕਰ ਰਹੇ। ਐਂਬੂਲੈਂਸ ਕੇਵਲ ਨੂੰ ਹਸਪਤਾਲ ਲੈ ਗਈ, ਤੇ ਇੱਕ ਸਪੈਸ਼ਲ ਕਮਰੇ ਵਿੱਚ ਵਾੜ ਦਿੱਤਾ ਜੋ ਕਿ ਅਫਸਰਾਂ ਵਾਸਤੇ ਸੀ। ਅੱਗੇ ਦੋ ਫੌਜੀ ਸਟੇਨਗੰਨਾ ਨਾਲ ਤਾਇਨਾਤ ਸਨ। ਕੰਪਾਊਡਰ ਚਲੇ ਗਏ ਘੰਟੇ ਕੁ ਬਾਅਦ ਡਾਕਟਰ ਆਇਆ ਜੋ ਕਿ ਮੇਜਰ ਰੈਂਕ ਦਾ ਮਦਰਾਸੀ ਸੀ। ਕੇਵਲ ਨੇ ਡਾਕਟਰ ਦੀ ਵਰਦੀ ਲਾਈ ਨੇਮ ਪਲੇਟ ਪੜੀ ਉਸਤੇ 'ਭਾਸਕਰ ਨਟਰਾਜਨ' ਲਿਖਿਆ ਇਹ ਨਾਮ ਪੰਡਤ ਜ਼ਾਤ ਨੂੰ ਜ਼ਾਹਰ ਕਰਦਾ ਸੀ। ਡਾਕਟਰ ਪੰਡਤ ਦੇ ਨਾਲ ਇੱਕ ਕੰਪਾਊਡਰ ਸੀ। ਨਟਰਾਜਨ ਨੇ ਟੂਟੀਆਂ ਲਾ ਕੇ ਚੈੱਕ ਕੀਤਾ ਸਭ ਠੀਕ ਪਿੰਡੇ ਤੇ ਕੁੱਟਮਾਰ ਦੇ ਨਿਸ਼ਾਨ ਸਨ। ਨਟਰਾਜਨ ਨੇ ਕਾਰਡ ਤੇ ਦੁਆਈਆਂ ਟੀਕੇ ਕਾਰਡ ਤੇ ਲਿਖ ਦਿੱਤੇ। ਡਾਕਟਰ ਬਾਹਰ ਜਾਣ ਲੱਗਾ ਸੀ ਕਿ ਦੋਨੋਂ ਨਿਰੰਕਾਰੀ ਕਰਨਲ ਤੇ ਕੈਪਟਨ ਆ ਗਏ ਉਹਨਾ ਨੂੰ ਦੇਖ ਕੇ ਕੇਵਲ ਦਿਲ ਵਿੱਚ ਗਾਲਾਂ ਕੱਢਣ ਲੱਗ ਪਿਆ।

'ਕੀ ਹਾਲ ਆ ਦਰਬਾਰ ਸਾਹਬ ਦਿਆ ਰੱਖਵਾਲਿਆ' ਕੈਪਟਨ ਨੇ ਟਿੱਚਰ ਨਾਲ ਕਿਹਾ।

'ਗੁਰੂ ਕੇ ਸਿੱਖ ਦਾ ਹਾਲ ਕਦੇ ਮਾੜਾ ਨੀ ਹੁੰਦਾ ਮੈਂ ਚੜ੍ਹਦੀਆਂ ਕਲਾਂ 'ਚ' ਹਾਂ' ਕੇਵਲ ਨੇ ਰੋਅਬ ਨਾਲ ਕਿਹਾ ਸੋਚਿਆ ਝੁਕਿਆ ਉਸ ਅੱਗੇ ਜਾਂਦਾ ਹੈ ਜਿੱਥੋਂ ਕੁਛ ਹਾਸਲ ਹੁੰਦਾ ਹੋਵੇ। ਕਸਾਈਆਂ ਅੱਗੇ ਕੀ ਝੁਕਣਾ ਜਿਸਨੇ ਪਹਿਲਾਂ ਸ਼ਿੰਗਾਰੇ ਨੂੰ ਪਤਾ ਨਹੀਂ ਕਿੱਥੇ ਖਪਾ ਦਿੱਤਾ ਹੁਣ ਮੇਰੀ ਵਾਰੀ ਹੈ! ਕਰਨਲ ਦੇਖ ਕੇ ਜ਼ਹਿਰੀਲੀ ਹਾਸੀ ਹੱਸ ਰਿਹਾ ਸੀ ਹੱਸ ਕੇ ਦੋਨੇ ਚਲੇ ਗਏ। ਬਾਹਰੋਂ ਕੇਵਲ ਦੇ ਪਹਿਰੇ ਤੇ ਇੱਕ ਗਾਰਡ ਜੋ ਕਿ ਹਰਿਆਣੇ ਦਾ ਜਾਟ ਸੀ ਉਹ ਕੋਲ ਆਇਆ।

'ਕੇ ਹਾਲ ਸੇ ਭਾਈ?' ਸਾਹਮਣੇ ਪਈ ਕੁਰਸੀ ਤੇ ਬੈਠ ਕੇ ਬੀੜੀ ਸੁਲਗਾਊਂਦੇ ਹੋਏ ਪੁੱਛਿਆ।

'ਠੀਕ ਹੂੰ ਭਾਈ ਸਾਬ੍ਹ!'

'ਤੰਨੇ ਕੁਸ਼ ਤੇਰੇ ਸਾਥੀ ਸਰਦਾਰ ਜੀ ਕਾ ਬੇਰਾ (ਪਤਾ) ਸੈ? ਵੋਹ ਕਹਾਂ ਗਯਾ ਜੋ ਪਹਿਲੇ ਇਸੀ ਹਸਪਤਾਲ ਮੇਂ ਆਯਾ ਥਾ'

'ਨਹੀਂ ਤੋ'

'ਮੇਰੇ ਕੋ ਮਾਲੂਮ ਸੈ ਬਤਾਊਂ' ਜਾਟ ਨੇ ਬੀੜੀ ਦਾ ਲੰਮਾਂ ਸਾਰਾ ਸੂਟਾ ਮਾਰ ਕੇ ਧੂੰਆਂ ਉਪਰ ਵੱਲ ਛੱਡਦੇ ਹੋਏ ਨੇ ਕਿਹਾ।

'ਹਾਂ ਸਰ ਛੇਤੀ ਦੱਸੋ ਮੇਰਾ ਮਨ ਉਸ ਕੇ ਬਗੈਰ ਬਹੁਤ ਉਦਾਸ ਹੈ ਮੈਂ ਉਸਕੋ ਮਿਲਨਾ ਚਾਹਤਾ ਹੂੰ' ਸ਼ਿੰਗਾਰੇ ਦੀ ਜਾਣਕਾਰੀ ਲੈਣ ਵਾਸਤੇ ਕੇਵਲ ਕਾਹਲਾ ਸੀ।

'ਮਗਰ ਕਿਸੀ ਕੋ ਮੇਰਾ ਨਾਮ ਨੀ ਬਤਾਨਾ' ਜਾਟ ਨੇ ਕਿਹਾ।

'ਭਲਾਂ ਮੈਂ ਕਿਉਂ ਬਤਾਊਂਗਾ ਕਿਸੀ ਕੋ'

'ਸਰਦਾਰ ਜੀ ਉਸਕਾ ਕਾਮ ਤਮਾਮ ਕਰ ਦੀਆ ਸੈ ਸੱਸਰੋਂ ਨੇ' ਬੀੜੀ ਦੀ ਸੁਆਹ ਝਾੜਦੇ ਹੋਏ ਜਾਟ ਨੇ ਕਿਹਾ।

'ਕਿਆ ਕਾਮ ਤਮਾਮ? ਮੇਰੇ ਕੋ ਸਮਝ ਨੀ ਆਈ ਸਾਫ ਸਾਫ ਬਤਾਓ' ਕੇਵਲ ਨੇ ਛੇਤੀ ਛੇਤੀ ਪੁੱਛਿਆ ਵੈਸੇ ਕਾਮ ਤਮਾਮ ਦਾ ਮਤਲਬ ਸਮਝ ਗਿਆ ਸੀ। ਸੁਣਦੇ ਹੀ ਸੁੰਨ ਹੋ ਗਿਆ! ਪਰ ਫਿਰ ਵੀ ਅਸਲੀ ਗੱਲ ਜਾਨਣਾ ਚਾਹੁੰਦਾ ਸੀ।

'ਤੂੰ ਭੀ ਬਾਵਲਾ ਸੈ'

'ਹਾਂ ਜੀ ਮੈਂ ਸਭ ਕੁਛ ਹੂੰ ਮਗਰ ਮੇਰੇ ਸਾਥੀ ਕਾ ਕਿਆ ਹੂਆ?'

'ਬਤਾਨਾ ਤੋ ਮੇਰੇ ਕੋ ਨਹੀਂ ਚਾਹੀਏ ਥਾ ਮਗਰ ਤੂੰ ਮੇਰਾ ਗੁਆਂਢੀ ਸੈ ਇਸੀ ਲੀਏ ਬਤਾ ਰਹਾ ਹੂੰ ਕਿ ਉਸ ਕੋ ਮਾਰ ਦੀਆ ਸੱਸਰੋਂ ਨੇ' ਜਾਟ ਨੇ ਲੰਮਾ ਸਾਹ ਲੈ ਕੇ ਕਿਹਾ।

'ਕੈਸੇ ਮਾਰਾ ਜ਼ਾਲਮੋਂ ਨੇ?'

'ਅਰੇ ਮਾਰਨੇ ਕੋ ਕਿਆ ਡਾਕਟਰ ਨੇ ਜ਼ਹਿਰ ਕਾ ਟੀਕਾ ਲਗਾਯਾ

ਔਰ ਪਾਰ ਬੁਲਾ ਦੀਆ'

'ਏਹ ਡਾਕਟਰ ਹੈਂ ਕਿ ਕਸਾਈ ਡਾਕਟਰ ਤੋ ਜਾਨ ਬਚਾਤੇ ਹੈਂ ਮਗਰ ਯਹਾਂ ਕਸਾਈ ਬਨੇ ਹੂਏ ਹੈਂ!'

'ਭਾਈ ਮੇਰੇ! ਪੁਰਾਨਾ ਜ਼ਮਾਨਾ ਚਲਾ ਗਯਾ ਜਬ ਡਾਕਟਰ ਕੋ ਲੋਗ ਭਗਵਾਨ ਮਾਨਤੇ ਥੇ ਮਗਰ ਇਬ ਤੋ ਡਾਕਟਰ ਕੋ ਕਸਾਈ ਕਹੇਂ ਸੈ ਕਸਾਈ!'

'ਯੇ ਤੋ ਬਹੁਤ ਬੁਰਾ ਹੂਆ' ਸ਼ਿੰਗਾਰੇ ਮਾਰੇ ਦੀ ਗੱਲ ਸੁਣ ਕੇ ਕੇਵਲ ਦਾ ਦਿਲ ਫੜੇ ਕਬੂਤਰ ਵਾਂਗੂੰ ਫੜਕ-ਫੜਕ ਵੱਜਣ ਲੱਗ ਪਿਆ। ਇੱਕ ਦਮ ਤ੍ਰੇਲੀ ਆ ਗਈ। ਮੂੰਹ ਸੁੱਕ ਗਿਆ ਬੁੱਲਾਂ ਤੇ ਸਿੱਕਰੀ ਆ ਗਈ। ਛੇਤੀ ਸੁਰਾਹੀ ਵਿੱਚੋਂ ਦੋ ਤਿੰਨ ਗਲਾਸ ਪਾਣੀ ਦੇ ਪੀਤੇ। ਅੱਖਾਂ ਵਿੱਚੋਂ ਪਰਲ-ਪਰਲ ਹੰਝੂ ਵਗਣ ਲੱਗ ਪਏ।

'ਤੋ ਅਬ ਮੇਰਾ ਨੰਬਰ ਹੈ?' ਕੇਵਲ ਨੇ ਪੁੱਛਿਆ ਕਿ ਮਾੜਾ ਮੋਟਾ ਪਤਾ ਹੋਵੇ।

'ਦੇਖੋ ਸਰਦਾਰ ਜੀ ਮੈਂ ਕੋਈ ਪੰਡਤ ਤੋ ਹੂੰ ਨਹੀਂ ਜੋ ਕਿ ਜੋਤਿਸ਼ ਕੇ ਸਹਾਰੇ ਆਨੇ ਵਾਲਾ ਟੇਮ ਬਤਾ ਦੂੰ ਮਗਰ ਆਗੇ ਖਤਰਾ ਦੀਸੈ ਸੈ!' ਜਾਟ ਨੇ ਕਿਹਾ

'ਠੀਕ ਭਾਈ ਸਾਬ੍ਹ! ਜਾਣਕਾਰੀ ਦੇਨੇ ਕੇ ਲੀਏ ਸ਼ੁਕਰੀਆ' ਕੇਵਲ ਨੇ ਬਾਹਰ ਵੱਲ ਦੇਖਿਆ, ਕੀ ਦੇਖਦਾ ਹੈ

ਕਰਨਲ, ਕੈਪਟਨ ਤੇ ਡਾਕਟਰ ਨਟਰਾਜਨ ਇਕੱਠੇ ਗੱਲਾਂ ਕਰ ਰਹੇ ਹਨ। ਫਿਰ ਉਹ ਡਾਕਟਰ ਦੇ ਕਮਰੇ ਵਿੱਚ ਚਲੇ ਗਏ। ਕੇਵਲ ਦੇ ਬੁੱਲ ਸੁੱਕ ਰਹੇ ਸਨ, ਗਲ ਖੁਸ਼ਕ ਹੋ ਗਿਆ ਸੀ। ਕੇਵਲ ਨੇ ਹੋਰ ਪਾਣੀ ਪੀਤਾ, ਸੁਰਾਹੀ ਵਿੱਚੋਂ ਪਾਣੀ ਵੀ ਖਤਮ ਹੋ ਗਿਆ। ਜਾਟ ਟੂਟੀ ਵਿੱਚੋਂ ਹੋਰ ਪਾਣੀ ਭਰ ਲਿਆਇਆ। ਵੱਡੇ ਵੱਡੇ ਰਿਸ਼ੀ ਮੁਨੀ ਸਾਧੂ ਸੰਤ ਮੌਤ ਸਾਹਮਣੇ ਖੜ੍ਹੀ ਦੇਖ ਕੇ ਘਬਰਾ ਜਾਂਦੇ ਹਨ। ਕੇਵਲ ਤਾਂ ਵਿਚਾਰਾ ਕਲਯੁਗੀ ਜੀਵ ਮਾਮੂਲੀ ਘਰ ਘਾਟ ਵਾਲਾ ਸਿਪਾਹੀ ਸੀ! ਇਸਦੇ ਵਾਸਤੇ ਮੌਤ ਸਾਹਮਣੇ ਖੜ੍ਹੀ ਦੇਖ ਕੇ ਫਿਕਰਮੰਦ ਹੋਣਾ ਕੁਦਰਤੀ ਸੀ!

'ਮੈਂ ਗੁਰੂ ਗੋਬਿੰਦ ਸਿੰਘ ਜੀ ਦੀ ਔਲਾਦ ਹਾਂ ਜਿਹਨਾਂ ਨੇ ਸਾਰਾ ਖ਼ਾਨਦਾਨ ਵਾਰ ਦਿੱਤਾ ਤੇ ਮੈਂ ਤਾਂ ਇਕੱਲੀ ਜਾਨ ਹਾਂ ਮਾਂ ਪਿਓ ਭੈਣ ਭਰਾ ਰੋ ਰੋ ਕੇ ਥੱਕ ਕੇ ਚੁੱਪ ਕਰ ਜਾਣਗੇ! ਪ੍ਰਮਾਤਮਾਂ ਆਪੇ ਸਬਰ ਸੰਤੋਖ ਦੇਊ! ਨਾਲੇ ਮੇਰਾ ਵੀ ਰੋਜ ਰੋਜ ਦੀ ਮਾਰ ਕੁਟਾਈ ਵੱਲੋਂ ਪਿੱਛਾ ਛੁੱਟੂ ਮਰਨ ਤੋਂ ਬਾਅਦ ਨਾ ਗ਼ਮ ਨਾ ਚਿੰਤਾ। ਜਿਵੇਂ ਕਿਸੇ ਸ਼ਾਇਰ ਨੇ ਕਿਹਾ

'ਰਹਿਤਾ ਨਹੀਂ ਇਨਸਾਨ ਤੋ ਹੋਤਾ ਨਹੀਂ ਗ਼ਮ ਭੀ, ਏਕ ਰੋਜ ਜਮੀਂ ਓੜ ਕੇ ਸੋ ਜਾਏਂਗੇ ਹਮ ਭੀ'

ਕੇਵਲ ਆਵਦੇ ਆਪ ਨਾਲ ਗੱਲਾਂ ਕਰ ਰਿਹਾ ਸੀ। ਆਪਦੇ ਆਪ ਨਾਲ ਹੀ ਗੱਲਾਂ ਕਰਨੀਆਂ ਸਨ ਕਿਉਂਕਿ ਇਸਨੂੰ ਕਿਸੇ ਨਾਲ ਗੱਲ ਕਰਨ ਦਾ ਹੁਕਮ ਨਹੀਂ ਸੀ। ਕੇਵਲ ਦਾ ਪਹਿਰੇਦਾਰ ਚੋਰੀ-ਚੋਰੀ ਮਿਲਕੇ ਕੁਛ ਦੱਸਦਾ ਰਹਿੰਦਾ।

'ਹਾਂ ਸਾਹਬ ਕੈਸੇ ਆਨਾ ਹੂਆ?' ਡਾਕਟਰ ਨੇ ਗਲ ਵਿੱਚ ਪਾਈ ਟੂਟੀ ਨੂੰ ਮੇਜ਼ ਤੇ ਰੱਖਦੇ ਹੋਏ ਨੇ ਕਰਨਲ ਤੇ ਕੈਪਟਨ ਤੋਂ ਪੁੱਛਿਆ।

'ਸਾਹਬ ਏਕ ਛੋਟਾ ਸਾ ਕਾਮ ਹੈਂ' ਕਰਨਲ ਨੇ ਪੱਗ ਠੀਕ ਕਰਦੇ ਹੋਏ ਕਿਹਾ।

'ਛੋਟਾ ਕਿਓਂ ਸਾਹਬ ਬਿੱਗ ਕਹੀਏ ਹਮ ਬੈਠਾ ਕਿਸ ਲੀਏ, ਕਿਸੀ ਕਾ ਅਰਜੈਂਟ ਅਪ੍ਰੇਸ਼ਨ ਕਰਨਾ ਹੈ ਜਾਂ ਲੀਵ ਸਰਟੀਫੀਕੇਟ ਮਾਂਗਤਾ' ਡਾਕਟਰ ਨੇ ਬੇਪ੍ਰਵਾਹ ਹੋ ਕੇ ਕਿਹਾ।

'ਸਾਹਬ ਅਪ੍ਰੇਸ਼ਨ ਕਰਨਾ ਹੈ ਏਕ ਜਵਾਨ ਕਾ'

'ਸਮਾਲ ਬਾਤ ਕੇ ਲੀਏ ਚੱਲ ਕੇ ਆਏ ਫੂਨ ਕਰਨੇ ਕਾ' ਡਾਕਟਰ ਨੇ ਹੱਸ ਕੇ ਕਿਹਾ।

'ਪੱਕੀ ਬਾਤ ਅਪ੍ਰੇਸ਼ਨ ਹੋ ਜਾਏਗਾ'

'ਪੱਕੀ, ਆਪ ਜਵਾਨ ਕਾ ਨਾਮ ਔਰ ਡਿਸੀਜ਼ ਬਤਾਨੇ ਕਾ'

'ਸਾਹਬ ਜਵਾਨ ਜੋ ਆਜ ਕੱਲ ਕੈਦ ਮੇਂ ਹੈ ਫੌਜ ਸੇ ਭਾਗ ਗਯਾ ਥਾ ਜੋ ਕੱਲ ਹੀ ਅਡਮਿੱਟ ਹੂਆ ਹੈ' ਕਰਨਲ ਨੇ ਕਿਹਾ।

'ਹੂੰ! ਮਗਰ ਵੋ ਤੋ ਓ ਕੇ ਹੋ ਸਕਨੇ ਕਾ, ਕੁਛ ਚੋਟੇ ਹੈ ਮੈਡੀਸੀਨ ਸੇ ਠੀਕ ਹੋਨੇ ਕਾ'

'ਉਸਕੋ ਠੀਕ ਨਹੀਂ ਕਰਨਾਂ ਊਪਰ ਪਹੁੰਚਾਨਾ ਹੈ'

'ਕਿਆ ਉਸਕਾ ਪੋਸਟਿੰਗ ਹਾਈ ਅਲਟੀਚੂਟ (ਉਚੇ ਪਹਾੜ) ਮੇਂ ਕਰਨੇ ਕਾ?' ਡਾਕਟਰ ਨੇ ਹੱਸਦੇ ਹੋਏ ਪੁੱਛਿਆ।

'ਨਹੀਂ ਜੀ ਉਸਕੋ ਸੀਧਾ ਊਪਰ ਭੇਜਨਾ ਹੈ' ਕੈਪਟਨ ਨੇ ਅਸਮਾਨ ਵੱਲ ਉਂਗਲੀ ਕਰਕੇ ਕਿਹਾ। ਪਰ ਮਦਰਾਸੀ ਡਾਕਟਰ ਐਨੀ ਸ਼ੁੱਧ ਹਿੰਦੀ ਨਹੀਂ ਸੀ ਜਾਣਦਾ ਕਿ ਇਹਨਾਂ ਦੀ ਭੇਤ ਵਾਲੀ ਗੱਲ ਸਮਝ ਸਕੇ ਡਾਕਟਰ ਚੱਕਰਾਂ ਵਿੱਚ ਪਿਆ ਸੀ ਫਿਰ ਵੀ ਬੋਲਿਆ।

'ਊਪਰ ਪਲੇਨ ਮੇਂ?'

'ਨਹੀਂ ਜੀ ਅਪ੍ਰੇਸ਼ਨ ਕਾ ਤੋ ਬਹਾਨਾ ਹੈ ਇਸਨੇ ਬ੍ਰਗੇਡੀਅਰ ਕਾ ਖ਼ੂਨ ਕੀਆ ਹੈ ਆਪ ਜਾਨਤੇ ਹੈਂ ਖ਼ੂਨ ਕਾ ਬਦਲਾ ਖ਼ੂਨ!' ਕਰਨਲ ਨੇ ਸਮਝਾਇਆ ਪਰ ਡਾਕਟਰ ਚੱਕਰਾਂ ਵਿੱਚ ਪਿਆ ਸੀ। ਉਹ ਸਮਝ ਨਹੀਂ ਸੀ ਰਿਹਾ ਤੇ ਖੁੱਲ ਕੇ ਇਹ ਨਹੀਂ ਸਨ ਆਖ ਰਹੇ।

'ਮਗਰ ਯੇ ਹਾਸਪੀਟਲ ਹੈ ਪੇਸ਼ਿੰਟ ਕਾ ਕਿਉਰ ਕਰਨੇ ਕੇ ਲੀਏ ਅਗਰ ਆਪਨੇ ਪਨਸ਼ਮਿੰਟ ਕੇ ਲੀਏ ਕੋਰਟ ਆਫ ਇੰਕੁਆਰੀ ਕਰਨੇ ਕਾ'

'ਸਾਹਬ ਇਤਨੀ ਲੰਮੀ ਚੌੜੀ ਕਾਰਵਾਈ ਕੋ ਛੋੜੋ ਛਾਟ ਕੱਟ ਮਾਰੋ'

'ਸ਼ਾਟ ਕੱਟ ਓਕੇ ਮੈਂ ਕੱਲ ਹੀ ਡਿਸਚਾਰਜ ਕਰ ਦੇਤਾ ਹੂੰ'

'ਸਾਹਬ ਹਮ ਚਾਹਤੇ ਹੈ' ਆਖ ਕੇ ਕਰਨਲ ਰੁੱਕ ਗਿਆ।

'ਕਿਆ ਮਾਂਗਤਾ?'

'ਕੈਪਟਨ ਸਾਹਬ ਡਾਕਟਰ ਕੋ ਸਾਫ-ਸਾਫ ਬਤਾਓ' ਕਰਨਲ ਆਪ ਪਾਸੇ ਹਟ ਗਿਆ ਤੇ ਕੈਪਟਨ ਨੂੰ ਅੱਗੇ ਕਰ ਦਿੱਤਾ।

'ਹਾਂ ਸਾਹਬ ਕਲੀਅਰ ਬਤਾਨੇ ਕਾ' ਡਾਕਟਰ ਨੇ ਬਲੱਡ ਪ੍ਰੈਸ਼ਰ ਦੀ ਮਸ਼ੀਨ ਨੂੰ ਡੱਬੇ ਵਿੱਚ ਰੱਖਦੇ ਹੋਏ ਨੇ ਕਿਹਾ।

'ਸਾਹਬ ਆਪਸੇ ਕਿਆ ਛੁਪਾਨਾ ਕੇਵਲ ਸਿੰਘ ਜਿਸਨੇ ਬ੍ਰਗੇਡੀਅਰ ਕਾ ਕਤਲ ਕੀਆ ਹੈ ਉਸਕਾ ਕਤਲ ਕਰਨਾ ਹੈ' ਕੈਪਟਨ ਨੇ ਝਿਜਕਦੇ ਹੋਏ ਨੇ ਕਿਹਾ।

'ਕਿਆ ਬੋਲਾ ਜੋਕ ਕਰ ਰਹੇ ਹੋ ਆਪ?'

'ਨਹੀਂ ਸਾਹਬ ਜੋਕ ਨਹੀਂ ਹਮ ਸੀਰੀਅਸ ਹੈ'

'ਮਤਲਬ ਮੇਰੇ ਕੋ ਜੱਲਾਦ ਬਨਾਨਾ ਚਾਹਤੇ ਹੋ "ਆਈ ਐਮ ਨਾਟ ਕਿੱਲਰ"

'ਜਲਾਦ ਨਹੀਂ ਸਾਹਬ ਅਪਨੀ ਬਰਾਦਰੀ ਵਾਲੇ ਕੋ ਮਾਰਾ ਹੈ'

'ਉਸਨੇ ਭੀ ਕੋਈ ਮਿਸਟੇਕ ਕੀ ਹੋਗੀ ਐਸੇ ਕੌਨ ਕਿਸੀ ਕਾ ਮਡਰ ਕਰਤਾ ਹੈ'

'ਗਲਤੀ ਨਹੀਂ ਸਾਬ ਐਸੇ ਹੀ ਸਰਫਿਰੋਂ ਨੇ ਗੋਲੀ ਮਾਰ ਕੇ ਮਾਰ ਦੀਆ'

'ਤੋ ਆਪ ਭੀ ਕੇਵਲ ਸਿੰਹ ਕੋ ਸ਼ੂਟ ਕਰਦੋ'

'ਸਾਹਬ ਗੋਲੀ ਕਾ ਪਤਾ ਚੱਲ ਜਾਏਗਾ ਆਪ ਏਕ ਟੀਕਾ ਪੋਏਜ਼ਨ ਕਾ ਲਗਾ ਦੋ'

'ਦੇਖੋ ਮੈਂ ਬੁੱਚਰ ਨਹੀਂ ਆਪ ਲੋਗ ਜਾਈਏ ਔਰ ਨਾ ਕੇਵਲ ਹਾਸਪੀਟਲ ਮੇਂ ਹੀ ਰਹੇਗਾ। ਅਗਰ ਇਸਕਾ ਮਡਰ ਕਰਨੇ ਜਾਂ ਮਡਰ ਕਰਵਾਨੇ ਕਾ ਟ੍ਰਾਈ ਕਿਆ ਤੋ ਮੈਂ ਉਸਕਾ ਵਿਟਨਿਸ ਬਨੇਗਾ! ਮੈਂ ਬ੍ਰਾਹਮਨ ਹੂੰ ਪਿਉਰ ਬ੍ਰਾਹਮਨ! ਮੈਂ ਲੋਗੋਂ ਕੋ ਸੇਵ ਕਰਤਾ! ਮਡਰ ਨਹੀਂ ਕਰਤਾ ਹੈ, ਬੈਟਰ ਇਸਮੇਂ ਹੈ ਕਿ ਯੂ ਕੈਨ ਗੋ!' ਡਾਕਟਰ ਉੱਠ ਕੇ ਖੜ੍ਹਾ ਹੋ ਗਿਆ ਉਸਦਾ ਮੂੰਹ ਗੁੱਸੇ ਨਾਲ ਲਾਲ ਦੇਖ ਕੇ ਦੋਨੋਂ ਮੂੰਹ ਲਮਕਾ ਕੇ ਖੜ੍ਹੇ ਹੋ ਗਏ। ਡਾਕਟਰ ਨੇ ਹੈਡ ਕੁਆਟਰ ਨੂੰ ਫੂਨ ਕਰਕੇ ਕੇਵਲ ਉੱਤੇ ਮਿਲਟਰੀ ਪੁਲੀਸ ਦੇ ਪਹਿਰੇ ਵਾਸਤੇ ਆਖ ਦਿੱਤਾ।

'ਦੇਖ ਲੇਂਗੇ ਤੇਰੇ ਕੋ ਭੀ' ਕਰਨਲ ਨੇ ਗੁੱਸੇ ਨਾਲ ਕਿਹਾ।

'ਅਭੀ ਦੇਖ ਲੋ ਮਾਈ ਅੰਕਲ ਇਜ਼ ਮੇਜਰ ਜਨਰਲ! ਮੇਰੇ ਸਾਥ ਤਮੀਜ਼ ਸੇ ਬਾਤ ਕਰਨੇ ਕਾ!' ਡਾਕਟਰ ਨੇ ਕਿਹਾ ਤਾਂ ਦੋਹਾਂ ਦੇ ਭਾਅ ਦੀ ਬਣ ਗਈ ਅਤੇ ਚੁੱਪ ਚਾਪ ਚੱਡਿਆਂ 'ਚ' ਪੂਛ ਲੈ ਕੇ ਚਲੇ ਗਏ।

ਜਾਟ ਚਲਾ ਗਿਆ ਮਿਲਟਰੀ ਪੁਲੀਸ ਪਹਿਰੇ ਤੇ ਆ ਗਈ। ਪਰ ਮਾਜ਼ਰਾ ਕੀ ਹੈ? ਕੇਵਲ ਨੂੰ ਕੋਈ ਪਤਾ ਨਹੀ ਲੱਗਾ। ਪਰ ਜਾਣ ਲੱਗਾ ਜਾਟ ਇੱਕ ਗੱਲ ਆਖ ਗਿਆ।

'ਸਰਦਾਰ ਜੀ ਮੇਰੀ ਡਿਊਟੀ ਖਤਮ ਅਬ ਡਿਊਟੀ ਪਰ ਮਿਲਟਰੀ ਪੁਲੀਸ ਆ ਗਈ ਹੈ, ਲਗਤਾ ਹੈ ਗ਼ਮ ਕੀ ਘਟਾਏਂ ਛੱਟ ਗਈ ਸੈ! ਆਗੇ ਰਾਮ ਜੀ ਕੀ ਮਰਜ਼ੀ' ਜਾਟ ਸਟੇਨ ਲੈ ਕੇ ਜਾ ਰਿਹਾ ਸੀ। ਕੇਵਲ ਦਿੱਲ ਵਿੱਚ ਸੋਚ ਰਿਹਾ ਸੀ ਬੱਕਰੇ ਦੀ ਮਾਂ ਕਦ ਤੱਕ ਖੈਰ ਮਨਾਏਗੀ। ਇੱਕ ਹਫਤਾ ਬੀਤ ਗਿਆ ਕੇਵਲ ਬੈਰਕ ਵਿੱਚ ਨਹੀਂ ਆਇਆ, ਉੱਧਰ ਦਰਸ਼ਨ, ਗਿਆਨੀ, ਕਾਮਰੇਡ ਤੇ ਹੋਰ ਸਾਰੇ ਫ਼ਿਕਰਮੰਦ ਸਨ।

'ਯਾਰ ਪੰਡਤਾ ਕੋਈ ਟੇਵਾ ਟੂਵਾ ਲਾ ਆਪਣਾ ਬੰਦਾ ਕਿਓਂ ਨੀ ਆਇਆ?' ਮੀਕੇ ਨੇ ਕਿਹਾ।

'ਆਹ ਮੇਰੇ ਸਾਲੇ ਕਾਮਰੇਡ ਨੂੰ ਪੁੱਛ ਜੇੜ੍ਹਾ ਅਰਦਾਸ ਕਰਦਿਆਂ ਤੋਂ ਹਸਦਾ ਹੁੰਦਾ' ਦਰਸ਼ਨ ਨੇ ਗੁੱਸੇ ਨਾਲ ਕਾਮਰੇਡ ਵੱਲ ਦੇਖਦੇ ਹੋਏ ਨੇ ਕਿਹਾ।

'ਮੈਂ ਤਾਂ ਉੱਤੋਂ ਉੱਤੋਂ ਹਸਦਾ ਸੀ, ਊਂ ਤਾਂ ਮੈਨੂੰ ਰੱਬ ਤੇ ਪੂਰਾ ਭਰੋਸਾ ਕਿ ਕੇਵਲ ਨੂੰ ਕੁਸ਼ ਨੀ ਹੁੰਦਾ ਕੱਲ ਪਰਸੋਂ ਨੂੰ ਆਇਆ ਲੈ'

'ਰੱਬ ਤੇਰੀ ਜ਼ਬਾਨ ਈ ਸੱਚੀ ਕਰੇ' ਮੀਕੇ ਨੇ ਹੱਥ ਜੋੜ ਕੇ ਕਿਹਾ।

'ਕੈਂਦੇ ਆ ਦੋਵੇਂ ਨਿਰੰਕਾਰੀ ਅਫਸਰਾਂ ਦੀ ਬਦਲੀ ਹੋਗੀ' ਗਿਆਨੀ ਨੇ ਕਿਹਾ।

'ਤੈਨੂੰ ਕਿਵੇਂ ਪਤੈ?'

'ਮੈਂ ਕੱਲ ਲੰਗਰ ਚੋਂ ਚਾਹ ਲੈਣ ਗਿਆ ਉਦੋਂ ਗੱਲ ਸੁਣੀ ਸੀ'

'ਹਾਂ ਲੰਗਰ ਗੱਪ!' ਮੀਕੇ ਨੇ ਕਿਹਾ।

'ਕਦੇ ਕਦੇ ਲੰਗਰ ਗੱਪ ਵੀ ਸੱਚੀ ਹੋ ਜਾਂਦੀ ਆ ਗਿਆਨੀ ਨੇ ਦਾਹੜੀ ਤੇ ਹੱਥ ਫੇਰਦੇ ਹੋਏ ਨੇ ਕਿਹਾ। ਗੱਲਾਂ ਕਰਦੇ ਕਰਦੇ ਦਿਨ ਛਿਪ ਗਿਆ ਰਾਤ ਪੈ ਗਈ ਸਾਰੇ ਸੌਂ ਗਏ। ਕੇਵਲ ਹਸਪਤਾਲ ਵਿੱਚ ਬੈੱਡ ਤੇ ਪਿਆ ਉੱਪਰ ਦੇਖ ਰਿਹਾ ਸੀ।

'ਸਰਦਾਰ ਜੀ ਆਪਕੋ ਡਾਕਟਰ ਸਾਹਬ ਨੇ ਬੁਲਾਇਆ' ਮਿਲਟਰੀ ਪੁਲੀਸ ਦੇ ਸੰਤਰੀ ਨੇ ਕੇਵਲ ਨੂੰ ਕਿਹਾ। ਕੇਵਲ ਉੱਠ ਕੇ ਵਾਹਗੁਰੂ ਵਾਹਗੁਰੂ ਕਰਦਾ ਪੁਲੀਸ ਵਾਲੇ ਦੇ ਅੱਗੇ ਅੱਗੇ ਡਾਕਟਰ ਦੇ ਕਮਰੇ ਵੱਲ ਨੂੰ ਤੁਰ ਪਿਆ। ਅੱਗੇ ਡਾਕਟਰ ਬੈਠਾ ਕਾਗਜ਼ ਪੱਤਰ ਦੇਖ ਰਿਹਾ ਸੀ।

'ਮੇ ਆਈ ਕੰਮ ਇਨ ਸਰ?' ਕੇਵਲ ਨੇ ਕਿਹਾ।

'ਕੰਮ!' ਡਾਕਟਰ ਨੇ ਕਿਹਾ ਕੇਵਲ ਤੇ ਸੰਤਰੀ ਦੋਵੇਂ ਅੰਦਰ ਆ ਗਏ, ਡਾਕਟਰ ਨੇ ਸੰਤਰੀ ਨੂੰ ਜਾਣ ਦਾ ਇਸ਼ਾਰਾ ਕਰ ਦਿੱਤਾ ਉਹ ਦੂਰ ਜਾ ਕੇ ਖੜ੍ਹ ਗਿਆ।

'ਜਵਾਨ ਤੇਰੇ ਕੋ ਬਾਤ ਕਾ ਪਤਾ? ਤੇਰੇ ਕੋ ਯਹਾਂ ਕਿਓਂ ਲਾਯਾ?'

'ਨਹੀਂ ਸਰ' ਕੇਵਲ ਨੇ ਕੰਬਦੀ ਹੋਈ ਆਵਾਜ਼ ਵਿੱਚ ਕਿਹਾ।

'ਤੂੰ ਤੋ ਅਬ ਤੱਕ ਕਿੱਲ ਕੀਆ ਹੋਤਾ ਅਗਰ ਮੈਂ ਨਾ ਹੋਤਾ ਤੋ'

'ਸ਼ੁਕਰੀਆ ਸਾਬ੍ਹ!'

'ਮਗਰ ਏਕ ਬਾਤ ਬਤਾਨੇ ਕਾ ਬ੍ਰਗੇਡੀਅਰ ਸਾਹਬ ਕਾ ਮਡਰ ਤੁਮਨੇ ਕੀਆ?'

'ਨਹੀਂ ਸਾਬ੍ਹ ਉਸਕੋ ਮਾਰਨੇ ਵਾਲਾ ਤੋ ਹਰਨਾਮ ਸਿੰਹ ਥਾ ਉਸ ਕੋ ਮਾਰ ਦੀਆ ਫਿਰ ਮੇਰਾ ਏਕ ਔਰ ਸਾਥੀ ਸ਼ਿੰਗਾਰਾ ਸਿੰਹ ਭੀ ਜ਼ਹਿਰ ਕਾ ਟੀਕਾ ਲਗਾ ਕੇ ਮਾਰ ਦੀਆ ਅਬ ਮੇਰਾ ਨੰਬਰ ਹੈ' ਕੇਵਲ ਨੇ ਕਿਹਾ।

'ਅਬ ਤੇਰਾ ਨੰਬਰ ਥਾ ਮਗਰ ਭਗਵਾਨ ਨੇ ਤੇਰੇ ਕੋ ਬਚਾ ਲੀਆ ਅਗਰ ਮੈ ਨਾ ਹੋਤਾ ਤੋ ਤੇਰੇ ਕੋ ਭੀ ਪੋਇਜ਼ਿਨ ਇੰਜੈਕਸ਼ਨ ਸੇ ਕਿੱਲ ਕਰ ਦੇਨਾ ਥਾ ਡਾਕਟਰ ਨੇ ਅੱਖਾਂ ਵਿੱਚ ਚਮਕ ਲਿਆ ਕੇ ਕਿਹਾ।

'ਥੈਂਕ ਯੂ ਸਾਬ੍ਹ ਮਗਰ------' ਕੇਵਲ ਨੇ ਸਿਰ ਝੁਕਾ ਕੇ ਕਿਹਾ ਪਰ ਵਾਕ ਪੂਰਾ ਨਾ ਕਰ ਸਕਿਆ।

'ਮੇਰੇ ਕੋ ਮਾਲੂਮ ਹੈ ਕਿਆ ਕਹਨਾ ਚਾਹਤਾ ਹੈ? ਤੂੰ ਕਹਿਨਾਂ ਚਾਹਤਾ ਹੈ ਅਬ ਕਿਆ ਹੋਨੇ ਕਾ?'

'ਜੀ ਸਾਬ੍ਹ!'

'ਅਬ ਕੁਛ ਨਹੀਂ ਹੋਗਾ ਜਬ ਤੱਕ ਮੈਂ ਹੂੰ ਹਰ ਰੋਜ਼ ਹਾਸਪੀਟਲ ਮੇਂ ਆਨੇ ਕਾ ਲਿਖ ਦੀਆ ਹੈ ਔਰ ਵੋ ਦੋਨੋ ਸਰਦਾਰੋਂ ਕੀ ਮੈਨੇ ਆਸਾਮ ਕੀ ਪੋਸਟਿੰਗ ਕਰਵਾਨੇ ਕਾ, ਮਾਰਨਿੰਗ ਵੋ ਸੀ ਆਫ ਹੋ ਜਾਏਂਗੇ ਔਰ ਤੂੰ ਅਪਨੇ ਫਰੈਂਡਸ ਕੋ ਮਿਲ ਸਕਨੇ ਕਾ'

'ਬਹੁਤ ਸ਼ੁਕਰੀਆ ਸਾਬ੍ਹ' ਕੇਵਲ ਨੇ ਹੱਥ ਜੋੜ ਕੇ ਕਿਹਾ ਦਿਲ ਵਿੱਚ ਫੁੱਲਝੜੀਆਂ ਚੱਲਣ ਲੱਗ ਪਈਆਂ।

'ਅਰੇ ਮੇਰੇ ਫਰੰਟ ਮੇਂ ਹੈਂਡ ਨਹੀਂ ਜੋੜਨੇ ਕਾ, ਹੈਂਡ ਭਗਵਾਨ ਸੇ ਜੋੜਨੇ ਕਾ ਵੋ ਊਪਰ ਵਾਲਾ ਬ੍ਹੌਤ ਦਿਆਲੂ ਹੈ' ਡਾਕਟਰ ਨੇ ਭਗਵਾਨ ਉਪਰ ਟੰਗੀ ਭਗਵਾਨ ਕ੍ਰਿਸ਼ਨ ਦੀ ਫੋਟੋ ਵੱਲ ਦੇਖਦੇ ਹੋਏ ਨੇ ਕਿਹਾ। ਡਾਕਟਰ ਦੀ ਗੱਲ ਸੁਣ ਕੇ ਕੇਵਲ ਦਾ ਭੱਜ ਜਾਣ ਨੂੰ ਦਿਲ ਕਰਦਾ ਸੀ ਕਿ ਮੈਂ ਛੇਤੀ ਜਾ ਕੇ ਆਵਦੇ ਦੋਸਤਾਂ ਨੂੰ ਮਿਲਾਂ ਪਤਾ ਨਹੀਂ ਉਹ ਕਿੰਨਾ ਕੁ ਫ਼ਿਕਰ ਕਰਦੇ ਹੋਣਗੇ।

'ਸਾਬ੍ਹ ਆਜ ਮੇਰੇ ਕੋ ਬੈਰਕ ਮੇਂ ਭੇਜ ਸਕਤੇ ਹੋ'

'ਨਹੀਂ ਕੱਲ ਜਬ ਵੋ ਦੋਨੋ ਬੁੱਚਰ ਰੇਲ ਮੇਂ ਬੈਠ ਜਾਏਂਗਾ ਤਬ ਤੁਮਕੋ ਹਮ ਛੋੜ ਆਏਂਗਾ'

'ਗਾਰਡ' ਡਾਕਟਰ ਨੇ ਸੰਤਰੀ ਨੂੰ ਆਵਾਜ਼ ਮਾਰੀ ਉਹ ਭੱਜਕੇ ਆਇਆ ਤੇ ਡਾਕਟਰ ਦੇ ਇਸ਼ਾਰੇ ਤੇ ਕੇਵਲ ਨੂੰ ਵਾਪਸ ਬੈੱਡ ਤੇ ਲੈ ਗਿਆ। ਹੁਣ ਕੇਵਲ ਨੂੰ ਹਸਪਤਾਲ ਚੰਗਾ-ਚੰਗਾ ਲੱਗ ਰਿਹਾ ਸੀ ਅਤੇ ਕੇਵਲ ਡਾਕਟਰ ਦਾ ਧੰਨਵਾਦ ਕਰ ਰਿਹਾ ਸੀ। ਜਿਸਨੇ ਇੱਕ ਵਾਰ ਮੌਤ ਦੇ ਮੂੰਹ ਵਿੱਚੋਂ ਕੱਢ ਦਿੱਤਾ ਤੇ ਦੋਵੇਂ ਕਸਾਈ ਨਿਰੰਕਾਰੀ ਅਫਸਰਾਂ ਦੀ ਬਦਲੀ ਵੀ ਕਰਵਾ ਦਿੱਤੀ।

ਸ਼ਾਮ ਨੂੰ ਖਾਣਾ ਆ ਗਿਆ ਅੱਜ ਰੱਜ ਕੇ ਕੇਵਲ ਨੇ ਖਾਣਾ ਖਾਧਾ ਕਿਉਂਕਿ ਕਈ ਦਿਨਾ ਦਾ ਭੁੱਖਾ ਸੀ ਭਾਂਵੇਂ ਹਸਪਤਾਲ ਦੇ ਖਾਣੇ ਵਿੱਚ ਨੂਣ ਮਿਰਚ ਮਸਾਲਾ ਨਹੀਂ ਸੀ ਪਰ ਫਿਰ ਵੀ ਕੇਵਲ ਨੂੰ ਚੰਗਾ ਲੱਗ ਰਿਹਾ ਸੀ।

'ਕੇਵਲ ਸਿੰਹ' ਇੱਕ ਕੰਪਾਊਡਰ ਨੇ ਕੇਵਲ ਦੇ ਬੈਡ ਕੋਲ ਆਵਾਜ਼ ਮਾਰੀ।

'ਹਾਂ ਜੀ'

'ਅਪਨਾ ਸਾਮਾਨ ਉਠਾਵੋ ਔਰ ਚਲੋ ਅਪਨੀ ਬੈਰਕ ਮੇਂ' ਕੰਪਾਊਡਰ ਦੇ ਕਹਿਣ ਦੀ ਦੇਰ ਸੀ ਕੇਵਲ ਨੇ ਫਟਾਫਟ ਸਮਾਨ ਇਕੱਠਾ ਕੀਤਾ ਹਸਪਤਾਲ ਦੀ ਕਿੱਟ ਜਮਾਂ ਕਰਵਾ ਦਿੱਤੀ। ਜਾਣ ਦੀ ਖਬਰ ਸੁਣ ਕੇ ਸੇਰ ਲਹੂ ਵਧ ਗਿਆ। ਸਮਾਨ ਚੱਕ ਕੇ ਕੰਪਾਊਡਰ ਦੇ ਅੱਗੇ ਅੱਗੇ ਛੇਤੀ ਛੇਤੀ ਤੁਰਿਆ ਜਾ ਰਿਹਾ ਸੀ। ਅੱਗੇ ਐਂਬੂਲੈਂਸ ਖੜ੍ਹੀ ਸੀ ਭੱਜ ਕੇ ਵਿੱਚ ਬੈਠ ਗਿਆ। ਡਰਾਈਵਰ ਨੇ ਗੱਡੀ ਦਸਾਂ ਮਿੰਟਾਂ ਵਿੱਚ ਬੈਰਕ ਅੱਗੇ ਖੜ੍ਹੀ ਕਰ ਦਿੱਤੀ।

'ਲੈ ਵਈ ਹੁਣ ਏਹ ਕਾਲੇ ਮੂੰਹ ਵਾਲੀ ਕਿਸੇ ਹੋਰ ਨੂੰ ਲੈਣ ਆਈ ਆ' ਗਿਆਨੀ ਨੇ ਫਿਕਰਮੰਦ ਹੋ ਕੇ ਕਿਹਾ। ਐਂਬੂਲੈਂਸ ਨੂੰ ਦੇਖ ਕੇ ਸਾਰਿਆਂ ਦੇ ਸਾਹ ਸੂਤੇ ਗਏ। ਦਰਸ਼ਨ ਵਾਹਗੁਰੂ ਵਾਹਗੁਰੂ ਕਰ ਰਿਹਾ ਸੀ। ਸਾਰੇ ਰੱਬ ਨੂੰ ਧਿਆ ਰਹੇ ਸਨ। ਸਾਰੇ ਬੈਰਕ ਦੀਆਂ ਸੀਖਾਂ ਵਿੱਚ ਦੀ ਐਂਬੂਲੈਂਸ ਵੱਲ ਦੇਖ ਰਹੇ ਸਨ। ਜਿਵੇ ਆਮ ਕੈਦੀ ਦੂਜੇ ਕੈਦੀ ਤੇ ਪੈ ਰਹੀ ਕੁੱਟ ਨੂੰ ਦੇਖ ਰਹੇ ਹੁੰਦੇ ਹਨ। ਅਤੇ ਸੋਚ ਰਹੇ ਸਨ ਕਿ ਪਤਾ ਨਹੀਂ ਹੁਣ ਕੀਹਨੂੰ ਬਲੀ ਦਾ ਬੱਕਰਾ ਬਨਾਉਣਗੇ? ਡਰਾਈਵਰ ਨੇ ਡਾਲਾ ਖੋਹਲਿਆ ਕੰਪਾਊਡਰ ਨੇ ਕੁਛ ਸਮਾਨ ਬਾਹਰ ਕੱਢਿਆ ਜੋ ਕਿ ਲੈ ਕੇ ਗਿਆ ਸੀ।

'ਲੈ ਵਈ ਕੇਵਲ ਦਾ ਸਮਾਨ ਤਾਂ ਆ ਗਿਆ' ਗਿਆਨੀ ਨੇ ਕਿਹਾ।

'ਹੁਣ ਕੈਣ੍ਹਗੇ ਕਿ ਕੇਵਲ ਭੱਜਣ ਲੱਗਾ ਸੀ ਗੋਲੀ ਮਾਰ ਕੇ ਮਾਰਤਾ ਸਮਾਨ ਘਰੇ ਭੇਜ ਦੇਵੋ' ਕਾਮਰੇਡ ਨੇ ਮੱਥੇ ਤੇ ਹੱਥ ਮਾਰਕੇ ਕਿਹਾ।

'ਸਾਰੇ ਭਾਣਾਂ ਮੰਨੋ' ਗਿਆਨੀ ਨੇ ਕਿਹਾ ਸਾਰੇ ਚੁੱਪ ਹੋ ਗਏ ਕੋਈ ਚਾਲੀ ਪੰਜਾਹ ਫੌਜੀ ਸਨ ਪਰ ਐਨੀ ਖਾਮੋਸ਼ੀ ਛਾਈ ਸੀ ਕਿ ਲਗਦਾ ਸੀ ਕੋਈ ਵੀ ਬੰਦਾ ਨਹੀਂ। ਕੋਈ ਸਾਹ ਵੀ ਨਹੀਂ ਸੀ ਲੈ ਰਿਹਾ। ਥੋੜੀ ਦੇਰ ਬਾਅਦ ਕੇਵਲ ਹੌਲੀ ਹੌਲੀ ਗੱਡੀ ਵਿੱਚੋਂ ਨਿਕਲ ਆਇਆ ਦੇਖਕੇ ਸਾਰਿਆਂ ਨੇ-

'ਜੋ ਬੋਲੇ ਸੋ ਨਿਹਾਲ ਦੇ ਜੈਕਾਰੇ ਛੱਡ ਦਿੱਤੇ ਚਾਰ ਚੁਫੇਰਿਓਂ ਬੋਲੇ ਸੋ ਨਿਹਾਲ ਬੋਲੇ ਸੋ ਨਿਹਾਲ ਦੀਆਂ ਆਵਾਜ਼ਾਂ ਆਉਣ ਲੱਗ ਪਈਆਂ। ਜਦੋਂ ਕੇਵਲ ਬੈਰਕ ਵਿੱਚ ਆਇਆ ਤਾਂ ਸਾਰਿਆਂ ਨੇ ਹੱਥਾਂ ਤੇ ਚੱਕ ਲਿਆ ਉਸਨੂੰ ਕੁੱਟਮਾਰ ਭੁੱਲ ਗਈ।

'ਹੋਰ ਸੁਣਾ ਕੇਵਲਾ ਨਿਰੰਕਾਰੀਆਂ ਤੋਂ ਕਿਵੇਂ ਪਿੱਛਾ ਛੁੱਟਿਆ? ਗਿਆਨੀ ਨੇ ਨੇੜੇ ਹੋ ਕੇ ਕਿਹਾ ਤਾਂ ਸਾਰੇ ਨੇੜੇ ਹੋ ਗਏ।

'ਸੁਣ ਉਏ ਕਾਮਰੇਟਾ ਅੱਜ ਤੋਂ ਤੂੰ ਦਰਸ਼ਨ ਸਿੰਘ ਨੂੰ ਕੁਸ਼ ਨੀ ਕਹੇਂਗਾ' ਮੀਕੇ ਨੇ ਕਿਹਾ।

'ਮੈਂ ਕੀ ਏ੍ਹਦੀਆਂ ਲੂੰਲਾਂ ਲਾਹ ਲੀਆ'

'ਲੂੰਲਾਂ ਨੀ ਤੂੰ ਕਿਤੇ ਏ੍ਹਨੂੰ ਟੇਵੇ ਲੌਣੀ ਜਾਤ ਕਿਤੇ ਸਰਾਧ ਖਾਣੀ ਜਾਤ ਕਿਤੇ ਕੁਸ਼ ਕਿਤੇ ਕੁਸ਼'

'ਓ੍ਹ ਤਾਂ ਮੈਂ ਹਾਸੇ ਨਾਲ ਕਹਿ ਦਿੰਨਾ ਬਾਮ੍ਹਣ ਸਾਰੇ ਤਾਂ ਨੀ ਮਾੜੇ ਹੁੰਦੇ ਭਾਈ ਮਤੀ ਦਾਸ ਤੇ ਭਾਈ ਸਤੀ ਦਾਸ ਜੀ ਨੇ ਗੁਰੂ ਤੇਗ ਬਹਾਦਰ ਸੈਬ੍ਹ ਨਾਲ ਕੁਰਬਾਨੀ ਦਿੱਤੀ!' ਕਾਮਰੇਡ ਨੇ ਕਿਹਾ।

'ਤੇ ਜੱਟ ਸਾਰੇ ਰਾਮ ਗਊ ਹੁੰਦੇ ਆ? ਸੌ ਲੁੱਚਿਆਂ ਦੇ ਲੁੱਚੇ ਜੱਟ ਹੁੰਦੇ ਆ' ਦਰਸ਼ਨ ਨੇ ਕਿਹਾ।

'ਮੈਂ ਕਦੋਂ ਕੈਨ੍ਹ ਸਾਰੇ ਜੱਟ ਧੰਨਾ ਜੱਟ ਵਰਗੇ ਹੁੰਦੇ ਆ' ਕਾਮਰੇਡ ਨੇ ਕਿਹਾ।

'ਬਾਈ ਤੂੰ ਛੱਡ ਜੱਟ ਬਾਮ੍ਹਣ ਦੇ ਰੌਲੇ ਨੂੰ ਦੱਸ ਤੇਰੀ ਖਲਾਸੀ ਕਿਵੇਂ ਹੋਈ?' ਗਿਆਨੀ ਪੁੱਛਣ ਨੂੰ ਕਾਹਲਾ ਸੀ।

'ਬੱਸ ਭਰਾਵੋ ਸ਼ਿੰਗਾਰੇ ਵਾਗੂੰ ਮੈਨੂੰ ਵੀ ਜ਼ਹਿਰ ਦਾ ਟੀਕਾ ਲਾ ਕੇ ਮਾਰ ਦੇਣਾ ਸੀ! ਬੱਸ ਉਸ ਬੁੱਚੜ ਡਾਕਟਰ ਦੀ ਬਦਲੀ ਹੋਗੀ ਓ੍ਹਦੀ ਜਗ੍ਹਾ ਤੇ ਮਦਰਾਸੀ ਪੰਡਤ ਡਾਕਟਰ ਆ ਗਿਆ' ਏਨਾ ਆਖ ਕੇ ਸਾਰੀ ਗੱਲ ਦੱਸ ਦਿੱਤੀ।

'ਯਾਰ ਵਾਕਿਆ ਸ਼ਿੰਗਾਰਾ ਮਾਰਤਾ?' ਕਾਮਰੇਡ ਨੇ ਮੱਥੇ ਤੇ ਹੱਥ ਮਾਰਕੇ ਕਿਹਾ ਤੇ ਰੋਣ ਲੱਗ ਪਿਆ ਉਸਨੂੰ ਦੇਖਕੇ ਸਾਰੇ ਰੋਣ ਲੱਗ ਪਏ ਕੇਵਲ ਵੀ ਰੋਈ ਜਾ ਰਿਹਾ ਸੀ। ਬੈਰਕ ਵਿੱਚ ਸੋਗ ਦੀ ਲਹਿਰ ਦੌੜ ਗਈ ਕੀ ਸੋਚਿਆ ਸੀ ਕੀ ਹੋ ਗਿਆ? ਸਾਰੇ ਆਪ ਹੀ ਰੋ ਕੇ ਚੁੱਪ ਹੋ ਗਏ ਕਿਉਂਕਿ ਕੋਈ ਚੁੱਪ ਕਰਵਾਉਣ ਵਾਲਾ ਨਹੀਂ ਸੀ! ਆਖਰ ਕਾਮਰੇਡ ਨੇ ਚੁੱਪ ਤੋੜੀ ਤੇ ਕੇਵਲ ਨੂੰ ਕਿਹਾ-

'ਤਾਂ ਫਿਰ ਓਹ ਬਾਮ੍ਹਣ ਦੇਵਤਾ ਸੀ' ਏਨੇ ਨੂੰ ਸਾਰੇ ਨਟਰਾਜਨ ਨੂੰ ਅਸੀਸਾਂ ਦੇ ਰਹੇ ਸਨ! ਸੀਟੀ ਵੱਜੀ ਸਾਰੇ ਧਰਮੀਂ ਫੌਜੀ ਗ੍ਰਾਊਂਡ ਵਿੱਚ ਆ ਗਏ। ਦਸਾਂ ਦਸਾਂ ਦੇ ਗਰੁੱਪਾਂ ਵਿੱਚ ਵੰਡ ਦਿੱਤੇ। ਸਜ਼ਾ ਦੇਣ ਵਾਸਤੇ ਹੁਣ ਹੋਰ ਮਦਰਾਸੀ ਭਈਏ ਤੇ ਜਾਟ ਆ ਗਏ ਸਨ। ਸਾਰਿਆਂ ਨੂੰ ਗ੍ਰਾਊਂਡ ਵਿੱਚ ਲਿਜਾ ਕੇ ਪ੍ਰਿੰਠੂ ਪ੍ਰੇਡ ਸੁਰੂ ਕਰ ਦਿੱਤੀ! ਕੇਵਲ ਸੋਚਦਾ ਸੀ ਅਜੇ ਦੋ ਚਾਰ ਦਿਨ ਹੋਰ ਹੱਸਪਤਾਲ ਵਿੱਚ ਰੁਕ ਜਾਂਦਾ। ਰੱਬ ਵੀ ਉੱਤੇ ਬੈਠਾ ਬੇਗੁਨਾਹਾਂ ਦਿੱਤੀ ਜਾ ਰਹੀ ਸਜ਼ਾ ਨੂੰ ਚੁੱਪ ਚਾਪ ਦੇਖ ਰਿਹਾ ਸੀ!

'ਐਸੇ ਕਰੋ ਐਸੇ ਯੇ ਨਹੀਂ ਬਤਾਏਂਗੇ ਕਿ ਇਨਕੇ ਭਿੰਡਰਾਂਵਾਲੇ ਕੇ ਸਾਥ ਕੁਨੈਕਸਨ ਹੈ ਕਿ ਨਹੀਂ' ਕੈਪਟਨ ਨੇ ਮਦਰਾਸੀ ਸੂਬੇਦਾਰ ਨੂੰ ਕਿਹਾ।

'ਔਰ ਕੈਸੇ ਬਤਾਏਂਗੇ ਹਮ ਤੋ ਪਿੱਠੂ ਪ੍ਰੇਡ ਕਰਵਾ ਕੇ ਥੱਕ ਗਯਾ ਹੈ' ਸੂਬੇਦਾਰ ਨੇ ਕਿਹਾ।

'ਅਗਰ ਥੱਕ ਗਏ ਹੋ ਕੋਈ ਬਾਤ ਨਹੀਂ ਹਮ ਔਰ ਤਰੀਕਾ ਬਤਾਤਾ ਹੈ'

'ਕਿਆ?

'ਇਨਕੇ ਲੀਡਰੋਂ ਕੋ ਬਾਂਧ ਦੋ ਪਿੱਲਰੋਂ ਕੇ ਸਾਥ' ਕੈਪਟਨ ਨੇ ਕਿਹਾ ਸੂਬੇਦਾਰ ਪਹਿਲਾਂ ਹੀ ਹੋਰ ਕਿਸੇ ਤਰੀਕੇ ਨਾਲ ਸਿੱਖਾਂ ਨੂੰ ਤੰਗ ਕਰਨ ਵਾਸਤੇ ਤਿਆਰ ਸੀ ਹੁਣ ਖੁਸ਼ ਹੋ ਗਿਆ ਜਿਵੇਂ ਲਾਟਰੀ ਨਿਕਲ ਆਈ ਹੋਵੇ। ਕੈਪਟਨ ਚਲਾ ਗਿਆ ਸੂਬੇਦਾਰ ਨੇ ਇੱਕ ਨਾਇਕ ਨੂੰ ਕੋਲ ਬੁਲਾਇਆ।

'ਜਾਵੋ ਸਟੋਰ ਸੇ ਰੋਪ ਲੇ ਕੇ ਆਨੇ ਕਾ' ਸੂਬੇਦਾਰ ਨੇ ਕਿਹਾ। ਹੁਕਮ ਕਰਨ ਦੀ ਦੇਰ ਸੀ ਰੱਸਿਆਂ ਦਾ ਬੰਡਲ ਆ ਗਿਆ।

'ਇਨਕੇ ਲੀਡਰੋਂ ਕੋ ਲਾਓ' ਸੂਬੇਦਾਰ ਨੇ ਹੌਲਦਾਰ ਨੂੰ ਕਿਹਾ ਕਿਉਂਕਿ ਉਹ ਕੇਵਲ, ਦਰਸ਼ਨ ਤੇ ਕਾਮਰੇਡ ਨੂੰ ਜਾਣਦਾ ਸੀ ਉਹ ਫਟਾ ਫਟ ਸੱਦ ਲਿਆਇਆ।

'ਅਰੇ ਤੀਨ ਸੇ ਕਿਆ ਹੋਗਾ ਚਾਰ ਪਾਂਚ ਔਰ ਲਾਓ ਦਿਖਾਂਏਂ ਦਿਨ ਮੇਂ ਤਾਰੇ ਇਨਕੋ' ਸੂਬੇਦਾਰ ਨੇ ਇਓਂ ਕਿਹਾ ਜਿਵੇਂ ਫੌਜੀ ਨਹੀਂ ਰੋਟੀਆਂ ਲਿਆਉਣੀਆਂ ਹੋਣ, ਉਹ ਛੇ ਫੌਜੀ ਹੋਰ ਲੈ ਆਇਆ। ਨੌਂ ਫੌਜੀਆਂ ਨੂੰ ਇੱਕ ਵੱਡੇ ਸਾਰੇ ਕਮਰੇ ਵਿੱਚ ਵਾੜ ਦਿੱਤਾ ਜਿਸਦੀ ਛੱਤ ਥੱਲੇ ਥੰਮ ਸਨ। ਦੋ ਫੌਜੀ ਰੱਸੇ ਲੈ ਕੇ ਆ ਗਏ!

'ਸਭੀ ਪਿੱਲਰ ਕੇ ਪਾਸ ਜਾਵੋ' ਸੂਬੇਦਾਰ ਨੇ ਕਿਹਾ ਤਾਂ ਸਾਰੇ ਥੰਮਾਂ ਕੋਲ ਚਲੇ ਗਏ ਸਾਰੇ ਸਮਝ ਗਏ ਕਿ ਹੁਣ ਥੰਮਾਂ ਨਾਲ ਬੰਨ੍ਹ ਕੇ ਕੁੱਟਣਗੇ! ਸਾਰੇ ਫ਼ੌਜੀਆਂ ਨੂੰ ਥੰਮਾਂ ਨਾਲ ਤੂੜੀ ਦੇ ਕੁੱਪਾਂ ਵਾਂਗੂੰ ਨੂੜ ਦਿੱਤਾ। ਸੂਬੇਦਾਰ ਨੇ ਕਮਰੇ ਦੇ ਬਾਹਰ ਪਹਿਰਾ ਲਾ ਦਿੱਤਾ ਕਿ ਕੋਈ ਇਹਨਾ ਕੋਲ ਨਹੀਂ ਆਏਗਾ ਜੇ ਕੋਈ ਬੇਹੋਸ਼ ਹੁੰਦਾ ਹੈ ਤਾਂ ਮਾਮੂਲੀ ਪਾਣੀ ਦੇ ਛਿੱਟੇ ਮਾਰ ਦੇਣੇ। ਹੁਕਮ ਦੇ ਕੇ ਸੂਬੇਦਾਰ ਚਲਾ ਗਿਆ। ਸਾਰਾ ਦਿਨ ਬੱਧੇ ਰਹੇ! ਜੇ ਰੌਲਾ ਪਾਉਂਦੇ ਤਾਂ ਕੁੱਟ ਪੈਂਦੀ ਇਸ ਕਰਕੇ ਭਾਂਣਾ ਮਿੱਠਾ ਕਰਕੇ ਮੰਨ ਰਹੇ ਸਨ। ਸਾਰਾ ਦਿਨ ਸਾਰੀ ਰਾਤ ਥੰਮਾਂ ਨਾਲ ਬੰਨੇ ਰਹੇ। ਜਦੋਂ ਕੋਈ ਪਾਣੀ ਮੰਗਦਾ ਤਾਂ ਮੂੰਹ ਵਿੱਚ ਪਾਣੀ ਪਾ ਦਿੰਦੇ ਪਰ ਖੋਹਲਦੇ ਨਹੀਂ ਸਨ! ਚਾਰ ਦਿਨ ਬੰਨੇ ਰਹੇ ਚਾਰ ਦਿਨਾ ਬਾਅਦ ਕੈਪਟਨ ਆਇਆ ਤਾਂ ਖੋਹਲ ਦਿੱਤੇ! ਸਾਰਿਆਂ ਨੇ ਸੁਖ ਦਾ ਸਾਹ ਲਿਆ। ਬਾਹਵਾਂ ਉਪਰ ਨਹੀਂ ਸਨ ਉੱਠ ਰਹੀਆਂ ਬੰਨੀਆਂ ਲੱਤਾਂ ਬਾਹਵਾਂ ਜਾਮ ਹੋ ਗਈਆਂ ਸਨ। ਕੈਪਟਨ ਕੁਰਸੀ ਤੇ ਬੈਠ ਗਿਆ ਤੇ ਸਾਰਿਆਂ ਨੂੰ ਇੱਕੋ ਸਵਾਲ ਕੀਤਾ।

'ਹਾਂ ਤੋ ਬਤਾਓ ਭਿੰਡਰਾਂਵਾਲੇ ਕੇ ਸਾਥ ਕਿਆ ਸਬੰਧ ਹੈਂ ਔਰ ਕਿਤਨਾ ਪੈਸਾ ਲੀਆ?

'ਹਮਨੇ ਉਸਕੀ ਸ਼ਕਲ ਨਹੀਂ ਦੇਖੀ ਔਰ ਨਾ ਕੋਈ ਸੌਦਾ ਕੀਆ' ਸਾਰਿਆਂ ਨੇ ਕਿਹਾ।

'ਦੇਖ਼ ਲੋ ਬੇ-ਮੌਤ ਮਾਰੇ ਜਾਓਗੇ ਮੈਂ ਫਿਰ ਥੰਮੋਂ ਕੇ ਸਾਥ ਬਾਂਧ ਦੂੰਗਾ ਔਰ ਬੰਧੇ ਬੰਧਾਏ ਭੂਖੇ ਪਿਆਸੇ ਮਰ ਜਾਓਗੇ' ਕੈਪਟਨ ਨੇ ਆਖਰੀ ਹੁਕਮ ਸੁਣਾਇਆ।

'ਮਰਨੇ ਸੇ ਕੌਨ ਡਰਤਾ ਹੈ ਹਮਤੋ ਮਰਨੇ ਕੇ ਲੀਏ ਨਿਕਲੇ ਹੈਂ ਮਗਰ ਝੂਠ ਨਹੀਂ ਬੋਲੇਂਗੇ ਹਮਨੇ ਭਿੰਡਰਾਂਵਾਲੇ ਸੇ ਕੋਈ ਪੈਸਾ ਨਹੀਂ ਲੀਆ' ਕੇਵਲ ਨੇ ਕਿਹਾ। ਕੈਪਟਨ ਸਮਝ ਗਿਆ ਜਿਹੜੇ ਮੌਤ ਤੋਂ ਨਹੀਂ ਡਰਦੇ ਹੋਰ ਇਹਨਾਂ ਨੂੰ ਕੀ ਕਹਿਣਾ ਅਤੇ ਸਾਰਿਆਂ ਨੂੰ ਬੈਰਕ ਵਿੱਚ ਭੇਜ ਦਿੱਤਾ ਸਾਰਿਆਂ ਦੇ ਪਿੰਡੇ ਉਤੇ ਰੱਸਿਆਂ ਦੇ ਨਿਸ਼ਾਨ ਸਾਫ਼ ਦਿਸ ਰਹੇ ਸਨ ਵਿੱਚੋਂ ਖ਼ੂਨ ਵੀ ਨਿਕਲ ਰਿਹਾ ਸੀ, ਦੂਜੇ ਇਹਨਾ ਦੀ ਇਹ ਹਾਲਤ ਦੇਖਕੇ ਮੂੰਹ ਵਿੱਚ ਉਂਗਲਾਂ ਪਾ ਰਹੇ ਸਨ!




# ਪਾਠਕਾਂ ਦਾ ਨਜ਼ਰੀਆ

## ਪੰਜਾਬ ਲਈ ਅਹਿਮ ਯੋਗਦਾਨ ਹੈ ਪ੍ਰਵਾਸੀ ਪੰਜਾਬੀਆਂ ਦਾ

ਹਰ ਵਰੇ ਵਾਂਗ ਇਸ ਵਾਰ ਵੀ ਪੰਜਾਬ ਆਏ ਹਜ਼ਾਰਾਂ ਪ੍ਰਵਾਸੀ ਪੰਜਾਬੀਆਂ ਦੇ ਸ਼ਾਇਦ ਇਹ ਚਿੱਤ-ਚੇਤੇ ਵੀ ਨਹੀਂ ਸੀ ਕਿ ਉਨਾਂ ਦੀ ਏਨੀ ਦੁਰਦਸ਼ਾ ਹੋਵੇਗੀ ਕਿ ਪੁਲਿਸ, ਪ੍ਰਸ਼ਾਸਨ ਅਤੇ ਇੱਥੋਂ ਤੱਕ ਕਿ ਪਿੰਡਾਂ ਵਾਲੇ ਵੀ ਉਨਾਂ ਨੂੰ ਨਫ਼ਰਤ ਦੀ ਨਿਗਾ ਨਾਲ ਦੇਖਣਗੇ ਤੇ ਉਨਾਂ ਦੇ ਖਿਲਾਫ਼ ਸਰਕਾਰ, ਕਲਾਕਾਰ, ਮੰਤਰੀ, ਗਾਇਕ, ਸਾਰੇ ਹੀ ਦੁਸ਼ ਪ੍ਰਚਾਰ ਕਰਨਗੇ। ਪੰਜਾਬ ਦੇ ਇਕ ਮੰਤਰੀ ਨੇ ਤਾਂ ਇੱਥੋਂ ਤੱਕ ਕਹਿ ਦਿੱਤਾ 'ਐਨ.ਆਰ.ਆਈਜ਼ ਨੂੰ ਘਰੋਂ ਬਾਹਰ ਕੱਢੋ, ਜੇਕਰ ਉਹ ਨਹੀਂ ਨਿਕਲਦੇ ਤਾਂ ਉਨਾਂ ਦੇ 'ਪਾਸਪੋਰਟ ਕੈਂਸਲ' ਕੀਤੇ ਜਾਣ'। ਮੰਤਰੀ ਸਾਹਿਬ ਨੂੰ ਸ਼ਾਇਦ ਇਹ ਨਹੀਂ ਪਤਾ ਕਿ ਇਹ ਪਾਸਪੋਰਟ ਉਨਾਂ ਨੂੰ ਪੰਜਾਬ ਜਾਂ ਭਾਰਤ ਸਰਕਾਰ ਨੇ ਨਹੀਂ ਦਿੱਤੇ, ਬਲਕਿ ਉਨਾਂ ਮੁਲਕਾਂ ਵਲੋਂ ਦਿੱਤੇ ਗਏ ਹਨ ਜਿਨਾਂ ਦੇ ਉਹ ਬਸ਼ਿੰਦੇ ਹਨ ਤੇ ਇਨਾਂ ਨੂੰ ਰੱਦ ਕਰਨਾ ਜਾਂ ਜਾਰੀ ਰੱਖਣਾ ਉਨਾਂ ਦੇਸ਼ਾਂ ਦੇ ਹੱਥ ਵਿਚ ਹੈ, ਨਾ ਕਿ ਅਜਿਹੇ ਕਿਸੇ ਮੰਤਰੀ ਜਾਂ ਸਰਕਾਰ ਦੇ।

ਵਿਦੇਸ਼ਾਂ 'ਚ ਵਸਦੇ ਪੰਜਾਬੀਆਂ ਨੇ ਨਵੇਂ ਸਿਰਿਓਂ ਮਿਹਨਤ ਕਰ ਕੇ ਆਪਣੇ ਘਰ-ਬਾਰ ਤੇ ਕਾਰੋਬਾਰ ਬਣਾਉਣ ਤੋਂ ਇਲਾਵਾ, ਆਪਣੇ ਬੱਚਿਆਂ ਨੂੰ ਵਿੱਦਿਆ ਤੇ ਚੰਗਾ ਜੀਵਨ ਦੇਣ ਲਈ ਵੀ ਸਖ਼ਤ ਮਿਹਨਤ ਕੀਤੀ ਹੈ। ਚਾਹੇ ਇਸ ਸਭ ਕਾਸੇ 'ਤੇ ਉਨਾਂ ਦੀ ਕਮਾਈ ਦਾ ਵੱਡਾ ਹਿੱਸਾ ਖਰਚ ਹੋ ਜਾਂਦਾ ਹੈ, ਪਰ ਫਿਰ ਵੀ ਬਹੁਤ ਸਾਰੇ ਪ੍ਰਵਾਸੀ ਆਪਣਾ ਦਸਵੰਧ ਪੰਜਾਬ 'ਚ ਆ ਕੇ ਖਰਚਦੇ ਹਨ। ਚਾਹੇ ਕੋਈ ਸਕੂਲ 'ਚ ਕਮਰਾ ਬਣਾਏ, ਚਾਹੇ ਕੋਈ ਖੇਡ ਮੇਲਾ ਕਰਵਾਏ ਜਾਂ ਮੈਡੀਕਲ ਕੈਂਪ ਲਾ ਕੇ ਸੇਵਾ ਨਿਭਾਏ, ਅਸਲ ਵਿਚ ਉਸ ਦਾ ਲਾਹਾ ਤਾਂ ਪੱਕੇ ਤੌਰ 'ਤੇ ਪੰਜਾਬ ਅੰਦਰ ਰਹਿਣ ਵਾਲਿਆਂ ਨੇ ਹੀ ਉਠਾਉਣਾ ਹੁੰਦਾ ਹੈ, ਨਾ ਕਿ ਪ੍ਰਵਾਸੀ ਪੰਜਾਬੀਆਂ ਜਾਂ ਉਨਾਂ ਦੇ ਬੱਚਿਆਂ ਨੇ। ਕਈ ਵਾਰ ਤਾਂ ਇਸ ਗੱਲ ਦਾ ਵੀ ਦੁੱਖ ਹੁੰਦਾ ਹੈ ਕਿ ਸਭ ਕੁਝ ਹੋਣ ਦੇ ਬਾਵਜੂਦ, ਪ੍ਰਵਾਸੀਆਂ ਤੋਂ ਜ਼ੋਰ ਪਾ ਕੇ ਪਿੰਡ ਦੇ ਸਕੂਲ ਲਈ, ਗ਼ਰੀਬ ਘਰਾਂ ਦੀਆਂ ਲੜਕੀਆਂ ਦੀਆਂ ਸ਼ਾਦੀਆਂ ਲਈ ਜਾਂ ਧਰਮਸ਼ਾਲਾਵਾਂ ਤੇ ਗੁਰਦੁਆਰੇ ਬਣਾਉਣ ਲਈ ਚੰਦਾ ਮੰਗਿਆ ਜਾਂਦਾ ਹੈ ਅਤੇ ਆਪਣੇ ਕੋਲੋਂ ਉਸ ਦੇ ਬਰਾਬਰ ਦਾ ਹਿੱਸਾ ਤੱਕ ਵੀ ਨਹੀਂ ਪਾਇਆ ਜਾਂਦਾ, ਹਾਲਾਂਕਿ ਜੋ ਕੁਝ ਬਣਨਾ ਹੈ, ਉਹ ਪੰਜਾਬ ਵਾਸੀਆਂ ਤੇ ਉਨਾਂ ਦੀਆਂ ਪੀੜੀਆਂ ਲਈ ਬਣਨਾ ਹੈ। ਕੀ ਅਜੇ ਵੀ ਪ੍ਰਵਾਸੀ ਪੰਜਾਬੀ ਆਪਣੀਆ ਸੇਵਾਵਾਂ ਨਿਭਾਉਂਦੇ, ਜਨਮ-ਧਰਤੀ ਦੇ ਨੇਕ ਪੁੱਤਰ ਹੋਣ ਦਾ ਫਰਜ਼ ਨਹੀਂ ਪਾਲਦੇ ?

ਵਿਦੇਸ਼ਾਂ 'ਚ ਰਹਿੰਦੇ ਪੰਜਾਬੀ ਆਪਣੀ ਜਨਮ ਭੂਮੀ ਨੂੰ ਆਰਥਿਕ ਪੱਖੋਂ ਵੀ ਖੁਸ਼ਹਾਲ ਵੇਖਣਾ ਚਾਹੁੰਦੇ ਹਨ ਤੇ ਇਸ ਮਕਸਦ ਦੀ ਪੂਰਤੀ ਲਈ ਲੱਖਾਂ ਡਾਲਰ ਨਿਵੇਸ਼ ਕਰਨ ਦੇ ਚਾਹਵਾਨ ਵੀ ਹਨ, ਪਰ ਕੀ ਇਸ ਵਾਸਤੇ ਲੋੜੀਂਦਾ ਵਾਤਾਵਰਨ ਸਰਕਾਰਾਂ ਨੇ ਸਿਰਜਿਆ ਹੈ। ਅਫ਼ਸੋਸ ਇਸ ਗੱਲ ਦਾ ਹੈ ਕਿ ਜੇਕਰ ਇਕ ਸਿਆਸੀ ਪਾਰਟੀ ਦੀ ਸਰਕਾਰ ਕਿਸੇ ਪ੍ਰਵਾਸੀ ਨੂੰ ਨਿਵੇਸ਼ ਲਈ ਪ੍ਰੇਰਿਤ ਕਰਨ ਲਈ ਸਹੂਲਤਾਂ ਦਿੰਦੀ ਹੈ ਤਾਂ ਸਰਕਾਰ ਬਦਲਣ ਮਗਰੋਂ ਨਵੇਂ ਸਿਆਸੀ ਆਗੂ ਆ ਕੇ ਇਹ ਰਾਹਤਾਂ ਠੱਪ ਕਰ ਦਿੰਦੇ ਹਨ ਕਿ ਕਿਧਰੇ ਨਿਵੇਸ਼ਕ ਵਿਰੋਧੀ ਪਾਰਟੀ ਨਾਲ ਸਬੰਧਿਤ ਤਾਂ ਨਹੀਂ। ਪ੍ਰਵਾਸੀ ਪੰਜਾਬੀਆਂ ਨੂੰ ਕਈ ਵਾਰ ਤਾਂ ਪ੍ਰਸ਼ਾਸਨਿਕ ਅਧਿਕਾਰੀਆਂ, ਲਾਲ ਫੀਤਾਸ਼ਾਹੀ ਤੇ ਸਿਆਸਤਦਾਨਾਂ ਦੀ ਕਰੋਪੀ ਦਾ ਵੀ ਸ਼ਿਕਾਰ ਬਣਨਾ ਪੈਂਦਾ ਹੈ। ਅਜਿਹੀਆਂ ਹਾਲਤਾਂ 'ਚ ਜੇਕਰ ਪ੍ਰਵਾਸੀ ਪੰਜਾਬ ਆ ਕੇ ਨਿਵੇਸ਼ ਨਹੀਂ ਕਰਦੇ ਤਾਂ ਇਸ ਲਈ ਦੋਸ਼ੀ ਕੌਣ ਹੈ, ਸਬੰਧਿਤ ਪ੍ਰਵਾਸੀ ਜਾਂ ਪ੍ਰਸ਼ਾਸਨ ? ਇਸ ਦੀ ਵਿਚਾਰ ਕਰਨੀ ਬਣਦੀ ਹੈ।

ਗੁਰੂ ਨਾਨਕ ਦੇਵ ਜੀ ਦਾ 'ਵਸਦੇ ਰਹੋ ਤੇ ਉੱਜੜ ਜਾਵੋ' ਸੰਦੇਸ਼ ਵਿਚਾਰ ਕੇ, ਸੌਖਿਆਂ ਹੀ ਅੰਦਾਜ਼ਾ ਲਾ ਸਕਦੇ ਹਾਂ ਕਿ ਵਿਦੇਸ਼ਾਂ 'ਚ ਜਾ ਕੇ ਵਸੇ ਪੰਜਾਬੀਆਂ ਨੇ 'ਸਰਬੱਤ ਦੇ ਭਲੇ' ਦਾ ਸੁਨੇਹਾ ਦੁਨੀਆ ਤੱਕ ਪਹੁੰਚਾਇਆ ਹੈ। ਇਹ ਵੀ ਸੱਚ ਹੈ ਕਿ ਪੰਜਾਬੀ ਬੋਲੀ ਤੇ ਸੱਭਿਆਚਾਰ, ਪਹਿਚਾਣ ਤੇ ਜ਼ਬਾਨ ਦੀ ਸੰਭਾਲ ਲਈ ਵਿਦੇਸ਼ਾਂ 'ਚ ਵਸਦੇ ਪੰਜਾਬੀ ਵਧੇਰੇ ਫ਼ਿਕਰਮੰਦ ਹਨ।

ਇਸ ਦੀ ਇਕ ਮਿਸਾਲ ਪੰਜਾਬੀ ਦੇ ਵਿਵਾਦਗ੍ਰਸਤ ਗਾਇਕ ਸਿੱਧੂ ਮੂਸੇਵਾਲੇ ਵਲੋਂ ਇਟਲੀ ਦਾ 'ਗੁਰਬਖਸ਼ ਗੁਆਚਾ' ਗਾ ਕੇ ਕਾਇਮ ਕਰ ਦਿੱਤੀ ਗਈ ਹੈ, ਜਿਸ ਕਾਰਨ ਨਾ ਸਿਰਫ ਪੰਜਾਬ ਤੋਂ ਇਟਲੀ ਜਾ ਕੇ ਮੁੜੇ ਇੱਥੋਂ ਦੇ ਹੀ ਵਸਨੀਕ ਮ੍ਰਿਤਕ ਪੰਜਾਬੀ ਦਾ ਪਰਿਵਾਰ ਅਤੇ ਪਿੰਡ ਵਾਸੀ ਹੀ ਦੁਖੀ ਹਨ, ਬਲਕਿ ਪ੍ਰਦੇਸਾਂ 'ਚ ਬੈਠੇ ਸਮੂਹ ਪੰਜਾਬੀ ਵੀ ਨਮੋਸ਼ੀਜਨਕ ਮਾਹੌਲ ਵਿਚ ਹਨ। ਹਰੇਕ ਨੂੰ ਇਹ ਜਾਪਣ ਲੱਗ ਪਿਆ ਹੈ ਕਿ ਜਿਵੇਂ ਪੰਜਾਬ ਦੇ ਪਿੰਡ ਪਠਲਾਵਾ ਦੇ ਮਰਹੂਮ ਗਿਆਨੀ ਬਲਦੇਵ ਸਿੰਘ ਨੇ ਹੀ ਸਾਰੇ ਦੇਸ਼ ਵਿਚ ਕੋਰੋਨਾ ਫੈਲਾ ਦਿੱਤਾ, ਜੋ ਕਿ ਉਸ ਨੂੰ ਦੇਸ਼ ਭਰ 'ਚ ਬਿਮਾਰੀ ਦਾ 'ਸੁਪਰ-ਸਪਰੈਡਰ' ਗਰਦਾਨਦਿਆਂ ਭਾਰਤ ਦਾ ਦੋਸ਼ੀ ਕਹਿ ਕੇ ਬਦਨਾਮ ਕਰ ਦਿੱਤਾ ਗਿਆ ਅਤੇ ਵੱਖ-ਵੱਖ ਮਹਿਕਮੇ ਉਸ ਨੂੰ ਜ਼ਿੰਮੇਵਾਰ ਠਹਿਰਾ ਕੇ, ਆਪ ਦੋਸ਼-ਮੁਕਤ ਹੋ ਗਏ ਹਨ। ਅਫ਼ਸੋਸ ਹੈ ਕਿ ਅਜਿਹੇ ਅਪਸ਼ਬਦਾਂ ਭਰੇ ਗੀਤ ਨੂੰ ਹਟਾਉਣ ਦੀ ਥਾਂ, ਪੰਜਾਬ ਪੁਲਿਸ ਮੁਖੀ ਉਸ ਨੂੰ ਲਾਈਕ ਕਰ ਕੇ ਸੋਸ਼ਲ ਮੀਡੀਆ ਰਾਹੀਂ ਫੈਲਾਉਂਦੇ ਦੇਖੇ ਗਏ ਜੋ ਕਿ ਅਤਿ ਨਿਖੇਧੀਜਨਕ ਹੈ।

**ਡਾਕਟਰ ਗੁਰਵਿੰਦਰ ਸਿੰਘ ਕੈਨੇਡਾ**

## ਗੁਰੂ ਗੋਬਿੰਦ ਸਿੰਘ ਮਾਰਗ ਦੀ ਅਣਦੇਖੀ

ਗੁਰੂ ਗੋਬਿੰਦ ਸਿੰਘ ਮਾਰਗ ਨੂੰ ਬਣਿਆਂ ਅੱਜ 47 ਸਾਲ ਹੋ ਗਏ ਹਨ ਪਰ ਗਿਆਨੀ ਜੀ ਦਾ ਇਸ ਮਾਰਗ ਨੂੰ ਹਜ਼ੂਰ ਸਾਹਿਬ ਤਕ ਬਣਾਉਣ ਦਾ ਸਪਨਾ ਅਧੂਰਾ ਰਹਿ ਗਿਆ ਹੈ। ਅੱਜ ਜਦੋਂ ਹਰ ਪਾਸੇ ਧਾਰਮਿਕ ਕੱਟੜਤਾ ਵਾਲਾ ਮਾਹੌਲ ਪੈਦਾ ਕੀਤਾ ਜਾ ਰਿਹਾ ਹੈ ਤਾਂ ਅਜਿਹੇ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਦੀਆਂ ਕੁਰਬਾਨੀਆਂ ਨੂੰ ਯਾਦ ਰੱਖਣ ਦੀ ਲੋੜ ਹੈ। ਜੇਕਰ ਇਹ ਮਾਰਗ ਹਜ਼ੂਰ ਸਾਹਿਬ (ਨਾਂਦੇੜ) ਤਕ ਮੁਕੰਮਲ ਹੋਇਆ ਹੁੰਦਾ ਤਾਂ ਸਾਰੇ ਦੇਸ਼ ਵਿਚ ਸਿੱਖ ਵਿਚਾਰਧਾਰਾ ਫਿਰਕੂ ਸਦਭਾਵਨਾ ਬਣਾਈ ਰੱਖਣ ਲਈ ਲਾਭਦਾਇਕ ਸਾਬਤ ਹੋ ਸਕਦੀ ਸੀ।

ਪੰਜਾਬ ਦੇ ਸਾਰੇ ਸਿਆਸਤਦਾਨਾਂ ਨੇ ਆਪੋ-ਆਪਣੇ ਢੰਗ ਨਾਲ ਗੁਰੂ ਸਾਹਿਬਾਨ ਦੀ ਯਾਦ ਨੂੰ ਤਾਜ਼ਾ ਰੱਖਣ ਲਈ ਉੱਦਮ ਕੀਤੇ ਹਨ। ਸਭ ਤੋਂ ਪਹਿਲਾਂ ਨਾਂ ਆਉਂਦਾ ਹੈ ਜਸਟਿਸ ਗੁਰਨਾਮ ਸਿੰਘ ਦਾ। ਉਹ ਜਦ 1969 ਵਿਚ ਪੰਜਾਬ ਦੇ ਮੁੱਖ ਮੰਤਰੀ ਸਨ ਤਾਂ ਉਨਾਂ ਦੀ ਸਰਕਾਰ ਦੇ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 500ਵੇਂ ਪ੍ਰਕਾਸ਼ ਪੁਰਬ ਮੌਕੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਯਾਦ ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਸਥਾਪਨਾ ਹੋਈ ਸੀ। ਉਸ ਤੋਂ ਬਾਅਦ ਗਿਆਨੀ ਜ਼ੈਲ ਸਿੰਘ ਜਦੋਂ ਮੁੱਖ ਮੰਤਰੀ ਸਨ ਤਾਂ ਉਨਾਂ ਫ਼ਰੀਦਕੋਟ ਵਿਖੇ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਸਥਾਪਿਤ ਕੀਤਾ। ਮੋਹਾਲੀ ਦਾ ਨਾਂ ਬਦਲ ਕੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਰੱਖਿਆ। ਚੰਡੀਗੜ ਵਿਚ ਵੀ ਗੁਰੂ ਗੋਬਿੰਦ ਸਿੰਘ ਕਾਲਜ ਸਥਾਪਤ ਕੀਤਾ ਗਿਆ। ਗਿਆਨੀ ਜ਼ੈਲ ਸਿੰਘ ਤਾਂ ਗੁਰੂ ਗੋਬਿੰਦ ਸਿੰਘ ਮਾਰਗ ਆਨੰਦਪੁਰ ਸਾਹਿਬ ਤੋਂ ਹਜ਼ੂਰ ਸਾਹਿਬ, ਮਹਾਰਾਸ਼ਟਰ ਤਕ ਉਸ ਰਸਤੇ ਨੂੰ ਬਣਾਉਣਾ ਚਾਹੁੰਦੇ ਸਨ ਜਿਸ ਰਾਹੀਂ ਦਸਮ ਪਿਤਾ ਮੁਗ਼ਲਾਂ ਨਾਲ ਚਮਕੌਰ ਦੀ ਗੜੀ ਵਿਚ ਲੜਾਈ ਕਰ ਕੇ ਦੋਵੇਂ ਵੱਡੇ ਸ਼ਾਹਿਬਜ਼ਾਦਿਆਂ ਦੀ ਸ਼ਹਾਦਤ ਤੋਂ ਬਾਅਦ ਕਈ ਪਿੰਡਾਂ ਵਿਚ ਠਹਿਰਦੇ ਹੋਏ ਨਾਂਦੇੜ ਪਹੁੰਚੇ ਸਨ ਅਤੇ ਮੁੜ ਕੇ ਪੰਜਾਬ ਵਾਪਸ ਨਹੀਂ ਆ ਸਕੇ। ਦਸਮ ਪਾਤਸ਼ਾਹ ਨੇ ਪੰਜਾਬ ਵਿਚ ਜਿਹੜੇ 91 ਥਾਵਾਂ 'ਤੇ ਤਲਵੰਡੀ ਸਾਬੋ, ਦਮਦਮਾ ਸਾਹਿਬ ਤਕ ਜਾਂਦੇ ਹੋਏ ਠਹਿਰ ਕੇ ਰਾਤਾਂ ਕੱਟੀਆਂ ਸਨ, ਉਨਾਂ ਥਾਵਾਂ 'ਤੇ ਉਸਾਰੇ ਗੁਰੂਘਰਾਂ ਤਕ ਇਹ ਮਾਰਗ ਬਣਾਇਆ ਗਿਆ ਤਾਂ ਜੋ ਸੰਗਤ ਉਨਾਂ ਗੁਰੂਘਰਾਂ ਦੇ ਦਰਸ਼ਨ ਕਰ ਸਕੇ। ਇੰਨੀ ਦੇਰ ਨੂੰ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਟੁੱਟ ਗਈ ਸੀ। ਭਾਵੇਂ ਬਾਅਦ ਵਿਚ ਗਿਆਨੀ ਜੀ ਭਾਰਤ ਦੇ ਗ੍ਰਹਿ ਮੰਤਰੀ ਅਤੇ ਰਾਸ਼ਟਰਪਤੀ ਵੀ ਰਹੇ ਪਰ ਇਸ ਪ੍ਰਾਜੈਕਟ ਨੂੰ ਮੁਕੰਮਲ ਨਹੀਂ ਕਰ ਸਕੇ।

ਕੈਪਟਨ ਅਮਰਿੰਦਰ ਸਿੰਘ ਜਦੋਂ 2002 ਵਿਚ ਮੁੱਖ ਮੰਤਰੀ ਬਣੇ ਸਨ ਤਾਂ ਉਨਾਂ ਨਾਂਦੇੜ ਸਾਹਿਬ ਤਕ ਮਾਰਗ ਬਣਾਉਣ ਦਾ ਸਰਵੇ ਪ੍ਰੋ. ਮੇਵਾ ਸਿੰਘ ਸਿੱਧੂ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਕਰਵਾਇਆ ਸੀ। ਮਾਰਗ ਕਿਸ ਰਸਤੇ 'ਤੇ ਬਣਾਇਆ ਜਾਣਾ ਸੀ, ਉਸ ਦੀ ਪਛਾਣ ਵੀ ਕਰ ਲਈ ਸੀ। ਉਸ ਦਾ ਨਕਸ਼ਾ ਵੀ ਤਿਆਰ ਹੋ ਗਿਆ ਸੀ। ਇਸ ਪ੍ਰਾਜੈਕਟ ਦੀ ਫਾਈਲ ਸਰਕਾਰੀ ਰਿਕਾਰਡ ਦੀ ਸ਼ੋਭਾ ਵਧਾਉਂਦੀ ਹੋਈ ਗੁਆਚ ਗਈ ਹੈ। ਇਸ ਵਾਰ ਕੈਪਟਨ ਅਮਰਿੰਦਰ ਸਿੰਘ ਪੰਜਾਬ ਦੀ ਆਰਥਿਕ ਹਾਲਤ ਪਤਲੀ ਹੋਣ ਕਰ ਕੇ ਇਸ ਪਾਸੇ ਕੁਝ ਵੀ ਨਹੀਂ ਕਰ ਸਕੇ। ਹੋਰ ਕਿਸੇ ਸਰਕਾਰ ਨੇ ਦਿਲਚਸਪੀ ਨਹੀਂ ਲਈ ਜਿਸ ਕਾਰਨ ਇਹ ਮਾਰਗ ਮੁਕੰਮਲ ਨਹੀਂ ਹੋ ਸਕਿਆ। ਤਰਲੋਚਨ ਸਿੰਘ ਸਾਬਕਾ ਰਾਜ ਸਭਾ ਮੈਂਬਰ ਅਨੁਸਾਰ ਭੁਪਿੰਦਰ ਸਿੰਘ ਹੁੱਡਾ ਜਦੋਂ ਹਰਿਆਣਾ ਦੇ ਮੁੱਖ ਮੰਤਰੀ ਸਨ ਤਾਂ ਉਨਾਂ ਦਮਦਮਾ ਸਾਹਿਬ ਤੋਂ ਸਿਰਸਾ ਤਕ ਇਹ ਮਾਰਗ ਬਣਾ ਦਿੱਤਾ ਸੀ। ਜਿਹੜਾ ਗੁਰੂ ਗੋਬਿੰਦ ਸਿੰਘ ਮਾਰਗ ਆਨੰਦਪੁਰ ਸਾਹਿਬ ਤੋਂ ਤਖ਼ਤ ਦਮਦਮਾ ਸਾਹਿਬ ਤਕ ਬਣਿਆ ਹੈ, ਉਸ ਦੀ ਵੀ ਹਾਲਤ ਮਾੜੀ ਹੈ। ਸਰਕਾਰ ਨੂੰ ਗੁਰੂ ਗੋਬਿੰਦ ਸਿੰਘ ਮਾਰਗ ਦੇ ਪੂਰੇ 577 ਕਿਲੋਮੀਟਰ ਦੀ ਮੁਰੰਮਤ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਇਹ ਇਕ ਕਿਸਮ ਨਾਲ ਨਮੂਨੇ ਦਾ ਮਾਰਗ ਹੋਣਾ ਚਾਹੀਦਾ ਹੈ।ਪਰਕਾਸ਼ ਸਿੰਘ ਬਾਦਲ ਨੇ ਸ੍ਰੀ ਆਨੰਦਪੁਰ ਸਾਹਿਬ 'ਚ ਅਜੂਬਾ ਬਣਾਇਆ ਸੀ, ਵੱਡਾ ਤੇ ਛੋਟਾ ਘੱਲੂਘਾਰਾ ਸਬੰਧੀ ਅਤੇ ਬੰਦਾ ਬਹਾਦਰ ਦੀਆਂ ਯਾਦਗਾਰਾਂ ਬਣਾਈਆਂ ਸਨ।

ਗਿਆਨੀ ਜ਼ੈਲ ਸਿੰਘ ਜਦੋਂ ਮੁੱਖ ਮੰਤਰੀ ਸਨ ਤਾਂ ਉਨਾਂ ਗੁਰੂ ਗੋਬਿੰਦ ਸਿੰਘ ਮਾਰਗ ਦਾ ਉਦਘਾਟਨ ਇਕ ਮਜ਼ਦੂਰ ਤੋਂ 10 ਅਪ੍ਰੈਲ 1973 ਨੂੰ ਕਰਵਾਇਆ ਸੀ। ਇਹ ਮਾਰਗ 18 ਫੁੱਟ ਚੌੜਾ ਅਤੇ 577 ਕਿਲੋਮੀਟਰ ਲੰਬਾ ਹੈ ਜਿਸ 'ਤੇ 20 ਪੈਂਟਾਗਨ ਸ਼ੇਪ ਦੇ ਦਸਮੇਸ਼ ਸਤੰਭ ਬਣਾਏ ਗਏ ਹਨ ਅਤੇ ਲਗਪਗ ਇੰਨੇ ਹੀ ਗੇਟ ਬਣਾਏ ਗਏ ਸਨ। ਇਨਾਂ ਸਤੰਭਾਂ 'ਤੇ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿਚ ਦਸਮ ਗ੍ਰੰਥ 'ਚੋਂ ਸ਼ਬਦ ਲਿਖੇ ਗਏ ਹਨ ਤਾਂ ਜੋ ਆਉਣ ਵਾਲੀ ਪੀੜੀ ਨੂੰ ਇਸ ਦੀ ਮਹੱਤਤਾ ਬਾਰੇ ਜਾਣਕਾਰੀ ਮਿਲਦੀ ਰਹੇ।

ਗੁਰੂ ਜੀ ਦਮਦਮਾ ਸਾਹਿਬ ਵਿਖੇ ਨੌਂ ਮਹੀਨੇ ਰਹੇ ਸਨ। ਇੱਥੇ ਹੀ ਉਨਾਂ ਨੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕੀਤੀ ਸੀ ਜਿਸ ਨੂੰ ਦਮਦਮਾ ਵਾਲੀ ਬੀੜ ਕਿਹਾ ਜਾਂਦਾ ਹੈ। ਗੁਰੂ ਜੀ ਨੇ ਦਮਦਮਾ ਸਾਹਿਬ ਨੂੰ ਗੁਰੂ ਕੀ ਕਾਸ਼ੀ ਦਾ ਖ਼ਿਤਾਬ ਦਿੱਤਾ ਸੀ। ਇਸ ਮਾਰਗ ਦੀ ਮਹੱਤਤਾ ਨੂੰ ਸਮਝਦੇ ਹੋਏ ਪੰਜਾਬ ਸਰਕਾਰ ਪ੍ਰੀਮਿਕਸ ਪਾ ਕੇ ਇਸ ਦੀ ਮੁਰੰਮਤ ਕਰਵਾਏ।

**-ਉਜਾਗਰ ਸਿੰਘ**

## ਕਣ-ਕਣ 'ਚ ਸਮਾਏ ਕੋਰੋਨਾ

ਕਣ-ਕਣ 'ਚ ਸਮਾਏ ਕੋਰੋਨਾ ਵਾਇਰਸ ਦਾ ਕੋਟਿਨ-ਕੋਟਿ 'ਧੰਨਵਾਦ' ਵੀ ਕਰਨਾ ਚਾਹੀਦਾ ਹੈ ਕਿ ਇਸ ਨੇ ਹੋਰ ਲੋਕਾਂ ਦੇ ਨਾਲ-ਨਾਲ (ਕਰਫਿਊ ਦੌਰਾਨ) ਤਮਾਮ ਹੁੱਲੜਬਾਜ਼ਾਂ, ਝਪਟਮਾਰਾਂ, ਚੋਰਾਂ, ਲੁਟੇਰਿਆਂ, ਬਦਮਾਸ਼ਾਂ, ਗੁੰਡਿਆਂ ਆਦਿ ਨੂੰ ਘਰਾਂ 'ਚ ਵੜੇ-ਤੜੇ ਰਹਿਣ ਲਈ ਮਜਬੂਰ ਕਰ ਦਿੱਤਾ ਹੈ। ਇਸ ਦਾ ਇਸ ਲਈ ਵੀ 'ਧੰਨਵਾਦ' ਕਿ ਇਸ ਨੇ ਢਿੱਲੀ ਪਈ ਸਫ਼ਾਈ ਮੁਹਿੰਮ ਨੂੰ ਐਨ ਸਿਖ਼ਰਾਂ 'ਤੇ ਪਹੁੰਚਾ ਦਿੱਤਾ ਹੈ। ਪੂਰੀ ਸੁਹਿਰਦਤਾ ਤੇ ਸੰਜੀਦਗੀ ਨਾਲ ਆਮ ਜਨਤਕ ਥਾਵਾਂ ਜਿਵੇਂ ਹਸਪਤਾਲ, ਬੱਸ ਅੱਡੇ, ਟਰਮੀਨਲ, ਰੇਲਵੇ ਸਟੇਸ਼ਨ, ਹਵਾਈ ਅੱਡੇ, ਬੰਦਰਗਾਹਾਂ, ਬਾਜ਼ਾਰਾਂ, ਗਲੀਆਂ, ਕਾਲੋਨੀਆਂ, ਥਾਣਿਆਂ, ਤਹਿਸੀਲਾਂ ਆਦਿ ਨੂੰ ਸੈਨੇਟਾਈਜ਼ ਕੀਤਾ ਗਿਆ ਅਤੇ ਕੀਤਾ ਜਾ ਰਿਹਾ ਹੈ। ਹਵਾ ਪ੍ਰਦੂਸ਼ਣ ਦਾ ਪੱਧਰ ਕਾਫ਼ੀ ਘਟਾ ਦਿੱਤਾ ਹੈ ਅਤੇ ਮਾਸਕ, ਦਸਤਾਨੇ, ਸੈਨੇਟਾਈਜ਼ਰ ਦੇ ਕਾਰੋਬਾਰੀਆਂ ਦਾ ਕਾਰੋਬਾਰ ਵਧਾ ਦਿੱਤਾ ਹੈ।

**-ਨੂਰ ਸੰਤੋਖਪੁਰੀ**

ਕਹਾਣੀ

## ਕ੍ਰਫਿਊ

ਜਦ ਪਹਿਲੇ ਦਿਨ ਕ੍ਰਫਿਊ ਲੱਗਿਆ ਤਾਂ ਚਾਅ ਜਿਹਾ ਸੀ , ਇਸਤੋਂ ਪਹਿਲੋਂ ਅੱਸੀਵਿਆਂ ਚ ਲੱਗੇ ਕ੍ਰਫਿਊ ਦੀ ਯਾਦ ਫਿੱਕੀ ਪੈ ਚੁੱਕੀ ਸੀ । ਫੇਰ ਅਚਾਨਕ ਇਹ ਕੁਝ ਦਿਨਾਂ ਲਈ ਵੱਧ ਗਿਆ ਤੇ ਨਾਲ ਹੀ ਵਿਹਲ ਵੀ ਵੱਧ ਗਿਆ । ਖਿਆਲ ਆਇਆ ਕੇ ਕਿਉਂ ਨਾ ਸਮਾਨ ਨਾਲ ਤੁੰਨੇ ਪਏ ਸਟੋਰ ਦੀ ਛਾਂਟੀ ਹੀ ਕਰ ਲਈ ਜਾਵੇ । ਲਓ ਜੀ ਸਾਰਾ ਸਮਾਨ ਕੱਢ ਕਿ ਵਿਦੇਸ਼ ਚੱਲੇ ਗਏ ਬੱਚਿਆਂ ਦੇ ਕਮਰੇ ਵਿਚ ਸੁੱਟ ਲਿਆ । ਇਕ ਦੋ ਦਿਨ ਰੋਜ਼ ਟਾਇਮ ਲਾ ਕੇ ਦੋ ਕੁਇੰਟਲ ਰੱਦੀ ਕੱਢ ਦਿੱਤੀ ਪਰ ਸਮਾਨ ਤਾਂ ਅਜੇ ਵੀ ਮਣਾਂ ਮੂੰਹੀ ਪਿਆ ਸੀ। ਉਧਰੋਂ ਕਰਫਿਊ ਦੇ ਦਿਨ ਵੀ ਵੱਧ ਗਏ ਤੇ ਆਪਣੇ ਵਿਚ ਵੀ ਸੁਸਤੀ ਕਰੋਨੇ ਵਾਂਗ ਵੜ ਗਈ । ਕਮਰੇ ਵੱਲ ਜਾਣ ਨੂੰ ਤਾਂ ਛੱਡੋ, ਦੇਖਣ ਨੂੰ ਦਿੱਲ ਨਾ ਕਰੇ । ਅੱਜ ਸਵੇਰੇ ਪੱਕਾ ਧਾਰ ਲਿਆ ਕਿ ਇਹ ਕੰਮ ਕਰਨਾ ਹੀ ਕਰਨਾ । ਕਰਦੇ ਕਰਾਉਂਦੇ ਦੁਪਹਿਰ ਹੋ ਗਈ । ਸਕੀਮ ਇਹ ਬਣੀ ਬਈ ਰੋਟੀ ਖਾ ਕਿ ਥੋੜਾ ਸੁਸਤਾਅ ਕਿ ਫੱਟੇ ਚੱਕ ਦੇਣੇ ਆ । ਉਹ ਸਮਾਂ ਵੀ ਆਖਰ ਆ ਹੀ ਗਿਆ। ਪੂਰੀ ਰਫ਼ਤਾਰ ਨਾਲ ਕਾਗਜ਼ ਛਾਂਟਣੇ ਸ਼ੁਰੂ ਕਰ ਦਿੱਤੇ। ਜਦੇ ਇਕ ਫੋਨ ਆ ਗਿਆ, ' ਭਾਜੀ ਕਰਫਿਊ ਦੀ ਫੋਟੋਗਰਾਫੀ ਕਰਨ ਚੱਲੀਏ , ਸੜਕਾਂ ਖਾਲੀ ਪਈਆਂ ਨੇ' ।

'ਨਹੀਂ ਰਣਜੋਧ, ਮੈਂ ਮਈਅਤ ਦੀਆਂ ਫੋਟੋਆਂ ਨਹੀਂ ਖਿੱਚਦਾ, ਮੈਂ ਧੜਕਦੇ, ਭੁੜਕਦੇ ਜੀਵਨ ਦਾ ਹੀ ਆਸ਼ਕ ਹਾਂ'। ਫੋਨ ਬੰਦ ਹੋ ਗਿਆ ਤੇ ਮੈਂ ਫਿਰ ਕਾਗਜ਼ਾਂ ਚ ਗੁੱਮ ਗਿਆ। ਜਦ ਨੂੰ ਫੋਨ ਫੇਰ ਆ ਗਿਆ, ' ਹੈਲੋ ਜਨਮੇਜੇ , ਕੀ ਕਰਦਾ ? ਮੈਂ ਪਾਤਰ ਬੋਲਦਾਂ'

'ਸਾਸਰੀ ਕਾਲ ਜੀ, ਬਸ ਆ ਪੁਰਾਣੇ ਮਾਲ ਨਾਲ ਮੱਥਾ ਮਾਰਦਾਂ'

'ਐਦਾਂ ਕਰ ਇਹ ਸਾਰੇ ਖਲਾਰੇ ਦੀਆਂ ਫੋਟੋਆਂ ਖਿੱਚ ਲੈ , ਆਪਾਂ 'ਰੂਮ ਆਰਟ' ਦੇ ਸਿਰਲੇਖ ਥੱਲੇ ਆਰਟ ਕੌਂਸਿਲ ਵਲੋਂ ਨੁਮਾਇਸ਼ ਲਾਵਾਂਗੇ'।

' ਜਨਾਬ ਤੁਹਾਨੂੰ ਪਤਾ ਤਾਂ ਹੈ, ਮੈਂ ਕਲਾ ਲਈ ਸਰਕਾਰੀ ਸਰਪਰਸਤੀ ਦੇ ਵਿਰੁਧ ਹਾਂ, ਇਕ ਵਾਰੀ ਇਸ ਭੈੜੇ ਤਜੁਰਬੇ ਚੋਂ ਲੰਘ ਚੁੱਕਾ ਹਾਂ, ਮੈਨੂੰ ਤਾਂ ਲੋਕਾਂ ਦਾ ਹੀ ਸਾਥ ਨਹੀਂ ਮੁੱਕਦਾ'। ਨਰਾਜ਼ ਜਿਹੇ ਹੋਕੇ ਉਹਨਾਂ ਫੋਨ ਬੰਦ ਕਰ ਦਿੱਤਾ। ਮੈਨੂੰ ਵੀ ਲੱਗਿਆ ਕੇ ਮੈਂ ਕੁਝ ਜ਼ਿਆਦਾ ਹੀ ਬੋਲ ਗਿਆਂ । ਪਰ ਮੇਰਾ ਕੰਮ ਤਾਂ ਹਾਲੇ ਪਿਆ ਸੀ । ਕੁਝ ਸਮੇਂ ਬਾਅਦ ਹੀ ਫੋਨ ਫੇਰ ਵੱਜ ਪਿਆ, ਇਸ ਵਾਰ ਗੁਰਭਜਨ ਸੀ, ' ਪ੍ਰੇਤ ਆਤਮਾ ਕੀ ਕਰ ਰਹੀ ਹੈ ?'

'ਕਰਨਾ ਕੀ ਆ ਸਟੋਰ ਦਾ ਸਮਾਨ ਖਿਲਾਰੀ ਬੈਠਾਂ, ਸਾਂਭਣ ਦੀ ਕੋਸ਼ਿਸ਼ ਕਰ ਰਿਹਾਂ '

'ਓਏ ਸਾਂਭਣ ਨੂੰ ਰਹਿਣ ਦੇ। ਇਵੇਂ ਹੀ ਰੱਖ, ਇਹ ਸਾਰਾ ਸੀਨ ਤੇਰੀ ਯਾਦਗਾਰ ਦਾ ਹਿੱਸਾ ਬਣੂ, ਨਾਲੇ ਜਿਹੜਾ ਤੇਰੇ ਨਾਮ ਤੇ ਅਵਾਰਡ ਸ਼ੁਰੂ ਕਰਾਂਗੇ ਉਸਤੇ ਇਹ ਫੋਟੋ ਲਾਵਾਂਗੇ '

' ਮੈਂ ਤਾਂ ਇਨਾਮਾਂ ਅਵਾਰਡਾਂ ਤੋਂ ਬਚਦਾ ਰਿਹਾਂ, ਜਾਂ ਦੇਣ ਵਾਲੇ ਕਤਰਾਉਂਦੇ ਰਹੇ, ਤੂੰ ਇਹ ਕੰਮ ਨਾ ਕਰੀਂ '

' ਮੂਰਖ ਹੈ ਤੂੰ , ਤੈਨੂੰ ਨੀ ਕਦੇ ਆਉਣੀ ਦੁਨੀਅਦਾਰੀ ਦੀ ਸਮਝ'।ਉਹਨੇ ਫੋਨ ਕੱਟਤਾ।

ਮੈਂ ਸੋਚਿਆ ਹੁਣ ਬਥੇਰੀ ਬੇਇਜ਼ਤੀ ਜਿਹੀ ਹੋ ਗਈ ਮੇਰੀ, ਹੁਣ ਫੋਨ ਹੀ ਨਹੀਂ ਚੁੱਕਣਾ । ਆਪਾਂ ਫੇਰ ਜੁੱਟ ਗਏ। ਕੁਝ ਖਤ ਸਾਂਭ ਲਏ, ਕੁਝ ਯਾਦਾਂ ਦੇ ਸਫੇ ਦਿਲ ਕਰੜਾ ਕਰਕੇ ਪਾੜ ਦਿੱਤੇ। ਜਵਾਨੀ ਦੀਆਂ ਫੋਟੋਆਂ ਤੇ ਰਸ਼ਕ ਕੀਤਾ। ਅਚਾਨਕ ਫੇਰ ਫੋਨ ਦੀ ਘੰਟੀ ਵੱਜੀ। ਇਸ ਵਾਰ ਇਹ ਵੱਜਦੀ ਵੀ ਉੱਚੀ ਸੀ, ਪਰ ਮੇਰਾ ਇਰਾਦਾ ਵੀ ਪੱਕਾ ਸੀ ਕਿ ਚੁੱਕਣਾ ਨਹੀਂ । ਤਦੇ ਘਰਵਾਲੀ ਦੀ ਉੱਚੀ ਆਵਾਜ਼ ਆਈ।

'ਫੋਨ ਕਿਉਂ ਨਹੀਂ ਚੁੱਕਦੇ, ਕਦ ਦੀ ਟੈਂ ਟੈਂ ਹੋਈ ਜਾਂਦੀ ਆ'

ਮੈਂ ਕੀ ਦੱਸਦਾ ਵੀ ਕਿਉਂ ਨਹੀਂ ਚੱਕਣਾ, ਪਰ ਜਵਾਬ ਤਾਂ ਦੇਣਾ ਹੀ ਪੈਣਾ ਸੀ । ਮੈਂ ਅੱਖਾਂ ਮੱਲਦੇ ਹੋਏ ਨੇ ਕਿਹਾ, 'ਬਥੇਰੇ ਚੱਕ ਲਏ, ਹੁਣ ਖਿਲੇਰਾ ਸਾਂਭ ਕੇ ਹੀ ਚੁਕੂੰ।'

' ਕਿਹੜਾ ਖਿਲੇਰਾ ਤੇ ਕਿਹੜੇ ਫੋਨ ? ਮੈਨੂੰ ਤਾਂ ਘੰਟਾ ਹੋ ਗਿਆ ਘੁਰਾੜੇ ਸੁੱਣਦੀ ਨੂੰ '।

**- ਜਨਮੇਜਾ ਸਿੰਘ ਜੌਹਲ**

## ਕੋਰੋਨਾ ਵਾਇਰਸ ਸੰਕਟ...

ਕੋਰੋਨਾ ਖਿਲਾਫ ਲੜਾਈ ਵਿਚ ਨਿੱਜੀ ਹਸਪਤਾਲਾਂ ਦੀ ਭੂਮਿਕਾ ਨਕਾਰਾਤਮਕ ਰਹੀ ਹੈ। ਕਾਰਪੋਰੇਟ ਹਸਪਤਾਲ ਕੋਰੋਨਾ ਮਹਾਂਮਾਰੀ ਦੀ ਜੰਗ ਵਿਚੋਂ ਭੱਜ ਖੜੌਤੇ ਹਨ। ਯਾਦ ਰਹੇ ਕਿ ਇਹ ਹਸਪਤਾਲ ਸਮੇਂ ਸਮੇਂ ਤੇ ਸਰਕਾਰਾਂ ਦੁਆਰਾ ਲਾਭ ਪ੍ਰਾਪਤ ਕਰਦੇ ਆ ਰਹੇ ਹਨ ਤੇ ਹੁਣ ਪੰਜਾਬ ਨਾਲ ਹੀ ਧੋਖਾ ਕਰ ਗਏ ਹਨ। ਪੰਜਾਬ ਵਿਚ ਅਜਿਹਾ ਕੋਈ ਕਾਰਪੋਰੇਟ ਹਸਪਤਾਲ ਨਹੀਂ ਆਇਆ, ਜਿਸ ਨੇ ਖ਼ੁਦ ਹੀ ਇਸ ਮਹਾਂਮਾਰੀ ਨਾਲ ਨਜਿੱਠਣ ਲਈ ਪੂਰੇ ਹਸਪਤਾਲ ਦੀਆਂ ਸੇਵਾਵਾਂ ਸਰਕਾਰ ਨੂੰ ਸੌਂਪਣ ਦੀ ਪੇਸ਼ਕਸ਼ ਕੀਤੀ ਹੋਵੇ।

ਪਟਿਆਲਾ ਦੇ ਰਾਜਿੰਦਰਾ ਸਰਕਾਰੀ ਹਸਪਤਾਲ ਵਿਖੇ ਕੋਰੋਨਾ ਨਾਲ ਪੀੜਤ ਮਰੀਜ਼ਾਂ ਦੀ ਦੇਖਭਾਲ ਕਰ ਰਹੇ ਨਰਸਿੰਗ ਸਟਾਫ ਨੇ ਉਨਾਂ ਦੀ ਸਿਹਤ ਸੁਰੱਖਿਆ ਦਾ ਇੰਤਜ਼ਾਮ ਨਾ ਕਰਨ ਲਈ ਹਸਪਤਾਲ ਪ੍ਰਸ਼ਾਸਨ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਉਸਨੇ 30 ਅਤੇ 31 ਮਾਰਚ ਨੂੰ ਇਸ ਦੇ ਲਈ ਕਹਿਰ ਵੀ ਪ੍ਰਦਰਸ਼ਨ ਕੀਤਾ ਸੀ। ਨਰਸਾਂ ਦਾ ਕਹਿਣਾ ਸੀ ਕਿ ਕੁਝ ਦਿਨ ਪਹਿਲਾਂ, ਲੁਧਿਆਣਾ ਦੀ ਇਕ ਮਰੀਜ਼ ਨੂੰ ਐਮਰਜੈਂਸੀ ਵਿੱਚ ਸਿੱਧੇ ਦਾਖਲ ਕਰਵਾਇਆ ਗਿਆ ਸੀ, ਜਿਸ ਨੂੰ ਉਹ ਆਮ ਮਰੀਜ਼ ਮੰਨਦੇ ਸਨ ਤੇ ਆਪਣੇ ਆਸ ਪਾਸ ਕੰਮ ਕਰਦੇ ਰਹੇ। ਅਗਲੇ ਦਿਨ ਉਸਦੀ ਮੌਤ ਹੋ ਗਈ। ਬਾਅਦ ਵਿਚ ਆਈ ਇਕ ਰਿਪੋਰਟ ਵਿਚ ਉਸ ਨੂੰ ਕੋਵਿਡ -19 ਪਾਜ਼ਿਟਵ ਪਾਇਆ ਗਿਆ। ਨਰਸਿੰਗ ਸਟਾਫ ਐਸੋਸੀਏਸ਼ਨ ਦੀ ਸੂਬਾ ਪ੍ਰਧਾਨ ਕਰਮਜੀਤ ਕੌਰ ਤੇ ਐਸੋਸੀਏਸ਼ਨ ਦੀ ਚੇਅਰਪਰਸਨ ਸੰਦੀਪ ਕੌਰ ਨੇ ਕਿਹਾ ਕਿ 529 ਨਰਸਾਂ ਨੂੰ ਇਕ ਸਾਲ ਪਹਿਲਾਂ ਰੈਗੂਲਰ ਕਰਨ ਦੇ ਬਾਵਜੂਦ 7000 ਰੁਪਏ ਤਨਖਾਹ ਦਿੱਤੀ ਜਾਂਦੀ ਹੈ।

ਹੁਣ ਜਦੋਂ ਹਰ ਕੋਈ ਮੁਸ਼ਕਲ ਸਮੇਂ ਵਿੱਚ ਮਰੀਜ਼ਾਂ ਕੋਲ ਜਾਣ ਤੋਂ ਡਰਦਾ ਹੈ, ਸਿਰਫ ਨਰਸਿੰਗ ਸਟਾਫ ਸਮੇਤ ਸਿਹਤ ਕਰਮਚਾਰੀ ਮਰੀਜ਼ਾਂ ਦੀ ਦੇਖਭਾਲ ਕਰ ਰਹੇ ਹਨ। ਉਨਾਂ ਦੱਸਿਆ ਕਿ ਸਰਕਾਰ ਨੇ ਡਾਕਟਰਾਂ ਅਤੇ ਮੈਡੀਕਲ ਸਟਾਫ ਦੀ ਛੁੱਟੀ ਦੀ ਮਿਤੀ ਵੀ 30 ਸਤੰਬਰ ਤੱਕ ਵਧਾ ਦਿੱਤੀ ਹੈ। ਪਰ ਸਰਕਾਰ ਮੈਡੀਕਲ ਸਟਾਫ ਅਤੇ ਸਿਹਤ ਕਰਮਚਾਰੀਆਂ ਨੂੰ ਸੁਰੱਖਿਅਤ ਢੰਗ ਨਾਲ ਕੰਮ ਕਰਨ ਲਈ ਮੈਡੀਕਲ ਕਿੱਟਾਂ ਤੇ ਸੁਰੱਖਿਆ ਦਾ ਪ੍ਰਬੰਧ ਨਹੀਂ ਕਰ ਰਹੀ ਹੈ। ਕੋਰੋਨਾ ਵਾਇਰਸ ਨਾਲ ਲੜਨ ਲਈ, ਪੰਜਾਬ ਸਿਹਤ ਵਿਭਾਗ ਨੇ ਆਪਣੇ ਡਾਕਟਰਾਂ ਅਤੇ ਪੈਰਾ ਮੈਡੀਕਲ ਸਟਾਫ ਨੂੰ ਨਿਹੱਥੇ ਸਿਪਾਹੀਆਂ ਵਾਂਗ ਜੰਗ ਦੇ ਮੈਦਾਨ ਵਿਚ ਧੱਕ ਦਿੱਤਾ ਹੈ।

ਕਰਫਿਊ ਦੇ ਦਿਨਾਂ ਦੌਰਾਨ ਮਨੁੱਖੀ ਅਧਿਕਾਰਾਂ ਦੇ ਘਾਣ ਦੇ ਮਾਮਲੇ ਵੀ ਸਾਹਮਣੇ ਆ ਰਹੇ ਹਨ। ਕਰਫਿਊ ਦੌਰਾਨ ਪੁਲੀਸ ਦੀਆਂ ਜ਼ਿਆਦਤੀਆਂ ਵੀ ਸਾਹਮਣੇ ਆਈਆਂ ਹਨ। ਅਜਿਹੀਆਂ ਬਹੁਤ ਸਾਰੀਆਂ ਵਿਡੀਓਜ਼ ਸਾਹਮਣੇ ਆਈਆਂ ਹਨ ਜਿਸ ਵਿੱਚ ਪੁਲਿਸ ਕਰਫਿਊ ਦੀ ਉਲੰਘਣਾ ਕਰਨ ਵਾਲਿਆਂ ਨਾਲ ਡਾਂਗ ਸੋਟਾ ਖੜਕਾਇਆ ਹੈ ਤੇ ਬਹੁਤ ਸਾਰੇ ਬੇਕਸੂਰ ਲੋਕਾਂ ਨੂੰ ਕੁੱਟਿਆ ਵੀ ਗਿਆ ਅਤੇ ਅਪਮਾਨ ਵੀ ਕੀਤਾ ਗਿਆ। ਇਕ ਵਿਅਕਤੀ ਜੋ ਆਪਣੀ ਛੋਟੀ ਲੜਕੀ ਲਈ ਦਵਾਈ ਤੋਂ ਬਾਹਰ ਆਇਆ ਸੀ, ਉਹ ਵੀ ਪੁਲਿਸ ਦੇ ਕਤਲੇਆਮ ਦਾ ਸ਼ਿਕਾਰ ਹੋ ਗਿਆ। ਜਦੋਂ ਪੰਜਾਬ ਦੇ ਲੋਕਾਂ ਨੇ ਇਸ ਪੁਲਿਸ ਜਬਰ ਖਿਲਾਫ ਵਿਰੋਧ ਜਤਾਇਆ ਤਾਂ ਪੰਜਾਬ ਦੇ ਮੁੱਖ ਮੰਤਰੀ ਨੂੰ ਦਖਲ ਦੇਣਾ ਪਿਆ। ਹੁਣ ਨਿਹੰਗ ਸਿੰਘਾਂ ਤੇ ਪੁਲੀਸ ਦੇ ਟਕਰਾਅ ਦੀ ਘਟਨਾ ਤੋਂ ਬਾਅਦ ਭੁਪਿੰਦਰ ਸਿੰਘ ਸੱਜਣ ਪੱਤਰਕਾਰ ਨੂੰ ਪੁਲੀਸ ਦੇ ਵਿਰੋਧ ਵਿਚ ਵਿਚਾਰ ਪ੍ਰਗਟਾਉਣ 'ਤੇ ਗ੍ਰਿਫਤਾਰ ਕਰ ਲਿਆ ਗਿਆ ਹੈ।

ਪੰਜਾਬ ਵਿਚ ਖਾਣ ਪੀਣ ਦੀ ਘਾਟ ਹੈ, ਉਥੇ ਜਿਣਸਾਂ ਦੀਆਂ ਕੀਮਤਾਂ ਵੀ ਅਸਮਾਨ ਨੂੰ ਛੂਹ ਰਹੀਆਂ ਹਨ। ਇਸ ਵਿਚ ਵਪਾਰੀ ਆਪਣੇ ਹੱਥ ਰੰਗ ਰਹੇ ਹਨ ਤੇ ਕਾਲਾ ਬਾਜ਼ਾਰੀ ਦਾ ਦੌਰ ਹੈ। ਪੰਜਾਬ ਸਰਕਾਰ ਦੀ ਸਖਤੀ ਕਿਧਰੇ ਵੀ ਨਜ਼ਰ ਨਹੀਂ ਆਉਂਦੀ। ਜਾਣਕਾਰੀ ਅਨੁਸਾਰ ਪੰਜਾਬ ਵਿਚ ਦਾਲਾਂ, ਗੁੜ, ਚੀਨੀ, ਆਟਾ, ਸਬਜ਼ੀ ਘਿਓ, ਸਰੋਂ ਦੇ ਤੇਲ ਦੀਆਂ ਕੀਮਤਾਂ ਸਿਖਰਾਂ ਤੇ ਪਹੁੰਚ ਗਈਆਂ ਹਨ। ਥੋਕ ਵਿਚ ਚੀਨੀ ਦੀ ਕੀਮਤ 225 ਰੁਪਏ ਤੋਂ 300 ਰੁਪਏ ਪ੍ਰਤੀ ਕੁਇੰਟਲ ਹੋ ਗਈ ਹੈ. ਜਦੋਂ ਕਿ ਦਾਲਾਂ ਵਿੱਚ 15 ਤੋਂ 20 ਰੁਪਏ ਪ੍ਰਤੀ ਕਿੱਲੋ ਦਾ ਵਾਧਾ ਹੋਇਆ ਹੈ। ਸਬਜ਼ੀ ਘਿਓ ਅਤੇ ਸਰੋਂ ਦੇ ਤੇਲ ਦੀਆਂ ਕੀਮਤਾਂ ਵਿਚ 4 ਤੋਂ 5 ਰੁਪਏ ਪ੍ਰਤੀ ਲੀਟਰ ਦਾ ਵਾਧਾ ਹੋਇਆ ਹੈ। ਆਟੇ ਦੀ ਕੀਮਤ ਵਿੱਚ ਵੀ 45 ਰੁਪਏ ਪ੍ਰਤੀ ਬੈਗ (10 ਕਿਲੋ) ਦਾ ਵਾਧਾ ਹੋਇਆ ਹੈ। ਗਾਹਕਾਂ ਵਿੱਚ ਹਫੜਾ-ਦਫੜੀ ਹੈ। ਛੋਟੇ ਸ਼ਹਿਰਾਂ, ਕਸਬਿਆਂ ਅਤੇ ਪਿੰਡਾਂ ਤੋਂ ਇਕੱਠੀ ਕੀਤੀ ਜਾਣਕਾਰੀ ਦੇ ਅਨੁਸਾਰ, ਬਹੁਤੀਆਂ ਦੁਕਾਨਾਂ ਨੇ ਸਮਾਨ ਖਤਮ ਕਰ ਦਿੱਤਾ ਹੈ ਜਾਂ ਖ਼ਤਮ ਹੋਣ ਦੇ ਰਾਹ ਤੇ ਹੈ. ਦੁਕਾਨਦਾਰਾਂ ਦਾ ਕਹਿਣਾ ਹੈ ਕਿ ਕਰਿਆਨੇ ਦੀ ਸਪਲਾਈ ਨਵੀਂ ਦਿੱਲੀ ਸਣੇ ਦੂਜੇ ਰਾਜਾਂ ਤੋਂ ਹੁੰਦੀ ਹੈ ਪਰ ਪਿਛਲੇ 10 ਦਿਨਾਂ ਤੋਂ ਟਰਾਂਸਪੋਰਟ ਬੰਦ ਹੋਣ ਕਾਰਨ ਸਪਲਾਈ ਦੀ ਭਾਰੀ ਘਾਟ ਹੋ ਰਹੀ ਹੈ।

ਜੇ ਕਰਫਿਊ ਦਾ ਹਾਲ ਅਜਿਹਾ ਰਿਹਾ, ਸਪਲਾਈ ਨਾ ਹੋਈ ਤਾਂ ਜ਼ਰੂਰੀ ਵਸਤਾਂ ਦੀ ਸਪਲਾਈ ਵਿਚ ਭਾਰੀ ਕਮੀ ਆ ਸਕਦੀ ਹੈ। ਕੋਰੋਨਾ ਖੇਤੀਬਾੜੀ ਸੈਕਟਰ ਨੂੰ ਵੀ ਹਿੱਟ ਕਰਦੀ ਦਿਖਾਈ ਦੇ ਰਹੀ ਹੈ. ਰਾਜ ਵਿੱਚ ਕਰਫਿਊ ਕਾਰਨ ਨਰਮੇ ਦੀ ਫਸਲ ਦੀ ਬਿਜਾਈ ਤੋਂ ਕਿਸਾਨ ਚਿੰਤਤ ਹਨ। ਉਨਾਂ ਨੂੰ ਡਰ ਹੈ ਕਿ ਜੇ ਕਰਫਿਊ ਦੀ ਸਮਾਂ ਸੀਮਾ ਵਧ ਗਈ ਤਾਂ ਉਨਾਂ ਦੀਆਂ ਮੁਸੀਬਤਾਂ ਵੀ ਵਧਣਗੀਆਂ। ਬੇਸ਼ੱਕ ਖੇਤੀਬਾੜੀ ਵਿਭਾਗ ਸਾਰੇ ਪ੍ਰਬੰਧਾਂ ਨੂੰ ਯਕੀਨੀ ਬਣਾਉਣ ਦੇ ਦਾਅਵੇ ਕਰ ਰਿਹਾ ਹੈ ਪਰ ਜੇ ਪਿਛਲੇ ਸਾਲ ਵੱਲ ਝਾਤ ਮਾਰੀ ਜਾਵੇ ਤਾਂ ਇਸ ਵਾਰ ਬਿਜਾਈ ਵਿਚ ਦੇਰੀ ਹੋਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਦੇਸ਼ ਭਰ ਵਿਚ ਤਾਲਾਬੰਦੀ ਕਾਰਨ ਬੀਜ ਕੰਪਨੀਆਂ ਦਾ ਕੰਮ ਵੀ ਠੰਡਾ ਪੈ ਗਿਆ ਹੈ। ਕਿਸਾਨ ਕਣਕ ਦੀ ਕਟਾਈ ਬਾਰੇ ਚਿੰਤਤ ਹੈ ਤਾਂ ਕਿ ਇਸ ਦੀ ਫਸਲ ਮੰਡੀਆਂ ਵਿੱਚ ਨਾ ਵਿਕਸਤ ਹੋਵੇ। ਪਰ ਪੰਜਾਬ ਸਰਕਾਰ ਦਾ ਕਹਿਣਾ ਹੈ ਕਿ ਕਣਕ ਦੀ ਖਰੀਦ 15 ਅਪ੍ਰੈਲ ਤੋਂ ਸ਼ੁਰੂ ਹੋਵੇਗੀ।

ਇਸ ਦੇ ਨਾਲ ਹੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆੜ੍ਹਤੀਆਂ ਨੂੰ ਕਣਕ ਦਾ 48 ਘੰਟਿਆਂ ਵਿਚ ਅਦਾਇਗੀ ਕਰਨ ਦੇ ਨਿਰਦੇਸ਼ ਦਿੱਤੇ ਹਨ। ਇਸ ਸਮੇਂ ਦੌਰਾਨ ਮਜ਼ਦੂਰਾਂ ਦੀ ਘਾਟ ਹੋ ਸਕਦੀ ਹੈ। ਦੇਸ਼ ਭਰ ਵਿਚ ਤਾਲਾਬੰਦੀ ਕਾਰਨ ਦੂਜੇ ਰਾਜਾਂ ਤੋਂ ਆਏ ਕਾਮਿਆਂ ਦਾ ਪਹਿਲਾਂ ਦੀ ਤਰਾਂ ਆਉਣਾ ਮੁਸ਼ਕਲ ਹੈ। ਖੇਤੀ ਦੇ ਆਰਥਿਕ ਮਾਹਿਰ ਕਹਿੰਦੇ ਹਨ ਕਿ ਸਰਕਾਰ ਲਈ ਖੇਤੀ ਸੈਕਟਰ ਨੂੰ ਨਜ਼ਰ ਅੰਦਾਜ਼ ਕਰਨਾ ਵੱਡੀ ਭੁੱਲ ਹੋਵੇਗੀ। ਰਾਜ ਦੀਆਂ ਕਈ ਫੈਕਟਰੀਆਂ ਵਿਚ ਲਗਭਗ 35 ਲੱਖ ਮਜ਼ਦੂਰ ਰੋਜ਼ਾਨਾ ਦਿਹਾੜੀ ਕਰਨ ਵਾਲੇ ਮਜ਼ਦੂਰਾਂ ਦਾ ਕੰਮ ਕਰਦੇ ਹਨ, ਜੋ ਕਿ ਹੁਣ ਬੰਦ ਹਨ। ਇਕੱਲੇ ਲੁਧਿਆਣਾ ਵਿੱਚ 15 ਲੱਖ ਕਾਮੇ ਹਨ, ਜਿਨਾਂ ਵਿੱਚੋਂ 5 ਲੱਖ ਦਿਹਾੜੀ ਮਜ਼ਦੂਰ ਹਨ ਅਤੇ 10 ਲੱਖ ਫੈਕਟਰੀਆਂ ਵਿੱਚ ਨਿਯਮਤ ਕਾਮੇ ਹਨ। ਤਾਲਾਬੰਦੀ ਕਾਰਨ ਸ਼ਹਿਰਾਂ ਵਿਚ ਫੈਕਟਰੀਆਂ ਬੰਦ ਹਨ। ਇਸ ਸੰਕਟ ਵਿੱਚ ਰੋਜ਼ਾਨਾ ਕਮਾਈ ਕਰਨ ਵਾਲੇ ਦਿਹਾੜੀਦਾਰ ਮਜ਼ਦੂਰਾਂ ਦਾ ਗੁਜ਼ਾਰਾ ਮੁਸ਼ਕਲ ਹੋ ਗਿਆ ਹੈ। ਵੱਡੀ ਗਿਣਤੀ ਪਰਵਾਸੀ ਮਜ਼ਦੂਰ ਆਪਣੇ ਰਾਜਾਂ ਵਿੱਚ ਪਰਵਾਸ ਕਰਕੇ ਕਿਸਾਨ ਅਤੇ ਉਦਯੋਗਪਤੀ ਚਿੰਤਤ ਹਨ। ਅਗਲੇ ਕੁਝ ਦਿਨਾਂ ਵਿੱਚ ਖੇਤਾਂ ਵਿੱਚ ਕਣਕ ਦੀ ਕਟਾਈ ਦਾ ਕੰਮ ਸ਼ੁਰੂ ਹੋਣਾ ਹੈ, ਇਸ ਸਥਿਤੀ ਵਿੱਚ ਮਜ਼ਦੂਰਾਂ ਦੀ ਘਾਟ ਹੈ। ਪੰਜਾਬ ਦੇ ਕਿਸਾਨਾਂ ਨੇ ਮਜ਼ਦੂਰਾਂ ਨੂੰ ਪੈਸੇ ਤੇ ਰਾਸ਼ਨ ਦੇ ਕੇ ਆਪਣੇ ਕੋਲ ਰੱਖ ਲਿਆ ਹੈ।

ਕਰਫਿਊ ਕਾਰਨ ਸਰਵਿਸ ਇੰਡਸਟਰੀ (ਹੋਟਲ, ਗੈਸਟ ਹਾਊਸ, ਰੈਸਟੋਰੈਂਟ, ਢਾਬਿਆਂ ਅਤੇ ਸੈਰ-ਸਪਾਟਾ ਕੇਂਦਰ) ਨੂੰ ਭਾਰੀ ਵਿੱਤੀ ਸੱਟ ਵੱਜੀ ਹੈ। ਮਾਲਕ ਤੇ ਮਜ਼ਦੂਰ ਵਿੱਤੀ ਸੰਕਟ ਦਾ ਸਾਹਮਣਾ ਕਰ ਰਹੇ ਹਨ। ਇਸ ਕਾਰੋਬਾਰ ਨਾਲ ਜੁੜੇ ਲੋਕਾਂ ਅਨੁਸਾਰ ਪੰਜਾਬ ਤੇ ਚੰਡੀਗੜ ਵਿੱਚ ਇਸ ਕਾਰੋਬਾਰ ਨਾਲ ਜੁੜੇ ਲਗਭਗ 50 ਹਜ਼ਾਰ ਲੋਕ ਬੇਰੁਜ਼ਗਾਰ ਹੋ ਗਏ ਹਨ।

ਆਰਥਿਕ ਸੰਕਟ ਦਾ ਸਾਹਮਣਾ ਕਰ ਰਹੀ ਸਰਕਾਰ ਲਈ ਤਾਜ਼ਾ ਸੰਕਟ ਬਹੁਤ ਚੁਣੌਤੀਪੂਰਨ ਹੈ। ਜੇ ਸੰਕਟ ਲੰਮੇ ਸਮੇਂ ਤੱਕ ਚਲਦਾ ਰਿਹਾ ਤਾਂ ਸਰਕਾਰ 'ਤੇ ਲੋਕਾਂ ਨੂੰ ਸਹੂਲਤਾਂ ਦੇਣ ਦਾ ਦਬਾਅ ਵਧੇਗਾ। ਇਸ ਵੇਲੇ ਪੰਜਾਬ ਸਰਕਾਰ ਨੂੰ 4700 ਕਰੋੜ ਰੁਪਏ ਵੈਟ ਮੁਆਵਜ਼ੇ ਅਤੇ ਕੇਂਦਰ ਤੋਂ ਪੁਰਾਣੇ ਬਕਾਏ ਵਜੋਂ ਲੈਣੇ ਹਨ। ਰਾਜ ਦੇ ਮੁੱਖ ਮੰਤਰੀ ਨੇ ਹਾਲ ਹੀ ਵਿਚ ਇਸ ਬਕਾਏ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਦਖਲ ਦੇਣ ਦੀ ਅਪੀਲ ਕੀਤੀ ਹੈ।

ਇੱਥੇ ਜ਼ਿਕਰਯੋਗ ਹੈ ਕਿ ਮੋਦੀ ਸਰਕਾਰ ਕੋਰੋਨਾ ਨਾਲ ਲੜਾਈ ਲਈ ਵੱਡੇ-ਵੱਡੇ ਫੰਡ ਜਾਰੀ ਕਰਨ ਦੇ ਦਾਅਵੇ ਕਰ ਰਹੀ ਹੈ ਪਰ ਪੰਜਾਬ ਨੂੰ ਕੁਝ ਵੀ ਨਹੀਂ ਮਿਲਿਆ। ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦਾ ਕਹਿਣਾ ਹੈ ਕਿ 'ਕੋਵਿਡ-19 ਦੇ ਮੁਕਾਬਲੇ ਲਈ ਪੰਜਾਬ ਨੂੰ ਕੇਂਦਰ ਤੋਂ ਕੋਈ ਸਹਾਇਤਾ ਰਾਸ਼ੀ ਪ੍ਰਾਪਤ ਨਹੀਂ ਹੋਈ ਹੈ। ਉਨਾਂ ਦਾ ਕਹਿਣਾ ਹੈ ਕਿ ਪਿਛਲੇ ਸਮੇਂ ਵਿੱਚ ਸੂਬੇ ਨੂੰ ਜੋ ਰਾਸ਼ੀ ਪ੍ਰਾਪਤ ਹੋਈ, ਉਹ ਰਾਜ ਦੀਆਂ ਕੇਂਦਰ ਵੱਲ ਜੀਐਸਟੀ, ਮੁਆਵਜ਼ਾ, ਮਾਲੀਆ ਘਾਟਾ ਗ੍ਰਾਂਟ ਤੇ ਆਫ਼ਤ ਰਾਹਤ ਫੰਡ ਦੀਆਂ ਬਕਾਇਆ ਗ੍ਰਾਂਟਾਂ ਹੀ ਸਨ। ਉਨਾਂ ਦੱਸਿਆ ਕਿ ਸੂਬੇ ਦੀਆਂ ਇਨਾਂ ਮਦਾਂ ਦਾ ਚਾਰ ਹੋਰ ਮਹੀਨਿਆਂ ਦਾ ਬਕਾਇਆ ਅਜੇ ਕੇਂਦਰ ਸਰਕਾਰ ਵੱਲ ਖੜਾ ਹੈ। ਮਨਪ੍ਰੀਤ ਸਿੰਘ ਬਾਦਲ ਦਾ ਕਹਿਣਾ ਹੈ ਕਿ ਪਿਛਲੇ ਤਿੰਨ ਹਫਤਿਆਂ ਤੋਂ ਕੋਰੋਨਾ-ਲੌਕਡਾਊਨ ਤੇ ਕਰਫ਼ਿਊ ਕਾਰਨ ਕੋਈ ਆਰਥਿਕ ਗਤੀਵਿਧੀ ਤਾਂ ਹੋ ਨਹੀਂ ਰਹੀ। ਉਨਾਂ ਦੱਸਿਆ ਕਿ ਇਸ ਨਾਲ ਸੂਬੇ ਦਾ ਰੋਜ਼ਾਨਾ 1,000 ਕਰੋੜ ਰੁਪਏ ਦਾ ਨੁਕਸਾਨ ਹੋ ਰਿਹਾ ਹੈ। ਟੈਕਸ ਆਮਦਨ ਖ਼ਤਮ ਹੋ ਗਈ ਹੈ। ਰੋਜ਼ਾਨਾ ਮਾਲ ਤੇ ਸੇਵਾਵਾਂ ਦੇ ਟੈਕਸ, ਵੈਟ, ਰਾਜ ਆਬਕਾਰੀ ਆਦਿ ਨਾ ਲੱਗਣ ਕਾਰਨ ਹੀ 150 ਕਰੋੜ ਰੁਪਏ ਦਾ ਨੁਕਸਾਨ ਹੋ ਰਿਹਾ ਹੈ। ਪੰਜਾਬ ਰਾਜ ਬਿਜਲੀ ਨਿਗਮ ਲਿਮਿਟੇਡ ਦਾ ਰੋਜ਼ਾਨਾ 30 ਕਰੋੜ ਰੁਪਏ ਦਾ ਨੁਕਸਾਨ ਵੱਖਰਾ ਹੋ ਰਿਹਾ ਹੈ।

ਸਰਕਾਰ ਨੂੰ ਸਭ ਤੋਂ ਵੱਡੀ ਆਮਦਨੀ ਪੈਟਰੋਲ, ਡੀਜ਼ਲ, ਤੇਲ, ਜੀਐਸਟੀ, ਕਾਰਾਂ ਅਤੇ ਹੋਰ ਵਾਹਨਾਂ ਦੀ ਵਿਕਰੀ ਅਤੇ ਜ਼ਮੀਨ ਦੀ ਵਿਕਰੀ ਅਤੇ ਵਿਕਰੀ ਤੋਂ ਆਉਂਦੀ ਹੈ. ਇਹ ਸਾਰੇ ਸਾਧਨ ਬੰਦ ਹੋ ਗਏ ਹਨ।

ਹਾਲਾਂਕਿ ਸਰਕਾਰ ਦੀ ਆਮਦਨੀ ਬੰਦ ਕਰ ਦਿੱਤੀ ਗਈ ਹੈ, ਪਰ ਤਨਖਾਹਾਂ ਦੀ ਅਦਾਇਗੀ, ਪੈਨਸ਼ਨਾਂ ਦੀ ਮੁੜ ਅਦਾਇਗੀ ਲਈ 700 ਕਰੋੜ ਰੁਪਏ, ਕਰਜ਼ੇ ਦੀਆਂ ਕਿਸ਼ਤਾਂ ਅਤੇ ਕਰਜ਼ੇ ਦੇ ਵਿਆਜ ਦਾ ਭੁਗਤਾਨ ਕਰਨ ਲਈ ਨਿਯਮਤ ਖਰਚਿਆਂ 'ਤੇ ਪ੍ਰਤੀ ਮਹੀਨਾ 2100 ਕਰੋੜ ਰੁਪਏ, 2700 ਕਰੋੜ ਰੁਪਏ ਦੀ ਜ਼ਰੂਰਤ ਹੈ. ਇਸ ਤਰਾਂ, ਸਰਕਾਰ ਨੂੰ ਹਰ ਮਹੀਨੇ 6000 ਕਰੋੜ ਰੁਪਏ ਤੋਂ ਵੱਧ ਦੀ ਬਿਜਲੀ ਸਬਸਿਡੀ ਅਤੇ ਹੋਰ ਰੋਜ਼ਾਨਾ ਖਰਚਿਆਂ ਦੀ ਜ਼ਰੂਰਤ ਹੈ। ਪੰਜਾਬ ਸਰਕਾਰ ਪਿਛਲੇ ਕਈ ਸਾਲਾਂ ਤੋਂ ਸਖ਼ਤ ਆਰਥਿਕ ਸੰਕਟ ਦਾ ਸਾਹਮਣਾ ਕਰ ਰਹੀ ਹੈ।

## ਅਮਰੀਕਾ ਨੇ ਐਚ1ਬੀ...

ਅਮਰੀਕਾ ਦੇ ਅੰਦਰੂਨੀ ਸੁਰੱਖਿਆ ਵਿਭਾਗ ਨੇ ਇਕ ਨਵਾਂ ਨੋਟੀਫਿਕੇਸ਼ਨ ਜਾਰੀ ਕਰਕੇ ਉਪਰੋਕਤ ਐਲਾਨ ਅਜਿਹੇ ਮੌਕੇ ਕੀਤਾ ਹੈ ਜਦੋਂ ਬਹੁਤੇ ਮੁਲਕਾਂ ਨੇ ਕਰੋਨਾਵਾਇਰਸ ਮਹਾਂਮਾਰੀ ਕਰਕੇ ਆਪਣੀਆਂ ਸਰਹੱਦਾਂ ਸੀਲ ਕਰਨ ਦੇ ਨਾਲ ਆਲਮੀ ਪੱਧਰ 'ਤੇ ਆਪਣੀਆਂ ਕੌਮਾਂਤਰੀ ਮੁਸਾਫ਼ਰ ਉਡਾਨਾਂ ਮੁਅੱਤਲ ਕਰ ਦਿੱਤੀਆਂ ਹਨ। ਯਾਤਰਾ ਪਾਬੰਦੀਆਂ ਕਰਕੇ ਵੱਡੀ ਗਿਣਤੀ ਐੱਚ-1ਬੀ ਵੀਜ਼ਾ ਧਾਰਕ ਜਲਦੀ ਹੀ ਵੀਜ਼ੇ ਦੀ ਮਿਆਦ ਮੁੱਕਣ ਕਰਕੇ ਉਥੇ ਫ਼ਸ ਜਾਣਗੇ।

## ਲੌਕਡਾਊਨ 3 ਮਈ ਤਕ...

ਉਨਾਂ ਕਿਹਾ ਕਿ ਹਾੜੀ ਦੀਆਂ ਫ਼ਸਲਾਂ ਕਟਾਈ 'ਤੇ ਹਨ ਤੇ ਕੇਂਦਰ ਸਰਕਾਰ ਰਾਜਾਂ ਨਾਲ ਮਿਲ ਕੇ ਕੰਮ ਕਰ ਰਹੀ ਹੈ ਤਾਂ ਕਿ ਕਿਸਾਨਾਂ ਨੂੰ ਘੱਟੋ-ਘੱਟ ਮੁਸ਼ਕਲਾਂ ਆਉਣ। ਪ੍ਰਧਾਨ ਮੰਤਰੀ ਨੇ ਦੇਸ਼ ਵਾਸੀਆਂ ਨੂੰ ਭਰੋਸਾ ਦਿੱਤਾ ਕਿ ਭਾਰਤ ਵਿੱਚ ਦਵਾਈਆਂ ਤੇ ਰਾਸ਼ਨ ਦੇ ਢੁੱਕਵੇਂ ਭੰਡਾਰ ਮੌਜੂਦ ਹਨ। ਉਨਾਂ ਕਿਹਾ ਕਿ ਕੋਵਿਡ-19 ਦੀ ਜਾਂਚ ਲਈ ਦੇਸ਼ ਵਿੱਚ 220 ਲੈਬਾਰਟਰੀਆਂ ਹਨ। ਉਨਾਂ ਕਿਹਾ ਕਿ ਕੌਮਾਂਤਰੀ ਤਜਰਬੇ ਮੁਤਾਬਕ ਜਦੋਂ 10 ਹਜ਼ਾਰ ਮਰੀਜ਼ ਹੁੰਦੇ ਹਨ ਤਾਂ 1500-1600 ਬਿਸਤਰਿਆਂ ਦੀ ਲੋੜ ਪੈਂਦੀ ਹੈ, ਪਰ ਸਰਕਾਰ ਨੇ ਇਕ ਲੱਖ ਤੋਂ ਵੱਧ ਬਿਸਤਰਿਆਂ ਦਾ ਪ੍ਰਬੰਧ ਕੀਤਾ ਹੈ। ਉਨਾਂ ਕਿਹਾ ਕਿ ਇਸ ਵੇਲੇ 600 ਤੋਂ ਵੱਧ ਹਸਪਤਾਲਾਂ ਨੂੰ ਤਿਆਰ-ਬਰ-ਤਿਆਰ ਰੱਖਿਆ ਗਿਆ ਹੈ ਤੇ ਸਿਹਤ ਸਹੂਲਤਾਂ ਵਿੱਚ ਵੱਡੇ ਪੱਧਰ 'ਤੇ ਵਾਧਾ ਕੀਤਾ ਜਾ ਰਿਹਾ ਹੈ।

ਸ੍ਰੀ ਮੋਦੀ ਨੇ ਦੇਸ਼ ਵਾਸੀਆਂ ਤੋਂ ਸੱਤ ਨੁਕਤਿਆਂ 'ਤੇ ਹਮਾਇਤ ਮੰਗਦਿਆਂ ਕਿਹਾ ਕਿ ਉਹ ਘਰਾਂ ਵਿੱਚ ਉਨਾਂ ਬਜ਼ੁਰਗਾਂ, ਜੋ ਖਾਸ ਕਰ ਕੇ ਕਿਸੇ ਪੁਰਾਣੀ ਬਿਮਾਰੀ ਦੇ ਸ਼ਿਕਾਰ ਹਨ, ਦੀ ਵਿਸ਼ੇਸ਼ ਸਾਂਭ-ਸੰਭਾਲ ਯਕੀਨੀ ਬਣਾਉਣ। ਤਾਲਾਬੰਦੀ ਦੌਰਾਨ 'ਲਕਸ਼ਮਣ ਰੇਖਾ' ਦੀ ਹਰ ਹਾਲ ਪਾਲਣਾ ਹੋਵੇ। ਲੋਕ ਘਰ ਵਿੱਚ ਬਣੇ ਮਾਸਕ ਲਾਜ਼ਮੀ ਪਾਉਣ। ਰੋਗਾਂ ਤੋਂ ਲੜਨ ਲਈ ਸਰੀਰ ਦੀ ਅੰਦਰੂਨੀ ਤਾਕਤ ਵਧਾਉਣ ਲਈ ਆਯੂਸ਼ ਵਿਭਾਗ ਵੱਲੋਂ ਦੱਸੇ ਉਪਾਵਾਂ ਦੀ ਪਾਲਣਾ ਕਰਨ। ਉਨਾਂ ਅਰੋਗਿਆ ਸੇਤੂ ਐਪ ਇਸਤੇਮਾਲ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਉਨਾਂ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਆਪਣੇ ਨੇੜਲੇ ਗ਼ਰੀਬਾਂ ਤੇ ਲੋੜਵੰਦਾਂ ਦੀ ਦੇਖਭਾਲ ਕਰਨ। ਉਨਾਂ ਐਂਪਲਾਇਰਾਂ (ਮਾਲਕਾਂ) ਨੂੰ ਅਪੀਲ ਕੀਤੀ ਕਿ ਉਹ ਆਪਣੇ ਕਰਮਚਾਰੀਆਂ ਪ੍ਰਤੀ ਸੰਵੇਦਨਸ਼ੀਲ ਹੋਣ ਤੇ ਆਰਥਿਕ ਤੰਗੀ ਮੌਕੇ ਉਨਾਂ ਨੂੰ ਨੌਕਰੀ ਤੋਂ ਨਾ ਹਟਾਉਣ। ਉਨਾਂ ਡਾਕਟਰਾਂ, ਨਰਸਾਂ ਤੇ ਸਫ਼ਾਈ ਸੇਵਕਾਂ ਨੂੰ ਕਰੋਨਾ ਯੋਧਿਆਂ ਵਜੋਂ ਸਨਮਾਨ ਦੇਣ ਦੀ ਅਪੀਲ ਕੀਤੀ। ਉਨਾਂ ਕਿਹਾ ਕਿ ਕਰੋਨਾਵਾਇਰਸ ਖ਼ਿਲਾਫ਼ ਕਾਰਗਰ ਤੇ ਇਕੋ ਇਕ ਇਲਾਜ ਸਮਾਜਿਕ ਦੂਰੀ ਹੈ। ਉਨਾਂ ਕਰੋਨਾ ਨੂੰ ਦੂਜੇ ਖੇਤਰਾਂ ਵਿੱਚ ਨਾ ਫੈਲਣ ਦੇਣ ਦਾ ਸੱਦਾ ਦਿੰਦਿਆਂ ਕਿਹਾ ਕਿ ਤਾਲਾਬੰਦੀ ਦੌਰਾਨ ਭਾਰਤ ਨੂੰ ਵੱਡੀ ਆਰਥਿਕ ਕੀਮਤ ਅਦਾ ਕਰਨੀ ਪਈ ਹੈ। ਇਸ ਕਰਕੇ ਭਾਵੇਂ ਆਰਥਿਕ ਕੰਮਕਾਜ ਠੱਪ ਹੋ ਗਿਆ, ਪਰ ਮਨੁੱਖਾਂ ਨੂੰ ਬਚਾਉਣ ਦਾ ਹੋਰ ਕੋਈ ਬਦਲ ਨਹੀਂ ਸੀ।' ਉਨਾਂ ਕਿਹਾ ਕਿ ਕਿਸੇ ਨੂੰ ਖਾਣਾ ਨਹੀਂ ਜੁੜਿਆ, ਕੋਈ ਸਫ਼ਰ ਨਹੀਂ ਕਰ ਸਕਦਾ, ਪਰ ਸਾਰੇ ਅਨੁਸ਼ਾਸਿਤ ਸਿਪਾਹੀ ਵਾਂਗ ਫਰਜ਼ਾਂ ਦੀ ਪਾਲਣਾ ਕਰ ਰਹੇ ਹਨ। ਸ੍ਰੀ ਮੋਦੀ ਨੇ ਹੋਰਨਾਂ ਵਿਕਸਤ ਮੁਲਕਾਂ ਨਾਲ ਤੁਲਨਾ ਕਰਦਿਆਂ ਕਿਹਾ ਕਿ ਭਾਰਤ ਸਮੇਂ ਸਿਰ ਲਏ ਫ਼ੈਸਲਿਆਂ ਕਾਰਨ ਅੱਜ ਉਨਾਂ ਨਾਲੋਂ ਵਧੇਰੇ ਬਿਹਤਰ ਸਥਿਤੀ ਵਿੱਚ ਹੈ। ਉਨਾਂ ਕਿਹਾ ਕਿ ਕੋਵਿਡ-19 ਕੇਸ ਦਾ ਅੰਕੜਾ ਸੌ ਹੋਣ ਤੋਂ ਪਹਿਲਾਂ ਹੀ ਭਾਰਤ ਨੇ ਵਿਦੇਸ਼ ਤੋਂ ਪਰਤੇ ਨਾਗਰਿਕਾਂ ਲਈ 14 ਦਿਨਾਂ ਲਈ ਇਕਾਂਤਵਾਸ 'ਚ ਰਹਿਣ ਦੀ ਸ਼ਰਤ ਲਾਜ਼ਮੀ ਕਰ ਦਿੱਤੀ ਸੀ। ਜਦੋਂ ਕੇਸਾਂ ਦੀ ਗਿਣਤੀ 550 ਹੋਈ ਤਾਂ ਸਮੁੱਚੇ ਦੇਸ਼ ਨੂੰ 21 ਦਿਨਾਂ ਲਈ ਲੌਕਡਾਊਨ ਕਰ ਦਿੱਤਾ। ਸੰਵਿਧਾਨ ਨਿਰਮਾਤਾ ਬੀ.ਆਰ. ਅੰਬੇਦਕਰ ਦੇ ਜਨਮਦਿਨ ਮੌਕੇ ਪ੍ਰਧਾਨ ਮੰਤਰੀ ਨੇ ਕਿਹਾ ਕਿ ਕਰੋਨਾਵਾਇਰਸ ਮਹਾਂਮਾਰੀ ਦੇ ਪਾਸਾਰ ਵਿਰੁੱਧ ਲੜਾਈ 'ਚ ਦੇਸ਼ ਦੇ ਨਾਗਰਿਕਾਂ ਦੀਆਂ ਕੋਸ਼ਿਸ਼ਾਂ ਅੰਬੇਦਕਰ ਨੂੰ ਸੱਚੀ ਸ਼ਰਧਾਂਜਲੀ ਹੈ। ਉਨਾਂ ਕਿਹਾ ਕਿ

ਭਾਰਤ ਨੇ ਵਾਇਰਸ ਦੇ ਪੈਰ ਪਸਾਰਨ ਦੀ ਉਡੀਕ ਨਹੀਂ ਕੀਤੀ, ਜਿਵੇਂ ਹੀ ਸਮੱਸਿਆ ਸਾਹਮਣੇ ਆਈ, ਤੁਰੰਤ ਫੈਸਲੇ ਲੈ ਕੇ ਇਸ ਨੂੰ ਰੋਕਣ ਦੀ ਕੋਸ਼ਿਸ਼ ਕੀਤੀ। ਉਨਾਂ ਦਾਅਵਾ ਕੀਤਾ ਕਿ ਜੇਕਰ ਸਰਕਾਰ ਅਜਿਹੇ ਫੈਸਲੇ ਛੇਤੀ ਨਾ ਲੈਂਦੀ ਤਾਂ ਸ਼ਾਇਦ ਅੱਜ ਸਥਿਤੀ ਕੁਝ ਹੋਰ ਹੁੰਦੀ।

## ਸਿੱਖ ਇਤਿਹਾਸਕ ਗ੍ਰੰਥਾਂ..

ਖ਼ਾਲਸਾ ਧਰਮ ਪਤਿਤ ਪਾਵਨ, ਰਾਮਾਇਣ ਫੁਲਮਾਲਾ, ਰਾਮਾਇਣ, ਕੰਵਲ ਫੁਲਮਾਲਾ, ਗੁਰਪੁਰਬ ਪ੍ਰਕਾਸ਼, ਅੰਮ੍ਰਿਤ ਪ੍ਰਕਾਸ਼, ਭਾਈ ਮਨੀ ਸਿੰਘ, ਅਨਿਕ ਪ੍ਰਕਾਸ਼, ਨੀਤੀ ਪ੍ਰਕਾਸ਼, ਭੇਖ ਪ੍ਰਭਾਵਕ, ਪ੍ਰਸ਼ਨੋਤਰੀ ਆਦਿ ਹੋਰ ਪ੍ਰਮੁੱਖ ਰਚਨਾਵਾਂ ਹਨ। ਉਨਾਂ ਨੇ ਆਪਣੀ ਸਵੈ-ਜੀਵਨੀ ਵੀ ਲਿਖੀ। ਕੁਝ ਵਿਦਵਾਨਾਂ ਅਨੁਸਾਰ ਉਨਾਂ ਦੀਆਂ ਕੁਝ ਹੱਥ ਲਿਖਤਾਂ ਅਜੇ ਵੀ ਅਣਛਪੀਆਂ ਹਨ। ਡਾ. ਭਗਤ ਸਿੰਘ ਵੱਲੋਂ ਗਿਆਨੀ ਗਿਆਨ ਸਿੰਘ ਉੱਪਰ ਕਿਤਾਬ ਛਾਪੀ ਗਈ ਹੈ, ਜਿਸ ਨੂੰ ਸਮੀਖਿਆ ਬੋਰਡ ਜਲੰਧਰ ਨੇ ਛਾਪਿਆ ਹੈ।

24 ਸਤੰਬਰ 1921 ਨੂੰ ਗਿਆਨੀ ਗਿਆਨ ਸਿੰਘ ਦੀ ਮੌਤ ਹੋ ਗਈ। ਸਿੱਖ ਇਤਿਹਾਸ ਵਿੱਚ ਪੁਨਰ ਜਾਗ੍ਰਿਤੀ ਲਿਆਉਣ ਲਈ ਇਸ ਮਹਾਨ ਵਿਦਵਾਨ ਦਾ ਬਹੁਤ ਯੋਗਦਾਨ ਹੈ। ਆਪਣੇ ਜੀਵਨ ਦੇ ਵੱਖ ਵੱਖ ਪੜਾਵਾਂ ਦੌਰਾਨ ਉਨਾਂ ਨੇ ਆਪਣੇ ਅੰਦਰ ਛੁਪੇ ਗਿਆਨ ਨੂੰ ਲੋਕਾਂ ਸਾਹਮਣੇ ਪ੍ਰਗਟ ਕੀਤਾ ਤੇ ਸਿੱਖ ਇਤਿਹਾਸ ਨੂੰ ਕੁਝ ਹੱਦ ਤਕ ਲਾਮਬੰਦ ਕੀਤਾ। 1916 ਵਿੱਚ ਮਹਾਰਾਜਾ ਪਟਿਆਲਾ ਦੁਆਰਾ ਇੱਕ ਇਤਿਹਾਸਕ ਕਮੇਟੀ ਬਣਾ ਕੇ ਉਨਾਂ ਦੇ ਕੰਮਾਂ ਨੂੰ ਛਪਵਾਉਣ ਦੀ ਕੋਸ਼ਿਸ਼ ਕੀਤੀ ਗਈ ਸੀ ਪਰ ਕੁਝ ਕਾਰਨਾਂ ਕਰਕੇ ਇਹ ਵਿਉਂਤ ਸਿਰੇ ਨਾ ਚੜ ਸਕੀ।

ਗਿਆਨੀ ਗਿਆਨ ਸਿੰਘ ਸਿੱਖ ਇਤਿਹਾਸ ਦੀ ਉਹ ਮੂਰਤ ਹੈ, ਜਿਸ ਨੂੰ ਵੀਹਵੀਂ ਸਦੀ ਦੇ ਇਤਿਹਾਸਕ ਪੰਨਿਆਂ ਤੋਂ ਅੱਖੋਂ-ਪਰੋਖੇ ਕਰਨਾ ਸਿੱਖ ਇਤਿਹਾਸ ਦਾ ਅਪਮਾਨ ਕਰਨ ਦੇ ਬਰਾਬਰ ਹੈ। ਉਨਾਂ ਨੇ ਸਮਕਾਲੀ ਸਰੋਤਾਂ ਦੀ ਸਹਾਇਤਾ ਨਾਲ ਕੁਝ ਅਜਿਹੀਆਂ ਘਟਨਾਵਾਂ ਤੇ ਧਾਰਮਿਕ ਸਥਾਨਾਂ ਦਾ ਵਰਣਨ ਕੀਤਾ ਹੈ, ਜੋ ਆਮ ਤੌਰ 'ਤੇ ਦੂਜੇ ਇਤਿਹਾਸਕ ਗ੍ਰੰਥਾਂ ਜਾਂ ਸਿੱਖ ਇਤਿਹਾਸ ਦੇ ਸਰੋਤਾਂ ਵਿੱਚ ਨਹੀਂ ਮਿਲਦਾ।

# ਗੁਰੂ ਨਾਨਕ ਦੀ ਆਧੁਨਿਕ ਤੇ ਵਿਗਿਆਨਕ ਸੋਚ

- ਡਾ. ਬਨਿੰਦਰ ਰਾਹੀ

98101-97763

ਗੁਰੂ ਨਾਨਕ ਦੇਵ ਦੇ 550 ਸਾਲਾ ਸਮਾਗਮ ਸਿਰਫ਼ ਪੰਜਾਬ ਵਿਚ ਹੀ ਨਹੀਂ ਪੂਰੀ ਦੁਨੀਆਂ ਵਿਚ ਮਨਾਏ ਗਏ। ਭਾਰਤ ਤੇ ਪਾਕਿਸਤਾਨ ਦੀਆਂ ਸਰਕਾਰਾਂ ਨੇ ਕਰਤਾਰਪੁਰ ਲਾਂਘਾ ਖੋਲ੍ਹ ਕੇ ਨਾਨਕ ਨਾਮ ਲੇਵਾ ਸੰਗਤ ਨੂੰ ਤੋਹਫਾ ਭੇਟ ਕੀਤਾ। ਗੁਰੂ ਨਾਨਕ ਦੇਵ ਦੀ ਸ਼ਖਸੀਅਤ ਐਨੀ ਵੱਡੀ ਹੈ ਕਿ ਉਨ੍ਹਾਂ ਨੂੰ ਆਪਣੀ ਸੋਚ ਤੇ ਵਿਚਾਰ ਵਿਚ ਜ਼ਿੰਦਾ ਰੱਖਣਾ ਹੀ ਉਨ੍ਹਾਂ ਨੂੰ ਅਸਲੀ ਸ਼ਰਧਾਂਜਲੀ ਦੇਣਾ ਹੈ। ਮੈਂ ਨਾਨਕ ਜੀ ਨੂੰ ਸਿੱਖ ਧਰਮ ਦੇ ਜਨਮ ਦਾਤਾ ਹੋਣ ਦੇ ਨਾਲ ਇਕ ਵਿਗਿਆਨਕ ਸੋਚ, ਤਰਕਸ਼ੀਲਤਾ ਤੇ ਤਰਕ ਦੇ ਅਭਿਆਸੀ ਦੀ ਤਰ੍ਹਾਂ ਦੇਖਦੀ ਹਾਂ, ਜਿਨ੍ਹਾਂ ਨੇ ਜ਼ਿੰਦਗੀ ਨੂੰ ਬੜੇ ਸੁਖਾਲੇ ਤਰੀਕੇ ਨਾਲ ਬਤੀਤ ਕਰਨਾ ਸਮਝਾਇਆ ਹੈ। ਗੁਰੂ ਨਾਨਕ ਦਾ ਅਸਲੀ ਸਤਿਕਾਰ ਉਨ੍ਹਾਂ ਨੂੰ ਆਪਣੀ ਕਥਨੀ ਤੇ ਕਰਨੀ ਵਿਚ ਜ਼ਿੰਦਾ ਰੱਖਣਾ ਹੀ ਹੈ।

ਵਿਗਿਆਨੀ ਸੋਚ ਦੀ ਗੱਲ ਜਦੋਂ ਆਉਂਦੀ ਹੈ ਤਾਂ ਕਿਹਾ ਜਾਂਦਾ ਹੈ ਕਿ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਜਵਾਹਰਲਾਲ ਨਹਿਰੂ ਨੇ 1946 ਵਿਚ ਇਸ ਦੀ ਗੱਲ ਆਪਣੀ ਕਿਤਾਬ 'ਡਿਸਕਵਰੀ ਆਫ ਇੰਡੀਆ' ਵਿਚ ਕੀਤੀ ਸੀ ਤੇ ਫਿਰ 42 ਅਮੈਂਡਮੈਂਟ (ਓਮਿਣਦਮਣਟ) 1976 ਨਾਲ ਵਿਗਿਆਨੀ ਸੋਚ ਨੂੰ ਭਾਰਤ ਦੇ ਸੰਵਿਧਾਨ ਦੇ ਭਾਗ-3 ਵਿਚ 51 1 (ਹ) ਤਹਿਤ ਲਿਖਿਆ ਗਿਆ। ਮੈਨੂੰ ਲੱਗਦਾ ਹੈ ਕਿ ਇਸ ਦੀ ਗੱਲ ਗੁਰੂ ਨਾਨਕ ਦੇਵ ਨੇ 15ਵੀਂ ਸਦੀ ਵਿਚ ਹੀ ਕਰ ਦਿੱਤੀ ਸੀ, ਜਿਨ੍ਹਾਂ ਨੇ ਸਮਝਾਇਆ ਕਿ ਅੰਧਵਿਸ਼ਵਾਸ, ਪਦਾਰਥਵਾਦੀ, ਲੋਭ-ਮੋਹ, ਹੰਕਾਰ ਤੋਂ ਉਪਰ ਉੱਠ, ਤਰਕ ਤੇ ਤਰਕਸ਼ੀਲ ਦੇ ਅਧਾਰ 'ਤੇ ਜ਼ਿੰਦਗੀ ਜਿਊਣੀ ਚਾਹੀਦੀ ਹੈ।

ਹੁਣ ਕਰੋਨਾਵਾਇਰਸ ਦੀ ਗੱਲ ਕਰੀਏ ਤਾਂ ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬੜੇ ਸਰਲ ਸ਼ਬਦਾਂ 'ਚ ਕਿਹਾ ਸੀ ਕਿ ਐਤਵਾਰ ਪੰਜ ਵਜੇ ਥਾਲੀ, ਤਾੜੀ ਜਾਂ ਘੰਟੀ ਵਜਾ ਕੇ ਉਨ੍ਹਾਂ ਦਾ ਧੰਨਵਾਦ ਕਰੋ ਜੋ ਇਸ ਔਖੀ ਘੜੀ ਵਿਚ ਸਾਡੀ ਸੇਵਾ ਤੇ ਹਿਫਾਜ਼ਤ ਕਰ ਰਹੇ ਨੇ ਤੇ ਲੋਕਾਂ ਨੇ ਵ੍ਹਟਸਐਪ 'ਤੇ ਇਹ ਫ਼ਿਲਾਉਣਾ ਸ਼ੁਰੂ ਕਰ ਦਿੱਤਾ ਕਿ ਤਾੜੀ ਵਜਾਉਣ ਨਾਲ ਇਹ ਵਾਇਰਸ ਵਾਯੂਮੰਡਲ 'ਚ ਚਲਾ ਜਾਵੇਗਾ। ਇਨ੍ਹਾਂ ਲੋਕਾਂ ਨੂੰ ਇਹ ਦੱਸਣਾ ਚਾਹੀਦਾ ਹੈ ਕਿ ਚੀਨ ਦੀ ਆਬਾਦੀ ਭਾਰਤ ਤੋਂ ਕਿਤੇ ਜ਼ਿਆਦਾ ਹੈ ਤੇ ਜੇ ਤਾੜੀ ਦੀ ਗੱਲ ਹੁੰਦੀ ਤਾਂ ਇਹ ਮਹਾਮਾਰੀ ਦਾ ਰੂਪ ਧਾਰਨ ਹੀ ਨਾ ਕਰਦਾ।

ਜਦੋਂ ਗੁਰੂ ਨਾਨਕ ਨੇ ਹਰਿਦੁਆਰ ਵਿੱਚ ਪੰਡਿਤਾਂ ਨੂੰ ਉੱਤਰ ਦਿੱਤਾ ਸੀ ਕਿ ਜੇ ਤੁਹਾਡਾ ਪਾਣੀ ਸੂਰਜ ਤੱਕ ਪਹੁੰਚ ਸਕਦਾ ਹੈ ਤਾਂ ਮੇਰੇ ਖੇਤਾਂ ਤੱਕ ਵੀ ਜ਼ਰੂਰ ਪਹੁੰਚ ਜਾਏਗਾ। ਇਹ ਵਿਗਿਆਨਕ ਸੋਚ ਨੂੰ ਦਰਸਾਉਂਦਾ ਹੈ ਤੇ ਤਰਕਸ਼ੀਲ ਹੋਣ ਦਾ ਪ੍ਰਤੀਕਵਾਦ ਹੈ।

ਆਪਣੀ ਜ਼ਿੰਮੇਵਾਰੀ ਨਿਭਾਉਣੀ, ਸੱਚ ਦਾ ਲੜ ਫੜ੍ਹਨਾ, ਹੱਕ ਦੀ ਕਮਾਈ ਕਰਨੀ, ਕਿਸੇ ਦਾ ਬੁਰਾ ਨਾ ਤੱਕਣਾ ਤੇ ਜੀਵਨ ਵਿਚ ਸੰਤੁਸ਼ਟੀ ਹੀ ਰੱਬ ਦੇ ਨੇੜੇ ਲੈ ਕੇ ਜਾਂਦੀ ਹੈ। ਸਭ ਤੋਂ ਜ਼ਰੂਰੀ ਸੱਚੀ ਨੀਅਤ ਦਾ ਹੋਣਾ ਵੀ ਹੈ। ਇਹ ਜਿੰਨਾ ਸੌਖਾ ਲੱਗਦਾ ਹੈ, ਓਨਾ ਹੈ ਨਹੀਂ। ਗੁਰੂ ਨਾਨਕ ਦੇਵ ਨੇ ਵੀ ਵਾਹੀ ਕਰ ਕੇ ਲੋਕਾਂ ਨੂੰ ਹੱਕ ਤੇ ਹੱਥੀਂ ਕਮਾਈ ਕਰਨਾ ਦੱਸਿਆ ਹੈ। ਆਪਣੇ ਆਲੇ-ਦੁਆਲੇ ਦੇਖਣ 'ਤੇ ਪਤਾ ਲੱਗਦਾ ਹੈ ਕਿ ਅੱਜ ਵੀ ਲੋਕ ਕੋਲੋਨੀਅਲ ਸੋਚ ਦੇ ਮਾਲਕ ਹਨ। ਹੱਥੀਂ ਮਿਹਨਤ ਤੇ ਆਪਣੇ ਕੰਮ ਆਪ ਕਰਨ ਦੀ ਕੋਈ ਰੀਸ ਨਹੀਂ। ਜੋ ਬੰਦਾ ਖੁਦ ਕੰਮ ਕਰਦਾ ਹੈ ਉਹ ਹਮੇਸ਼ਾਂ ਦੂਸਰਿਆਂ ਦਾ ਹਮਦਰਦ ਰਹਿੰਦਾ ਹੈ। ਅੱਜ ਦੇ ਦੌਰ ਵਿਚ ਇਨਸਾਨ ਦੀ ਇਨਸਾਨੀਅਤ ਵਿਚ ਹਮਦਰਦੀ ਖ਼ਤਮ ਹੋ ਚੁੱਕੀ ਹੈ। ਕਈ ਮਾਂ-ਬਾਪ ਸਾਰੀ ਉਮਰ ਪੈਸੇ ਜੋੜ ਕੇ ਆਪਣੇ ਬੱਚਿਆਂ ਲਈ ਜ਼ਮੀਨ-ਜਾਇਦਾਦ ਬਣਾਉਂਦੇ ਹਨ ਤੇ ਕਈ ਉਦਾਹਰਨਾਂ ਹਨ ਜਿੱਥੇ ਭੈਣ-ਭਰਾ ਇਸੇ ਜਾਇਦਾਦ ਲਈ ਇਕ-ਦੂਜੇ ਦੇ ਦੁਸ਼ਮਣ ਬਣ ਜਾਂਦੇ ਹਨ ਤੇ ਮਾਂ-ਬਾਪ ਨੂੰ ਖੂੰਝੇ ਲਾ ਦਿੰਦੇ ਹਨ।

ਪਿਆਰ ਵਿਚ ਬੜੀ ਤਾਕਤ ਹੁੰਦੀ ਹੈ। ਅਕਸਰ ਇਹ ਸਾਡੀਆਂ ਅੱਖਾਂ 'ਤੇ ਕਾਲੀ ਪੱਟੀ ਬੰਨ੍ਹ ਦਿੰਦਾ ਹੈ ਤੇ ਅਸੀਂ ਸਹੀ-ਗ਼ਲਤ ਵਿਚ ਫਰਕ ਕਰਨਾ ਭੁੱਲ ਜਾਂਦੇ ਹਾਂ। ਇਹੀ ਕਾਰਨ ਹੈ ਕਿ ਜਦੋਂ ਬੱਚਾ ਗ਼ਲਤੀ ਕਰਦਾ ਹੈ ਜਾਂ ਬੱਚਾ ਗ਼ਲਤ ਰਸਤੇ ਪੈਂਦਾ ਹੈ ਤਾਂ ਜ਼ਿਆਦਾਤਰ ਮਾਂ-ਬਾਪ ਇਸੇ ਪਿਆਰ ਦਾ ਗਿਲਾਫ ਆਪਣੇ ਦਿਮਾਗ 'ਤੇ ਚੜ੍ਹਾ ਲੈਂਦੇ ਹਨ। ਜੇ ਕੋਈ ਰਿਸ਼ਤੇਦਾਰ ਬੱਚੇ ਦਾ ਉਲ੍ਹਾਮਾ ਦਿੰਦਾ ਹੈ ਤਾਂ ਉਸ ਨੂੰ ਦੁਸ਼ਮਣ ਹੀ ਸਮਝਦੇ ਹਨ। ਸਗੋਂ ਉਸ ਵੇਲੇ ਇਸ ਚੀਜ਼ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। ਆਪਣੇ ਬੱਚਿਆਂ ਦੇ ਆਲੋਚਕ ਬਣਨਾ ਕੋਈ ਬੁਰੀ ਗੱਲ ਨਹੀਂ ਤੇ ਜਿਥੇ ਉਹ ਠੀਕ ਕੰਮ ਕਰਦੇ ਨੇ ਓਦੋਂ ਮਾਂ-ਬਾਪ ਨੂੰ ਸਰਾਹੁਣਾ ਵੀ ਚਾਹੀਦਾ ਹੈ। ਹੁਣ ਗੁਰੂ ਨਾਨਕ ਦੇਵ ਨੇ ਆਪਣੀ ਗੱਦੀ ਆਪਣੇ ਪੁੱਤਰ ਬਾਬਾ ਸ਼੍ਰੀ ਚੰਦ ਨੂੰ ਨਾ ਦੇ ਕੇ ਭਾਈ ਲਹਿਣਾ (ਗੁਰੂ ਅੰਗਦ ਦੇਵ) ਨੂੰ ਦਿੱਤੀ ਤੇ ਸਿੱਖ ਧਰਮ ਨੂੰ ਅੱਗੇ ਤੋਰਿਆ। ਸਾਨੂੰ ਗੁਰੂ ਨਾਨਕ ਤੋਂ ਸਿੱਖਣ ਦੀ ਲੋੜ ਹੈ। ਜੇ ਸਿੱਖ ਲਿਆ ਜਾਵੇ ਤਾਂ ਭਾਈ-ਭਤੀਜਾਵਾਦ ਦੀ ਗੱਲ ਸ਼ੁਰੂ ਹੋਣ ਤੋਂ ਪਹਿਲਾਂ ਹੀ ਖ਼ਤਮ ਹੋ ਜਾਏ।

ਫਿਰ ਜਿਸ ਸੋਚ ਨਾਲ ਸਾਡਾ ਸਮਾਜ ਅੱਜ ਵੀ ਲੜ ਰਿਹਾ ਹੈ, ਉਹ ਹੈ ਲੜਕੀ ਦਾ ਪੈਦਾ ਹੋਣਾ। ਅੱਜ ਲੱਖ ਕੋਸ਼ਿਸ਼ਾਂ ਕਰਨ ਦੇ ਬਾਵਜੂਦ ਵੀ ਇਸ ਸਥਿਤੀ ਵਿਚ ਵਿਰਲਾ ਹੀ ਸੁਧਾਰ ਹੈ। ਕਈ ਔਰਤਾਂ ਨੂੰ ਇਕ ਲੜਕੀ ਨੂੰ ਜਨਮ ਦੇਣ 'ਤੇ ਸਾਰੀ ਉਮਰ ਤਾਹਨਿਆਂ ਵਿਚ ਕੱਢਣੀ ਪੈਂਦੀ ਹੈ ਤੇ ਜ਼ਿੰਦਗੀ ਦੇ ਕਈ ਪੜਾਵਾਂ 'ਤੇ ਵਿਤਕਰੇ ਦਾ ਸ਼ਿਕਾਰ ਹੁੰਦੀ ਹੈ। ਬਹੁਗਿਣਤੀ ਔਰਤਾਂ ਨੂੰ ਹਮੇਸ਼ਾ ਹੀ ਇੱਜ਼ਤ ਲਈ ਲੜਾਈ ਲੜਨੀ ਪੈਂਦੀ ਹੈ, ਭਾਵੇਂ ਉਹ ਘਰ ਹੋਵੇ ਜਾਂ ਦਫ਼ਤਰ। ਗੁਰੂ ਨਾਨਕ ਦੇਵ ਨੇ ਵੀ ਕਿਹਾ ਸੀ, "ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥" ਇਸ ਵਾਕ ਦਾ ਜ਼ਿਕਰ ਨਗਰ ਕੀਰਤਨਾਂ ਤੋਂ ਲੈ ਕੇ ਵਿੱਦਿਅਕ ਕਾਨਫਰੰਸਾਂ ਵਿਚ ਹੁੰਦਾ ਰਹਿੰਦਾ ਹੈ ਪਰ ਇਸ 'ਤੇ ਅਮਲ ਘੱਟ ਹੀ ਹੁੰਦਾ ਹੈ।

ਗੁਰੂ ਨਾਨਕ ਦੇਵ ਦੀ ਸੋਚ ਨੂੰ ਜੇ ਆਪਣੀ ਸੋਚ ਵਿਚ ਜ਼ਿੰਦਾ ਕਰ ਲਿਆ ਜਾਵੇ ਤਾਂ ਅਸੀਂ ਕੁਰਾਹੇ ਪੈਣ ਤੋਂ ਬਚਣ ਦੇ ਨਾਲ-ਨਾਲ ਇਕ ਚੰਗੀ ਸੋਚ ਦੇ ਮਾਲਕ ਵੀ ਬਣ ਸਕਦੇ ਹਾਂ।

---

## 443 ਸਾਲਾਂ ਦੇ ਇਤਿਹਾਸ..

ਸੰਨ 1757 ਵਿਚ ਅਹਿਮਦਸ਼ਾਹ ਅਬਦਾਲੀ ਨੇ ਦੂਸਰੀ ਵਾਰੀ ਚੜਾਈ ਕੀਤੀ ਅਤੇ ਅੰਮ੍ਰਿਤਸਰ 'ਤੇ ਹੱਲਾ ਕਰ ਦਿੱਤਾ। ਉਸਨੇ ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ਨੂੰ ਡੇਗਿਆ ਅਤੇ ਸਰੋਵਰ ਨੂੰ ਪੂਰਾ ਦਿੱਤਾ। ਘੋਰ ਬੇਅਦਬੀ ਦੀ ਇਸ ਖਬਰ ਨੂੰ ਸੁਣ ਕੇ, ਮਿਸਲ ਸ਼ਹੀਦਾਂ ਦੇ ਮੁਖੀ ਬਾਬਾ ਦੀਪ ਸਿੰਘ ਜੀ ਨੇ ਅੰਮ੍ਰਿਤਸਰ ਦੇ ਲਾਗੇ ਗੋਹਲਵੜ ਦੇ ਅਸਥਾਨ 'ਤੇ ਜੰਗ ਲੜੀ। ਹਰਿਮੰਦਰ ਸਾਹਿਬ ਦੀ ਪਵਿੱਤਰਤਾ ਕਾਇਮ ਕਰਨ ਖਾਤਰ ਆਪ ਸ਼ਹੀਦ ਹੋ ਗਏ।

ਕੁੱਪ ਰਹੀੜੇ ਵਿਖੇ ਸਿੱਖਾਂ ਦੇ ਖੌਫਨਾਕ ਘੱਲੂਘਾਰੇ ਮਗਰੋਂ ਅਹਿਮਦਸ਼ਾਹ ਅਬਦਾਲੀ ਨੇ 1762 ਈ: ਦੀ ਵਿਸਾਖੀ ਵਾਲੇ ਦਿਨ ਹਰਿਮੰਦਰ ਸਾਹਿਬ 'ਤੇ ਮੁੜ ਕੇ ਚੜਾਈ ਕਰ ਦਿੱਤੀ। ਇਸ ਮੌਕੇ 'ਤੇ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਹਥਿਆਰਾਂ ਸਮੇਤ ਅਤੇ ਖਾਲੀ ਹੱਥ, ਦੋਨਾਂ ਰੂਪਾਂ ਵਿਚ ਦਰਸ਼ਨ-ਇਸ਼ਨਾਨ ਕਰਨ ਹਰਿਮੰਦਰ ਸਾਹਿਬ ਵਿਖੇ ਇਕੱਤਰ ਹੋਏ ਸਨ। ਆਪਣੇ ਪ੍ਰਾਣੋਂ ਪਿਆਰੇ ਧਰਮ-ਅਸਥਾਨ ਦੀ ਰਖਵਾਲੀ ਹਿਤ ਅਣਗਿਣਤ ਸਿੱਖਾਂ ਨੇ ਆਪਣੀਆਂ ਜਾਨਾਂ ਵਾਰ ਦਿੱਤੀਆਂ। ਹਰਿਮੰਦਰ ਸਾਹਿਬ ਦੀ ਇਮਾਰਤ ਨੂੰ ਬਰੂਦ ਨਾਲ ਮੁੜ ਉਡਾ ਦਿੱਤਾ ਗਿਆ ਤੇ ਪਵਿੱਤਰ ਸਰੋਵਰ ਨੂੰ ਪੂਰ ਦਿੱਤਾ ਗਿਆ। ਜਦੋਂ ਹਰਿਮੰਦਰ ਸਾਹਿਬ ਦੀ ਇਮਾਰਤ ਨੂੰ ਤੋਪਾਂ ਨਾਲ ਉਡਾਇਆ ਜਾ ਰਿਹਾ ਸੀ ਤਾਂ ਉੱਡਦੀ ਇੱਟ ਦਾ ਇਕ ਟੋਟਾ ਅਬਦਾਲੀ ਦੇ ਨੱਕ 'ਤੇ ਆਣ ਵੱਜਾ। ਇਹ ਜ਼ਖ਼ਮ ਉਸ ਦੀ ਜਾਨ ਲੈ ਕੇ ਰਿਹਾ। 1764 ਦੇ ਦਸੰਬਰ ਮਹੀਨੇ ਅਹਿਮਦਸ਼ਾਹ ਅਬਦਾਲੀ ਵੱਲੋਂ ਸ੍ਰੀ ਹਰਿਮੰਦਰ ਸਾਹਿਬ 'ਤੇ ਸਾਰੀ ਸਿੱਖ ਕੌਮ ਦਾ ਨਾਸ਼ ਕਰ ਦੇਣ ਦੇ ਇਕੋ-ਇਕ ਉਦੇਸ਼ ਨਾਲ ਹੱਲਾ ਕੀਤਾ ਗਿਆ। ਪਰ ਉਹਦੇ ਪੁੱਜਣ ਤੋਂ ਪਹਿਲਾਂ ਸਿੱਖ ਸ਼ਹਿਰ ਛੱਡ ਗਏ ਤੇ ਉਹ ਹੈਰਾਨ ਹੋਇਆ ਕਿ ਹਰਿਮੰਦਰ ਸਾਹਿਬ ਦੀ ਹਦੂਦ ਵਿਚ ਤਾਂ ਸਿਰਫ ਤੀਹ ਸਿੰਘ ਹੀ ਸਨ ਜਿਨਾਂ ਨੇ ਬਾਬਾ ਗੁਰਬਖ਼ਸ਼ ਸਿੰਘ ਦੀ ਅਗਵਾਈ ਵਿਚ ਉਹਦੇ ਨਾਲ ਡੱਟ ਕੇ ਟਾਕਰਾ ਕੀਤਾ ਅਤੇ ਸਾਰੇ ਹੀ ਸ਼ਹੀਦੀਆਂ ਪਾ ਗਏ। ਅਬਦਾਲੀ ਨੇ ਨਵੇਂ ਬਣਾਏ ਗਏ ਹਰਿਮੰਦਰ ਸਾਹਿਬ ਦੀ ਇਮਾਰਤ ਨੂੰ ਫਿਰ ਡੇਗ ਦਿੱਤਾ ਅਤੇ ਪਵਿੱਤਰ ਸਰੋਵਰ ਨੂੰ ਪੂਰ ਕੇ ਧਰਤੀ ਦੇ ਬਰਾਬਰ ਕਰ ਦਿੱਤਾ।

17 ਅਕਤੂਬਰ 1764 ਵਿਚ ਖ਼ਾਲਸਾ ਪੰਥ ਦੇ ਜਥੇਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਹੱਥੋਂ ਨਵੇਂ ਸਿਰਿਓਂ ਹਰਿਮੰਦਰ ਸਾਹਿਬ ਦੀ ਨੀਂਹ ਰਖਾ ਕੇ ਇਮਾਰਤ ਦੀ ਉਸਾਰੀ ਆਰੰਭ ਕਰਵਾਈ ਗਈ ਜਿਸਦੀ ਦੀ ਨੀਂਹ ਜਥੇਦਾਰ ਨਵਾਬ ਕਪੂਰ ਸਿੰਘ ਨੇ ਰੱਖੀ। ਨਵੀਂ ਉਸਾਰੀ ਦੌਰਾਨ ਉੱਤਰ ਪ੍ਰਦੇਸ਼ ਦੇ ਖੁਰਜਾ ਸ਼ਹਿਰ 'ਤੇ ਚੜਾਈ ਕਰਨ ਸਮੇਂ ਜੱਸਾ ਸਿੰਘ ਰਾਮਗੜੀਆ, ਜੱਸਾ ਸਿੰਘ ਆਹਲੂਵਾਲੀਆ, ਜੈ ਸਿੰਘ ਘਨੱਈਆ, ਤਾਰਾ ਸਿੰਘ ਘੇਬਾ ਤੇ ਚੜਤ ਸਿੰਘ ਸ਼ੁੱਕਰਚੱਕੀਆ ਆਦਿ ਜਥੇਦਾਰਾਂ ਨੇ ਪ੍ਰਣ ਕੀਤਾ ਕਿ ਸ਼ਹਿਰ ਨੂੰ ਫ਼ਤਹਿ ਕਰਨ 'ਤੇ ਜੋ ਧਨ ਦੌਲਤ ਮਿਲੇਗਾ, ਉਸ ਵਿੱਚੋਂ ਅੱਧਾ ਹਰਿਮੰਦਰ ਸਾਹਿਬ ਦੀ ਇਮਾਰਤ ਦੇ ਨਿਰਮਾਣ 'ਤੇ ਖ਼ਰਚਿਆ ਜਾਵੇਗਾ। ਖੁਰਜਾ ਸ਼ਹਿਰ ਫ਼ਤਹਿ ਕਰਨ ਦੇ ਬਾਅਦ ਸੱਤ ਲੱਖ ਰੁਪਇਆ ਇਕੱਠਾ ਹੋਇਆ, ਜੋ ਅੰਮ੍ਰਿਤਸਰ ਦੇ ਕਰੋੜੀ ਮੱਲ ਸ਼ਾਹੂਕਾਰ ਕੋਲ ਜਮਾ ਕਰਵਾਇਆ ਗਿਆ। ਇਮਾਰਤ 'ਤੇ ਮਾਇਆ ਖ਼ਰਚਣ ਦੇ ਸਾਰੇ ਅਧਿਕਾਰ ਜਥਿਆਂ ਵੱਲੋਂ ਪਿੰਡ ਸੁਰਸਿੰਘ ਦੇ ਭਾਈ ਦੇਸ ਰਾਜ ਨੂੰ ਦਿੱਤੇ ਗਏ।

ਸੰਨ 1767 ਵਿਚ ਭਾਰਤ ਤੋਂ ਆਖਰੀ ਵਾਰ ਜਾਣ ਤੋਂ ਪਹਿਲਾਂ ਅਹਿਮਦਸ਼ਾਹ ਨੇ ਅੰਮ੍ਰਿਤਸਰ 'ਤੇ ਹੱਲਾ ਕਰਨ ਦੀ ਸੋਚੀ ਪਰ ਉਹ ਇਸ ਵਾਰ ਸ੍ਰੀ ਹਰਿਮੰਦਰ ਸਾਹਿਬ ਵਿਚ ਦਾਖਲ ਹੋਣ ਦਾ ਹੌਸਲਾ ਨਾ ਕਰ ਸਕਿਆ ਅਤੇ ਇਸ ਮਗਰੋਂ ਇਹ ਸਦਾ ਸਿੱਖਾਂ ਦੀ ਹੀ ਸੇਵਾ-ਸੰਭਾਲ ਵਿਚ ਰਿਹਾ।

1765 ਵਿੱਚ ਮਿਸਲਾਂ ਦੀ ਸਰਦਾਰੀ ਕਾਇਮ ਹੋਣ ਉਪਰੰਤ ਕਈ ਮਿਸਲ ਸਰਦਾਰਾਂ ਨੇ ਅੰਮ੍ਰਿਤਸਰ ਦਾ ਪ੍ਰਬੰਧ ਸੰਭਾਲਿਆ । ਵੱਖ ਵੱਖ ਸਰਦਾਰਾਂ ਨੇ ਪਵਿੱਤਰ ਸਰੋਵਰ ਦੇ ਆਲੇ ਦੁਆਲੇ ਆਪਣੇ ਬੁੰਗੇ ਕਾਇਮ ਕੀਤੇ। ਅਹਿਮ ਫ਼ੈਸਲੇ ਲੈਣ ਲਈ ਅੰਮ੍ਰਿਤਸਰ ਵਿੱਚ ਸਰਬੱਤ ਖਾਲਸਾ ਦੀਵਾਨ ਕੀਤੇ ਜਾਂਦੇ ਸਨ। ਇਸ ਤਰਾਂ ਇਹ ਸ਼ਹਿਰ ਖਾਲਸੇ ਦੀ ਰਾਜਧਾਨੀ ਦੇ ਰੂਪ ਵਿੱਚ ਸਾਹਮਣੇ ਆਇਆ। 18 ਵੀਂ ਸਦੀ ਦੇ ਅੰਤ ਤਕ ਅੰਮ੍ਰਿਤਸਰ ਪੰਜਾਬ ਦਾ ਇਕ ਉੱਘਾ ਵਪਾਰਕ ਕੇਂਦਰ ਬਣ ਚੁੱਕਾ ਸੀ। ਰਣਜੀਤ ਸਿੰਘ, 1801 ਤਕ ਮਹਾਰਾਜੇ ਦੀ ਪਦਵੀ ਪ੍ਰਾਪਤ ਕਰ ਚੁਕਿਆ ਸੀ, 1805 ਵਿੱਚ ਅੰਮ੍ਰਿਤਸਰ 'ਤੇ ਕਾਬਜ਼ ਹੋ ਗਿਆ। ਮਹਾਰਾਜਾ ਰਣਜੀਤ ਸਿੰਘ ਨੇ ਹਰਿਮੰਦਰ ਸਾਹਿਬ ਦੇ ਵਿਕਾਸ ਅਤੇ ਇਸ ਨੂੰ ਖ਼ੂਬਸੂਰਤ ਬਣਾਉਣ ਵਿਚ ਬੜੀ ਡੂੰਘੀ ਰੁਚੀ ਲਈ। ਉਨ੍ਹਾਂ ਨੇ ਭਾਈ ਸਾਹਿਬ ਭਾਈ ਸੰਤ ਸਿੰਘ ਜੀ ਗਿਆਨੀ ਨੂੰ ਪੰਜ ਲੱਖ ਰੁਪਿਆ ਸਪੁਰਦ ਕੀਤਾ। ਚਨਯੋਟ ਤੋਂ ਕੋਮਲ ਹੁੱਨਰਾਂ ਦੇ ਮਾਹਿਰ ਮਿਸਤਰੀ ਮੰਗਵਾਏ ਗਏ, ਜਿਨਾਂ ਵਿਚੋਂ ਮੁਖ ਯਾਰ ਮੁਹੰਮਦ ਖਾਨ ਮਿਸਤਰੀ ਸੋਨੇ ਦਾ ਪਾਣੀ ਤੇ ਸੋਨੇ ਦੇ ਵਰਕ ਚੜਾਉਣ ਦਾ ਮਾਹਿਰ ਸੀ1 ਕਾਫੀ ਗਿਣਤੀ ਵਿੱਚ ਆਏ ਮਿਸਤਰੀ ਤੇ ਉਨਾਂ ਦੇ ਸਹਾਇਕ ਦੀ ਰਿਹਾਇਸ਼ ਦਾ ਪ੍ਰਬੰਧ ਇਕ ਚਨਯੋਟ ਤੋਂ ਲਾਹੌਰੀ ਦਰਵਾਜ਼ੇ ਦੇ ਅੰਦਰਵਾਰ ਇਕ ਖੁਲੀ ਹਵੇਲੀ ਵਿਚ ਕੀਤਾ ਗਿਆ । ਜਿਸ ਦਾ ਨਾਮ ਹੁਣ ਤੱਕ ਹਵੇਲੀ ਚਨਯੋਟੀਆਂ ਕਰ ਕੇ ਪ੍ਰਸਿੱਧ ਹੈ। ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਸਾਰੀ ਜੜਤਕਾਰੀ ਤੇ ਨਕਾਸ਼ੀ ਚਨਯੋਟ ਤੋਂ ਆਏ ਮੁਸਲਮਾਨ ਕਾਰੀਗਰਾਂ ਦਾ ਕਮਾਲ ਹੈ, ਜਿਨਾਂ ਦਾ ਨਿਗਰਾਨ ਬਦਰੂਹੀਉੱਦੀਨ ਨੂੰ ਥਾਪਿਆ ਗਿਆ ਸੀ।

ਰਣਜੀਤ ਸਿੰਘ ਦੇ ਸਮੇਂ ਦਰਬਾਰ ਸਾਹਿਬ ਦੀ ਇਮਾਰਤ ਉੱਤੇ ਸੋਨਾ ਜੜਵਾਉਣ ਦਾ ਕੰਮ ਹੋਇਆ। ਕਹਿੰਦੇ ਹਨ ਜੋ ਸੋਨਾ ਰਣਜੀਤ ਸਿੰਘ ਦੇ ਵਕਤ ਤੇ ਦਰਬਾਰ ਸਾਹਿਬ ਤੇ ਲਗਾਇਆ ਗਿਆ ਸੀ ਉਸਦਾ ਵਜਨ ਤਕਰੀਬਨ 750 ਕਿਲੋ ਸੀ। ਉਸਦੇ ਸਮੇ ਇਸ ਸ਼ਹਿਰ ਦੀ ਤਰੱਕੀ ਵਿੱਚ ਬੇਅੰਤ ਵਾਧਾ ਹੋਇਆ ਅਤੇ ਇਹ ਸ਼ਹਿਰ ਸਮਾਜਿਕ ਤੇ ਵਪਾਰਕ ਤਰੱਕੀ ਵਿੱਚ ਹੋਰ ਅੱਗੇ ਵਧਿਆ।

ਬਰਤਾਨਵੀ ਹਕੂਮਤ ਨੇ ਹਰਿਮੰਦਰ ਸਾਹਿਬ ਦਾ ਪ੍ਰਬੰਧ ਇਕ ਵਿਅਕਤੀ 'ਸਰਬਰਾਹ' ਹੱਥ ਦਿੱਤਾ ਹੋਇਆ ਸੀ। ਸ੍ਰੀ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੇ ਅਖੌਤੀ ਸਿੱਖ ਸਰਦਾਰਾਂ ਅਤੇ ਰਈਸਾਂ ਦੀ ਇਕ ਕਮੇਟੀ ਵੀ ਬਣਾਈ ਹੋਈ ਸੀ। ਪੁਜਾਰੀ, ਭੇਟਾਂ ਆਦਿ ਵਿੱਚੋਂ ਆਪਣਾ ਪੁਸ਼ਤੈਨੀ ਹਿੱਸਾ ਵੰਡਣ ਲੱਗੇ। ਦੂਜੇ ਬੰਨੇ ਸਰਬਰਾਹਾਂ ਦੀ ਲੁਕਵੀਂ ਸ਼ਰਾਰਤ ਨਾਲ ਹਰਿਮੰਦਰ ਸਾਹਿਬ ਦੀ ਪਵਿੱਤਰ ਹਦੂਦ ਵਿਚ ਗੁਰਮਤਿ-ਵਿਰੋਧੀ ਕਰਮਕਾਂਡ ਹੋਣ ਲੱਗੇ। ਸਿੱਖਾਂ ਵਿਚ ਵੱਡਾ ਰੋਹ ਫੈਲ ਗਿਆ ਅਤੇ ਇਸ ਦਾ ਨਤੀਜਾ ਸੀ 'ਸਿੱਖ ਗੁਰਦੁਆਰਾ ਸੁਧਾਰ ਲਹਿਰ'। ਹੁਣ ਸ੍ਰੀ ਹਰਿਮੰਦਰ ਸਾਹਿਬ ਤੇ ਹੋਰ ਪਵਿੱਤਰ ਅਸਥਾਨਾਂ ਨੂੰ ਬਚਾਉਣ ਵਾਸਤੇ ਸਿੱਖਾਂ ਨੂੰ ਇਕ ਵਾਰੀ ਮੁੜ ਕੇ ਜਾਨਾਂ ਵਾਰਨੀਆਂ ਪਈਆਂ। ਪੁਜਾ-ਅਸਥਾਨਾਂ ਦੇ ਸੁਧਾਰ ਦੇ ਸੰਘਰਸ਼ ਵਿਚ ਸ਼੍ਰੋਮਣੀ ਅਕਾਲੀ ਦਲ ਹਮੇਸ਼ਾਂ ਮੋਢੀ ਰਿਹਾ।

ਗੁਰਦੁਆਰਾ ਸੁਧਾਰ ਲਹਿਰ ਉਦੋਂ ਸ਼ਾਂਤ ਹੋਈ ਜਦੋਂ ਸਿੱਖ ਗੁਰਦੁਆਰਾ ਕਾਨੂੰਨ, 1925 ਹੋਂਦ ਵਿਚ ਆਇਆ। ਇਸਨੂੰ ਸ਼੍ਰੋਮਣੀ ਕਮੇਟੀ ਦਾ ਨਾਮ ਦਿੱਤਾ ਗਿਆ।

1984 ਵੀ ਦਰਬਾਰ ਸਾਹਿਬ ਦੇ ਇਤਿਹਾਸ ਵਿੱਚ ਇੱਕ ਅਜਿਹਾ ਦਿਨ ਮੁੜ ਆਇਆ ਜਿਸਨੂੰ ਭੁਲਾਇਆ ਨਹੀਂ ਜਾ ਸਕਦਾ। ਭਾਰਤ ਫੌਜ ਦੇ ਫੌਜੀ ਟੈਂਕ ਸੰਤ ਭਿੰਡਰਾਂਵਾਲਾ ਨੂੰ ਫੜਨ, ਜੋ ਕਿ ਹਕੂਮਤ ਦੇ ਮੁਤਾਬਿਕ ਇੱਕ ਬਾਗੀ ਸੀ ਪਰ ਬਹੁਤ ਸਾਰੇ ਸਿੱਖਾਂ ਲਈ ਇੱਕ ਸ਼ਹੀਦ ਤੋਂ ਘੱਟ ਨਹੀ ਹੈ, ਲਈ ਇਸ ਪਵਿੱਤਰ ਸਥਾਨ ਵਿੱਚ ਦਾਖਲ ਹੋਏ ਸਨ। ਜੂਨ 1984 ਵਿਚ ਭਾਰਤੀ ਫੌਜ ਦੁਆਰਾ ਨੀਲ ਤਾਰਾ ਅਪ੍ਰੇਸ਼ਨ ਅਧੀਨ ਇਸ 'ਤੇ ਹੱਲਾ ਕੀਤਾ ਗਿਆ ਜਿਸ ਵਿਚ ਸੈਂਕੜੇ ਬੇਕਸੂਰ ਸਿੱਖ ਸ਼ਰਧਾਲੂ ਸ਼ਹੀਦ ਹੋਏ।

ਸੰਗਤਾਂ ਤੋਂ ਖਾਲੀ ਹਰਿਮੰਦਰ ਸਾਹਿਬ

ਹੁਣ 443 ਸਾਲਾਂ ਦੇ ਇਤਿਹਾਸ ਵਿੱਚ ਅਜਿਹਾ ਪਹਿਲੀ ਵਾਰ ਹੋਇਆ ਹੈ ਕਿ ਵਿਸਾਖੀ ਮੌਕੇ ਇੰਝ ਸ਼ਰਧਾਲੂ ਵੱਡੀ ਗਿਣਤੀ ਵਿਚ ਹਰਿਮੰਦਰ ਸਾਹਿਬ ਵਿਖੇ ਨਾ ਪੁੱਜ ਸਕੇ ਹੋਣ।

ਇੱਥੇ ਪੁੱਜਣ ਵਾਲੇ ਆਮ ਸ਼ਰਧਾਲੂਆਂ ਦੇ ਚੜਾਵੇ ਦੀ ਕੀਮਤ ਆਮ ਦਿਨਾਂ ਵਿਚ ਰੋਜ਼ਾਨਾ 25 ਲੱਖ ਤੱਕ ਤੇ ਕਦੇ-ਕਦੇ ਉਸ ਤੋਂ ਵੀ ਵੱਧ ਹੋ ਜਾਂਦੀ ਹੈ ਪਰ ਕੋਰੋਨਾ-ਲੌਕਡਾਊਨ ਕਾਰਨ ਇਹ ਰਕਮ 5 ਤੋਂ 15 ਹਜ਼ਾਰ ਦੇ ਵਿਚਕਾਰ ਰਹਿ ਰਹੀ ਹੈ। ਇਸ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਦੇ ਸਮੂਹ ਨਾਗਰਿਕਾਂ ਨੂੰ ਆਪੋ-ਆਪਣੇ ਘਰੀਂ ਰਹਿਣ ਦੀ ਅਪੀਲ ਕੀਤੀ ਹੈ। ਕੇਂਦਰ ਸਰਕਾਰ ਵਲੋਂ ਸੂਬਿਆਂ ਨੂੰ ਤਿਉਹਾਰਾਂ ਦੇ ਮੱਦੇਨਜ਼ਰ ਧਾਰਮਿਕ ਤੇ ਸਮਾਜਿਕ ਸਥਾਨਾਂ 'ਤੇ ਇਕੱਠ ਨਾ ਹੋਣ ਦੇਣ ਦੇ ਦਿੱਤੇ ਆਦੇਸ਼ ਤੋਂ ਬਾਅਦ ਪੁਲਿਸ ਪ੍ਰਸ਼ਾਸਨ ਵਲੋਂ ਡਿਊਟੀ ਨਿਭਾਉਣ ਵਾਲੇ ਸਿੰਘ ਸਾਹਿਬਾਨ, ਰਾਗੀ ਜਥਿਆਂ, ਸੇਵਾਦਾਰਾਂ ਅਤੇ ਰੋਜ਼ਾਨਾ ਧੁਆਈ ਤੇ ਸਫ਼ਾਈ ਦੀ ਜ਼ਰੂਰੀ ਸੇਵਾ ਕਰਨ ਵਾਲੇ ਸ਼ਰਧਾਲੂਆਂ ਨੂੰ ਛੱਡ ਕੇ ਬਾਕੀ ਸੰਗਤ ਨੂੰ ਹੁਣ ਸ੍ਰੀ ਹਰਿਮੰਦਰ ਸਾਹਿਬ ਸਮੇਤ ਹੋਰ ਗੁਰਦੁਆਰਿਆਂ ਵਿਖੇ ਦਰਸ਼ਨ ਕਰਨ ਜਾਣ ਤੋਂ ਮਨਾ ਕਰਨਾ ਸ਼ੁਰੂ ਕਰ ਦਿੱਤਾ ਗਿਆ ਹੈ। ਇਸ ਦਾ ਕਾਰਨ 12 ਅਪ੍ਰੈਲ ਨੂੰ ਗੁਰੂ ਤੇਗ਼ ਬਹਾਦਰ ਸਾਹਿਬ ਦੇ ਪ੍ਰਕਾਸ਼ ਪੁਰਬ ਮੌਕੇ 400 ਸਾਲਾ ਸ਼ਤਾਬਦੀ ਸਮਾਗਮਾਂ ਦੀ ਹੋ ਰਹੀ ਰਸਮੀ ਸ਼ੁਰੂਆਤ ਅਤੇ 13 ਅਪ੍ਰੈਲ ਨੂੰ ਖ਼ਾਲਸਾ ਸਾਜਨਾ ਦਿਵਸ ਵਿਸਾਖੀ ਪੁਰਬ ਮੌਕੇ ਸੰਗਤ ਦਾ ਵੱਡਾ ਇਕੱਠ ਨਾ ਹੋਣ ਦੇਣਾ ਵੀ ਸਮਝਿਆ ਜਾ ਰਿਹਾ ਹੈ। ਹੁਣ ਜ਼ਰੂਰੀ ਡਿਊਟੀ ਨਿਭਾਉਣ ਵਾਲੇ ਸ਼੍ਰੋਮਣੀ ਕਮੇਟੀ ਤੇ ਸ੍ਰੀ ਦਰਬਾਰ ਸਾਹਿਬ ਦੇ ਮੁਲਾਜ਼ਮਾਂ ਤੇ ਰੋਜ਼ ਦੀ ਸੇਵਾ ਕਰਨ ਵਾਲੇ ਕੁਝ ਸ਼ਰਧਾਲੂਆਂ ਨੂੰ ਆਮ ਵਾਂਗ ਹੀ ਅੰਦਰ ਜਾਣ ਦਿੱਤਾ ਜਾ ਰਿਹਾ ਸੀ।

ਇੱਥੇ ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਪੁਲਿਸ ਵਲੋਂ ਇੰਨੀ ਸਖ਼ਤੀ ਨਹੀਂ ਸੀ ਵਰਤੀ ਜਾ ਰਹੀ ਤੇ ਸਵੇਰੇ ਸ਼ਾਮ ਸ੍ਰੀ ਹਰਿਮੰਦਰ ਸਾਹਿਬ ਵਿਖੇ ਧੁਆਈ ਤੇ ਪਾਲਕੀ ਸਾਹਿਬ ਦੀ ਸੇਵਾ ਕਰਨ ਵਾਲੇ ਕੁਝ ਸਥਾਨਕ ਸ਼ਰਧਾਲੂ ਦਰਸ਼ਨ ਕਰਨ ਜਾ ਰਹੇ ਸਨ। ਸ਼੍ਰੋਮਣੀ ਕਮੇਟੀ ਦੇ ਇਕ ਸੀਨੀਅਰ ਅਧਿਕਾਰੀ ਨੇ ਸੰਪਰਕ ਕੀਤੇ ਜਾਣ 'ਤੇ ਦੱਸਿਆ ਕਿ ਕਰਫ਼ਿਊ ਦੌਰਾਨ ਵੀ ਸ੍ਰੀ ਹਰਿਮੰਦਰ ਸਾਹਿਬ ਵਿਖੇ ਰੋਜ਼ ਦੀ ਧਾਰਮਿਕ ਮਰਿਆਦਾ ਪਹਿਲਾਂ ਦੀ ਤਰਾਂ ਹੀ ਜਾਰੀ ਹੈ ਤੇ ਰਾਗੀ ਜਥਿਆਂ ਵਲੋਂ ਆਮ ਵਾਂਗ ਨਿਰੰਤਰ ਕੀਰਤਨ ਕੀਤਾ ਜਾ ਰਿਹਾ ਹੈ ਤੇ ਗੁਰੂ ਕੇ ਲੰਗਰ ਤਿਆਰ ਕਰਕੇ ਸੰਗਤ ਤੇ ਲੋੜਵੰਦਾਂ ਨੂੰ ਛਕਾਏ ਜਾ ਰਹੇ ਹਨ। ਉਨਾਂ ਕਿਹਾ ਕਿ ਸੈਨੇਟਾਈਜ਼ਰ ਦੀ ਵਰਤੋਂ ਦੇ ਨਾਲ ਨਾਲ ਸੰਗਤ ਤੇ ਸਟਾਫ਼ ਨੂੰ ਸਮਾਜਿਕ ਦੂਰੀ ਬਣਾਈ ਰੱਖਣ ਲਈ ਵੀ ਕਿਹਾ ਜਾ ਰਿਹਾ ਹੈ। ਅੱਜ ਸੰਗਤ ਨੂੰ ਪੁਲਿਸ ਵਲੋਂ ਰੋਕੇ ਜਾਣ ਸਬੰਧੀ ਉਨਾਂ ਕਿਹਾ ਕਿ ਕਰਫ਼ਿਊ ਦੇ ਚਲਦਿਆਂ ਬਾਹਰ ਦੇ ਪ੍ਰਬੰਧ ਪੁਲਿਸ ਪ੍ਰਸ਼ਾਸਨ ਦੀ ਜ਼ਿੰਮੇਵਾਰੀ ਹੈ। ਉਨਾਂ ਕਿਹਾ ਕਿ ਮੌਜੂਦਾ ਹਾਲਾਤ ਨੂੰ ਮੱਦੇਨਜ਼ਰ ਰੱਖਦੇ ਹੋਏ ਸਿੰਘ ਸਾਹਿਬ ਨੇ ਵੀ ਵਿਸਾਖੀ ਮੌਕੇ ਵੱਡੇ ਇਕੱਠ ਨਾ ਕਰਨ ਤੇ ਸੰਗਤ ਨੂੰ ਘਰਾਂ ਵਿਚ ਹੀ ਬੈਠ ਕੇ ਪਾਠ ਤੇ ਅਰਦਾਸ ਕਰਨ ਦਾ ਸੰਦੇਸ਼ ਦਿੱਤਾ ਗਿਆ ਸੀ।




ਮਰਦਮਸ਼ੁਮਾਰੀ CALIFORNIA FOR ALL 2020

# ਜਨਗਣਨਾ ਹੋਣ ਵਾਲੀ ਹੈ ਇਸ ਬਸੰਤ ਵਿੱਚ

ਇਹ ਸੂਚਿਤ ਕਰਨ ਵਿੱਚ ਮਦਦ ਕਰਨ ਲਈ ਅਸੀਂ
ਮਾਰਚ ਦੇ ਅੱਧ ਤੋਂ ਸ਼ੁਰੂ ਕਰਕੇ ਨੌਂ ਅਸਾਨ ਪ੍ਰਸ਼ਨਾਂ ਦੇ ਉੱਤਰ ਦੇ ਸਕਦੇ ਹਾਂ
ਕਿ ਅਗਲੇ 10 ਸਾਲਾਂ ਵਿਚ ਸਾਡੇ ਭਾਈਚਾਰਿਆਂ ਵਿਚ ਪੈਸਾ ਕਿਵੇਂ ਖਰਚਿਆ ਜਾਵੇਗਾ।
ਸਾਰੇ ਜਵਾਬ ਸੁਰੱਖਿਅਤ ਅਤੇ ਗੁਪਤ ਹਨ।

**CaliforniaCensus.org** 'ਤੇ ਹੋਰ ਜਾਣੋ



jus HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE + 1-718-752-9293 | CALL TO SUBSCRIBE +1-800-246-6242
www.jusbroadcasting.com




22

GET FLAT 22 CENTS




DISCOUNT AT

TA TravelCenters of America

PETRO Stopping Centers®

We also offer Line of Credit for Fuel Card

*Additional Services with our Fuel Card*

✓ National Tire Program ✓ PM & Light Mechanical

✓ 24 Hour Dedicated Repair Service

TRANS-ALLIANCE TOGETHER WE SAVE

ਪੰਜਾਬੀ ਵਿਚ ਜਾਣਕਾਰੀ ਲਈ
1.855.641.6955

1.888.795.7035
www.trans-alliance.com


SHER®
HAPPY
Vaisakhi
ਵਿਸਾਖੀ ਦੀਆਂ ਲੱਖ - ਲੱਖ ਵਧਾਈਆਂ
SHER ATTA
GHAR LAAO
SOFT
SO SOFT
Healthy Living Maida Free
SHER
DURUM ATTA
DESI STYLE
Durum Whole Wheat Flour
Farine de Blé Durum Entier
20 lb
9.07 kg
BRAR NATURAL
www.sherbrarmills.com